*Published in Punjabi & English*

Distributed in Toronto, Calgary, Vancouver and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-11, ਅੰਕ-2, ਫਰਵਰੀ 2021 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਕਰੋਨਾ ਦੀ ਮਾਰ-ਗਰੀਬਾਂ ਨੂੰ ਧੱਕੇ ਅਤੇ ਅਮੀਰਾਂ ਨੂੰ ਗੱਫੇ/2

ਦੀਪ ਸਿੱਧੂ ਰੂਪੀ ਆਰਐਸਐਸ/ ਬੀਜੇਪੀ ਸਰਕਾਰੀ ਸਾਜ਼ਿਸ਼ ਅਤੇ ਕਿਸਾਨੀ ਸੰਘਰਸ਼/3

ਆਰਥਿਕਤਾ, ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ ਸੰਕਟ ਵਿੱਚ ਸੰਤੁਲਤ, ਦੂਰ ਦ੍ਰਿਸ਼ਟ ਤੇ ਮਨੁੱਖਤਾਪੱਖੀ ਪਹੁੰਚ ਅਪਨਾਉਣ ਦੀ ਲੋੜ ?/4

ਕਿਸਾਨਾਂ ਦੇ ਨਾਂ 'ਤੇ ਅਡਾਨੀਆਂ ਲਈ ਮੁਨਾਫਾ/11

ਅਸੀਂ ਭਾਰਤ ਦੇ ਲੋਕ/14

ਪੈਰੋਂ ਉਖੜਿਆ, ਮੁੜ ਟਿੱਕਿਆ ਕਿਸਾਨ ਅੰਦੋਲਨ, ਸਿਰਜੇਗਾ ਨਵੇਂ ਦਿਸਹੱਦੇ/18

ਕਾਰਪੋਰੇਟੀ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਇਸਤਰੀਆਂ ਦੀ ਸ਼ਮੂਲੀਅਤ/24

ਭਾਰਤੀ ਮੀਡੀਆ ਲਈ ਅੱਗੇ ਵਧਣ ਦਾ ਰਾਹ/26

ਸੋਹਣੇ ਫੁੱਲਾਂ ਦੀ ਖੇਤੀ ਪਿੱਛੇ ਲੁਕੀ ਬਦਸੂਰਤ ਦੁਨੀਆਂ/30

ਸਾਡੇ ਚੇਤਿਆਂ ਵਿੱਚ ਹਮੇਸਾ ਵੱਸੇ ਰਹਿਣਗੇ ਬਹਾਦਰ ਸਿੰਘ ਡਾਲਵੀ/32

### ਯੁਗ-ਪਲਟਾਊ ਸੰਗਰਾਮ:

# ਖ਼ਤਰਨਾਕ ਚੁਣੌਤੀਆਂ ਦੀ ਦਸਤਕ







ਬੂਟਾ ਸਿੰਘ ਨਵਾਂਸ਼ਹਿਰ
94634-74342

26 ਜਨਵਰੀ ਦੀ ਟਰੈਕਟਰ ਪਰੇਡ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਮਹੀਨਿਆਂ ਤੋਂ ਚੱਲ ਰਹੇ ਪੱਕੇ ਮੋਰਚੇ ਵਿਚ ਇਕ ਨਿਵੇਕਲੇ ਪੜਾਅ ਵਜੋਂ ਦਰਜ ਹੋ ਗਈ ਜਿਸ ਨੇ ਸੰਘਰਸ਼ਾਂ ਦੇ ਇਤਿਹਾਸ ਵਿਚ ਇਕ ਨਿਆਰਾ ਰੰਗ ਭਰ ਦਿੱਤਾ। ਇਹ ਫਾਸ਼ੀਵਾਦੀ ਸੱਤਾ ਵਿਰੁੱਧ ਸੰਘਰਸ਼ਸ਼ੀਲ ਕਿਸਾਨਾਂ ਦਾ ਇਤਿਹਾਸ-ਸਿਰਜਕ ਮਾਰਚ ਸੀ। ਇਹ ਪੈਦਾਵਾਰੀ ਸ਼ਕਤੀ ਦੇ ਚਿੰਨ੍ਹ ਟਰੈਕਟਰਾਂ ਦਾ ਉਸ ਘਿਣਾਉਣੀ ਪਰੰਪਰਾ ਵਿਰੁੱਧ ਮਾਰਚ ਸੀ ਜਿਸ ਵਿਚ ਜੰਗਬਾਜ਼ ਭਾਰਤੀ ਸਟੇਟ 26 ਜਨਵਰੀ ਨੂੰ ਆਧੁਨਿਕ ਫ਼ੌਜੀ ਸਾਜ਼ੋ-ਸਮਾਨ ਦਾ ਹੋਛਾ ਦਿਖਾਵਾ ਕਰਕੇ ਤਾਕਤ ਦੇ ਹੰਕਾਰ ਨੂੰ ਪੱਠੇ ਪਾਉਂਦਾ ਹੈ। ਟਰੈਕਟਰ ਮਾਰਚ ਕਾਰਪੋਰੇਟ ਹਿਤੈਸ਼ੀ ਰਾਜ ਤੋਂ ਰੋਟੀ-ਰੋਜ਼ੀ ਨੂੰ ਬਚਾਉਣ ਦੀ ਲੋਕ ਇਕਜੁੱਟਤਾ ਦਾ ਪ੍ਰਤੀਕ ਸੀ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਜਨਵਰੀ ਦੇ ਸ਼ੁਰੂ ਤੋਂ ਹੀ ਜੰਗੀ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਸਨ। ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਦਾ ਹਰ ਪਿੰਡ ਸੰਯੁਕਤ ਕਿਸਾਨ ਮੋਰਚੇ ਦੇ ਇਸ ਸੱਦੇ ਉੱਪਰ ਫੁੱਲ ਚੜ੍ਹਾਉਣ ਲਈ ਪੱਬਾਂ ਭਾਰ ਹੋ ਗਿਆ। ਪੰਜਾਬ ਵਿਚ ਤਕਰੀਬਨ ਹਰ ਇਲਾਕੇ ਵਿਚ ਸਥਾਨਕ ਰਿਹਰਸਲਾਂ ਕੀਤੀਆਂ ਗਈਆਂ, ਜਿਹਨਾਂ ਵਿਚ ਕਈ ਕਈ ਸੌ ਟਰੈਕਟਰ ਸ਼ਾਮਲ ਹੁੰਦੇ ਰਹੇ। 23 ਜਨਵਰੀ ਨੂੰ ਦਿੱਲੀ ਨੂੰ ਜਾ ਰਹੇ ਟਰੈਕਟਰਾਂ ਦੇ ਕਾਫ਼ਲੇ ਇੰਞ ਜਾਪਦੇ ਸਨ ਜਿਵੇਂ ਕੋਈ ਫ਼ੌਜ ਯੁੱਧ ਦੇ ਮੁਹਾਜ਼ ਵੱਲ ਜਾ ਰਹੀ ਹੁੰਦੀ ਹੈ। 25 ਜਨਵਰੀ ਤੱਕ ਦਿੱਲੀ ਦੇ ਐਂਟਰੀ ਮਾਰਗਾਂ ਉੱਪਰ ਕਈ ਕਈ ਮੀਲ ਤੱਕ ਟਰੈਕਟਰ ਖੜ੍ਹੇ ਕਰਨ ਲਈ ਜਗ੍ਹਾ ਨਹੀਂ ਮਿਲ ਰਹੀ ਸੀ। 26 ਜਨਵਰੀ ਨੂੰ ਵੀ ਪੰਜਾਬ-ਹਰਿਆਣਾ ਤੋਂ ਆਉਣ ਵਾਲੇ ਟਰੈਕਟਰਾਂ ਦਾ ਤਾਂਤਾ

(ਬਾਕੀ ਸਫ਼ਾ 23 'ਤੇ)

CONGRATULATIONS
TEAM OVER 600 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical Illness • Disability Insurance • Car Loans
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215-2323 32 Ave NE Calgary AB T2E 6Z3

Hans Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਕਰੋਨਾ ਦੀ ਮਾਰ-ਗਰੀਬਾਂ ਨੂੰ ਧੱਕੇ ਅਤੇ ਅਮੀਰਾਂ ਨੂੰ ਗੱਫੇ



ਹਰੀਪਾਲ
403-714-4816

ਹੁਣ ਆਪਾਂ ਉਸ ਦੌਰ ਵਿੱਚੋਂ ਲੰਘ ਰਹੇ ਹਾਂ ਜਦ ਕਰੋਨਾਂ ਦੇ ਪਰਛਾਂਵੇ ਹੇਠ ਦੁਨੀਆਂ ਡਰ ਡਰ ਕੇ ਜਿਉਂ ਰਹੀ ਹੈ। ਪਸ਼ੂਆਂ ਤੋਂ ਮਨੁੱਖਾਂ ਤੱਕ ਇਹ ਵਾਇਰਸ 2019 ਦੇ ਅਖੀਰਲੇ ਮਹੀਨਿਆਂ ਵਿੱਚ ਪਹੁੰਚਿਆ। ਇਸ ਨੇ ਉਹ ਤਰਥੱਲੀ ਮਚਾਈ ਕਿ ਸਾਰੀ ਦੁਨੀਆਂ ਹੀ ਘਰਾਂ ਵਿੱਚ ਕੈਦ ਕਰ ਦਿੱਤੀ। ਲੋਕਾਂ ਨੇ ਇੱਕ ਦੂਜੇ ਨੂੰ ਮਿਲਣਾਂ ਛੱਡ ਦਿੱਤਾ, ਲੋਕ ਬੱਸ ਖਿੜਕੀਆਂ ਵਿੱਚੋਂ ਹੀ ਇੱਕ ਦੂਜੇ ਨੂੰ ਦੇਖਦੇ ਰਹੇ। ਇਸ ਨੇ ਮਨੁੱਖ ਦੀ ਹੁਣ ਤੱਕ ਕੀਤੀ ਤਰੱਕੀ ਜਾਂ ਸਾਂਇੰਟਫਿਕ ਗਿਆਨ ਤੇ ਇੱਕ ਸਵਾਲ ਖੜ੍ਹਾ ਕਰ ਦਿੱਤਾ। ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਇਸਤਰਾਂ ਦੇ ਹਾਲਾਤ ਪੈਦਾ ਹੋ ਸਕਦੇ ਹਨ। ਕੰਮਕਾਰ, ਦਫਤਰ, ਸਕੂਲ, ਕਾਲਜ, ਹੋਟਲ ਕੀ ਸਭ ਤਰਾਂ ਦਾ ਵਪਾਰ, ਮਨੁੱਖਾਂ ਦੀ ਸੋਸ਼ਲ ਜ਼ਿੰਦਗੀ ਸਭ ਕੁੱਝ ਵਿੱਚ ਖੜੋਤ ਲਿਆ ਦਿੱਤੀ। ਜਿਹੜੇ ਲੋਕਾਂ ਨੂੰ ਰੋਟੀ ਦੇ ਲਾਲੇ ਨਹੀਂ ਪਏ ਸਨ ਜਾਂ ਜਿਹੜੇ ਮਾੜੀ ਮੋਟੀ ਰੋਟੀ ਖਾਂਦੇ ਸਨ, ਉਹਨਾਂ ਐਲਾਨ ਕਰ ਦਿੱਤਾ ਕਿ ਵਾਤਾਵਰਣ ਬਿਲਕੁੱਲ ਸਾਫ ਹੋ ਗਿਆ ਹੈ, ਉਹ ਤਾਂ ਇਹ ਵੀ ਕਹਿਣ ਲੱਗ ਪਏ ਕਿ ਇਹੋ ਜਿਹੀ ਬਿਮਾਰੀ ਪੰਜੀਂ ਸੱਤੀਂ ਸਾਲੀਂ ਆਉਂਦੀ ਰਹੇ ਤਾਂ ਕਿ ਵਾਤਾਵਰਣ ਸਾਫ ਹੁੰਦਾ ਰਹੇ। ਕੋਈ ਕਹਿਣ ਲੱਗ ਗਿਆ ਕੇ ਹੁਣ ਤਾਂ ਹਿਮਾਲਾ ਪਰਬਤ ਜਲੰਧਰ ਤੋਂ ਹੀ ਦਿਸਣ ਲੱਗ ਗਿਆ ਹੈ ਅਤੇ ਕੋਈ ਕਹਿਣ ਲੱਗ ਗਿਆ ਕਿ ਡਾਲਫਿਨ ਮੱਛੀ ਸਤਲੁਜ ਦਰਿਆ ਵਿੱਚ ਤਾਰੀਆਂ ਲਾਉਂਦੀ ਦਿਸਦੀ ਹੈ ਅਤੇ ਵੱਡੇ ਵੱਡੇ ਸ਼ਹਿਰਾਂ ਦੀਆਂ ਪਾਰਕਾਂ ਵਿੱਚ ਜੰਗਲ਼ੀ ਜਾਨਵਰ ਬੈਠੇ ਹਨ। ਪਰ ਜਿਹੜੇ ਲੋਕ ਇਸ ਦਾ ਸੰਤਾਪ ਝੱਲ ਰਹੇ ਹਨ, ਉਹਨਾਂ ਨੂੰ ਪਤਾ ਹੈ ਕਿ ਕੱਲਾ ਕੱਲਾ ਦਿਨ ਕਿਵੇਂ ਨਿੱਕਲ਼ਦਾ ਹੈ ਅਤੇ ਹੁਣ ਚੁੱਲਾ ਨਹੀਂ ਮਜ਼ਦੂਰ ਦਾ ਪੇਟ ਜਲ਼ਦਾ ਹੈ। ਦੁਨੀਆਂ ਦੇ ਮੰਨੇ ਹੋਏ ਦੇਸ਼ ਅਮਰੀਕਾ, ਕਨੇਡਾ, ਇੰਗਲੈਂਡ, ਇਰਾਨ, ਇਟਲੀ ਇਸ ਦੇ ਪ੍ਰਭਾਵ ਹੇਠ ਬੁਰੀ ਤਰ੍ਹਾਂ ਆਏ। ਇਸ ਨਿੱਕੇ ਜਿਹੇ ਜੀਵ ਨੇ ਸੱਤਰ ਅੱਸੀ ਮਿਲੀਅਨ ਲੋਕਾਂ ਨੂੰ ਪਰਭਾਵਤ ਕੀਤਾ। ਮਰਨ ਵਾਲ਼ੇ ਵੀ ਲੱਖਾਂ ਸਨ ਅਤੇ ਠੀਕ ਹੋਣ ਵਾਲ਼ੇ ਵੀ ਲੱਖਾਂ ਸਨ ਜਾਣੀ ਕਿ ਅੱਸੀ ਨੱਬੇ ਪਰਸੈਂਟ ਲੋਕ ਠੀਕ ਹੋਕੇ ਆਪਦੀ ਆਮ ਜਿੰਦਗੀ ਜਿਉਣ ਲੱਗੇ। ਇਸ ਸਮੇਂ ਵਿੱਚ ਸਿਰਫ ਤੇ ਸਿਰਫ ਕਰੋਨਾਂ ਨਾਲ਼ ਹੋਣ ਵਾਲ਼ੀਆਂ ਮੌਤਾਂ ਦਾ ਹੀ ਪਰਚਾਰ ਹੋਇਆ, ਕੋਈ ਵੀ ਡੈਟਾ ਨਹੀਂ ਆਇਆ ਕਿ ਆਮ ਫਲੂ ਜਾਂ ਕਿਸੇ ਹੋਰ ਬਿਮਾਰੀ ਨਾਲ਼ ਕਿੰਨੇ ਲੋਕ ਮਰੇ ਹਨ। ਇਸ ਨੇ ਦੁਨੀਆਂ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ, ਜਿਹੜੀ ਕਿ ਅਮਰੀਕਾ, ਚੀਨ, ਭਾਰਤ ਦੇ ਸਟਾਕ - ਐਕਸਚੇਂਜ ਤੋਂ ਦਿਸਦੀ ਹੈ। ਨਿੱਕੇ ਮੋਟੇ ਵਪਾਰਕ ਅਦਾਰਿਆਂ ਨੂੰ ਬਹੁਤ ਧੱਕਾ ਲੱਗਿਆ ਅਤੇ ਮੁਲਕਾਂ ਨੇ ਇੱਕ ਦੂਜੇ ਤੋਂ ਆਪਦੇ ਬਾਡਰ ਵੀ ਬੰਦ ਕਰ ਲਏ। ਸਾਰੀ ਦੁਨੀਆਂ ਵਿੱਚ ਇੱਕ ਤਰ੍ਹਾਂ ਦੀ ਐਮਰਜੈਂਸੀ ਲੱਗ ਗਈ। ਲੋਕਾਂ ਦੇ ਸਮਾਜਿਕ ਇਕੱਠ ਬੰਦ ਹੋ ਗਏ, ਜਿਹੜਾ ਵੀ ਮਾੜਾ ਮੋਟਾ ਢਿੱਲਾ ਮੱਠਾ ਹੋਇਆ, ਇਕਾਂਤਵਾਸ ਵਿੱਚ ਭੇਜ ਦਿੱਤਾ ਗਿਆ। ਇਸ ਇਕਾਂਤਵਾਸ ਨੇ ਲੋਕਾਂ ਨੂੰ ਦਿਮਾਗੀ ਤੌਰ ਇੱਕ ਕਿਸਮ ਨਾਲ਼ ਪਾਗਲ ਕਰ ਦਿੱਤਾ। ਇਸ ਬਿਮਾਰੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਇਸਤਰਾਂ ਤੋੜ ਦਿੱਤਾ ਕਿ ਲੋਕਾਂ ਨੇ ਸਕੇ ਸੰਬੰਧੀਆਂ ਦੀਆਂ ਹਸਪਤਾਲ਼ਾਂ ਵਿੱਚੋਂ ਡੈਡ ਬੌਡੀਆਂ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਇੱਥੋਂ ਤੱਕ ਕੇ ਕਰੋਨਾਂ ਨਾਲ਼ ਮਰੇ ਹੋਏ ਲੋਕਾਂ ਦਾ ਸਸਕਾਰ ਵੀ ਆਪਦੇ ਪਿੰਡਾਂ ਵਿੱਚ ਨਹੀਂ ਕਰਨ ਦਿੱਤਾ। ਦੁਨੀਆਂ ਭਰ ਵਿੱਚ ਮਿੱਤਰ ਮੁਲਕਾਂ ਨੇ ਇੱਕ ਦੂਜੇ ਦੇ ਸਮੁੰਦਰੀ ਜਹਾਜ ਨੂੰ ਆਪਦੀ ਬੰਦਰਗਾਹ ਵਰਤਣ ਤੋਂ ਜਵਾਬ ਦੇ ਦਿੱਤਾ। ਪਰ ਫਿਰ ਵੀ ਕਿਊਬਾ ਵਰਗੇ ਕਮਿਊਨਿਸਟ ਦੇਸ਼ ਨੇ ਸਾਰੀ ਦੁਨੀਆਂ ਨੂੰ ਆਪਦੇ ਡਾਕਟਰ ਭੇਜੇ, ਦਵਾਈਆਂ ਭੇਜੀਆਂ ਅਤੇ ਸਮੁੰਦਰ ਵਿੱਚ ਭਟਕ ਰਹੇ ਜਹਾਜਾਂ ਨੂੰ ਸ਼ਰਣ ਦਿੱਤੀ। ਇਹ ਵੀ ਹੈਰਾਨੀ ਵਾਲ਼ੀ ਗੱਲ ਹੈ ਕਿ ਕਿਊਬਾ ਅਤੇ ਨਾਰਵੇਅ, ਡੈਨਮਾਰਕ, ਸਵੀਡਨ ਜਿਹੇ ਜਮਹੂਰੀ ਸਮਾਜਵਾਦੀ ਮੁਲਕਾਂ ਵਿੱਚ ਇਸ ਬਿਮਾਰੀ ਦਾ ਕੋਈ ਬਹੁਤਾ ਹੋ ਹੱਲਾ ਨਹੀਂ ਸੁਣਿਆ। ਇਸਨੂੰ ਦੁਨੀਆਂ ਦਾ ਸਭ ਤੋਂ ਵੱਡਾ ਸੰਕਟ ਕਿਹਾ ਗਿਆ ਆਰਥਿਕ ਪੱਖੋਂ ਵੀ ਅਤੇ ਲੋਕਾਂ ਦੀ ਸਿਹਤ ਪੱਖੋਂ ਵੀ। ਵਰਲਡ ਬੈਂਕ ਅਤੇ ਏਸ਼ੀਅਨ ਬੈਂਕ ਨੂੰ ਬਹੁਤ ਮੁਦਰਾ ਇਸਦੀ ਰੋਕ ਥਾਮ ਲਈ ਖਰਚ ਕਰਨੀ ਪਈ ਕਿਉਂਕਿ ਇਸ ਦੀ ਗਿਰਫਤ ਵਿੱਚ ਗਰੀਬ ਅਮੀਰ ਸਭ ਆ ਗਏ।

ਪਰ ਇਸ ਪੈਨਾਡੈਮਿਕ ਨੂੰ, ਇਸ ਵੱਡੇ ਸੰਕਟ ਨੂੰ ਗਰੀਬ ਦੇਸ਼ਾਂ ਵੱਲੋਂ ਬਿੱਲਕੁਲ ਨਕਾਰ ਦਿੱਤਾ ਗਿਆ, ਕਿਉਂਕਿ ਗਰੀਬ ਮੁਲਕ ਇਸ ਤੋਂ ਕਿਤੇ ਵੱਡੇ ਸੰਕਟ ਵਿੱਚੋਂ ਲੰਘ ਰਹੇ ਹਨ ਜਿਸ ਨੂੰ ਭੁੱਖਮਰੀ ਕਿਹਾ ਜਾਂਦਾ ਹੈ। ਭੁੱਖ ਉਹ ਹਾਲਤ ਹੈ ਜਦ ਕਿਸੇ ਨੂੰ ਰੱਜਵਾਂ ਭੋਜਨ ਨਹੀਂ ਮਿਲਦਾ ਜਾਂ ਮਿਲਦਾ ਹੀ ਨਹੀਂ। ਤੁਸੀਂ ਹੈਰਾਨ ਹੋਵੋਗੇ ਕਿ ਇਸ ਦੁਨੀਆਂ ਵਿੱਚ 821 ਮਿਲੀਅਨ ਲੋਕ ਭੁੱਖੇ ਸੌਂਦੇ ਹਨ, ਭੁੱਖਮਰੀ ਦੀ ਬਿਮਾਰੀ ਨਾਲ਼ ਜਿੰਨੇ ਲੋਕ ਮਰਦੇ ਹਨ ਓਨੇ ਲੋਕ ਹੋਰ ਸਾਰੀਆਂ ਬਿਮਾਰੀਆਂ ਦੀ ਟੋਟਲ ਗਿਣਤੀ ਨਾਲ਼ ਨਹੀਂ ਮਰਦੇ। ਬੀ.ਬੀ.ਸੀ ਦੇ ਰਿਕਾਰਡ ਮੁਤਾਬਿਕ ਹਰ ਦਸ ਸੈਕਿੰਡ ਬਾਦ ਇੱਕ ਬੱਚਾ ਭੁੱਖ ਨਾਲ਼ ਮਰ ਜਾਂਦਾ ਹੈ ਜਾਣੀ ਕਿ 3600 ਬੱਚਾ ਇੱਕ ਘੰਟੇ ਵਿੱਚ। ਬਹੁਤ ਮੁਲਕਾਂ ਵਿੱਚ ਗਰੀਬ ਲੋਕਾਂ ਨੂੰ ਰੋਟੀ ਤਾਂ ਕੀ ਸਾਫ ਪਾਣੀ ਵੀ ਨਹੀਂ ਮਿਲ਼ਦਾ। ਉਪਰ ਲਿਖੇ ਤੱਥਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਦੁਨੀਆਂ ਦਾ ਸਭ ਤੋਂ ਵੱਡਾ ਸੰਕਟ ਕਰੋਨਾਂ ਨਹੀਂ ਸਗੋਂ ਭੁੱਖਮਰੀ ਹੈ ਜਿਹੜੀ ਕਿ ਸਲਾਨਾ ਕਰੋੜਾਂ



ਲੋਕਾਂ ਦੀ ਮੌਤ ਲਈ ਜਿੰਮੇਵਾਰ ਹੈ। ਅਫਸੋਸ ਇਸ ਗੱਲ ਦਾ ਹੈ ਕਿ ਅਮੀਰ ਮੁਲਕ ਅਤੇ ਸੰਸਾਰ ਦਾ ਮੀਡੀਆ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਜਿਸ ਨੇ ਦੁਨੀਆਂ ਦੀ ਦਸ ਪਰਸੈਂਟ ਅਬਾਦੀ ਨੂੰ ਆਪਦੀ ਗਰਿਫਤ ਵਿੱਚ ਲੈ ਲਿਆ ਹੈ। ਇਸ ਬਿਮਾਰੀ ਦੀ ਇੱਕੋ ਇੱਕ ਵੈਕਸੀਨ ਹੈ ਇਸ ਦੁਨੀਆਂ ਵਿੱਚੋਂ ਕਾਣੀ ਵੰਡ ਨੂੰ ਖਤਮ ਕਰਨਾ। ਸ਼ਾਇਦ ਦੁਨੀਆਂ ਨੂੰ ਇਸ ਬਿਮਾਰੀ ਦੀ ਕੋਈ ਪਰਵਾਹ ਨਹੀਂ ਕਿਉਂਕਿ ਇਹ ਬਿਮਾਰੀ ਅਮੀਰਾਂ ਨੂੰ ਨਹੀਂ ਮਾਰਦੀ।

ਦੁਨੀਆਂ ਭਰ ਵਿੱਚ ਲੋਕ ਵਿਰੋਧੀ ਸਰਕਾਰਾਂ ਨੇ ਅਗਾਂਹਵਧੂ ਲਹਿਰਾਂ ਨੂੰ ਦਬਾਉਣ ਲਈ ਅਤੇ ਕਾਰਪੋਰੇਟ ਪੱਖੀ ਕਨੂੰਨਾਂ ਨੂੰ ਪਾਸ ਕਰਨ ਲਈ ਇਸ ਮਹਾਂਮਾਰੀ ਨੂੰ ਬਹਾਨਾਂ ਬਣਾਇਆ ਹੈ। ਭਾਰਤ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਲਈ ਲੋਕ ਮਾਰੂ ਕਨੂੰਨ ਪਾਸ ਕੀਤੇ ਗਏ ਹਨ। ਅੱਜ ਭਾਰਤ ਦਾ ਕਿਸਾਨ ਆਪਦੀ ਹੋਂਦ ਦੀ ਲੜਾਈ ਲੜ ਰਿਹਾ ਹੈ। ਅਸਲ ਵਿੱਚ ਭਾਰਤ ਦੇ ਕਿਸਾਨਾਂ ਦਾ ਇਹ ਘੋਲ਼ ਹੁਣ ਜਨ-ਅੰਦੋਲਨ ਬਣ ਚੁੱਕਾ ਹੈ ਜਿਸਨੇ ਸਮਾਜ ਦੇ ਸਭ ਵਰਗਾਂ ਦੀ ਹਮਾਇਤ ਹਾਸਲ ਕਰ ਲਈ ਹੈ ਅਤੇ ਇਸ ਘੋਲ਼ ਨੇ ਜੋ ਨਤੀਜੇ ਕੱਢਣੇ ਹਨ, ਉਹਨਾਂ ਨੇ ਭਾਰਤੀ ਸਮਾਜ ਦੇ ਸਭ ਸਮੀਕਰਣ ਬਦਲ ਦੇਣੇ ਹਨ। ਲੋਕਾਂ ਦੀ ਹੋਂਦ ਦਾ ਇਹ ਘੋਲ਼ ਸਾਰੀ ਦੁਨੀਆਂ ਵਿੱਚ ਫੈਲੂਗਾ। ਹੌਲੈਂਡ, ਫਰਾਂਸ, ਗਰੀਸ ਹਰ ਜਗਾਹ ਕਾਰਪੋਰੇਸ਼ਨਾਂ ਜ਼ਮੀਨਾਂ ਹੜੱਪਣ ਲਈ ਤਿਆਰ ਬੈਠੀਆਂ ਹਨ। ਬਰਾਜੀਲ ਵਿੱਚ ਲੋਕ ਪੱਖੀ ਸਰਕਾਰ ਦਾ ਤਖਤਾ ਪਲਟਾਉਣ ਮਗਰੋਂ, ਬੋਲਸਨਾਰੋ ਜੁੰਡਲ਼ੀ ਨੇ ਸਭ ਪਾਵਰਾਂ ਆਪਦੇ ਹੱਥਾਂ ਵਿੱਚ ਲੈ ਲਈਆਂ ਅਤੇ ਸਭ ਅਗਾਂਵਧੂ ਲੀਡਰ ਜੇਲਾਂ ਵਿੱਚ ਸੁੱਟ ਦਿੱਤੇ। ਸਾਊਦੀ ਅਰਬ ਦੇ ਇੱਕ ਪੱਤਰਕਾਰ ਦਾ ਕਤਲ ਕਰੋਨਾ ਦੇ ਬਹਾਨੇ ਦਬਾ ਦਿੱਤਾ ਗਿਆ ਅਤੇ ਲੋਕ-ਪੱਖੀ ਵਰਕਰਾਂ ਦੇ ਸਿਰ-ਕਲਮ ਕੀਤੇ ਗਏ। ਇਹੀ ਹਾਲ ਇਰਾਨ ਵਿੱਚ ਹੋਇਆ। ਸਮਾਜਿਕ ਸਾਮਰਾਜੀ ਚੀਨ ਨੇ ਵੀ ਚੈਨ ਕੁਐਸ਼ੀ ਜਿਹੇ ਲੋਕਪੱਖੀ ਵਕੀਲ ਨੂੰ ਜੇਲ਼ ਵਿੱਚ ਸੁਟਿਆ ਅਤੇ ਜਿਹਨਾਂ ਨੇ ਸਭ ਤੋਂ ਪਹਿਲਾਂ ਕਰੋਨਾ ਦਾ ਰੌਲ਼ਾ ਪਾਇਆ ਗੈਅਬ ਹੀ ਕਰ ਦਿੱਤੇ ਗਏ। ਹੁਣ ਤੱਕ ਕਰੋਨਾ ਤੇ 2.2 ਟਰਿੱਲੀਅਨ ਡਾਲਰ ਨੂੰ ਅਮਰੀਕਣ ਜ਼ ਖਰਚ ਹੋ ਚੁੱਕਾ ਹੈ, ਜਿਸ ਵਿੱਚੋਂ ਬਹੁਤਾ ਕਰੋਨਾ ਦੀ ਆੜ ਹੇਠ ਕਾਰਪੋਰੇਟ ਅਦਾਰਿਆਂ ਦੀ ਝੋਲ਼ੀ ਪਾ ਦਿੱਤਾ ਗਿਆ ਹੈ। ਹੁਣ ਦੇਖਦੇ ਹਾਂ ਕਰੋਨਾ ਦਾ ਫਾਇਦਾ ਕਿਸ ਨੂੰ ਹੋਇਆ ਹੈ :-

1 ਜ਼ੂਮ ਨੈਟਵਰਕ ਦਾ ਰੈਵੇਨਿਊ 365% ਵਧਿਆ ਹੈ ਜਿਸ ਨਾਲ਼ ਉਸ ਨੂੰ 186 ਮਿਲੀਅਨ ਦਾ ਨੈਟ ਪਰੌਫਿਟ ਹੋਇਆ ਹੈ।

2 ਐਰਿਕ ਯੂਆਨ ਚਾਈਨੀਜ ਕੰਪਨੀ ਦਾ ਰੈਵੇਨਿਊ 21 ਬਿਲੀਅਨ ਡਾਲਰ ਹੋਇਆ ਹੈ।

3 ਐਮਾਜ਼ੌਨ ਦਾ ਰੈਵੇਨਿਊ ਅਪਰੈਲ ਤੋਂ ਜੂਨ ਤੱਕ 90 ਬਿਲੀਅਨ ਡਾਲਰ ਹੋਇਆ ਹੈ।

4 ਵਾਲਮਾਰਟ ਦੀ ਸੇਲ ਵਿੱਚ 97% ਦਾ ਵਾਦਾ ਹੋਇਆ। 6 ਪੈਲਟੌਨ ਦਾ ਰੈਵੇਨਿਊ 607 ਮਿਲੀਅਨ ਨੂੰ ਪਾਰ ਕਰ ਗਿਆ।

7 ਵੀਡੀਓ ਗੇਮਾਂ ਦੀ ਸੇਲ 200% ਵਧੀ।

ਇਸ ਤੋਂ ਬਿਨਾ ਈਲੋਨ ਮਸਕ ਦੁਨੀਆਂ ਦਾ ਸਭ ਤੋਂ ਆਦਮੀ ਬਣਿਆ। ਇੰਡੀਆ ਜਾਂ ਪੂਰਬੀ ਦੇਸ਼ਾਂ ਵਿੱਚ ਨਵੇਂ ਬਿਲੀਆਨੇਅਰ ਹੋਂਦ ਵਿੱਚ ਆਏ। ਪਰ ਆਮ ਗਰੀਬਾਂ ਨਾਲ਼ ਕੀ ਹੋਇਆ। ਭਾਰਤ ਵਿੱਚ ਲੱਖਾਂ ਪਰਵਾਸੀ ਮਜ਼ਦੂਰ ਕੰਮਾਂ ਤੋਂ ਵਿਹਲੇ ਕਰ ਦਿੱਤੇ ਗਏ, ਮਕਾਨ ਮਾਲਕਾਂ ਨੇ ਵਿਹਲੇ ਮਜ਼ਦੂਰਾਂ ਨੂੰ ਘਰਾਂ ਚੋਂ ਕੱਢ ਦਿੱਤਾ। ਜਦ ਵਿਹਲੇ ਮਜ਼ਦੂਰ ਘਰਾਂ ਨੂੰ ਵਾਪਸ ਜਾ ਰਹੇ ਸਨ ਤਾਂ ਕਿੰਨੇ ਰੇਲ ਗੱਡੀਆਂ ਥੱਲੇ ਆ ਕੇ ਕੁਚਲ਼ੇ ਗਏ, ਕਿੰਨੇ ਹੀ ਭੁੱਖ ਨਾਲ਼ ਮਰ ਮਰ ਗਏ ਅਤੇ ਕਿੰਨੇ ਹੀ ਮਜ਼ਦੂਰਾਂ ਨੇ ਰਾਹ ਵਿੱਚ ਹੀ ਆਤਮ-ਹੱਤਿਆ ਕਰ ਲਈ। ਕਿਸੇ ਵੀ ਸਰਕਾਰ ਨੇ ਇਹਨਾਂ ਮਜ਼ਦੂਰਾਂ ਦੀ ਸਾਰ ਨਹੀਂ ਲਈ ਕਿਉਂਕਿ ਇਹਨਾਂ ਕਾਰਪੋਰੇਟ ਸਰਕਾਰਾਂ ਲਈ ਗਰੀਬ ਲੋਕ ਇੱਕ ਨੰਬਰ ਤੋਂ ਸਿਵਾ ਕੁੱਝ ਨਹੀਂ ਹਨ। ਜੇਕਰ ਬਿੱਲ ਗੇਟਸ ਦੇ 62 ਹਜ਼ਾਰ ਏਕੜ ਫਾਰਮ ਨੂੰ ਸਿਰਫ 18 ਬੰਦੇ ਸਾਂਭ ਸਕਦੇ ਹਨ ਤਾਂ ਫਿਰ ਜੇਕਰ ਇਹੋ ਜਿਹਾ ਸਿਸਟਮ ਭਾਰਤ ਵਿੱਚ ਲਾਗੂ ਹੋ ਗਿਆ ਤਾਂ ਭਾਰਤ ਦੀ ਤਾਂ 80% ਅਬਾਦੀ ਵੇਹਲੀ ਹੋ ਜਾਵੇਗੀ। ਕਿੰਨੇ ਸ਼ਰਮ ਦੀ ਗੱਲ ਹੈ ਕਿ ਮੁਕੇਸ਼ ਅੰਬਾਨੀ ਆਪਦੀ ਬੇਟੀ ਦੇ ਜਨਮ ਤੇ ਕਰੋੜਾਂ ਰੁਪਏ ਰੋੜ ਸਕਦਾ ਹੈ ਤੇ ਕਿੱਥੇ ਭਾਰਤ ਦੀਆਂ ਲੱਖਾਂ ਬੇਟੀਆਂ ਨੂੰ ਜਨਮ ਦਿਨ ਦਾ ਤੋਹਫਾ ਤਾਂ ਕੀ ਸਕੂਲ ਵੀ ਨਸੀਬ ਨਹੀਂ ਹੁੰਦਾ। ਜਦੋਂ ਸਾਰੀ ਦੁਨੀਆਂ ਵਿੱਚ ਹੀ ਪੂੰਜੀਵਾਦੀ ਸਿਸਟਮ ਫੇਲ ਹੋ ਰਿਹਾ ਸੀ, ਜਦੋਂ ਲੱਖਾਂ ਦੀ ਗਿਣਤੀ ਵਿੱਚ ਚੀਨੀ, ਭਾਰਤੀ, ਅਮਰੀਕੀ ਅਤੇ ਦੱਖਣੀ ਅਮਰੀਕਾ ਦੇ ਮਜ਼ਦੂਰ ਆਪਦੇ ਹੱਕਾਂ ਦੀ ਲੜਾਈ ਲੜ ਰਹੇ ਸਨ, ਬਿਲਕੁੱਲ ਇਸ ਸਮੇਂ ਕਰੋਨਾਂ ਜਿਹੀ ਮਹਾਂਮਾਰੀ ਦਾ ਉਦੈ ਹੋਣਾ ਸ਼ੱਕ ਦੇ ਸਵਾਲ ਖੜ੍ਹੇ ਕਰਦਾ ਹੈ। ਹੁਣ ਇਸਦੀ ਵੈਕਸੀਨ ਤੋਂ ਅਰਬਾਂ ਡਾਲਰ ਕਮਾਏ ਜਾਣਗੇ, ਜਿਸਦਾ ਭਾਰ ਵੀ ਅਖੀਰ ਵਿੱਚ ਗਰੀਬ ਲੋਕ ਹੀ ਝੱਲਣਗੇ। ਕਰੋਨਾਂ ਇੱਕ ਹਨੇਰੇ ਦਾ ਦੌਰ ਹੈ, ਇਸਦੇ ਖਤਮ ਹੋਣ ਤੇ ਹੀ ਪਤਾ ਲੱਗੇਗਾ ਕਿ ਇਸ ਸਮੇਂ ਇਹਨਾਂ ਕਾਰਪੋਰੇਟ ਸਰਕਾਰਾਂ ਨੇ ਕੀ ਕੀ ਚੰਦ ਚਾੜ੍ਹੇ ਹਨ।

ਬਹੁਤ ਲੋਕ ਇਹ ਵੀ ਸੋਚਦੇ ਹੋਣਗੇ ਕਿ ਜਦ ਅੰਬਾਨੀਆਂ, ਅਡਾਨੀਆਂ ਕੋਲ਼ ਪਹਿਲਾਂ ਹੀ ਐਨਾ ਪੈਸਾ ਹੈ ਫੇਰ ਵੀ ਇਹਨਾਂ ਵਿੱਚ ਪੈਸਾ ਕੱਠਾ ਕਰਨ ਦੀ ਦੌੜ ਕਿਉਂ ਹੈ ਗੱਲ ਇਹ ਹੈ ਕਿ ਹਰ ਇੱਕ ਅਮੀਰ ਆਦਮੀ ਉੱਪਰ ਨੂੰ ਹੀ ਦੇਖਦਾ ਹੈ, ਥੱਲੇ ਨੂੰ ਨਹੀਂ। ਹਰ ਅਮੀਰ ਆਦਮੀ ਆਪਦੇ ਆਪ ਨੂੰ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਕਹਾਉਣਾ ਪਸੰਦ ਕਰਦਾ ਹੈ। ਸਕੰਦਰ ਤਾਂ ਹਥਿਆਰਾਂ ਨਾਲ਼ ਸਾਰੀ ਦੁਨੀਆਂ ਜਿੱਤਣ ਤੁਰਿਆ ਸੀ ਅਤੇ ਅੱਜ ਦੇ ਸਕੰਦਰ ਦੌਲਤ ਦੇ ਨਾਲ਼, ਚਾਹੇ ਇਸ ਦੇ ਲਈ ਇਹਨਾਂ ਨੂੰ ਲੋਕਾਂ ਦੀਆਂ ਕਿੰਨੀਆਂ ਵੀ ਲਾਸ਼ਾਂ ਵਿਛਾਉਣੀਆਂ ਪੈਣ। ਲੋਕਤੰਤਰ ਵੀ ਹੁਣ ਇੱਕ ਛੜਯੰਤਰ ਬਣ ਕੇ ਰਹਿ ਗਿਆ ਹੈ ਕਿਉਂਕਿ ਇਹ ਕਾਰਪੋਰੇਟ ਅਦਾਰੇ ਤਹਿ ਕਰਦੇ ਹਨ ਕਿ ਕਿਸਨੂੰ ਰਾਜ ਗੱਦੀ ਦੇਣੀ ਹੈ ਕਿਸ ਨੂੰ ਨਹੀਂ। ਜਿਹੜਾ ਵੀ ਉਹਨਾਂ ਨੂੰ ਲੱਗਦਾ ਹੈ ਕਿ ਵੱਧ ਵਫਾਦਾਰ ਹੈ, ਉਸ ਤੇ ਹੀ ਉਹ ਆਪਦਾ ਸਭ ਕੁੱਝ ਝੋਕਦੇ ਹਨ। ਮੀਡੀਆ ਵੀ ਕਾਰਪੋਰੇਸ਼ਨਾਂ ਦੇ ਕੰਟਰੋਲ ਵਿੱਚ ਹੈ ਅਤੇ ਪੈਸਾ ਵੀ ਉਹਨਾਂ ਕੋਲ਼ ਹੈ। ਪਰ ਇਹ ਤਾਂ ਸਮਾਂ ਹੀ ਦੱਸੂਗਾ ਕਿ ਲੋਕਾਂ ਦਾ ਸਿਦਕ ਜਿੱਤਦਾ ਹੈ ਜਾਂ ਇਹਨਾਂ ਦਾ ਲਾਲਚ। ਹਾਲ ਦੀ ਘੜੀ ਕਰੋਨਾਂ ਇਸ ਡੁੱਬ ਰਹੇ ਪੂੰਜੀਵਾਦੀ ਸਿਸਟਮ ਲਈ ਇੱਕ ਸੰਜੀਵਨੀ ਬੂਟੀ ਬਣ ਕੇ ਆਇਆ ਹੈ। ਪਰ ਥਾਂ ਥਾਂ ਉਠ ਰਹੇ ਵਿਦਰੋਹ ਇਹ ਵੀ ਦਰਸਾ ਰਹੇ ਹਨ ਕਿ ਹੁਣ ਲੋਕ ਭਾਸ਼ਾਵਾਂ, ਧਰਮਾਂ ਜਾਂ ਇਲਾਕਿਆਂ ਵਿੱਚ ਵੰਡੇ ਨਹੀਂ ਜਾ ਸਕਦੇ ਕਿਉਂਕਿ ਰੋਟੀ ਦੀ ਸਾਂਝ ਮਨੁੱਖਾਂ ਨੂੰ ਆਪਸ ਵਿੱਚ ਜੋੜ ਕੇ ਰੱਖਦੀ ਹੈ ਅਤੇ ਲੋਕਾਂ ਦਾ ਇਹੀ ਏਕਾ ਸਰਮਾਏਦਾਰੀ ਸਿਸਟਮ ਦੀ ਮੌਤ ਹੈ।

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



Si SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

SARO KARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਦੀਪ ਸਿੱਧੂ ਰੂਪੀ ਆਰਐੱਸਐੱਸ/ਬੀਜੇਪੀ ਸਰਕਾਰੀ ਸਾਜ਼ਿਸ਼ ਅਤੇ ਕਿਸਾਨੀ ਸੰਘਰਸ਼

ਬਲਜਿੰਦਰ ਸੰਘਾ
403-680-3212





ਦੀਪ ਸਿੱਧੂ ਨੂੰ ਸਮਾਜਿਕ ਸਰੋਕਾਰਾਂ ਤੇ ਇਸਦੇ ਦੂਰਪ੍ਰਭਾਵੀ ਨਤੀਜਿਆਂ ਬਾਰੇ ਡੂੰਘੀ ਸਮਝ ਨਹੀਂ ਹੈ। ਇਸਦਾ ਇੱਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਉਸਨੇ ਸਮਾਜਿਕ ਜ਼ਿੰਦਗੀ ਵਿਚ ਹੁਣੇ-ਹੁਣੇ ਪੈਰ ਰੱਖਿਆ ਹੈ ਤੇ ਸੰਨੀ ਦਿਉਲ ਦੀ ਰਾਜਨੀਤੀ ਵਿਚ ਨਾਟਕੀ ਇੰਟਰੀ ਦਾ ਪ੍ਰਭਾਵ ਕਬੂਲ ਚੁੱਕਾ ਹੈ। ਇਸੇ ਪ੍ਰਭਾਵ ਅਧੀਨ ਉਹ ਵੀ ਸਾਰਟਕੱਟ ਰਸਤੇ ਰਾਹੀਂ ਪੰਜਾਬ ਦੀ ਰਾਜਨੀਤੀ ਵਿਚ ਛਾਅ ਜਾਣ ਦੀ ਅੰਨ੍ਹੀ ਚਾਹਤ ਰੱਖਦਾ ਮਹਿਸੂਸ ਹੋ ਰਿਹਾ ਹੈ। ਪੰਜਾਬ ਦੀ ਰਾਜਨੀਤੀ ਵਿਚ ਇਹ ਅੰਨ੍ਹੀ ਚਾਹਤ ਤਾਂ ਹੀ ਪੂਰੀ ਹੋ ਸਕਦੀ ਹੈ ਜੇਕਰ ਸਿੱਖ ਸਮਾਜ ਪ੍ਰਤੀ ਹਮਦਰਦੀ ਦਾ ਨਾਟਕ ਕਰਨ ਦਾ ਤਰੀਕਾ ਹੋਵੇ। ਦੂਸਰਾ ਜੇਕਰ ਕੋਈ ਅਨਪੜ੍ਹ ਵੀ ਗੱਲ ਗੱਲ ਤੇ ਗੁਰਬਾਣੀ ਦੀਆਂ ਤੁਕਾਂ ਤੇ ਸਿੱਖ ਸਹੀਦੀਆਂ ਦੀ ਬਾਤ ਪਾਉਣ ਬਾਰੇ ਇਕ ਦੋ ਪੰਨੇ ਸਿੱਖ ਹਿਸਟਰੀ ਦੇ ਰਟ ਲਏ। ਹਰ ਮੁੱਦੇ ਨੂੰ ਸਿੱਖਾਂ ਦੀ ਹੋਂਦ ਦੇ ਮੁੱਦੇ ਨਾਲ ਜੋੜਨ ਦੀ ਲੱਛੇਦਾਰ ਗੱਲਬਾਤ ਸਿੱਖ ਲਵੇ ਤਾਂ ਅਸੀਂ ਭਾਵੁਕ ਹੋਕੇ ਉਸਨੂੰ ਆਪਣਾ ਸਭ ਕੁਝ ਮੰਨ ਲੈਂਦੇ ਹਾਂ। ਬਿਨਾਂ ਆਪਣੇ ਸਿਰ ਵਰਤਿਆਂ ਉਸਦੇ ਆਖੇ ਲੜਨ-ਮਰਨ ਨੂੰ ਤਿਆਰ ਹੋ ਜਾਂਦੇ ਹਾਂ। ਬਾਅਦ ਵਿਚ ਵਿਸਲੇਸਣ ਵੀ ਨਹੀਂ ਕਰਦੇ ਕਿ ਨੁਕਸਾਨ ਤਾਂ ਆਪਣੀ ਕੌਮ ਦਾ ਹੀ ਜਿਆਦਾ ਕਰਵਾ ਲਿਆ। ਦੀਪ ਸਿੱਧੂ ਨੂੰ ਵੀ ਇਸੇ ਢੰਗ ਤੇ ਰਾਹ ਰਾਹੀਂ ਸੰਸਦ ਵਿਚ ਡਿੱਠੀ ਆਪਣੀ ਕੁਰਸੀ ਦਿਖ ਰਹੀ ਹੈ। ਕਿਉਂਕਿ ਇਸ ਰਾਹ ਪਹਿਲਾ ਵੀ ਕਈਆਂ ਨੇ ਅਪਣਾਇਆ ਹੈ ਤੇ ਸਫਲ ਵੀ ਹੋਏ ਹਨ।

ਦੀਪ ਸਿੱਧੂ ਨੇ ਵੀ ਆਪਣੀ ਪੈਤੜੇ ਬਾਜੀ ਇਸੇ ਅਧਾਰ ਤੇ ਬਣਾਉਣੀ ਸੁਰੂ ਕੀਤੀ। ਉਸਨੇ ਕਿਸਾਨਾਂ ਦੇ ਤਿੰਨ ਬਿੱਲਾਂ ਦੇ ਸੰਘਰਸ ਵਿਚ ਸਿੱਖਾਂ ਦੀ ਹੋਂਦ ਦਾ ਮਸਲਾ ਜੋੜ ਕੇ ਅਸਲ ਮੁੱਦੇ ਦੀ ਗੱਲ ਧੁੰਦਲੀ ਕਰਨ ਦੀ ਹਰ ਕੋਸਿਸ ਕੀਤੀ। ਜਦੋਂਕਿ ਅਜੋਕੇ ਨਹੀਂ ਬਲਕਿ ਜਦੋਂ ਤੋਂ ਮਨੁੱਖ ਨੇ ਸਮਾਜਿਕ ਜਿੰਦਗੀ ਵਿਚ ਪੈਰ ਰੱਖਿਆ, ਉਹੀ ਕਬੀਲੇ ਜਾਂ ਕੌਮ ਹੀ ਅੱਗੇ ਰਹੀ ਜਿਸਨੇ ਵੱਧ ਆਰਥਿਕ ਵਸੀਲੇ ਕਬਜੇ ਵਿਚ ਲਏ। ਪਰ ਇੱਥੇ ਦੀਪ ਸਿੱਧੂ ਗੱਲ ਘੁਮਾਕੇ ਸਿੱਖ ਹੋਂਦ ਦੀ ਗੱਲ ਧਰਮ ਰਾਹੀਂ ਕਰਦਾ ਹੈ। ਚਾਹੇ ਸੱਚ ਇਹ ਹੈ ਕਿ ਅਜੋਕੇ ਡੈਮੋਕਰੈਸੀ ਦੇ ਯੁੱਗ ਵਿਚ ਜਦੋਂ ਕਾਰਪੋਰੇਟ ਦਾ ਭੁੱਖਾ ਸੇਰ ਸਭ ਕੁਝ ਨਿਗਲਣ ਲਈ ਸਹਿ ਲਾਈ ਤਿਆਰ ਬੈਠਾ ਹੈ ਤਾਂ ਜਮੀਨਾਂ ਵਾਲਿਆਂ ਨੇ ਜਮੀਨਾਂ ਬਚਾ ਲਈਆਂ ਤੇ ਦੁਕਾਨਦਾਰਾਂ ਨੇ ਦੁਕਾਨਾਂ ਤਾਂ ਉਹਨਾਂ ਦੀ ਹੋਂਦ ਆਪੇ ਬਚ ਜਾਵੇਗੀ। ਪਰ ਦੀਪ ਸਿੱਧੂ ਇਸ ਸਿੱਧੀ ਗੱਲ ਨੂੰ ਜੋ ਕਿਸਾਨ ਮਜਦੂਰ ਏਕਤਾ ਮੋਰਚੇ ਦੇ ਆਗੂ ਕਹਿ ਰਹੇ ਹਨ ਧੁੰਦਲੀ ਕਰਕੇ ਆਪਣੀ ਪੀਪਣੀ ਵਜਾਉਂਦਾ ਹੈ।

ਚਾਹੇ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਬਿੱਲ ਸਿੱਖ, ਹਿੰਦੂ ਜਾਂ ਮੁਸਲਮਾਨ ਦਾ ਮਸਲਾ ਨਹੀਂ ਇਹ ਪੂੰਜੀਵਾਦ ਦੁਆਰਾ ਆਮ ਆਦਮੀ ਦੀ ਸੰਘੀ ਨੱਪਕੇ ਭਾਰਤ ਵਿਚ ਖਾਣ-ਪੀਣ ਦੀਆਂ ਵਸਤੂਆਂ ਦੇ ਸਭ ਰਾਹ ਕਾਰਪੋਰੇਟ ਸੈਕਟਰ ਰਾਹੀਂ ਸਾਡੇ ਤੱਕ ਲਿਆਉਣਾ ਹੈ। ਜਿਸ ਨਾਲ ਉਹ ਮਨਮਰਜੀ ਦੇ ਭਾਅ ਤਹਿ ਕਰ ਸਕਣ। ਇਸ ਕਰਕੇ ਕਿਸੇ ਵੀ ਕੌਮ ਜਾਂ ਮਨੁੱਖ ਦੀ ਹੋਂਦ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਆਰਥਿਕ ਤੌਰ ਤੇ ਕਿੰਨਾ ਮਜਬੂਤ ਹੈ। ਦੀਪ ਸਿੱਧੂ ਇਹ ਵੀ ਕਹਿ ਸਕਦਾ ਹੈ ਕਿ ਸਾਡੀ ਹੋਂਦ ਦਾ ਮਸਲਾ ਸਾਡੀ ਆਰਥਿਕਤਾ ਨਾਲ ਜੁੜਿਆ ਹੈ। ਪਰ ਉਹ ਜੈ ਕਿਸਾਨ ਜਾਂ ਕਿਸਾਨ ਮਜਦੂਰ ਏਕਤਾ ਦੀ ਗੱਲ ਸਿੱਧੀ ਨਾ ਕਰਕੇ ਹਰ ਗੱਲ ਵਿਚ ਸਿੱਖੀ ਜਾਂ ਖਾਲਿਸਤਾਨ ਦੇ ਮਸਲੇ ਨੂੰ ਅਸਿੱਧੇ ਢੰਗ ਨਾਲ ਵਾੜਕੇ ਆਪਣੇ ਨਾਲ ਵੱਧ ਹਜੂਮ ਜੋੜਨ ਦੇ ਚੱਕਰ ਵਿਚ ਰਿਹਾ ਹੈ।

ਉਹ ਕਿਸਾਨੀ ਸੰਘਰਸ ਦੇ ਲੀਡਰਾਂ ਦੀ ਗੱਲ ਵਿਚ ਆਪਣੇ ਵਿਚਾਰ ਮਿਲਾਕੇ ਇਸ ਤਰ੍ਹਾਂ ਪੇਸ ਕਰਦਾ ਹੈ ਕਿ ਆਮ ਬੰਦਾ ਗੁੰਮਰਾਹ ਹੋ ਜਾਂਦਾ ਹੈ। ਜਿਵੇਂ ਜਦੋਂ ਕਿਸਾਨੀ ਲੀਡਰ ਹਰ ਗੱਲ ਜਾਬਤੇ ਰਾਹੀਂ ਕਰਨ ਤੇ ਜਾਬਤੇ ਵਿਚ ਰਹਿਣ ਦੀ ਅਪੀਲ ਕਰਦੇ ਹਨ ਤਾਂ ਉਹ ਤੇ ਇਕ (ਗੈਂਗਸਟਰ ਲਾਈਫ ਵਿਚੋਂ ਪੱਥਰ ਚੱਟਕੇ ਮੁੜੀ ਮੱਛੀ) ਇਹ ਕਹਿਕੇ ਅਸਿੱਧੇ ਢੰਗ ਨਾਲ ਕਾਬਜ ਹੋਣ ਦੀ ਗੱਲ ਕਰਦੇ ਹਨ ਕਿ ਨੌਜਵਾਨੀ ਦੀਆਂ ਭਾਵਨਾਵਾਂ ਕੁਝ ਹੋਰ ਹਨ। ਭਾਵ ਉਹ ਲੰਬਾ ਸਮਾਂ ਮੋਰਚੇ ਵਿਚ ਸਾਤ ਨਹੀ ਬੈਠਣਾ ਚਾਹੁੰਦੇ। ਜਦੋਂ ਕਿ ਜੇਕਰ ਉਹ ਕਿਸਾਨ ਆਗੂਆਂ ਦੇ ਸੱਚੀ ਹੀ ਮਗਰ ਹਨ ਤਾਂ ਆਖ ਸਕਦੇ ਹਨ ਕਿ ਨੌਜਵਾਨੋਂ ਆਪਣੇ ਆਗੂਆਂ ਦਾ ਹੁਕਮ ਮੰਨੋ। ਸਬਰ,ਸਾਤੀ ਬਣਾਈ ਰੱਖੋ। ਸਿੱਖੀ ਵਿਚ ਸਭ ਤੋਂ ਵੱਧ ਸਬਰ ਹੈ। ਯਾਦ ਕਰੋ ਉਹਨਾਂ ਮਾਵਾਂ ਨੂੰ ਜੋ ਬੱਚਿਆਂ ਦੇ ਟੁਕੜੇ ਝੋਲੀ ਪਵਾਕੇ ਵੀ ਸਬਰ ਵਿਚ ਚੱਕੀਆਂ ਪੀਸਦੀਆਂ ਰਹੀਆਂ। ਡੈਮੋਕਰਸੀ ਵਿਚ ਯੁੱਧ ਹਥਿਆਰਾਂ ਤੋਂ ਪਹਿਲਾ ਸਾਂਤੀ ਨਾਲ ਲੜਕੇ ਸੰਸਾਰ ਦਾ ਵੱਧ ਧਿਆਨ ਖਿੱਚਿਆ ਜਾ ਸਕਦਾ ਹੈ। ਇਹੋ ਜਿਹੇ ਯੁੱਧ ਸਭ ਨੂੰ ਨਾਲ ਲੈ ਕੇ ਲੜੇ ਜਾਂਦੇ ਹਨ ਤੇ ਕਈ ਸਟੇਜਾਂ ਵਿਚੋਂ ਨਿਕਲਦੇ ਹਨ। ਜੇਕਰ ਕੁਰਬਾਨੀਆਂ ਦੇਣ ਜਾਂ ਹਥਿਆਰ ਚੁੱਕਣ ਦੀ ਨੌਬਤ ਆਈ ਤਾਂ ਤਿੰਨ-ਤਿੰਨ ਦਹਾਕੇ ਤੋਂ ਘੋਲਾਂ ਵਿਚ ਲੱਗੇ ਇਹ ਬਾਬੇ ਆਗੂ ਆਪ ਦੱਸਣਗੇ।

ਦੀਪ ਸਿੱਧੂ ਦੀ ਸਿੱਖੀ ਪੈਤੜਾ ਵਰਤਕੇ ਕਿਸਾਨੀ ਸੰਘਰਸ ਦੀ ਥਾਂ ਆਪਣੇ ਨਾਲ ਭਾਵੁਕ ਸਿੱਖ ਨੌਜਵਾਨੀ ਨੂੰ ਜੋੜਨ ਦੀ ਅੰਦਰੂਨੀ ਖਹਿਸ ਸਿੱਧੀ ਤੇ ਥੋੜੀ ਮਿਹਨਤ ਨਾਲ ਤੇ ਜਾਗਰੂਕਤਾ ਨਾਲ ਫੜੀ ਜਾ ਸਕਦੀ ਹੈ, ਪਰ ਗੈਂਗਸਟਰ ਮੱਛੀ ਸਮੇਂ-ਸਮੇਂ ਪੈਂਡੂਲਮ ਵਾਲ ਲਟਕ ਜਾਂਦੀ ਹੈ ਤੇ ਭਾਰਾ ਪੱਲੜਾ ਦੇਖਣ ਦੀ ਤਾਕ ਵਿਚ ਰਹਿੰਦੀ ਹੈ। ਪਰ ਉਦੇਸ ਦੋਹਾਂ ਦਾ ਇਕੋ ਹੀ ਹੈ। ਆਪਣੇ ਨਾਲ ਭਾਵੁਕ ਲੋਕਾਂ ਨੂੰ ਜੋੜਨਾ।

ਅਖੀਰ ਵਿਚ ਸਾਨੂੰ ਸਿੱਖਾਂ ਨੂੰ ਭਾਵੁਕਤਾ ਦੀਆਂ ਗੱਲਾਂ ਕਰਕੇ ਸਾਡੀਆਂ ਭਾਵਨਾਵਾਂ ਨਾਲ ਖੇਡਣ ਵਾਲੇ ਅਜਿਹੇ ਲੋਕਾਂ ਤੋਂ ਸੁਚੇਤ ਰਹਿਣ ਦੀ ਬਹੁਤ-ਬਹੁਤ ਲੋੜ ਹੈ। ਸਮਝਣ ਦੀ ਲੋੜ ਹੈ ਕਿ ਕਿਸਾਨ ਆਗੂ ਚਾਹੇ ਆਸਤਿਕ ਹਨ ਜਾਂ ਨਾਸਤਿਕ। ਪਰ ਪੂਰੇ ਭਾਰਤ ਦੇ ਕਿਸਾਨਾਂ ਮਜਦੂਰਾਂ ਹੀ ਨਹੀਂ ਬਲਕਿ ਇਹਨਾਂ ਤਿੰਨਾਂ ਬਿੱਲਾਂ ਦੇ ਦੂਰਪ੍ਰਭਾਵੀ ਨਤੀਜੇ ਸਮਝਣ ਵਾਲੇ ਹਨ। ਹਰ ਮਨੁੱਖ ਨੂੰ ਸੰਘਰਸ ਨਾਲ ਜੋੜਕੇ ਜੇਕਰ ਜਿੱਤ ਪ੍ਰਾਪਤ ਕਰਦੇ ਹਨ ਤਾਂ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਦੀ ਹੋਂਦ ਦੀ ਵੀ ਜਿੱਤ ਹੈ। ਜੇਕਰ ਅਸੀਂ ਗੁਰਬਾਣੀ ਦੀ ਸਰਬ-ਸਾਂਝੀਵਾਲਤਾ ਦੇ ਅਰਥ ਸਮਝਦੇ ਹਾਂ ਤਾਂ ਸਾਨੂੰ ਸਿੱਖੀ ਭੇਸ ਵਿਚ ਅਜਿਹੇ ਲੋਕਾਂ ਦੀਆਂ ਗੱਲਾਂ ਤੋਂ ਦੂਰ ਰਹਿਣ ਦੀ ਲੋੜ ਹੈ ਜੋ ਆਖਦੇ ਹਨ ਇਹ ਸੰਘਰਸ ਸਾਡਾ ਸਿੱਖਾਂ ਦਾ ਜਿਆਦਾ ਹੈ, ਕਿਉਂਕਿ ਹਰ ਪਾਸੇ ਦਸਤਾਰਾਂ ਵਾਲੇ ਜ਼ਿਆਦਾ ਹਨ, ਜਿਆਦਾ ਦਾਨ ਅਸੀਂ ਕਰ ਰਹੇ, ਅਸੀਂ ਮੂਹਰੇ ਹਾਂ, ਅਸੀਂ ਪਹਿਲ ਕੀਤੀ ਹੈ ਵਗੈਰਾ ਵਗੈਰਾ। ਕਿਉਂਕਿ ਸਿੱਖੀ ਸਿਧਾਂਤਾਂ ਵਿਚ ਇੱਕ ਲੱਖ ਰੁਪਏ ਦਾਨ ਕਰਨ ਵਾਲਾ ਵੀ ਦਾਨੀ ਹੈ ਤੇ ਇਕ ਪੈਸਾ ਪਾਉਣ ਵਾਲਾ ਵੀ ਦਾਨੀ ਹੈ। ਵੱਡੇ-ਨਿੱਕੇ, ਉਚ-ਨੀਚ, ਵੱਧ-ਘੱਟ ਦਾ ਮਸਲਾ ਹੀ ਨਹੀਂ। ਜੇਕਰ ਅਸੀਂ ਸੱਚੀ ਸਿੱਖੀ ਦੀ ਸਮਝ ਰੱਖਦੇ ਹਾਂ ਤਾਂ ਇਹ ਗੱਲਾਂ ਖੁਦ ਨਾ ਕਰਕੇ ਦੂਸਰਿਆਂ ਨੂੰ ਕਰਨ ਦਾ ਮੌਕਾ ਦੇਈਏ ਤੇ ਉਹ ਕਰ ਵੀ ਰਹੇ। ਹਰਿਆਣੀਏ, ਰਾਜਸਥਾਨੀ ਤੇ ਹੋਰ ਸਟੇਟਾਂ ਦੇ ਲੋਕ ਬਾਰ ਸਿੱਖਾਂ ਨੂੰ ਵੱਡਾ ਭਾਈ, ਪੰਜਾਬ ਸਾਡਾ ਵੱਡਾ ਭਾਈ ਆਦਿ ਨਾਲ ਨਿਵਾਜ ਰਹੇ ਹਨ। ਸਾਡਾ ਸੱਚੇ ਦਿਲੋਂ ਕੀਤਾ ਵੱਧ ਕੰਮ, ਵੱਧ ਕੁਰਬਾਨੀਆਂ, ਵੱਧ ਜਜਬਾ, ਵੱਧ ਦਾਨ ਇਹਨਾਂ ਸਭ ਦੀ ਥਾਂ ਤੇ ਇਕ ਸਬਦ ਵੱਧ ਯੋਗਦਾਨ ਨਾ ਤਾਂ ਅਜਾਈ ਗਿਆ ਹੈ ਤੇ ਨਾ ਜਾਵੇਗਾ।

ਦੂਸਰੇ ਪਾਸੇ ਕੁਝ ਹਿੰਦੂ ਤੇ ਸਿੱਖ ਵੀਰ ਮੀਡੀਆ ਵਿਚ ਜਾਂ ਸੋਸਲ ਮੀਡੀਆ ਤੇ ਖਾਲਿਸਤਾਨ ਜਾਂ ਆਰ. ਐਸ. ਐਸ. ਦੇ ਪ੍ਰਭਾਵ ਹੇਠ ਇਕ ਦੂਸਰੇ ਨੂੰ ਵੱਧ ਘੱਟ ਬੋਲ ਜਾਂਦੇ ਹਨ। ਉਹਨਾਂ ਨੂੰ ਬੇਨਤੀ ਹੈ ਕਿ ਜੁਬਾਨ ਤੇ ਕਾਬੂ ਰੱਖਣ। ਕਿਉਂਕਿ ਕਿਸੇ ਪ੍ਰਤੀ ਬੋਲੇ ਗਲਤ ਸਬਦ ਵਾਪਸ ਮੂੰਹ ਵਿਚ ਨਹੀਂ ਪੈਂਦੇ। ਆਵੋ ਆਪਾ ਆਪਣੇ ਵਿਸਵਾਸ, ਆਪਣੇ ਧਰਮ, ਆਪਣੇ ਲਿਬਾਸ,ਆਪਣੀ ਵਿਭਿੰਨਤਾ ਵਿਚ ਰਹਿਕੇ ਵੀ ਇਕ ਰਹੀਏ ਤੇ ਇਹਨਾਂ ਤਿੰਨਾਂ ਬਿੱਲਾਂ ਨੂੰ ਵਾਪਸ ਲੈਣ ਲਈ ਸਰਕਾਰ ਤੇ ਦਬਾ ਬਣਾਈ ਰੱਖੀਏ।

ਬਿੱਲਾਂ ਦੇ ਲਾਗੂ ਰਹਿਣ ਨਾਲ ਜੋ ਮੰਹਿਗਾਈ ਦੇ ਪ੍ਰਭਾਵ ਪੈਣੇ ਹਨ। ਵੱਡੇ ਸਟੋਰਾਂ ਨੇ ਨਿੱਕੇ ਵਪਾਰ ਖਾਣੇ ਹਨ। ਉਹਨਾਂ ਨੇ ਇਹ ਨਹੀਂ ਦੇਖਣਾ ਕਿ ਇਹ ਵਪਾਰ ਕਿਸ ਧਰਮ ਦੇ ਬੰਦੇ ਦਾ ਹੈ। ਜੇਕਰ ਦੁਕਾਨਦਾਰ ਅੱਜ ਇਹ ਸੋਚਦੇ ਹਨ ਕਿ ਬਿੱਲਾਂ ਦਾ ਪ੍ਰਭਾਵ ਸਿਰਫ ਕਿਸਾਨਾਂ ਤੇ ਹੈ ਤਾਂ ਉਹਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾ ਪ੍ਰਭਾਵ ਫੂਡ ਪਰੋਸੈਸਿਗ ਅਧੀਨ ਨਿੱਕੀ ਦੁਕਾਨਦਾਰੀ ਤੇ ਪੈਣਾ ਹੈ। ਕਾਰਪੋਰੇਟਸੈਕਟਰ ਦਾ ਵਾਲਮਾਰਟ ਵਰਗਾ ਇਕ ਵੱਡਾ ਸਟੋਰ ਖੁੱਲਣ ਦੇ ਇਕ ਹਫਤੇ ਵਿਚ ਹੀ ਇਕ ਹਜਾਰ ਪਰਚੂਨ ਦੀ ਦੁਕਾਨ ਖਾ ਜਾਂਦਾ ਹੈ। ਉਹਨਾਂ ਦੁਕਾਨਦਾਰਾਂ ਵਿਚ ਪੰਜ ਪ੍ਰਤੀਸਤ ਨੂੰ ਹੀ ਉਸ ਵਿਚ ਨੌਕਰੀ ਮਿਲਦੀ ਹੈ ਤੇ ਉਹ ਆਪਣੇ ਵਪਾਰ ਦੀ ਥਾਂ ਨੌਕਰ ਬਣ ਜਾਂਦੇ ਹਨ ਤੇ ਬਾਕੀ ਬੇਰੁਜਗਾਰ।

ਆਵੋ ਸਮਝੀਏ ਕਿ ਦੁਨੀਆਂ ਵਿਚ ਅਸਲ ਵਿਚ ਦੋ ਤਰ੍ਹਾਂ ਦੇ ਹੀ ਲੋਕ ਹਨ ਇਕ ਲੁੱਟਣ ਵਾਲੇ ਤੇ ਦੂਸਰੇ ਲੁੱਟੇ ਜਾਣ ਵਾਲੇ। ਪ੍ਰੋਫੈਸਰ ਮੋਹਨ ਸਿੰਘ ਜੀ ਨੇ ਬਹੁਤ ਸਮਾਂ ਪਹਿਲਾਂ ਲਿਖਿਆ ਸੀ ਕਿ 'ਦੋ ਧੜਿਆ ਵਿਚ ਖਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ'। ਦੀਪ ਸਿੱਧੂ ਤੇ ਇਸ ਵਰਗੇ ਹੋਰ ਬਹੁਤ ਹਿੰਦੂ, ਸਿੱਖ ਮੁਸਲਮਾਨ ਵੰਡੀਆ ਰਾਹੀਂ ਅਸਲ ਵਿਚ ਆਪਣੇ ਲਈ ਪਲੇਟਫਾਰਮ ਲੱਭ ਰਹੇ ਹਨ। ਅਗਲੀਆਂ ਚੋਣਾਂ ਤੱਕ ਅਜਿਹੀਆਂ ਬਹੁਤ ਸਾਰੀਆਂ ਬਿੱਲੀਆਂ ਥੈਲੇ ਚੋ ਬਾਹਰ ਆਉਣਗੀਆਂ। ਭਾਰਤ ਦੇਸ ਭਾਰਤ ਵਾਸੀਆ ਦਾ ਸਾਝਾਂ ਹੈ। ਇਸਨੂੰ ਵੰਡਣ ਵਾਲੇ, ਤੋੜਨ ਵਾਲੇ, ਲੁੱਟਣ ਵਾਲੇ ਮੁਗਲਾਂ ਤੋਂ ਲੈ ਕੇ ਕਈ ਆਏ ਤੇ ਕਈ ਗਏ। ਅਜੋਕੇ ਲੋਕਤੰਤਰੀ ਢਾਂਚੇ ਵਿਚ ਸਰਕਾਰਾਂ ਤਾਂ ਹਮੇਸਾਂ ਅਸਥਾਈ ਹੁੰਦੀਆਂ ਹਨ। ਨਾ ਭਾਰਤ ਮੋਦੀ ਦਾ ਹੈ ਨਾ ਅਮਿਤਸਾਹ ਦਾ। ਆਵੋ ਇਕੱਠੇ ਹੋਕੇ ਇਹਨੂੰ ਇਹਨਾਂ ਦੀਆਂ ਲੋਕਮਾਰੂ ਤੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਭੁਗਤਦੀਆਂ ਨੀਤੀ ਤੋਂ ਬਚਾਈਏ। ਭਾਰਤ ਜਿੰਦਾਬਾਦ, ਜੈ ਕਿਸਾਨ, ਜੈ ਜਵਾਨ, ਜੈ ਕਿਰਤੀ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ





Harmanjot Dhudike
403-975-0006
Sharmanjot22@gmail.com
Dalveer Purba
587-435-5600



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

*ਅਮਰੀਕਾ-ਅਲਬਰਟਾ (ਕੈਨੇਡਾ) ਤੇਲ ਪਾਈਪ ਲਾਈਨ ਦੇ ਸੰਦਰਭ 'ਚ*

# ਆਰਥਿਕਤਾ, ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ ਸੰਕਟ ਵਿੱਚ ਸੰਤੁਲਤ, ਦੂਰ ਦ੍ਰਿਸ਼ਟ ਤੇ ਮਨੁੱਖਤਾਪੱਖੀ ਪਹੁੰਚ ਅਪਨਾਉਣ ਦੀ ਲੋੜ ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com





ਜਿਸ ਤਰ੍ਹਾਂ ਕਿ ਇਹ ਪਹਿਲਾਂ ਹੀ ਤੈਅ ਸੀ ਕਿ ਜੇ ਡੈਮੋਕਰੈਕਿਟ ਪਾਰਟੀ ਦੇ ਅਮਰੀਕਨ ਰਾਸ਼ਟਰਪਤੀ ਲਈ ਉਮੀਦਵਾਰ ਮਿ. ਜੋਅ ਬਾਈਡਨ ਰਾਸ਼ਟਰਪਤੀ ਲਈ ਚੁਣੇ ਜਾਂਦੇ ਹਨ ਤਾਂ ਉਹ ਸਭ ਤੋਂ ਪਹਿਲਾਂ 'ਕੀ ਸਟੋਨ ਐਕਸੈਲ ਪਾਈਪਲਾਈਨ' (Key Stone XL Pipeline) ਪ੍ਰੋਜੈਕਟ ਨੂੰ ਰੱਦ ਕਰਨਗੇ ਤੇ ਉਸੇ ਤਰ੍ਹਾਂ ਹੀ ਹੋਇਆ, ਜਦੋਂ 20 ਜਨਵਰੀ ਨੂੰ ਰਾਸ਼ਟਰਪਤੀ ਦੀ ਸਹੁੰ ਚੁੱਕਣ ਦੇ ਕੁਝ ਘੰਟਿਆਂ ਵਿੱਚ ਹੀ ਨਵੇਂ ਰਾਸ਼ਟਰਪਤੀ ਜੋਅ ਬਾਈਡਨ ਨੇ 'ਕੀ ਸਟੋਨ ਐਕਸੈਲ ਪਾਈਪਲਾਈਨ' ਦੇ ਚੱਲ ਰਹੇ ਪ੍ਰੋਜੈਕਟ ਨੂੰ ਰੱਦ ਕਰਨ ਤੇ ਸਾਈਨ ਕਰ ਦਿੱਤੇ। ਦੂਜੇ ਪਾਸੇ ਅਲਬਰਟਾ ਸਰਕਾਰ ਜੋ ਕਿ ਇਸ ਪ੍ਰੋਜੈਕਟ ਵਿੱਚ ਹਿੱਸੇਦਾਰ ਸੀ, ਵਲੋਂ ਇਸ ਫੈਸਲੇ ਦਾ ਬਹੁਤ ਸਖਤ ਵਿਰੋਧ ਕੀਤਾ ਗਿਆ।ਅਲਬਰਟਾ ਪ੍ਰੀਮੀਅਰ ਜੇਸਨ ਕੈਨੀ ਵਲੋਂ ਇਸ ਫੈਸਲੇ ਤੇ ਤਿੱਖਾ ਪ੍ਰਤੀਕਰਮ ਦਿੰਦਿਆਂ, ਇਸਨੂੰ ਕਨੇਡੀਅਨ ਤੇ ਖਾਸਕਰ ਅਲਬਰਟਾ ਦੇ ਲੋਕਾਂ ਨਾਲ਼ ਧੋਖਾ ਦੱਸਿਆ ਅਤੇ ਕਨੇਡਾ ਦੀ ਟਰੂਡੋ ਫੈਡਰਲ ਲਿਬਰਲ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਨਾ ਸਿਰਫ ਜੋਅ ਬਾਈਡਨ ਕੋਲ਼ ਸਖਤ ਵਿਰੋਧ ਹੀ ਕਰੇ, ਸਗੋਂ ਕਨੇਡਾ ਨੂੰ ਅਮਰੀਕਾ ਤੇ ਆਰਥਿਕ ਪਾਬੰਦੀਆਂ ਵੀ ਲਗਾਉਣੀਆਂ ਚਾਹੀਦੀਆਂ ਹਨ ਤਾਂ ਕਿ ਅਮਰੀਕਨ ਸਰਕਾਰ ਤੇ ਇਸ ਫੈਸਲੇ ਨੂੰ ਵਾਪਿਸ ਕਰਨ ਲਈ ਦਬਾਅ ਬਣਾਇਆ ਜਾ ਸਕੇ। ਯਾਦ ਰਹੇ ਕਿ ਜਿਥੇ ਕਨੇਡਾ ਤੇ ਅਮਰੀਕਾ ਗੁਆਂਢੀ ਦੇਸ਼ ਹਨ, ਉਥੇ ਦੋਨਾਂ ਵਿੱਚ ਬਹੁਤ ਸੁਖਾਵੇਂ ਦੋਸਤਾਨਾਂ ਸਬੰਧ ਵੀ ਹਨ। ਬੇਸ਼ੱਕ ਪਿਛਲੇ ਚਾਰ ਸਾਲਾਂ ਵਿੱਚ ਟਰੰਪ ਸਰਕਾਰ ਵਲੋਂ ਕਨੇਡਾ ਖਿਲਾਫ ਲਏ ਗਏ ਆਰਥਿਕ ਫੈਸਲਿਆਂ ਨਾਲ਼ ਸਬੰਧ ਖਰਾਬ ਵੀ ਹੋਏ ਸਨ, ਜਦੋਂ ਟਰੰਪ ਸਰਕਾਰ ਨੇ ਕਨੇਡਾ ਤੇ ਹੋਰ ਦੇਸ਼ਾਂ ਵਾਂਗ ਕਈ ਨਵੇਂ ਟੈਕਸ ਲਗਾ ਦਿੱਤੇ ਸਨ।ਪਰ ਫਿਰ ਵੀ ਕਨੇਡਾ-ਅਮਰੀਕਾ ਸਬੰਧ ਕਦੇ ਇਤਨੇ ਜ਼ਿਆਦਾ ਖਰਾਬ ਨਹੀਂ ਹੋਏ ਸਨ ਕਿ ਨਵੇਂ ਰਾਸ਼ਟਰਪਤੀ ਵਲੋਂ ਪਾਈਪਲਾਈਨ ਸਬੰਧੀ ਕਨੇਡਾ ਤੇ ਅਲਬਰਟਾ ਸਰਕਾਰ ਨਾਲ਼ ਸਲਾਹ ਮਸ਼ਵਰਾ ਕਰਨ ਤੋਂ ਬਿਨਾਂ ਹੀ ਇਤਨਾ ਵੱਡਾ ਫੈਸਲਾ ਲੈ ਲਿਆ ਜਾਂਦਾ ? ਅਲਬਰਟਾ ਪ੍ਰੀਮੀਅਰ ਮਿ. ਕੈਨੀ ਦਾ ਅਕਸ ਇਸ ਫੈਸਲੇ ਨਾਲ਼ ਕਾਫੀ ਖਰਾਬ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਵਿਰੋਧੀ ਪਹਿਲਾਂ ਹੀ ਕੈਨੀ ਸਰਕਾਰ ਦਾ ਇਸ ਗੱਲ ਲਈ ਵਿਰੋਧ ਕਰ ਰਹੇ ਸਨ ਕਿ ਇੱਕ ਪ੍ਰਾਈਵੇਟ ਕੰਪਨੀ ਦੇ ਪ੍ਰੋਜੈਕਟ ਵਿੱਚ ਭਾਗੀਦਾਰ ਬਣਨਾ ਘਾਟੇ ਵਾਲ਼ਾ ਸੌਦਾ ਹੋ ਸਕਦਾ ਹੈ, ਜੇ ਟਰੰਪ 2020 ਦੀਆਂ ਚੋਣਾਂ ਹਾਰ ਜਾਂਦਾ ਹੈ। ਪਰ ਇਸਦੇ ਬਾਵਜੂਦ ਕੈਨੀ ਸਰਕਾਰ ਨੇ ਕਾਰਪੋਰੇਟਾਂ ਨੂੰ ਖੁਸ਼ ਕਰਨ ਜਾਂ ਇਸ ਪ੍ਰੋਜੈਕਟ ਨੂੰ ਅੱਗੇ ਹੋ ਕੇ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ 7.5 ਬਿਲੀਅਨ (750 ਕਰੋੜ) ਟੈਕਸ ਪੇਅਰ ਮਨੀ ਦਾਅ ਤੇ ਲਗਾ ਦਿੱਤੀ ਸੀ। ਜਿਥੇ ਇਸ ਪ੍ਰੋਜੈਕਟ ਦੇ ਰੱਦ ਹੋਣ ਤੋਂ ਬਾਅਦ ਮਿ. ਕੈਨੀ ਅਮਰੀਕਾ ਤੇ ਆਰਥਿਕ ਪਾਬੰਧੀਆਂ ਦੀ ਗੱਲ ਕਰ ਰਹੇ ਹਨ, ਉਥੇ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ਼ ਹੋਏ ਆਰਥਿਕ ਨੁਕਸਾਨ ਲਈ ਅਮਰੀਕਨ ਸਰਕਾਰ ਤੋਂ ਮੁਆਵਜੇ ਜਾਂ ਸਰਕਾਰ ਵਿਰੁੱਧ ਕਨੂੰਨੀ ਕਾਰਵਾਈ ਕਰਨ ਲਈ ਵੀ ਮੰਗ ਕਰ ਰਹੇ ਹਨ। ਪਰ ਯੂ ਸੀ ਪੀ ਦੇ ਵਿਰੋਧੀ ਤੇ ਖਾਸਕਰ ਐਨ ਡੀ ਪੀ, ਕੈਨੀ ਸਰਕਾਰ ਨੂੰ ਇਸ ਗਲਤ ਫੈਸਲੇ ਲਈ ਹਰ ਪੱਖ ਤੋਂ ਘੇਰ ਰਹੀ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਜਿਥੇ ਪਾਈਪਲਾਈਨ ਪੱਖੀ ਧਿਰਾਂ ਇਸ ਪ੍ਰੋਜੈਕਟ ਦੇ ਬੰਦ ਹੋਣ ਨਾਲ਼ 1500 ਦੇ ਕਰੀਬ ਸਿੱਧੀਆਂ ਤੇ 5500 ਦੇ ਕਰੀਬ ਅਸਿੱਧੀਆਂ ਨੌਕਰੀਆਂ ਖਤਰੇ ਵਿੱਚ ਪੈਣ ਦੀ ਗੱਲ ਕਰ ਰਹੀਆਂ ਹਨ, ਉਥੇ ਵਾਤਾਵਰਣ ਪ੍ਰੇਮੀ ਧਿਰਾਂ ਇਸ ਆਰਥਿਕ ਨੁਕਸਾਨ ਨੂੰ ਪਾਈਪਲਾਈਨਾਂ ਜਾਂ ਤੇਲ ਨਾਲ਼ ਹੋਰ ਰਹੇ ਪ੍ਰਦੂਸ਼ਨ ਤੇ ਗਲੋਬਲ ਵਾਰਮਿੰਗ ਪੱਖੋਂ ਬਹੁਤ ਨਿਗੂਣਾ ਆਰਥਿਕ ਘਾਟਾ ਮੰਨਦੀਆਂ ਹਨ।

'ਕੀ ਸਟੋਨ ਪਾਈਪਲਾਈਨ ਸਿਸਟਮ' ਕਨੇਡਾ-ਅਮਰੀਕਾ ਵਿੱਚ ਪਾਈਪਲਾਈਨਾਂ ਰਾਹੀਂ ਤੇਲ ਸਪਲਾਈ ਕਰਨ ਦਾ 2010 ਵਿੱਚ ਹੋਇਆ ਇੱਕ ਸਮਝੌਤਾ ਸੀ, ਜਿਸ ਤਹਿਤ ਇਸ ਪ੍ਰੋਜੈਕਟ ਦੀ 'ਟੀ ਸੀ ਅਨਰਜੀ' (ਜਿਸਦਾ ਪਹਿਲਾ ਨਾਮ 'ਟਰਾਂਸ ਕੈਨੇਡਾ ਕਾਰਪੋਰੇਸ਼ਨ' ਸੀ) ਮਾਲਕ ਸੀ, ਜਿਸਨੇ 9 ਬਿਲੀਅਨ ਅਮਰੀਕਨ ਡਾਲਰ ਦੇ ਪ੍ਰੋਜੈਕਟ ਰਾਹੀਂ ਇਹ ਕੰਮ ਸਿਰੇ ਚਾੜਨਾ ਸੀ।ਪਰ ਪਿਛਲੇ ਸਾਲ ਮਾਰਚ, 2020 ਵਿੱਚ ਅਲਬਰਟਾ ਦੀ ਕੈਨੀ ਸਰਕਾਰ ਨੇ ਇਸ ਪ੍ਰੋਜੈਕਟ ਨੂੰ ਜਲਦੀ ਨਿਪਟਾਉਣ ਲਈ ਇਸ ਵਿੱਚ 1.5 ਬਿਲ਼ੀਅਨ ਡਾਲਰਾਂ ਨਾਲ਼ ਹਿੱਸੇਦਾਰੀ ਕਰ ਲਈ ਸੀ ਤੇ 2021 ਵਿੱਚ ਇਸ ਕੰਪਨੀ ਨੂੰ ਹੋਰ 6 ਬਿਲੀਅਨ ਡਾਲਰ ਗਰੰਟੀ ਲੋਨ ਦਿੱਤਾ ਜਾਣਾ ਸੀ।ਸਰਕਾਰ ਵਲੋਂ ਆਸ ਕੀਤੀ ਗਈ ਸੀ ਕਿ ਇਸ ਮੱਦਦ ਨਾਲ਼ ਇਹ ਪ੍ਰੋਜੈਕਟ 2023 ਤੱਕ ਪੂਰਾ ਹੋ ਜਾਵੇਗਾ। ਜਿਸ ਨਾਲ਼ 8,30,000 ਬੈਰਲ (13 ਕਰੋੜ, 20 ਲੱਖ ਲੀਟਰ) ਦੇ ਕਰੀਬ ਰੋਜ਼ਾਨਾ ਕਰੂਡ (ਕੱਚਾ) ਤੇਲ ਅਲਬਰਟਾ ਤੋਂ ਅਮਰੀਕਾ ਜਾਣਾ ਸੀ, ਜਿਥੋਂ ਸਾਫ ਕਰਕੇ ਅੱਗੇ ਗਲਫ ਕੋਸਟ (ਅਮਰੀਕਾ-ਮੈਕਸੀਕੋ ਦੇ ਸਮੁੰਦਰੀ ਤੱਟ) ਰਾਹੀਂ ਏਸ਼ੀਆ ਭੇਜਿਆ (ਵੇਚਿਆ) ਜਾ ਸਕਦਾ ਸੀ। ਇਹ ਪਾਈਪਲਾਈਨ 1947 ਕਿਲੋਮੀਟਰ ਲੰਬੀ ਹੋਣੀ ਸੀ। ਪਹਿਲੇ ਫੇਜ਼ ਵਿੱਚ ਪਾਈਪਲਾਈਨਾਂ ਵਿਛਾਉਣ ਦਾ ਕੰਮ ਪਿਛਲੀ ਜੁਲਾਈ ਵਿੱਚ ਸ਼ੁਰੂ ਹੋ ਚੁੱਕਾ ਸੀ ਤਾਂ ਕਿ ਅਲਬਰਟਾ ਤੋਂ ਸਸਕੈਚਵਨ ਰਾਹੀਂ ਅਮਰੀਕਾ ਦੇ ਬਾਰਡਰ ਤੱਕ ਪਾਈਪਲਾਈਨ ਵਿਛਾ ਦਿੱਤੀ ਜਾਵੇ। ਅਲਬਰਟਾ ਸਰਕਾਰ ਦੇ ਅਨੁਮਾਨ ਅਨੁਸਾਰ ਦੋ ਸਾਲ ਚੱਲਣ ਵਾਲ਼ੇ ਪ੍ਰੋਜੈਕਟ ਲਈ 2000 ਤੋਂ ਵੱਧ ਵਿਅਕਤੀਆਂ ਨੂੰ ਸਿੱਧੀਆਂ ਜੌਬਾਂ ਮਿਲਣੀਆਂ ਸਨ। ਇਸ ਪ੍ਰੋਜੈਕਟ ਦੇ ਪੂਰੇ ਹੋਣ ਤੋਂ ਬਾਅਦ ਕਨੇਡਾ ਦੀ ਆਰਥਿਕਤਾ (GDP) ਵਿੱਚ ਹਰ ਸਾਲ 2.4 ਬਿਲੀਅਨ ਦਾ ਵਾਧਾ ਹੋਣਾ ਸੀ ਤੇ ਅਲਬਰਟਾ ਸਰਕਾਰ ਨੂੰ ਹਰ ਸਾਲ 7 ਮਿਲੀਅਨ ਡਾਲਰ ਪ੍ਰੋਪਰਟੀ ਟੈਕਸ ਵਿੱਚੋਂ ਵਾਧੂ ਆਉਣਾ ਸੀ। ਇਸ ਨਾਲ਼ ਤਕਰੀਬਨ ਅਗਲੇ ਕੁਝ ਸਾਲਾਂ ਵਿੱਚ ਅਲਬਰਟਾ ਨੂੰ 30 ਬਿਲੀਅਨ ਡਾਲਰ ਦਾ ਟੈਕਸ ਤੇ ਰੌਇਲਟੀ ਦੇ ਰੂਪ ਵਿੱਚ ਲਾਭ ਮਿਲਣ ਦੀ ਸੰਭਾਵਨਾ ਵੀ ਜਿਤਾਈ ਗਈ ਸੀ। ਅਲਬਰਟਾ ਤੇ ਕਨੇਡਾ ਸਰਕਾਰ ਦਾ ਇਹ ਵੀ ਮੰਨਣਾ ਸੀ ਕਿ ਇਹ ਪਾਈਪਲਾਈਨ ਟਰੇਨਾਂ, ਟਰੱਕਾਂ, ਸਮੁੰਦਰੀ ਟੈਂਕਰਾਂ ਰਾਹੀਂ ਕੱਚਾ ਤੇਲ ਸਪਲਾਈ ਕਰਨ ਨਾਲ਼ੋਂ ਵੱਧ ਫਾਇਦੇਮੰਦ ਤੇ ਵਾਤਾਵਰਣ ਪੱਖੀ ਹਨ। ਇਸ ਨਾਲ਼ ਅਲਬਰਟਾ ਦੇ ਕੱਚੇ ਤੇਲ ਦੀ ਸਪਲਾਈ ਅਮਰੀਕਾ ਦੇ ਨਾਲ਼-ਨਾਲ਼ ਅੰਤਰ ਰਾਸ਼ਟਰੀ ਮੰਡੀ ਵਿੱਚ ਲਿਜਾਣ ਲਈ ਰਾਹ ਵੀ ਖੁੱਲਣਾ ਸੀ, ਜਿਸ ਨਾਲ਼ ਅਲਬਰਟਾ ਤੇ ਕਨੇਡਾ ਦੀ ਆਰਥਿਕਤਾ ਨੂੰ ਨਾ ਸਿਰਫ ਹੁਲਾਰਾ ਮਿਲਣਾ ਸੀ, ਸਗੋਂ ਅਲਬਰਟਾ ਦੀ ਆਪਣੇ ਕੱਚੇ ਤੇਲ ਨੂੰ ਸਿਰਫ ਅਮਰੀਕਾ ਵਿੱਚ ਵੇਚਣ ਤੇ ਨਿਰਭਰਤਾ ਵੀ ਘਟਣੀ ਸੀ, ਜਿਸ ਨਾਲ਼ ਕਨੇਡਾ ਆਪਣਾ ਤੇਲ ਅੰਤਰ ਰਾਸ਼ਟਰੀ ਮੰਡੀ ਵਿੱਚ ਵੱਧ ਭਾਅ ਤੇ ਵੇਚ ਸਕਦਾ ਸੀ। ਇਥੇ ਯਾਦ ਕਰਾਇਆ ਜਾਂਦਾ ਹੈ ਕਿ ਨਾਰਥ ਅਲਬਰਟਾ ਵਿੱਚ ਬੇਸ਼ਕ ਕੱਚੇ ਤੇਲ ਦੇ ਤਾਂ ਬਹੁਤ ਵੱਡੇ-ਵੱਡੇ ਕੁਦਰਤੀ ਭੰਡਾਰ ਹਨ, ਪਰ ਅਲਬਰਟਾ ਦੇ ਨੇੜੇ ਸਮੁੰਦਰ ਨਾ ਹੋਣ ਕਾਰਨ, ਨਾ ਅਲਬਰਟਾ ਇਥੇ ਕੋਈ ਰਿਫਾਈਨਰੀ (ਤੇਲ ਸਾਫ ਕਰਨ ਦੇ ਕਾਰਖਾਨੇ) ਲਗਾ ਸਕਦਾ ਹੈ ਕਿਉਂਕਿ ਤੇਲ ਨੂੰ ਸਾਫ ਕਰਨ ਲਈ ਪਾਣੀ ਦੀ ਬਹੁਤ ਜਰੂਰਤ ਹੁੰਦੀ ਹੈ ਅਤੇ ਨਾ ਹੀ ਸਮੁੰਦਰੀ ਤੱਟ (ਬੰਦਰਗਾਹ) ਦੀ ਅਣਹੋਂਦ ਕਾਰਨ ਆਪਣਾ ਕੱਚਾ ਤੇਲ ਸਿੱਧਾ ਕਿਸੇ ਹੋਰ ਦੇਸ਼ ਵਿੱਚ ਵੇਚ ਸਕਦਾ ਹੈ। ਕਨੇਡਾ ਵਿੱਚ ਅਮਰੀਕਾ ਜਾਂ ਅੰਤਰ ਰਾਸ਼ਟਰੀ ਮਾਰਕੀਟ ਵਿੱਚ ਜਾਣ ਲਈ ਵੈਨਕੂਵਰ ਦਾ ਸਮੁੰਦਰੀ ਤੱਟ ਨੇੜੇ ਹੈ ਜਾਂ ਫਿਰ ਕਿਊਬੈਕ ਦੇ ਸਮੁੰਦਰੀ ਤੱਟ ਰਾਹੀਂ ਤੇਲ ਬਾਹਰ ਭੇਜਿਆ ਜਾ ਸਕਦਾ ਹੈ। ਕਿਊਬੈਕ ਅਲਬਰਟਾ ਤੋਂ ਬਹੁਤ ਦੂਰ ਵੀ ਹੈ ਤੇ ਰਸਤੇ ਵਿੱਚ ਨੇਟਿਵਜ਼ (ਕਨੇਡਾ ਦੇ ਮੂਲ ਨਿਵਾਸੀਆਂ) ਦੀ ਬਹੁਤ ਧਰਤੀ ਆਉਂਦੀ ਹੋਣ ਕਰਕੇ ਉਹ ਪਾਈਪਲਾਈਨਾਂ ਆਪਣੀ ਜਮੀਨ ਵਿੱਚੋਂ ਲੰਘਾਉਣ ਦੇ ਸਖਤੀ ਵਿਰੋਧੀ ਹਨ। ਇਸੇ ਤਰ੍ਹਾਂ ਬੀ. ਸੀ. ਬੇਸ਼ਕ ਅਲਬਰਟਾ ਦੇ ਨੇੜੇ ਹੈ, ਇਹੀ ਸਮੱਸਿਆ ਇਸ ਪਾਸੇ ਵੀ ਹੈ। ਨੇਟਿਵਜ਼ ਤੇ ਵਾਤਾਵਰਣ ਪ੍ਰੇਮੀ ਧਰਤੀ ਹੇਠਲੇ ਤੇਲ ਨੂੰ ਜਿਥੇ ਗਲੋਬਲ ਵਾਰਮਿੰਗ ਤੇ ਵਾਤਰਵਰਣ ਦੇ ਪਰਦੂਸ਼ਣ ਲਈ ਮੁੱਖ ਕਾਰਨ ਮੰਨਦੇ ਹਨ, ਉਥੇ ਪਾਈਪਲਾਈਨਾਂ ਰਾਹੀਂ ਤੇਲ ਭੇਜਣ ਨਾਲ਼ ਪਾਈਪਲਾਈਨਾਂ ਫਟਣ ਤੇ ਲੀਕ ਹੋਣ ਨਾਲ਼ ਧਰਤੀ, ਪਾਣੀ ਤੇ ਵਾਤਾਵਰਣ ਦੇ ਖਰਾਬ ਹੋਣ ਦੇ ਬਹੁਤ ਆਸਾਰ ਹੁੰਦੇ ਹਨ। ਤੇਲ ਲੀਕ ਹੋਣ ਨਾਲ਼ ਨਾ ਸਿਰਫ ਇਸਦੇ ਮਨੁੱਖੀ ਜੀਵਨ ਤੇ ਸਗੋਂ ਜੰਗਲੀ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਦੇ ਜੀਵਨ ਤੇ ਵੀ ਮਾਰੂ ਪ੍ਰਭਾਵ ਪੈਂਦੇ ਹਨ।

ਹੁਣ ਅਮਰੀਕਾ ਸਰਕਾਰ ਵਲੋਂ ਇਸ ਪ੍ਰੋਜੈਕਟ ਨੂੰ ਰੱਦ ਕਰਨ ਤੋਂ ਬਾਅਦ 'ਟੀ ਸੀ ਅਨਰਜੀ ਕੰਪਨੀ' ਨੇ ਆਪਣਾ ਕੰਮ ਇੱਕਦਮ ਬੰਦ ਕਰ ਦਿੱਤਾ ਹੈ, ਜਿਸ ਨਾਲ਼ ਹਜਾਰਾਂ ਲੋਕ ਜੌਬਾਂ ਤੋਂ ਹੱਥ ਧੋ ਬੈਠੇ ਹਨ। ਜਦਕਿ ਅਲਬਰਟਾ ਦੀ ਆਰਥਿਕਤਾ







ਪਹਿਲਾਂ ਹੀ ਪਿਛਲੇ ਕਈ ਸਾਲਾਂ ਤੋਂ ਮੰਦਵਾੜੇ ਦਾ ਸ਼ਿਕਾਰ ਹੈ। ਅਲਬਰਟਾ ਦੇ ਲੋਕਾਂ ਨੇ 2019 ਦੀਆਂ ਚੋਣਾਂ ਵਿੱਚ ਵਿੱਚ ਲੇਬਰ ਪੱਖੀ ਸਮਾਜਵਾਦੀ ਪਾਰਟੀ ਐਨ ਡੀ ਪੀ ਨੂੰ ਹਰਾ ਕੇ ਯੂ ਸੀ ਪੀ ਦੀ ਕਾਰਪੋਰੇਟ ਪੱਖੀ ਕੰਜ਼ਰਵੇਟਿਵ ਸਰਕਾਰ ਇਸ ਆਸ ਨਾਲ਼ ਬਣਾਈ ਸੀ ਕਿ ਇਹ ਅਲਬਰਟਾ ਦੀ ਦਿਨੋਂ ਦਿਨ ਡਿਗ ਰਹੀ ਆਰਥਿਕਤਾ ਨੂੰ ਤਰੱਕੀ ਵੱਲ ਲੈ ਕੇ ਜਾਵੇਗੀ। ਪਰ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ, ਪਹਿਲਾਂ ਆਰਥਿਕ ਮਾਰ ਝੱਲ ਰਹੇ ਅਲਬਰਟਾ ਨੂੰ ਬਾਕੀ ਦੁਨੀਆਂ ਵਾਂਗ ਪਿਛਲੇ ਸਾਲ ਤੋਂ ਕੋਵਿਡ ਦੀ ਵੀ ਮਾਰ ਪੈ ਰਹੀ ਹੈ ਤੇ ਰਹਿੰਦੀ ਖੂੰਹਦੀ ਕਸਰ ਜੋਅ ਬਾਈਡਨ ਦੇ ਫੈਸਲੇ ਨੇ ਕੱਢ ਦਿੱਤੀ ਹੈ।ਕੈਨੀ ਤੇ ਟਰੂਡੋ ਸਰਕਾਰ ਲਈ ਅਮਰੀਕਨ ਸਰਕਾਰ ਦਾ ਇਹ ਫੈਸਲਾ ਚੁਣੌਤੀਆਂ ਭਰਿਆ ਹੋ ਸਕਦਾ ਹੈ।ਬੇਸ਼ਕ ਟਰੰਪ ਸਰਕਾਰ ਤੋਂ ਪਹਿਲਾਂ 8 ਸਾਲ (2009–2016) ਰਹੀ ਉਬਾਮਾ ਸਰਕਾਰ ਵਲੋਂ ਵੀ ਗਲੋਬਲ ਵਾਰਮਿੰਗ ਦੇ ਮੱਦੇਨਜ਼ਰ ਬਹੁਤ ਸਾਰੇ ਅਜਿਹੇ ਫੈਸਲੇ ਕੀਤੇ ਗਏ ਸਨ, ਜੋ ਅਲਬਰਟਾ ਦੀ ਤੇਲ ਤੇ ਨਿਰਭਰ ਆਰਥਿਕਤਾ ਲਈ ਖਤਰੇ ਦੇ ਸੂਚਕ ਸਨ।ਨਵੇਂ ਬਣੇ ਰਾਸ਼ਟਰਪਤੀ ਵਲੋਂ ਆਪਣੇ ਚੋਣ ਵਾਅਦਿਆਂ ਵਿੱਚ ਪਹਿਲਾਂ ਹੀ ਸੰਕੇਤ ਦੇ ਦਿੱਤੇ ਗਏ ਸਨ ਕਿ ਗਲੋਬਲ ਵਾਰਮਿੰਗ ਦੇ ਮੱਦੇਨਜ਼ਰ ਉਹ ਇਹ ਪ੍ਰੌਜੈਕਟ ਬੰਦ ਕਰ ਦੇਣਗੇ, ਉਨ੍ਹਾਂ ਅਨੁਸਾਰ ਇਸਦੇ ਤਿੰਨ ਮੁੱਖ ਕਾਰਨ ਸਨ: 1. ਇਸ ਪ੍ਰੌਜੈਕਟ ਦੇ ਬੰਦ ਹੋਣ ਨਾਲ਼ ਬਹੁਤ ਥੋੜੇ ਲੋਕਾਂ ਦੀਆਂ ਨੌਕਰੀਆਂ ਤੇ ਅਸਰ ਪਵੇਗਾ। 2. ਤੇਲ ਦੀ ਪ੍ਰੋਡਕਸ਼ਨ ਵਧਾਉਣ ਨਾਲ਼ ਤੇਲ ਦੀਆਂ ਕੀਮਤਾਂ ਨਹੀਂ ਘਟਣਗੀਆਂ। 3. ਧਰਤੀ ਹੇਠਲੇ ਤੇਲ ਤੋਂ ਨਿਰਭਰਤਾ ਘਟਾ ਕੇ ਊਰਜਾ (Energy) ਦੇ ਹੋਰ ਸਰੋਤਾਂ ਜਿਵੇਂ ਹਾਈਡਰੋ (Hydro), ਸੋਲਰ (Solar), ਹਵਾ (Wind) ਆਦਿ ਤੋਂ ਪੈਦਾ ਹੋਣ ਵਾਲੀ ਅਨਰਜੀ ਤੇ ਪੈਸਾ ਖਰਚ ਕਰਨਾ ਚਾਹੀਦਾ ਹੈ ਤੇ ਉਸ ਨਾਲ਼ ਸਬੰਧਤ ਇੰਡਸਟਰੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਦੇਖਣ ਸੁਣਨ ਲਈ ਇਹ ਵਧੀਆ ਸੁਝਾਅ ਲਗਦਾ ਹੈ, ਜਦਕਿ ਅਮਰੀਕਾ ਨਾ ਸਿਰਫ ਆਪਣੀ ਤੇਲ ਦੀ ਖਪਤ ਵਧਾ ਰਿਹਾ ਹੈ, ਸਗੋਂ ਤੇਲ ਦਾ ਉਤਪਾਦਨ ਵੀ ਵਧਾ ਰਿਹਾ ਹੈ। ਜਦਕਿ ਦੂਜਿਆਂ ਤੇ ਪਾਬੰਦੀਆਂ ਲਗਾ ਰਿਹਾ ਹੈ? ਅਮਰੀਕਾ ਦੀ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਦੇ ਹੋਰ ਵਾਲ਼ੀ ਨੀਤੀ ਹੈ। ਪਰ ਅਲਬਰਟਾ ਵਿੱਚ 1970 ਤੋਂ ਰਾਜ ਕਰਦੀ ਆ ਰਹੀ ਕੰਜ਼ਰਵੇਟਿਵ ਸਰਕਾਰ ਦੇ ਸਿਰ ਤੇ ਜੂੰ ਨਹੀਂ ਸਰਕ ਰਹੀ ਸੀ ਕਿਉਂਕਿ ਉਸ ਸਮੇਂ ਤੇਲ ਵਿੱਚੋਂ ਸਰਕਾਰ ਨੂੰ ਚੰਗਾ ਪੈਸਾ ਮਿਲ ਰਿਹਾ ਸੀ ਅਤੇ ਉਹ ਅਲਬਰਟਾ ਦੀ ਅਰਥਿਕਤਾ ਨੂੰ ਤੇਲ ਦੀ ਨਿਰਭਰਤਾ ਤੋਂ ਘਟਾ ਕੇ ਹੋਰ ਇੰਡਰਸਟਰੀ ਡਿਵੈਲਪ ਕਰ ਸਕਦੀ ਸੀ, ਪਰ ਕਿਉਂਕਿ ਅਲਬਰਟਾ ਦੇ ਲੋਕ ਅੱਖਾਂ ਮੀਟ ਕੇ ਕੰਜ਼ਰਵੇਟਿਵਾਂ ਦਾ ਸਮਰਥਨ ਕਰਦੇ ਸਨ ਤੇ ਅਲਬਰਟਾ ਵਿੱਚ ਕੋਈ ਆਪੋਜ਼ੀਸ਼ਨ ਨਹੀਂ ਸੀ। ਅਲਬਰਟਾ ਲਿਬਰਲਜ਼ ਤੇ ਐਨ ਡੀ ਪੀ ਨੂੰ ਗਿਣਤੀ ਦੀਆਂ 5–7 ਸੀਟਾਂ ਮਿਲਦੀਆਂ ਸਨ। ਜਿਸ ਨਾਲ਼ ਅਲਬਰਟਾ ਦੇ ਕੰਜ਼ਰਵੇਟਿਵ ਵਿਹਲੜ ਤੇ ਆਲਸੀ ਹੋ ਚੁੱਕੇ ਸਨ, ਤੇਲ ਤੋਂ ਬਣਦੇ ਪੈਸੇ ਨੂੰ ਦੋਨੋਂ ਹੱਥੀਂ ਲੁੱਟ ਤੇ ਲੁਟਾ ਰਹੇ ਸਨ। ਅਖੀਰ ਗੁੱਸੇ ਵਿੱਚ ਅਲਬਰਟਾ ਵਾਸੀਆਂ ਨੇ 2015 ਵਿੱਚ ਐਨ ਡੀ ਪੀ ਦੀ ਸਰਕਾਰ ਬਣਾਈ, ਪਰ ਜਦ ਤੱਕ ਉਸਦੇ ਪੈਰ ਲਗਦੇ, 2019 ਵਿੱਚ ਉਨ੍ਹਾਂ ਨੂੰ ਇਸ ਆਸ ਨਾਲ਼ ਹਰਾ ਦਿੱਤਾ ਕਿ ਸ਼ਾਇਦ ਮਿ. ਕੈਨੀ ਕੋਈ ਜਾਦੂ ਦੀ ਛੜੀ ਲੈ ਕੇ ਆਉਣਗੇ ਤੇ ਸਭ ਪਾਸੇ ਲਹਿਰਾਂ ਬਹਿਰਾਂ ਕਰ ਦੇਣਗੇ? ਪਰ ਪਿਛਲੇ 22 ਮਹੀਨਿਆਂ ਵਿੱਚ ਕੈਨੀ ਸਰਕਾਰ ਨੇ ਸਿਵਾਏ ਪਬਲਿਕ ਸੈਕਟਰ ਵਿੱਚ ਹਰ ਪਾਸੇ ਕੱਟ ਲਗਾਉਣ ਦੇ ਕੋਈ ਖਾਸ ਕਾਰਗੁਜਾਰੀ ਨਹੀਂ ਦਿਖਾਈ, ਜਿਸ ਨਾਲ਼ ਅਲਬਰਟਾ ਦੀ ਆਰਥਿਕਤਾ ਨੂੰ ਕੋਈ ਹੁਲਾਰਾ ਮਿਲਦਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ ਸਾਰੀ ਦੁਨੀਆਂ ਲਈ ਇੱਕ ਵੱਡੀ ਚੁਣੌਤੀ ਬਣ ਚੁੱਕਾ ਹੈ। ਪਿਛਲੇ 200–250 ਸਾਲਾਂ ਵਿੱਚ ਦੁਨੀਆਂ ਭਰ ਵਿੱਚ ਆਈ ਉਦਯੋਗਕ ਕ੍ਰਾਂਤੀ (Industrial Revolution) ਨੇ ਮਨੁੱਖ ਲਈ ਜਿਥੇ ਤਰੱਕੀ ਦੇ ਅਨੇਕਾਂ ਰਾਹ ਖੋਲੇ ਹਨ, ਉਥੇ ਇਸ ਸਮੇਂ ਦੌਰਾਨ ਸਰਮਾਏਦਾਰੀ ਤਾਕਤਾਂ ਵੀ ਬਹੁਤ ਮਜਬੂਤ ਹੋਈਆਂ ਹਨ।ਅੱਜ ਦੌਲਤ ਹੀ ਨਹੀਂ, ਰਾਜਸੀ ਤਾਕਤ ਵੀ ਇਨ੍ਹਾਂ ਸਰਮਾਏਦਾਰਾਂ (ਕਾਰਪੋਰੇਟਾਂ) ਦੇ ਹੱਥਾਂ ਵਿੱਚ ਜਾ ਚੁੱਕੀ ਹੈ। ਪੈਸੇ ਦੀ ਹਵਸ ਵਿੱਚ ਵੱਡੇ ਕਾਰਪੋਰੇਟਾਂ ਨੇ ਦੁਨੀਆਂ ਨੂੰ ਮਨੁੱਖੀ ਤਬਾਹੀ ਦੇ ਉਸ ਮੋੜ ਤੇ ਲਿਆ ਖੜਾ ਕੀਤਾ ਹੈ, ਜਿਥੇ ਮਨੁੱਖਤਾ ਦੀ ਬਰਬਾਦੀ ਸਾਹਮਣੇ ਦੇਖ ਕੇ ਵੀ, ਉਹ ਵਾਪਿਸ ਮੁੜਨ ਨੂੰ ਤਿਆਰ ਨਹੀਂ। ਜਿਥੇ ਇੱਕ ਪਾਸੇ ਵਿਕਸਤ ਪੱਛਮੀ ਸਰਮਾਏਦਾਰ ਦੇਸ਼ ਆਪਣੇ ਦੇਸ਼ਾਂ ਵਿੱਚ ਗਲੋਬਲ ਵਾਰਮਿੰਗ ਘਟਾਉਣ ਤੇ ਵਾਤਾਵਰਣ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਥੋੜੇ ਚਿੰਤਤ ਦਿਸਦੇ ਹਨ, ਉਥੇ ਊਰਜਾ ਦੇ ਉਨ੍ਹਾਂ ਹੀ ਸਰੋਤਾਂ (ਕੋਲਾ, ਕੱਚਾ ਤੇਲ, ਪੈਟਰੌਲ, ਗੈਸਾਂ, ਡੀਜ਼ਲ, ਪ੍ਰੋਪੇਨ ਆਦਿ) ਰਾਹੀਂ ਪੱਛਮੀ ਦੇਸ਼ਾਂ ਵਿੱਚੋਂ ਆਪਣੀਆਂ ਫੈਕਟਰੀਆਂ, ਘੱਟ ਵਿਕਸਤ ਜਾਂ ਅਣ–ਵਿਕਸਤ ਦੇਸ਼ਾਂ ਵਿੱਚ ਲਗਾ ਰਹੇ ਹਨ ਤਾਂ ਕਿ ਉਨ੍ਹਾਂ ਦੇ ਮੁਨਾਫਿਆਂ ਤੇ ਕੋਈ ਅਸਰ ਨਾ ਹੋਵੇ। ਬੇਸ਼ੱਕ ਦੇਖਣ ਨੂੰ ਤਾਂ ਇਵੇਂ ਹੀ ਲਗਦਾ ਹੈ ਕਿ ਉਹ ਉਨ੍ਹਾਂ ਦੇਸ਼ਾਂ ਦੀ ਤਰੱਕੀ ਵਿੱਚ ਯੋਗਦਾਨ ਪਾ ਰਹੇ ਹਨ ਤੇ ਲੋਕਾਂ ਨੂੰ ਨੌਕਰੀਆਂ ਦੇ ਰਹੇ ਹਨ, ਪਰ ਅਸਲੀਅਤ ਵਿੱਚ ਉਹ ਸਸਤੀ ਲੇਬਰ ਨਾਲ਼ ਵੱਧ ਮੁਨਾਫਿਆਂ ਦੇ ਨਾਲ਼–ਨਾਲ਼, ਆਪਣਾ ਪ੍ਰਦੂਸ਼ਣ ਉਨ੍ਹਾਂ ਦੇਸ਼ਾਂ ਵੱਲ ਧੱਕ ਰਹੇ ਹਨ। ਜਿਸ ਨਾਲ਼ ਉਹ ਸੱਚੇ ਵੀ ਰਹਿਣ ਕੇ ਅਸੀਂ ਗਲੋਬਲ ਵਾਰਮਿੰਗ ਨੂੰ ਘਟਾਉਣ ਤੇ ਪ੍ਰਦੂਸ਼ਣ ਰੋਕਣ ਲਈ ਬਹੁਤ ਸੀਰੀਅਸ ਹਨ? ਗਲੋਬਲ ਵਾਰਮਿੰਗ ਤੇ ਵਾਤਾਵਰਣ ਪ੍ਰਦੂਸ਼ਣ, ਜੋ ਕਿ ਇਸ ਧਰਤੀ ਤੇ ਮਨੁੱਖੀ ਹੋਂਦ ਲਈ ਖਤਰਾ ਬਣ ਚੁੱਕਾ ਹੈ, ਉਸ ਲਈ ਸਾਰੀ ਦੁਨੀਆਂ ਨੂੰ ਸੀਰੀਅਸ ਤੇ ਸੰਤੁਲਤ ਪਹੁੰਚ ਅਪਨਾਉਣ ਦੀ ਲੋੜ ਹੈ? ਜੇ ਮਨੁੱਖਤਾ ਤੇ ਇਤਨਾ ਵੱਡਾ ਸੰਕਟ 200–250 ਸਾਲਾਂ ਵਿੱਚ ਆਇਆ ਹੈ ਤਾਂ ਉਹ ਖਤਮ ਵੀ ਕੁਝ ਸਾਲਾਂ ਵਿੱਚ, ਕੁਝ ਦੇਸ਼ਾਂ ਦੀਆਂ ਦਿਖਾਵੇ ਮਾਤਰ ਪਾਲਸੀਆਂ ਨਾਲ਼ ਨਹੀਂ ਹੋਵੇਗਾ? ਇਸ ਵਕਤ ਸਾਰੀਆਂ ਦੁਨੀਆਂ ਦੀ ਆਰਥਿਕਤਾ ਧਰਤੀ ਹੇਠਲੇ ਊਰਜਾ (Energy) ਦੇ ਸਰੋਤਾਂ; ਮਿੱਟੀ ਦਾ ਤੇਲ, ਕੋਲਾ, ਕੱਚਾ ਤੇਲ, ਡੀਜਲ, ਪੈਟਰੋਲ, ਪਰੋਪੇਨ, ਨੈਚਰਲ ਗੈਸਾਂ ਆਦਿ ਤੇ ਖੜ੍ਹੀ ਹੈ। ਇਸ ਤੋਂ ਨਿਰਭਰਤਾ ਕੁਝ ਸਾਲਾਂ ਵਿੱਚ ਗੱਲਾਂ ਨਾਲ਼ ਜਾਂ ਦੂਜਿਆਂ ਤੇ ਜ਼ਿੰਮੇਵਾਰੀ ਸੁੱਟ ਕੇ ਨਹੀਂ ਘਟਾਈ ਜਾ ਸਕਦੀ? ਇਸ ਲਈ ਸਾਰੀ ਦੁਨੀਆਂ ਨੂੰ ਉਰਜਾ ਦੇ ਨਵੇਂ ਸਰੋਤ ਲੱਭਣੇ ਪੈਣਗੇ, ਉਨ੍ਹਾਂ ਦੀ ਵਰਤੋਂ ਸ਼ੁਰੂ ਕਰਨੀ ਪਵੇਗੀ, ਵੱਡੀਆਂ ਕਾਰਪੋਰੇਸ਼ਨਾਂ ਨੂੰ ਉਨ੍ਹਾਂ ਊਰਜਾਂ ਸਰੋਤਾਂ ਤੇ ਕਬਜ਼ੇ ਕਰਨ ਤੋਂ ਪਹਿਲਾਂ ਹੀ ਪਬਲਿਕ ਸੈਕਟਰ ਦੇ ਹੱਥਾਂ ਵਿੱਚ ਰੱਖਿਆ ਜਾਣਾ ਚਾਹੀਦਾ ਹੈ? ਜੇ ਅਲਬਰਟਾ ਸਰਕਾਰ ਨੂੰ ਤੇਲ ਤੋਂ ਨਿਰਭਰਤਾ ਘਟਾ ਕੇ ਹੋਰ ਵਾਤਾਵਰਣ ਤੇ ਮਨੁੱਖਤਾ ਪੱਖੀ ਆਰਥਿਕਤਾ ਦੇ ਰਾਹ ਤੋਰਨਾ ਹੈ ਤਾਂ ਪਾਬੰਦੀਆਂ ਲਗਾ ਕੇ ਨਹੀਂ, ਇੱਕ ਦੂਜੇ ਦੇ ਸਹਿਯੋਗ ਨਾਲ ਹੀ ਸੰਭਵ ਹੈ? ਅਲਬਰਟਾ ਪਿਛਲੇ 50 ਸਾਲਾਂ ਤੋਂ ਕਨੇਡਾ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਉਂਦਾ ਰਿਹਾ ਹੈ, ਹੁਣ ਜਦੋਂ ਅਲਬਰਟਾ ਆਰਥਿਕ ਸੰਕਟ ਵਿੱਚ ਹੈ ਤਾਂ ਕਨੇਡਾ ਦੀ ਟਰੂਡੋ ਸਰਕਾਰ ਨੂੰ ਅਲਬਰਟਾ ਦੀ ਮੱਦਦ ਲਈ ਅੱਗੇ ਆਉਣਾ ਚਾਹੀਦਾ ਹੈ।ਟਰੂਡੋ ਸਰਕਾਰ ਨੂੰ ਲਿਬਰਲ ਪੱਖੀ ਜੋਅ ਬਾਈਡਨ ਨਾਲ਼ ਗੱਲਬਾਤ ਰਾਹੀਂ ਕੋਈ ਹਾਂ ਪੱਖੀ ਹੱਲ ਕੱਢਣ ਲਈ ਸੁਯੋਗ ਲੀਡਰਸ਼ਿਪ ਵਾਲ਼ਾ ਰੋਲ ਨਿਭਾਉਣਾ ਚਾਹੀਦਾ ਹੈ। ਅਲਬਰਟਾ ਦੇ ਲੋਕ ਵੀ ਪਿਛਲੇ 60–70 ਸਾਲਾਂ ਤੋਂ ਤੇਲ ਦੀ ਧੌਂਸ ਵਿੱਚ ਨਾ ਸਿਰਫ ਇੱਕੋ ਸੱਜੇ ਪੱਖੀ ਰਾਜਨੀਤਕ ਧਿਰ ਨਾਲ਼ ਬੱਝੇ ਹੋਏ ਹਨ ਅਤੇ ਲਿਬਰਲ, ਐਨ ਡੀ ਪੀ ਜਾਂ ਕਿਸੇ ਹੋਰ ਵਿਚਾਰਧਾਰਾ ਨੂੰ ਅਲਬਰਟਾ ਵਿੱਚ ਕੋਈ ਥਾਂ ਨਹੀਂ ਦੇ ਰਹੇ ਤਾਂ ਉਨ੍ਹਾਂ ਨੂੰ ਇਹ ਸੱਚ ਸਵੀਕਾਰ ਕਰਨਾ ਚਾਹੀਦਾ ਹੈ ਕਿ ਸ਼ਕਤੀਸ਼ਾਲੀ ਵਿਰੋਧੀ ਧਿਰ ਤੋਂ ਬਿਨਾਂ ਅਲਬਰਟਾ ਅੱਗੇ ਨਹੀਂ ਵਧ ਸਕਦਾ? ਇਸ ਵਕਤ ਫੈਡਰਲ ਲਿਬਰਲ ਜਾਂ ਫੈਡਰਲ ਐਨ ਡੀ ਪੀ ਨੂੰ ਅਲਬਰਟਾ ਵਿੱਚ ਕੋਈ ਦਿਲਚਸਪੀ ਨਹੀਂ, ਕਿਉਂਕਿ ਜੇ ਅਸੀਂ ਉਨ੍ਹਾਂ ਨੂੰ ਰਾਜਨੀਤੀ ਵਿੱਚ ਕੋਈ ਥਾਂ ਨਹੀਂ ਦੇਵਾਂਗੇ ਤਾਂ ਉਹ ਸਾਡੇ ਹੱਕ ਵਿੱਚ ਕਦੇ ਨਹੀਂ ਖੜ੍ਹਨਗੇ? ਦੂਸਰਾ ਅਲਬਰਟਾ ਨੂੰ ਆਪਣੇ ਗੁਆਂਢੀ ਸੂਬਿਆਂ ਨਾਲ਼ ਵੀ ਸਬੰਧ ਸੁਧਾਰਨ ਦੀ ਲੋੜ ਹੈ ਤਾਂ ਕਿ ਅਸੀਂ ਆਪਣੇ ਨੇੜਲੇ ਸੂਬਿਆਂ ਬੀ. ਸੀ., ਸਸਕੈਚਵਨ, ਮੈਨੀਟੋਬਾ ਵਿੱਚ ਵਪਾਰ ਵਧਾ ਸਕੀਏ? ਅਜਿਹੀਆਂ ਦੂਰ ਅੰਦੇਸ਼ੀ ਵਾਲ਼ੀਆਂ ਰਾਜਨੀਤਕ ਤੇ ਆਰਥਿਕ ਨੀਤੀਆਂ ਅਪਨਾਉਣ ਦੀ ਲੋੜ ਹੈ, ਜੋ ਕਿ ਆਰਥਿਕਤਾ, ਗਲੋਬਲ ਵਾਰਮਿੰਗ, ਵਾਤਾਵਰਣ ਪ੍ਰਦੂਸ਼ਣ, ਪਬਲਿਕ ਸੈਕਟਰ ਤੇ ਪ੍ਰਾਈਵੇਟ ਸੈਕਟਰ ਵਿੱਚ ਸੰਤੁਲਨ ਬਣਾ ਸਕਣ ਤਾਂ ਹੀ ਮਨੁੱਖਤਾ ਦਾ ਭਲਾ ਹੋ ਸਕਦਾ ਹੈ?

# ਚੇਤਨਾ ਦੇ ਸਕੂਲ

ਕੰਵਲਜੀਤ ਖੰਨਾ
94170-67344

*ਜ਼ਮੀਨੀ ਘੋਲ ਦੇ ਇਤਿਹਾਸਕ ਨਾਇਕ ਆਦਿਵਾਸੀ ਕਿਸਾਨ ਆਗੂ ਵਿਰਸਾ ਮੁੰਡਾ, ਚਾਚਾ ਅਜੀਤ ਸਿੰਘ, ਦੁੱਲਾ ਭੱਟੀ ਜਿਹਾ ਬਨਣ ਦੀ ਲੋਚਾ ਜਵਾਨੀ ਅੰਦਰ ਤੀਬਰ ਹੁੰਦੀ ਹੈ। ਜਦੋਂ ਸੰਘਰਸ਼ ਮੋਰਚਿਆਂ 'ਚ ਜਮੀਨੀ ਘੋਲ ਦੇ ਸ਼ਹੀਦ ਪ੍ਰਿਥੀ ਸਿੰਘ ਚੱਕਅਲੀਸ਼ੇਰ ਦਾ ਸ਼ਹੀਦੀ ਦਿਨ ਮਨਾਇਆਂ ਜਾਂਦਾ ਹੈ, ਸ਼ਾਨਦਾਰ ਕਿਸਾਨ ਸੰਘਰਸ਼ ਦਾ ਪਸਾਰਾ ਸਾਰੇ ਥਾਈਂ ਹੁੰਦਾ ਹੈ।*

ਵਿਦੇਸ਼ 'ਚ ਬੈਠਾ ਮੇਰਾ ਬੇਟਾ ਕਹਿੰਦਾ, "ਪਾਪਾ ਜਦੋਂ ਦਿੱਲੀ ਕਿਸਾਨ ਮੋਰਚਾ ਪੂਰੇ ਜੋਬਨ ਤੇ ਹੈ ਤਾਂ ਰੇਲ ਪਾਰਕਾਂ 'ਚ ਬੈਠਣ ਦਾ ਕੀ ਫਾਇਦਾ ਮੇਰਾ ਜਵਾਬ ਸੀ, ਪੁੱਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਿਕ ਸਾਰੇ ਪੰਜਾਬ 'ਚ ਟੋਲ ਪਲਾਜਿਆਂ, ਰੇਲ ਪਾਰਕਾਂ, ਮਾਲ ਸਟੋਰਾਂ ਤੇ ਚੱਲ ਰਹੇ ਇਹ ਧਰਨੇ ਤਾਂ ਇਲਾਕੇ ਭਰ ਦੇ ਕਿਸਾਨਾਂ ਦੇ ਸੰਘਰਸ਼ ਦੇ ਹੈਡਕੁਆਟਰ ਹਨ। ਇਨ੍ਹਾਂ ਹੈਡਕੁਆਟਰਾਂ ਚੋਂ ਦਿੱਲੀ ਨੂੰ ਕੁਮਕ, ਰਾਸ਼ਨ, ਲੋੜੀਦਾਂ ਸਮਾਨ ਜਾ ਰਿਹਾ ਹੈ। ਦਿੱਲੀ ਤੋਂ ਮਿਲਦੀਆਂ ਸੂਚਨਾਵਾਂ ਇੱਥੇ ਇਕੱਤਰ ਧਰਨਾਕਾਰੀਆਂ ਨੂੰ ਨਸ਼ਰ ਕੀਤੀਆਂ ਜਾਂਦੀਆਂ ਹਨ ਤੇ ਜੋ ਫਿਰ ਅੱਗੇ ਦੀ ਅੱਗੇ ਪਿੰਡਾਂ ਦੀਆਂ ਸੱਥਾਂ ਤੱਕ ਪਹੁੰਚਦੀਆਂ ਹਨ, ਗੁਰਦੁਆਰਿਆਂ 'ਚ, ਇਕੱਠਾਂ ਤੇ, ਭੋਗਾਂ ਤੇ ਇੱਕ ਦੂਜੇ ਨਾਲ ਸਾਂਝੀਆਂ ਹੁੰਦੀਆਂ ਹਨ। ਇਨ੍ਹਾਂ ਸੰਘਰਸ਼ ਮੋਰਚਿਆਂ ਨੇ ਸਥਾਨਕ ਪੱਧਰ ਤੇ ਕਿਸਾਨਾਂ, ਮਜਦੂਰ, ਮੁਲਾਜਮਾਂ, ਕਾਰੋਬਾਰੀਆਂ ਨੂੰ ਨਾਲ ਜੋੜਿਆ ਹੈ। ਇਨ੍ਹਾਂ ਸੰਘਰਸ਼ ਮੋਰਚਿਆਂ ਦੀ ਵੱਡੀ ਖਾਸੀਅਤ ਇਹ ਹੈ ਕਿ ਇਹ ਚਾਨਣ ਵੰਡਣ ਦੇ, ਸੱਚ ਦੇ ਪਸਾਰੇ ਦੇ, ਕੂੜ ਦੇ ਹਨੇਰੇ ਖਿਲਾਫ ਸਥਾਪਤ ਹੋਏ ਗੁਬੰਦ ਹਨ। ਕਿਸਾਨ ਮਜਦੂਰ ਸਵੇਰੇ ਨਹਾ ਧੋਅ ਕੇ ਗੁਰਦੁਆਰੇ ਮੱਥਾ ਟੇਕਣ ਉਪਰੰਤ ਹਾਜ਼ਰੀ ਛੱਕ ਇਨ੍ਹਾਂ ਮੋਰਚਿਆਂ 'ਚ ਆ ਕੇ ਸਿਰ ਤੇ ਸੋਚ ਬੁਲੰਦ ਕਰਨ ਦਾ ਸਫਲ ਉਦੱਮ ਰਚਦੇ ਹਨ। ਇਹ ਸੰਘਰਸ਼ ਮੋਰਚੇ ਚੇਤਨਾ ਦੇ ਸਕੂਲ ਹਨ। ਇਨਾਂ ਮੋਰਚਿਆਂ 'ਚ ਹਰ ਵਰਗ ਦੇ ਗਿਆਨੀ, ਆਗੂ ਆ ਕੇ ਜਦੋਂ ਵੱਖ–ਵੱਖ ਮੁੱਦਿਆਂ ਤੇ ਪ੍ਰਵਚਨ ਕਰਦੇ ਹਨ ਤਾ ਮੋਰਚੇ ਇਨਕਲਾਬ ਜਿੰਦਾਬਾਦ, ਬੋਲੇ ਸੌਂ ਨਿਹਾਲ ਦੇ ਸੁਮੇਲ ਨ੍ਹਾਰਿਆਂ ਨਾਲ ਗੁੰਜ ਉੱਠਦੇ ਹਨ। ਇਨ੍ਹਾਂ ਚੇਤਨਾ ਸਕੂਲਾਂ 'ਚ ਕਿਸਾਨਾਂ ਦੇ ਸੂਬਾਈ ਆਗੂ, ਸੇਵਾ ਮੁਕਤ ਅਧਿਆਪਕ, ਮਜਦੂਰ ਮੁਲਾਜਮ ਆਗੂ ਸੰਸਾਰ ਵਪਾਰ ਸੰਸਥਾ ਦੀ ਪੈਦਾਇਸ਼, ਸਾਮਰਾਜੀ ਹਵਸ, ਨਿੱਜੀਕਰਨ, ਉਦਾਰੀਕਰਨ, ਖੁਲ੍ਹੀ ਮੰਡੀ, ਵਿਦੇਸ਼ੀ ਨਿਵੇਸ਼, ਘਰੇਲੂ ਸਨਅਤ ਦਾ ਉਜਾੜਾ, ਨਵੀਆਂ ਨੀਤੀਆਂ ਦੇ ਸਿੱਟੇ ਵਜੋਂ ਵੱਧ ਰਹੀ ਬੇਰੁਜਗਾਰੀ ਬਾਰੇ ਵਿਸਥਾਰ 'ਚ ਚਰਚਾ ਕਰਦੇ ਹਨ। ਜਦੋਂ ਪੰਜਾਬੀ ਟ੍ਰਿਬਿਊਨ 'ਚ ਛਪੇ ਸੰਪਾਦਕੀ, ਗੁਰਬਚਨ ਭੁੱਲਰ ਤੇ ਹੋਰਨਾਂ ਚਿੰਤਕਾਂ ਦੇ ਲੇਖ, ਕਿਸਾਨ ਲਹਿਰ ਦੇ ਇਤਿਹਾਸ ਬਾਰੇ ਲੇਖ, ਸੁਰਜੀਤ ਪਾਤਰ, ਪਾਬਲੋ ਨਾਰੂਦਾ, ਪਾਸ਼, ਸੰਤ ਰਾਮ ਉਦਾਸੀ ਨੂੰ ਸੁਣਿਆ ਜਾਂਦਾ ਹੈ ਤਾਂ ਸੁੱਤੀ ਪਈ ਚੇਤਨਾ ਗਿਆਨ ਦੇ ਡੂੰਘੇ ਸੰਮੁਦਰਾਂ 'ਚ ਤਾਰੀਆਂ ਲਾਉਂਦੀ ਹੈ। ਜਦੋਂ ਬਾਬੇ ਨਾਨਕ ਦਾ ਗੁਰਪੁਰਬ ਮਨਾਉਂਦਿਆਂ, ਅਰਦਾਸ ਕਰਨ ਉਪਰੰਤ ਬਾਬੇ ਨਾਨਕ ਦੇ ਫਲਸਫੇ ਤੇ ਲੰਮੀ ਵਾਰਤਾ ਕੀਤੀ ਜਾਂਦੀ ਹੈ, ਜਦੋਂ ਨਾਨਕ ਦੀ ਤਰਕਸ਼ੀਲਤਾ ਨੂੰ ਮਿਸਾਲ ਨਾਲ ਸਮਝਾਇਆ। ਜਦੋਂ ਗੁਰਬਾਣੀ ਦੀ ਮੌਜੂਦਾ ਸਮੇਂ 'ਚ ਸਾਰਥਿਕਤਾ ਦੱਸੀ ਜਾਂਦੀ ਹੈ। ਜਦੋਂ ਸਭੈ ਸਾਂਝੀਵਾਲ ਸਦਾਇਣ ਰਾਜੇ ਸ਼ੀਹ ਮੁੱਕਦਮ ਕੁੱਤੇ' ਹਰ ਮੋਰਚੇ ਤੇ ਸਾਕਾਰ ਹੋਣ ਦੀਆਂ ਖਬਰਾਂ ਮੰਚ ਤੋਂ ਸੁਣਾਈਆਂ ਜਾਂਦੀਆਂ ਹਨ ਤਾਂ ਜਾਪਦਾ ਹੈ ਕਿ ਹਰ ਸੰਘਰਸ਼ ਮੋਰਚੇ 'ਚ ਬਾਬਾ ਨਾਨਕ ਉਨ੍ਹਾਂ ਦੇ ਅੰਗ ਸੰਗ ਹੈ। ਬਾਬਰ ਨਾਲ ਟੱਕਰ ਲੈਣ ਵਾਲਾ ਅੱਜ ਦੇ ਬਾਬਰਾਂ ਨਾਲ ਟੱਕਰ ਲੈਣ ਦਾ ਹੌਂਸਲਾ ਆਪਣੇ ਨਾਮ ਲੇਵਿਆਂ ਨੂੰ ਦਿੰਦਾ ਸਪੱਸ਼ਟ ਨਜਰੀ ਪੈਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਨ ਤੇ ਸ਼ਹੀਦੀ ਦਿਹਾੜਾ ਇਨ੍ਹਾਂ ਸੰਘਰਸ਼ ਮੋਰਚਿਆਂ 'ਚ ਜਦੋਂ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਂਦਿਆਂ ਉਹ ਸ਼ਾਨਾਮੱਤਾ ਇਤਿਹਾਸ ਦੱਸਿਆ ਜਾਂਦਾ ਹੈ, ਜਦੋਂ ਬਾਬਾ ਬੰਦਾ ਬਹਾਦਰ ਦੀ ਜਗੀਰਦਾਰਾਂ, ਰਜਵਾੜਿਆਂ ਤੋਂ ਜਮੀਨਾਂ ਛੁਡਾਉਣ ਦੀ ਗਾਥਾ ਮੰਚ ਤੋਂ ਸੁਣਾਈ ਜਾਂਦੀ ਹੈ, ਬਾਬੇ ਦੀਆਂ ਵਾਰਾਂ ਢਾਡੀ, ਗਾਇਕ, ਕਵੀਸ਼ਰ ਛੇੜਦੇ ਹਨ ਤਾਂ ਨਵੀ ਪੀੜੀ ਨੂੰ ਅਪਾਣੇ ਅਮੀਰ ਵਿਰਸੇ ਤੇ ਮਾਣ ਹੀ ਨਹੀਂ ਹੁੰਦਾ, ਉਹੋਂ ਜਿਹੇ ਬਹਾਦਰ ਬਨਣ ਦੀ ਤਾਂਘ ਵੀ ਪ੍ਰਬਲ ਹੁੰਦੀ ਹੈ। ਜ਼ਮੀਨੀ ਘੋਲ ਦੇ ਇਤਿਹਾਸਕ ਨਾਇਕ ਆਦਿਵਾਸੀ ਕਿਸਾਨ ਆਗੂ ਵਿਰਸਾ ਮੁੰਡਾ, ਚਾਚਾ ਅਜੀਤ ਸਿੰਘ, ਦੁੱਲਾ ਭੱਟੀ ਜਿਹਾ ਬਨਣ ਦੀ ਲੋਚਾ ਜਵਾਨੀ ਅੰਦਰ ਤੀਬਰ ਹੁੰਦੀ ਹੈ। ਜਦੋਂ ਸੰਘਰਸ਼ ਮੋਰਚਿਆਂ 'ਚ ਜਮੀਨੀ ਘੋਲ ਦੇ ਸ਼ਹੀਦ ਪ੍ਰਿਥੀ ਸਿੰਘ ਚੱਕਅਲੀਸ਼ੇਰ ਦਾ ਸ਼ਹੀਦੀ ਦਿਨ ਮਨਾਇਆਂ ਜਾਂਦਾ ਹੈ, ਸ਼ਾਨਦਾਰ ਕਿਸਾਨ ਸੰਘਰਸ਼ ਦਾ ਪਸਾਰਾ ਸਾਰੇ ਥਾਈਂ ਹੁੰਦਾ ਹੈ। ਤਾਂ ਉਦੋਂ ਸਾਧੂ ਸਿੰਘ ਤਖਤੂਪੁਰਾ ਦੀ ਸ਼ਹਾਦਤ ਦੀ ਕਹਾਣੀ ਵੀ ਛੋਹੀ ਜਾਂਦੀ ਹੈ। 16 ਨਵੰਬਰ ਨੂੰ ਯਾਦ ਕੀਤਾ ਜਾਂਦਾ ਹੈ, ਸਾਡਾ ਬਾਲ ਜਰਨੈਲ ਕਰਤਾਰ ਸਿੰਘ ਸਰਾਭਾ ਤਾਂ ਬਾਬਾ ਸੋਹਣ ਸਿੰਘ ਭਕਨਾ, ਜਵਾਲਾ ਸਿੰਘ ਠੱਠੀਆਂ, ਰਹਿਮਤ ਅਲੀ ਵਜੀਦਕੇ ਦਾ ਬਲੀਦਾਨ ਸਾਨੂੰ ਜਾਗਣ, ਉੱਠਣ, ਟੱਕਰਨ ਦੇ ਹੋਕਰੇ ਮਾਰਦਾ ਹੈ। ਜਦੋਂ ਬੁਲਾਰੇ ਗਦਰ ਲਹਿਰ ਦੇ ਇਤਿਹਾਸ, ਬਲੀਦਾਨ, ਉਦੇਸ਼ ਦੀ ਵਿਸਥਾਰਤ ਚਰਚਾ ਕਰਦੇ ਹਨ ਤਾਂ ਗਦਰ ਹਰ ਚਿੱਤ, ਹਰ ਮਨ 'ਚ ਉੱਸਲਵੱਟੇ ਲੈਂਦਾ ਹੈ। ਇਨ੍ਹਾਂ ਸੰਘਰਸ਼ ਮੋਰਚਿਆਂ 'ਚ ਗੁਰੂ ਤੇਗ ਬਹਾਦਰ ਸਾਹਿਬ, ਚਾਰੇ ਸਾਹਿਬ ਜਾਦਿਆਂ ਦੀ ਕੁਰਬਾਨੀ ਨੂੰ ਜਾਨਣ ਬੁੱਝਣ ਦਾ ਵਲ ਹਰ ਪੀੜੀ ਨਵੇਂ ਸਿਰਿਓ, ਨਵੇਂ ਸਵਾਲਾਂ, ਨਵੀਆਂ ਚੁਣੌਤੀਆਂ ਦੇ ਸੰਦਰਭ 'ਚ ਸਿੱਖਦੀ ਹੈ ਤਾਂ ਇੱਕ ਨੀਂਹ, ਸੰਘਰਸ਼ ਦਾ ਆਧਾਰ ਮਜਬੂਤ ਹੁੰਦਾ ਹੈ। ਇੱਥੇ ਜਦੋਂ ਸ਼ਹੀਦ ਭਗਤ ਸਿੰਘ ਦੇ ਜੀਵਨ ਸੰਘਰਸ਼, ਰਾਮ ਪ੍ਰਸਾਦ ਬਿਸਮਿਲ ਦੀ ਸਰਫਰੋਸੀ ਕੀ ਤਮੰਨਾ ਅਤੇ ਅਸਫਾਕ ਉੱਲਾ ਦੀ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਸੋ ਸਾਲਾਂ ਦੀ ਪੜ੍ਹਾਈ ਕੁਝ ਦਿਨਾਂ, ਕੁਝ ਮਹੀਨਿਆਂ 'ਚ ਪ੍ਰਵਾਨ ਚੜਦੀ ਹੈ। ਹਾਂ, ਬਿਲਕੁੱਲ ਇਨਾਂ ਚੇਤਨਾ ਸਕੂਲਾਂ 'ਚ ਕੀਤੀ ਦੋ ਮਹੀਨੇ ਦੀ ਪੜਾਈ ਹੀ ਹੈ ਕਿ ਦਿੱਲੀ ਨਾਲ ਟੱਕਰ ਲੈਂਦੇ ਕਿਰਤੀ ਹਰ ਤਰ੍ਹਾਂ ਦੇ ਜਾਬਤੇ, ਉੱਚ ਮੁਹਾਰਤ, ਹਾਸਲ ਸੋਝੀ ਦਾ ਪ੍ਰਗਟਾਅ ਕਰਦੇ ਵੱਡੇ ਯੁੱਧ 'ਚ 45 ਕੁਰਬਾਨੀਆ ਦੇ ਬਾਵਜੂਦ, ਤਿੱਖੀ ਸਰਦ ਠੰਡ ਨੂੰ ਟਿੱਚ ਜਾਣਦੇ, ਦਲੇਰੀ ਨਾਲ ਡਟੇ ਹੋਏ ਹਨ। ਸਾਰਾ ਸੰਸਾਰ ਇਨ੍ਹਾਂ ਨਵੇਂ ਪਾੜ੍ਹਿਆਂ ਵੱਲ ਇੱਕ ਉਮੀਦ, ਇੱਕ ਆਸ ਨਾਲ ਨਜਰਾਂ ਟਿਕਾਈ ਬੈਠਾ ਹੈ। ਇਸ ਸੰਘਰਸ਼ ਦੇ ਇਨਾਂ ਸਕੂਲਾਂ ਨੇ ਜਾਤਾਂ, ਧਰਮਾ, ਗੋਤਾਂ ਦੇ ਫਰਕ ਤਾਂ ਮੇਟੇ ਹੀ ਹਨ, ਔਰਤਾਂ ਦੀ ਲਾਮਬੰਦੀ ਤੇ ਜੱਥੇਬੰਦੀ ਇੱਕ ਨਵੇਂ ਸੂਰਜ ਦੀ ਤਰਜਮਾਨੀ ਕਰਦੀ ਸੰਘਰਸ਼ ਦੇ ਚੜਾਅ ਨੂੰ ਜ਼ਰਬਾਂ ਦੇ ਰਹੀ ਹੈ। ਚੇਤਨਾ ਰਾਜਨੀਤਿਕ ਸਮਾਜਿਕ ਤਬਦੀਲੀ ਦਾ ਆਧਾਰ ਹੈ।

A CHOICE DRIVING SCHOOL
- Class 5
- basic Driving Courses
- Certification Courses
- Advance Training Course
- Brush Up
- DDC Course
PICK UP & DROP OFF AVAILABLE

Off. 587-352-0610 Cell 403-473-1682

# ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲੁਧਿਆਣਾ ਅਤੇ ਕੈਲਗਿਰੀ ਵਲੋਂ ਦਿੱਲੀ ਚੱਲ ਰਹੇ ਕਿਸਾਨ ਸੰਘਰਸ਼ 'ਚ ਕਿਤਾਬਾਂ ਦਾ ਲੰਗਰ ਲਾਇਆ







**ਬਲਜਿੰਦਰ ਸਿੰਘ**

ਪਿਛਲੇਂ ਦਿਨੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ ਵੱਲੋਂ, ਸ਼ਹੀਦ ਭਗਤ ਸਿੰਘ ਬੱਕ ਸੈਂਟਰ, ਕੈਲਗਰੀ ਦੇ ਵਿਸ਼ੇਸ਼ ਸਹਿਯੋਗ ਨਾਲ ਦਿੱਲੀ ਵਿਖੇ ਚੱਲ ਰਹੇ ਕਿਸਾਨ ਸੰਘਰਸ਼ ਵਿੱਚ ਦੋ ਵਾਰ ਕਿਤਾਬਾਂ ਦਾ ਲੰਗਰ ਲਾਇਆ ਗਿਆ। ਸੱਤ ਲੱਖ ਰੁਪਏ ਦੀਆਂ ਕਿਤਾਬਾਂ ਵਿੱਚ ਕੈਲਗਰੀ ਦੀਆਂ ਲੋਕ-ਪੱਖੀ ਸੰਸਥਾਵਾਂ ਅਤੇ ਕੈਨੇਡਾ ਵੱਸਦੇ ਪੰਜਾਬੀ ਭਾਈਚਾਰੇ ਵੱਲੋਂ ਤਿੰਨ ਲੱਖ ਰੁਪਏ ਦੀ ਮਦਦ ਦਿੱਤੀ ਗਈ। ਬਾਕੀ ਬੁੱਕ ਸੈਂਟਰ ਲੁਧਿਆਣਾ ਵੱਲੋਂ, ਪੰਜਾਬੀ ਦੇ ਸਾਹਿਤਕਾਰਾਂ ਦੇ ਵੱਲੋਂ ਕਿਤਾਬਾਂ ਦੇ ਰੂਪ ਵਿੱਚ ਅਤੇ ਇਲਾਕੇ ਵਿੱਚ ਚੱਲਦੀਆਂ ਲਾਇਬ੍ਰੇਰੀਆਂ ਵੱਲੋਂ ਵੀ ਸਹਿਯੋਗ ਦਿੱਤਾ ਗਿਆ।

ਹੁਣ ਇਸ ਦੀ ਅਗਲੀ ਲੜੀ ਵਜੋਂ ਕਿਤਾਬਾਂ ਦੇ ਲੰਗਰ ਦੇ ਨਾਲ-ਨਾਲ ਅੰਦੋਲਨ ਦੇ ਅਲੱਗ-ਅਲੱਗ ਸਥਾਨਾਂ 'ਤੇ ਤਿੰਨ ਲਾਇਬ੍ਰੇਰੀਆਂ ਖੋਲ੍ਹੀਆਂ ਜਾਣਗੀਆਂ। ਉੱਥੇ ਚੱਲ ਰਹੀਆਂ ਗਿਆਰਾਂ ਲਾਇਬ੍ਰੇਰੀਆਂ ਨੂੰ 51-51 ਕਿਤਾਬਾਂ ਦਾ ਸੈੱਟ ਨੰ-1 ਦਿੱਤਾ ਜਾਵੇਗਾ। ਚੱਲ ਰਹੀਆਂ ਲਾਇਬ੍ਰੇਰੀਆਂ ਅਤੇ ਨਵੀਆਂ ਲਾਇਬ੍ਰੇਰੀਆਂ ਖੋਲ੍ਹਣ ਦੇ ਚਾਹਵਾਨ ਸੰਪਰਕ ਕਰ ਸਕਦੇ ਹਨ।

ਨੋਟ- ਕਿਤਾਬਾਂ ਦੇ ਸੈੱਟ ਨਾਲ ਮੈਗਜੀਨ ਫਿਲਹਾਲ, ਅੱਖਰ, ਪ੍ਰੀ-ਪੋਇਟਕ, ਲਕੀਰ, ਇਸ ਲਈ ਅਤੇ ਤਰਕਸ਼ੀਲ ਦੇ ਤਾਜਾ ਅੰਕ ਦਿੱਤੇ ਜਾਣਗੇ।

-ਆਓ ਇਸ ਕਾਫਲੇ ਨਾਲ ਜੁੜੀਏ ਅਤੇ ਆਪਣਾ ਹਿੱਸਾ ਪਾਈਏ।

-ਵਲੰਟੀਅਰਜ਼ ਦੀਆਂ ਸੇਵਾਵਾਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸਾਥੀ ਅਤੇ ਹਮਦਰਦ ਨਿਭਾ ਰਹੇ ਹਨ।

**ਸੰਪਰਕ**

**ਸ਼ਹੀਦ ਭਗਤ ਸਿੰਘ ਬੁੱਕ ਸੈਂਟਰ,**
**ਲੁਧਿਆਣਾ- 94176-42785**
**ਕੈਲਗਿਰੀ ਕੈਨੇਡਾ-**
**+1 403-455-4220**
**ਪੱਖੋਵਾਲ- 84276-18686**

## ਤੀਜੇ ਗੇੜ ਦੀ ਤਿਆਰੀ, ਸਭ ਨੂੰ ਸਹਾਇਤਾ ਪਹੁੰਚਾਉਣ ਦੀ ਅਪੀਲ

1. ਗੁਜਰਾਤ ਫਾਇਲਾਂ(ਰਾਣਾ ਅਯੂਬ), 2. ਇੱਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ (ਜੌਹਨ ਪਰਕਿਨਜ਼), 3. ਪਹਿਲਾ ਅਧਿਆਪਕ (ਚੰਗੇਜ਼ ਆਇਤਮਾਤੋਵ), 4. ਸ਼ਹੀਦਾਂ ਦੇ ਅੰਗ-ਸੰਗ (ਸ਼ਿਵ ਵਰਮਾ), 5. ਸ਼ਹੀਦਾਂ ਦੀ ਵਿਰਾਸਤ, 6. ਸ਼ਹੀਦ ਭਗਤ ਸਿੰਘ ਅਤੇ ਸਾਥੀ (ਮਾਲਵਿੰਦਰ ਜੀਤ ਸਿੰਘ ਵੜੈਚ), 7. ਜੀਵਨੀ ਸ਼ਹੀਦ ਭਗਤ ਸਿੰਘ (ਮਾਲਵਿੰਦਰ ਜੀਤ ਸਿੰਘ ਵੜੈਚ), 8. ਗੁਰੂ ਨਾਨਕ ਬਾਰੇ ਸੱਚ ਦੀ ਖੋਜ (ਡਾ. ਸੁਰਿੰਦਰ ਸਿੰਘ ਦੁਸਾਂਝ), 9. ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ(ਸੋਢੀ ਕੁਲਦੀਪ ਸਿੰਘ), 10. ਜਿਥੇ ਬਾਬਾ ਪੈਰੁ ਧਰਿ (ਹਰਬੀਰ ਭੰਵਰ), 11. ਖਾਲਸਾ ਇਨਕਲਾਬ ਦਾ ਮੋਢੀ ਬੰਦਾ ਸਿੰਘ ਬਹਾਦਰ(ਡਾ. ਸੁਖਦਿਆਲ ਸਿੰਘ), 12. ਹੋਣੀ ਤੋਂ ਬਲਵਾਨ (ਸੰਪਾ. ਗਾਲੀਨਾ ਦਜ਼ੂਬੇਨਕੋ), 13. ਦੇਸ਼ ਪ੍ਰੇਮ ਬਨਾਮ ਰਾਸ਼ਟਰਵਾਦ, 14. ਪਾਬਲੋ ਨੇਰੂਦਾ (ਅਨੁ. ਮਨਦੀਪ), 15. ਸੰਤ ਰਾਮ ਉਦਾਸੀ ਚੋਣਵੇਂ ਗੀਤ, 16. ਪਾਸ਼ ਦੀ ਚੋਣਵੀਂ ਕਵਿਤਾ, 17. ਮੇਰੀ ਮਨਚਿੰਦੀ ਕਵਿਤਾ (ਸੰਪ.ਸੁਖਚੈਨ/ਗੁਰਦੀਪ ਮੰਡਾਹਰ), 18. ਪੈਮਾਨੇ ਇਨਕਲਾਬ (ਜਗਮੋਹਨ ਜੋਸ਼ੀ), 19. ਤਾਰਿਆਂ ਨਾਲ ਗੱਲਾਂ ਕਰਦਿਆਂ (ਗੁਰਭਜਨ ਗਿੱਲ), 20. ਮਿਰਗਾਵਾਲੀ (ਗੁਰਭਜਨ ਗਿੱਲ), 21. ਘੜੀ ਦੀ ਟਿਕ ਟਿਕ (ਅਹਿਮਦ ਸਲੀਮ), 22. ਕਿੱਥੇ ਹੈ ਰਾਤ ਦਾ ਚੰਨ (ਸੰ-ਅਮੋਲਕ ਸਿੰਘ), 23. ਹੁਣ ਵਕਤ ਨਹੀਂ ਜੰਗ ਰੋਕਣ ਦਾ (ਰਾਮ ਸਿੰਘ), 24. ਜਾਦੂਮਈ ਜ਼ਿੰਦਗੀ, ਜਾਦੂਮਈ ਮੌਤ (ਅਨੁ. ਮਨਦੀਪ), 25. ਦੋ ਪੈਰ ਘੱਟ ਤੁਰਨਾ (ਸਰੂਪ ਸਿੰਘ ਸਹਾਰਨਮਾਜਰਾ), 26. ਚਾਨਣ ਦੀ ਲੀਹ (ਸਰੂਪ ਸਿੰਘ ਸਹਾਰਨਮਾਜਰਾ), 27. ਇਕ ਦਹਿਸ਼ਤਗਰਦ ਦੀ ਡਾਇਰੀ (ਸੁਖਪਾਲ ਸੰਘੇੜਾ), 28. ਕੀ ਖਾਣਾ ਲੋੜੀਏ(ਡਾ. ਦਰਸ਼ਨ ਖੇੜੀ), 29. ਜ਼ਿੰਦਗੀ ਦੀਆਂ ਰਾਹਾਂ ਤੇ (ਰਣਜੀਤ ਲਹਿਰਾ), 30. ਪੂਛਹੀਣ ਬਾਂਦਰ ਤੋਂ ਮਨੁੱਖ ਤੱਕ (ਅਨੁ. ਡਾ. ਦਰਸ਼ਨ ਖੇੜੀ), 31. ਰੰਗ ਮਹਿਲ (ਬਲਦੇਵ ਢਿੱਲੋਂ), 32. ਚੱਕਰਵਿਊ (ਬਲਦੇਵ ਢਿੱਲੋਂ), 33. ਪਹਿਲਾ ਪਿਆਰ ਤੇ ਹੋਰ ਲੇਖ (ਬਰਜਿੰਦਰ ਸਿੰਘ ਸਿੱਧੂ), 34. ਜਲਿਆਂਵਾਲਾ ਬਾਗ (ਜਮਹੂਰੀ ਅਧਿਕਾਰ ਸਭਾ), 35. ਆਧੁਨਿਕ ਭਾਰਤ ਦਾ ਆਰਥਕ ਇਤਿਹਾਸ (ਡਾ. ਐਸ.ਡੀ.ਗਜ਼ਰਾਨੀ), 36. ਗਦਰ ਪਾਰਟੀ ਤੇ ਸ਼ਹੀਦ ਸਰਾਭਾ, 37. ਅਜਾਦੀ (ਅਰੁੰਧਤੀ ਰਾਏ), 38. ਮਾਰਕਸਵਾਦ ਕੀ ਹੈ, 39. ਜਾਦੂ ਪੱਤਾ (ਪਾਲੀ ਖਾਦਿਮ), 40. ਬੱਚਿਆਂ ਲਈ ਅਰਥ-ਸ਼ਾਸਤਰ (ਰੰਗਾਨਾਇਕੰਮਾ), 41. ਪਿੰਜਰ (ਅੰਮ੍ਰਿਤਾ ਪ੍ਰੀਤਮ), 42. ਰੰਗ ਦਾ ਪੱਤਾ (ਅੰਮ੍ਰਿਤਾ ਪ੍ਰੀਤਮ), 43. ਪਰਬਤੋਂ ਭਾਰੀ ਮੌਤ (ਅਨਿਲ ਬਰਵੇ), 44. ਜਦੋਂ ਖੇਤ ਜਾਗੇ (ਕ੍ਰਿਸ਼ਨ ਚੰਦਰ), 45. ਕਾਮੇ (ਬਲਰਾਜ ਸਾਹਨੀ), 46. ਸ਼ਿਕਾਰ (ਮਹਾਂਸ਼ਵੇਤਾ ਦੇਵੀ), 47. ਦੁਆਬੇ ਦੀਆਂ ਲੋਕ ਕਹਾਣੀਆਂ, 48. ਗਗਨ ਦਮਾਮਾ ਬਾਜਿਆ (ਨਾਨਕ ਸਿੰਘ), 49. ਆਪਣੀ ਜੂਹ (ਮੁਖਤਾਰ ਗਿੱਲ), 50. ਪ੍ਰੇਮ ਸੰਗੀਤ-(ਨਾਨਕ ਸਿੰਘ), 51. ਇਵਾਨ (ਹਿੰਦੀ)

## ਸ਼ਹੀਦ ਸਾਥੀ ਬਖਸੀਸ ਮੋਰਕਰੀਮਾ ਦੇ ਪਿੰਡ ਮੋਰਕਰੀਮਾ ਵਿਖੇ ਕੈਂਡਲ ਮਾਰਚ



ਗੁਰਮੇਲ ਸਿੰਘ ਭਰੋਵਾਲ, ਮਨਜਿੰਦਰ ਸਿੰਘ ਮੋਰਕਰੀਮਾ ਬੂਟਾ ਸਿੰਘ, ਮੱਖਣ ਸਿੰਘ ਸੁਖਮਿੰਦਰ ਸਿੰਘ ਹੰਬੜਾਂ ਨੇ ਕੀਤਾ ਸੰਬੋਧਨ।















SHAUKAT HAYAT
403-680-1735
FREE EVALUATION
DOING MORE FROM FOR SALE TO SOLD
HAYAT HOMES
REAL ESTATE EXPERTS
www.hayathomes.com




YASMITA
ENGINEERING
- Professional Engineering Service
-Design and Drafting of Buildings
- Building and Development Permits for:
Residential and Commercial Projects
(New house, Addition, Garage, Deck, Secondary
Suite, Backyard Suite etc.)
- Environmental Site Assessment
- All types of Civil, Electrical, Mechanical,
Structural and Environmental Engineering Works
Serving Alberta, British Columbia and Saskatchewan at Major Locations
Devendra Bhandari
M.Eng. P.Eng.
403 909 4060
email:
yasmitaengineering@outlook.com




MATRIX
ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9




Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
ਹੀਟਿੰਗ ਦਾ ਸਪੈਸ਼ਲਿਸਟ ਅਤੇ ਫਰਨੇਸ ਰਿਪਲੇਸਮੈਂਟ
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੋਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।
We Promise Reasonable Rates and Quality Work




WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
LOOKING TO MOVE UP IN NW CALGARY?
NEW Hamptons Spec Homes for Sale!
25 + 76
Hampstead Mews NW
www.wavehomes.ca




ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray
for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for
Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

# ਕੜਕਦੀ ਠੰਡ ਵਿੱਚ ਕੈਲਗਰੀ ਦੇ ਕਿਸਾਨ ਹਿਤੈਸ਼ੀ 'ਦਿੱਲੀ ਕਿਸਾਨ ਟਰੈਕਟਰ ਪਰੇਡ' ਦੇ ਹੱਕ ਵਿੱਚ ਨਿੱਤਰੇ !




ਕੈਲਗਰੀ, (ਹਰਚਰਨ ਪਰਹਾਰ): ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਕਿਸਾਨ ਜਥੇਬੰਦੀਆਂ ਵਲੋਂ 26 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਮੌਕੇ ਦਿੱਲੀ ਵਿੱਚ ਟਰੈਕਟਰ ਮਾਰਚ ਲਈ ਦਿੱਤੇ ਸੱਦੇ ਦੇ ਮੱਦੇਨਜ਼ਰ ਕੈਲਗਰੀ ਦੀਆਂ ਦੋ ਸੰਸਥਾਵਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ 'ਕਿਸਾਨ ਸਪੋਰਟ ਪਰੇਡ' ਦੇ ਦਿੱਤੇ ਸੱਦੇ ਅਨੁਸਾਰ ਅੱਜ 26 ਜਨਵਰੀ ਨੂੰ -18 ਡਿਗਰੀ ਤਾਪਮਾਨ ਵਿੱਚ ਕਿਸਾਨ ਹਿਤੈਸ਼ੀ ਬੱਚੇ, ਨੌਜਵਾਨ, ਬਜ਼ੁਰਗ, ਔਰਤਾਂ ਨੇ ਬੜੇ ਉਤਸ਼ਾਹ ਨਾਲ਼ ਪਰੇਡ ਵਿੱਚ ਹਿੱਸਾ ਲਿਆ। ਇਹ ਪਰੇਡ ਕੈਲਗਰੀ ਨਾਰਥ ਈਸਟ ਵਿੱਚ ਨੈਲਸਨ ਮੰਡੇਲਾ ਹਾਈ ਸਕੂਲ ਦੇ ਸਾਹਮਣੇ ਮੇਨ ਰੋਡ ਤੇ ਕੀਤੀ ਗਈ। ਪਰੇਡ ਵਿੱਚ ਸ਼ਾਮਿਲ ਸਾਰੇ ਵਿਅਕਤੀਆਂ ਨੇ ਆਪਣੇ ਹੱਥਾਂ ਵਿੱਚ ਕਿਸਾਨ ਪੱਖੀ ਤੇ ਸਰਕਾਰ ਵਿਰੋਧੀ ਨਾਹਰਿਆਂ ਵਾਲ਼ੇ ਪਲੈਕ ਕਾਰਡ ਚੁੱਕੇ ਹੋਏ ਸਨ। ਇਸ ਮੌਕੇ ਤੇ ਮੁੱਖ ਪ੍ਰਬੰਧਕ ਮਾਸਟਰ ਭਜਨ ਸਿੰਘ ਨੇ ਸੰਬੋਧਨ ਕਰਦਿਆਂ ਜਿਥੇ ਕਿਸਾਨਾਂ ਦੀਆਂ ਮੰਗਾਂ ਦੀ ਹਿਮਾਇਤ ਕੀਤੀ, ਉਥੇ ਭਾਰਤ ਸਰਕਾਰ ਵਲੋਂ ਮੰਗਾਂ ਨਾ ਮੰਨਣ ਦੀ ਜਿਦ ਦੀ ਸਖਤ ਨਿਖੇਧੀ ਕੀਤੀ।ਪ੍ਰਬੰਧਕਾਂ ਵਲੋਂ ਮੀਡੀਆ ਸਮੇਤ ਸਭ ਦਾ ਆਉਣ ਲਈ ਧੰਨਵਾਦ ਕੀਤਾ।ਇਸ ਮੌਕੇ ਤੇ ਕੈਲਗਰੀ ਦੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਿਰ ਸਨ। ਸਾਰੀ ਪਰੇਡ ਦੌਰਾਨ ਕਿਸਾਨਾਂ ਦੇ ਹੱਕ ਤੇ ਮੋਦੀ ਸਰਕਾਰ ਵਿਰੁੱਧ ਨਾਹਰੇ ਲਗਾਤਾਰ ਗੂੰਜਦੇ ਰਹੇ।

Car Wash
Go Detail & Express Wash
- Car Wash - Express Detail - Hand Wash
- Full Detail - Auto Wash - SELF Serve
403-408-7536
3510 32 Street NE, Calgary AB

HALL FOR RENT IN NE
For Kids Birthday Parties, Family Dinners,
Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com

McKnight
Dental Clinic
- Serving NE Community for over 30 years
- We follow Alberta Dental Fee Guide
- Open some evenings and Saturdays
Tel. 403-280-0880
Fax : 403-293-8852
www.mcknightdental.ca
McKnight Village,
5432 Falsbridge Dr NE,
Calgary, Alberta, T3J 3E9
(All services provided by General Dentists)

Mega Sanjha Punjab
GROCERY STORE
ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ
ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ
117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com
331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
New Location
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

# Perfect Finishing Corp.
# New Star Cabinets Ltd.

PFC



Interior finishing, Railing
Kitchen Cabinets

WE DO : New & Old Houses Finishing Carpentry, Stair Railing, Book Shelves, Tv Unit, Closet Shelves, Bar, Kitchen Cabinets & All type of custom wood work



**Manpreet Thind**
Cell : (403) 477-1000

3341-19 Street N.E.
Calgary AB, T2E 6S8
www.perfectfinishing.ca

Off : (403) 455-1000
Fax : (403) 455-2000
perfectfinishing@hotmail.ca

# Redstone Plaza ਰੈਡ ਸਟੋਨ ਪਲਾਜਾ

## Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਵੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

## REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

## Universal Health PHARMACY

It's all about "U"

Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com

# ਕੈਨੇਡਾ ਵਿੱਚ ਅੰਦੋਲਨ ਦੇ ਹੱਕ ਵਿੱਚ ਕਾਲ਼ੇ ਕਾਨੂੰਨਾਂ ਦੀ ਲੋਹੜੀ ਬਾਲ਼ੀ ਅਤੇ ਹੋਰ ਰੈਲੀਆਂ ਕੀਤੀਆਂ ਗਈਆਂ




**ਪਰਮਿੰਦਰ ਸਵੈਚ**

ਐਤਵਾਰ 17 ਜਨਵਰੀ, 2021 ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਵੈਨਕੂਵਰ ਤੇ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ ਵਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਤਿੰਨ ਖੇਤੀ ਵਿਰੋਧੀ ਕਾਲ਼ੇ ਕਾਨੂੰਨਾਂ ਦੀ ਲੋਹੜੀ ਬਾਲਣ ਦਾ ਸੱਦਾ ਆਇਆ ਸੀ ਤਾਂ ਕਿ ਲੋਕਾਂ ਦੀਆਂ ਜ਼ਿੰਦਗੀਆਂ ਤੇ ਪਈਆਂ ਬੁਰੀਆਂ ਬਲਾਵਾਂ ਜਿਨ੍ਹਾਂ ਨੇ ਤਕਰੀਬਨ 170 ਤੋਂ ਵੱਧ ਮਜ਼ਦੂਰਾਂ ਕਿਸਾਨਾਂ ਦੀਆਂ ਜਾਨਾਂ ਲੈ ਲਈਆਂ ਹਨ, ਉਹਨਾਂ ਨੂੰ ਰੱਦ ਕਰਵਾਉਣਾ ਜ਼ਰੂਰੀ ਬਣ ਗਿਆ ਹੈ, ਨੂੰ ਸਾੜਿਆ ਜਾਵੇ। ਇਹ ਪ੍ਰੋਗਰਾਮ ਸਰ੍ਹੀ ਦੇ ਹਾਲੈਂਡ ਪਾਰਕ ਵਿੱਚ ਇੱਕ ਵਜੇ ਰੱਖਿਆ ਗਿਆ ਸੀ ਇਸਦੀ ਸ਼ੁਰੂਆਤ ਕਰਨ ਸਮੇਂ ਸਭ ਤੋਂ ਪਹਿਲਾਂ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ 1973 ਤੋਂ ਮੋਢੀ ਮੈਂਬਰ ਸੇਵਾ ਸਿੰਘ ਬੜਿੰਗ ਜਿਨ੍ਹਾਂ ਦੀ 7 ਜਨਵਰੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਕਾਰਣ ਮੌਤ ਹੋ ਗਈ ਹੈ ਅਤੇ ਮਜ਼ਦੂਰ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਸਾਰੇ ਸ਼ਹੀਦਾਂ ਨੂੰ ਇੱਕ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜ਼ਲੀ ਦਿੱਤੀ ਗਈ। ਉਸਤੋਂ ਬਾਅਦ ਕਿਸਾਨਾਂ ਵਲੋਂ ਲਿਖਿਆ ਲੋਹੜੀ ਦੇ ਗੀਤ ਦੇ ਬੋਲਾਂ ਨੂੰ ਸਾਂਝਾ ਕਰਦਿਆਂ ਨਾਲ ਨਾਲ ਕਾਲ਼ੇ ਕਾਨੂੰਨਾਂ ਨੂੰ ਅੱਗ ਵਿੱਚ

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕਿੰਜਿਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360

MYBROKERS.CA
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
For quotation please Call: 403-681-8689
#208, 4656 Westwinds Dr. NE Calgary AB (UPSTAIRS)

'The name people trust and recommend' Over 30 years of experience in Immigration Matters
HAYER LAW OFFICE
Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases
DALWINDER HAYER
M.A. (Eco.) LL.B., LL.M
Barrister, Solicitor and Notary Public
SITAL (TINA)
B.A., LL.B. (Hons.) L.L.M.
Tel : 78377-00046 | Chandigarh (India)
AMANDEEP HAYER
B.A., J.D. (Canada) J.D. (U.S.)
Barrister, Solicitor, Notary Public
BALJINDER HAYER
Immigration Consultant & Public Notary
TO SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca

ਸਾੜਿਆ ਗਿਆ। ਡੀਫੈਂਸ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ, ਮੈਂਬਰ ਕ੍ਰਿਪਾਲ ਬੈਂਸ, ਲਖਵੀਰ ਖੁਣਖੁਣ ਅਤੇ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਦੇ ਮੀਤ ਪ੍ਰਧਾਨ ਰਵਾਇਤ ਸਿੰਘ, ਸਹਾਇਕ ਸਕੱਤਰ ਰਾਜਵੀਰ ਸਿੰਘ ਤੇ ਮੈਂਬਰ ਸੁਖਦੇਵ ਮਾਨ ਨੇ ਸੰਬੋਧਨ ਕੀਤਾ। ਕਮਿਊਨਿਟੀ ਦੀ ਉੱਘੀ ਸ਼ਖਸ਼ੀਅਤ ਡਾ. ਸਾਧੂ ਸਿੰਘ, ਮੁਖਤਿਆਰ ਸਿੰਘ, ਮੱਖਣ ਟੁੱਟ, ਬਿੱਕਰ ਸਿੰਘ ਬਾਸੀ ਨੇ ਸੰਬੋਧਨ ਕੀਤਾ। ਐਸਰੋ ਕੈਨੇਡਾ ਵਲੋਂ ਵੀ ਸੁਖਵਿੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਪਰਮਿੰਦਰ ਸਵੈਚ ਤੇ ਦਵਿੰਦਰ ਸਿੰਘ ਨੇ ਆਪਣੀਆਂ ਸੰਘਰਸ਼ ਨੂੰ ਸਮਰਪਿਤ ਕਵਿਤਾਵਾਂ ਸਾਂਝੀਆਂ ਕੀਤੀਆਂ। ਸਾਰੇ ਹੀ ਬੁਲਾਰਿਆਂ ਨੇ ਸੰਘਰਸ਼ ਜੋ ਨਵੀਆਂ ਪੈੜਾਂ ਪਾ ਰਿਹਾ ਹੈ ਬਾਰੇ, ਸਭ ਨੇ ਆਪਣੇ ਆਪਣੇ ਪਹਿਲੂ ਤੋਂ ਗੱਲ ਕੀਤੀ। ਸਾਰਿਆਂ ਨੇ ਜਿੱਥੇ ਇਸ ਗੱਲ ਦੀ ਖੁਸ਼ੀ ਜ਼ਾਹਰ ਕੀਤੀ ਕਿ ਇਸ ਅੰਦੋਲਨ ਨੇ ਲੋਕਾਂ ਨੂੰ ਸਾਹਿਤਕ, ਸਭਿਆਚਾਰਕ, ਸਮਾਜਿਕ ਤੇ ਰਾਜਨੀਤਕ ਸੋਝੀ ਪ੍ਰਦਾਨ ਕੀਤੀ ਹੈ ਉਹ ਬਾਕਮਾਲ ਹੈ। ਇਹ ਸੰਘਰਸ਼ ਹੁਣ ਇਕੱਲੇ ਕਿਸਾਨਾਂ ਦਾ ਨਾ ਰਹਿ ਕੇ ਭਾਰਤ ਦੇ ਬੱਚੇ ਬੱਚੇ ਦਾ ਅੰਦੋਲਨ ਬਣ ਗਿਆ ਹੈ। ਉੱਥੋਂ ਦੀ ਜਵਾਨੀ ਜੋ ਲੀਡਰਾਂ ਵਲੋਂ ਨਸ਼ਿਆਂ ਦੇ ਵਿੱਚ ਰੋਲ਼ੀ ਪਈ ਸੀ, ਉਹ ਜਾਗਰੂਕ ਹੋ ਗਈ ਹੈ। ਔਰਤਾਂ ਦੀ ਸ਼ਮੂਲ਼ੀਅਤ ਦੀ ਗੱਲ ਕੀਤੀ ਗਈ ਕਿਉਂਕਿ ਪਹਿਲਾਂ ਅੰਦੋਲਨਾਂ ਵਿੱਚ ਬਹੁਤ ਘੱਟ ਗਿਣਤੀ ਵਿੱਚ ਔਰਤਾਂ ਸ਼ਾਮਲ ਹੁੰਦੀਆਂ ਸਨ ਪਰ ਹੁਣ ਉਹ ਅਗਵਾਈ ਕਰ ਰਹੀਆਂ ਹਨ। ਸ਼ਾਂਤਮਈ ਢੰਗ ਨਾਲ ਚੱਲ ਰਹੇ ਅੰਦੋਲਨ ਵਿੱਚ ਸੰਯੁਕਤ ਕਿਸਾਨ ਜਥੇਬੰਦੀਆਂ ਦੀ ਸ਼ਲਾਘਾ ਵੀ ਕੀਤੀ ਗਈ ਜੋ ਇਸ ਅੰਦੋਲਨ ਨੂੰ ਬਹੁਤ ਹੀ ਖੂਬਸੂਰਤ ਢੰਗ ਨਾਲ ਅੱਗੇ ਤੋਂ ਅੱਗੇ ਲਿਜਾ ਰਹੇ ਹਨ। ਇਹ ਅੰਦੋਲਨ ਇਨਕਲਾਬ ਦੀ ਸ਼ੁਰੂਆਤ ਲਈ ਰਾਹ ਦਸੇਰੇ ਵਜੋਂ ਸਾਬਤ ਹੋਵੇਗਾ ਕਿਉਂਕਿ ਭਾਰਤ ਦੀ ਸੰਘਵਾਦੀ ਸਰਕਾਰ ਨੇ ਲੋਕਾਂ ਤੇ ਲੋਕ ਵਿਰੋਧੀ ਕਾਨੂੰਨ ਥੋਪ ਕੇ ਉਹਨਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ ਜਿਸ ਕਰਕੇ ਅੱਕ ਕੇ ਲੋਕਾਂ ਨੂੰ ਆਪਣੇ ਹੱਕਾਂ ਲਈ ਖੜ੍ਹੇ ਹੋਣਾ ਪੈ ਗਿਆ ਹੈ। ਦੋਨੋਂ ਜਥੇਬੰਦੀਆਂ ਲਗਾਤਾਰ ਪਹਿਲੇ ਦਿਨ ਤੋਂ ਹੀ ਇਸ ਸੰਘਰਸ਼ ਦੀ ਹਮਾਇਤ ਲਈ ਰੈਲੀਆਂ ਕਰ ਰਹੀਆਂ ਹਨ ਚਾਹੇ ਕੈਨੇਡਾ ਦੇ ਕੌਂਸਲੇਟ ਦਫ਼ਤਰ ਦੇ ਸਾਹਮਣੇ ਜਾਂ ਉਹਨਾਂ ਨੂੰ ਈਮੇਲ ਕਰਕੇ ਆਪਣਾ ਰੋਸ ਪ੍ਰਦਰਸ਼ਨ ਕਰਨਾ ਤੇ ਕਿਸਾਨਾਂ ਦੇ ਹੱਕ ਵਿੱਚ ਹਾਅਦਾ ਨਾਹਰਾ ਮਾਰਨਾ ਸੀ ਜਾਂ ਕਾਪੀਆਂ ਨੂੰ ਸਾੜਨਾ ਜਾਂ 26 ਜਨਵਰੀ ਲਈ ਟਰੈਕਟਰ ਰੈਲੀ ਵਿੱਚ ਸ਼ਾਮਲ ਹੋਣ ਦੇ ਪ੍ਰਤੀਕ ਵਜੋਂ 23 ਜਨਵਰੀ ਨੂੰ ਕਾਰ ਰੈਲੀਆਂ ਵਿੱਚ ਸ਼ਾਮਲ ਹੋ ਕੇ ਕਿਸਾਨਾਂ ਦੇ ਹੱਕ ਵਿੱਚ ਖੜ੍ਹਨਾ ਹਾਂ। ਇੱਥੇ ਵੀ ਜਥੇਬੰਦੀਆਂ ਵਲੋਂ ਅਹਿਦ ਲਿਆ ਗਿਆ ਕਿ ਸੰਯੁਕਤ ਮੋਰਚੇ ਵਲੋਂ ਜੋ ਵੀ ਦਿਸ਼ਾ ਨਿਰਦੇਸ਼ ਆਉਣਗੇ ਉਵੇਂ ਹੀ ਕੀਤਾ ਜਾਵੇਗਾ। ਇਸ ਰੈਲੀ ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਪ੍ਰਧਾਨ ਇਕਬਾਲ ਪੁਰੇਵਾਲ ਤੇ ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਨੇ ਇਹਨਾਂ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਹਰ ਸੰਭਵ ਜਿਵੇਂ ਫੋਨਾਂ, ਸ਼ੋਸ਼ਲ ਮੀਡੀਏ ਨੂੰ ਵਰਤ ਕੇ ਲੋਕਾਂ ਵਿੱਚ ਸੁਨੇਹਾ ਤੇ ਜਾਗਰੂਕਤਾ ਫੈਲਾਉਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਹੈ ਤੇ ਇਸ ਪ੍ਰੋਗਰਾਮ ਵਿੱਚ ਪਰਮਿੰਦਰ ਸਵੈਚ ਨੇ ਸਟੇਜ ਕਾਰਵਾਈ ਨੂੰ ਸੰਪੂਰਨ ਕੀਤਾ।ਅੰਤ ਵਿੱਚ ਕ੍ਰਿਪਾਲ ਬੈਂਸ ਵਲੋਂ ਦੋ ਮਤੇ ਰੱਖੇ ਗਏ ਜਿਸ ਵਿੱਚ ਮੋਦੀ ਸਰਕਾਰ ਵਲੋਂ ਲਿਆਂਦੇ ਗਏ ਤਿੰਨ ਖੇਤੀ ਵਿਰੋਧੀ ਬਿਲਾਂ ਦੀ ਨਿਖੇਧੀ ਕਰਦੇ ਹਾਂ। ਦੂਸਰਾ ਕਿਸਾਨ ਅੰਦੋਲਨ ਦੀ ਡੱਟ ਕੇ ਹਮਾਇਤ ਕਰਦੇ ਹਾਂ। ਸਾਰੇ ਹਾਜ਼ਰ ਲੋਕਾਂ ਨੇ ਹੱਥ ਖੜ੍ਹੇ ਕਰਕੇ ਸਹਿਮਤੀ ਦਿੱਤੀ। ਫੋਟੋਗਰਾਫੀ ਸੁਰਿੰਦਰ ਚਾਹਲ ਨੇ ਕੀਤੀ। ਸਾਰੇ ਇਕੱਠੇ ਹੋਏ ਲੋਕਾਂ ਨੇ ਇਹ ਇੱਛਾ ਜ਼ਾਹਰ ਕਤਿੀ ਕਿ ਕਿਸਾਨ ਆਪਣੇ ਤਿੰਨੇ ਕਾਲ਼ੇ ਕਾਨੂੰਨ ਰੱਦ ਕਰਵਾ ਕੇ ਠੀਕ ਠਾਕ ਆਪਣੇ ਆਪਣੇ ਘਰਾਂ ਨੂੰ ਪਹੁੰਚਣ ਤੇ ਸਰਕਾਰ ਉਹਨਾਂ ਦੀਆਂ ਮੁਸ਼ਕਲਾਂ ਨੂੰ ਜ਼ਰੂਰ ਸਮਝੇ।

# ਕਿਸਾਨਾਂ ਦੇ ਨਾਂ 'ਤੇ ਅਡਾਨੀਆਂ ਲਈ ਮੁਨਾਫਾ



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ, ਕੈਨੇਡਾ)

ਆਪਣੇ ਪਿਛਲੇ ਲੇਖ ਮੌਜੂਦਾ ਭਾਰਤੀ ਕਿਸਾਨ ਅੰਦੋਲਨ ਦੇ ਅਹਿਮ ਪੱਖ (ਪੂਰਾ ਲੇਖ –On-Line, Sarokar.ca, 4 ਜਨਵਰੀ 2021) ਵਿੱਚ "ਅਡਾਨੀ–ਅੰਬਾਨੀ ਜੌੜੇ ਬਘਿਆੜ" ਉਪ–ਸਿਰਲੇਖ ਵਿੱਚ ਮੈਂ ਸੰਕੇਤ–ਮਾਤਰ ਲਿਖਿਆ ਸੀ ਕਿ ਕਿਵੇਂ ਮੋਦੀ ਸਰਕਾਰ ਨੇ ਅਡਾਨੀ–ਅੰਬਾਨੀ ਜੋੜੀ ਨੂੰ ਭਾਰਤ ਨੂੰ ਲੁੱਟਣ ਦੀ ਪੂਰੀ ਖੁੱਲ੍ਹ ਦੇ ਰੱਖੀ ਹੈ। ਇਸ ਸੰਦਰਭ ਵਿੱਚ ਅਡਾਨੀ–ਅੰਬਾਨੀ ਕਾਰਪੋਰੇਟ ਘਰਾਣਿਆਂ ਦੀ ਸੰਪਤੀ, ਭਾਰਤ ਅਤੇ ਦੁਨੀਆਂ ਭਰ ਵਿੱਚ ਇਹਨਾਂ ਦੇ ਕਾਰੋਬਾਰਾਂ ਦੇ ਵਿਛਾਏ ਗਏ ਜਾਲ ਦੀ ਸੰਖੇਪ ਚਰਚਾ ਕੀਤੀ ਗਈ ਸੀ । ਕਿਸਾਨ ਦੀ ਭੋਇੰ ਅਤੇ ਉਪਜ ਨੂੰ ਹੜੱਪਣ ਦੇ ਅਡਾਨੀਆਂ ਨੇ ਲੰਬੇ ਸਮੇ ਤੋਂ ਅੰਦਰਖਾਤੇ ਕਮਰਕੱਸੇ ਕੀਤੇ ਹੋਏ ਹਨ। ਹੱਥਲੇ ਸੰਖੇਪ ਲੇਖ ਵਿੱਚ ਅਸੀਂ ਅਡਾਨੀ ਗਰੁੱਪ, ਅਤੇ ਉਸਦੇ ਅਡਾਨੀ ਐਗਰੀ ਲੌਜਿਸਟਿਕਸ ਲਿਮਿਟਿਡ (ਅਅਲਲ) ਦੇ ਸਮੁੱਚੇ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਵਿੱਚ ਪਸਾਰੇ ਗਏ ਅਤੇ ਪਸਾਰੇ ਜਾ ਰਹੇ ਤੰਦੂਏ–ਜਾਲ਼ ਬਾਰੇ ਚਰਚਾ ਕਰਾਂਗੇ। ਪੂਰਾ ਲੇਖ Sarokar.ca, ਫਰਵਰੀ 2021 ਵਿਚ ਛਾਪੇ ਜਾਣ ਦਾ ਪ੍ਰਸਤਾਵ ਹੈ ।

**ਆਧੁਨਿਕ ਸਟੀਲ ਸਾਈਲੋ:** ਆਧੁਨਿਕ ਸਟੀਲ ਸਾਈਲੋਆਂ ਦੇ ਨਿਰਮਾਣ ਸਬੰਧੀ Government of India ਦੀ ਵੈੱਬ–ਸਾਈਟ ਤੋਂ ਪ੍ਰਾਪਤ ਜਾਣਕਾਰੀ ਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਕਿਵੇਂ ਮੋਦੀ ਸਰਕਾਰ ਅਡਾਨੀਆਂ ਨੂੰ ਸਟੀਲ ਸਾਈਲੋ ਦੇ ਨਿਰਮਾਣ ਲਈ 30 ਸਾਲ ਕਿਰਾਏ ਦੀ ਗਰੰਟੀ, ਮੁਫ਼ਤ ਜ਼ਮੀਨ ਮੁਹੱਈਆ ਕਰਨ ਅਤੇ ਲਾਗਤ ਕੀਮਤ ਦਾ 20% ਕੰਟਰੈੱਕਟ ਮਿਲਣ ਦੇ ਦਿਨ ਹੀ ਕੰਟਰੈੱਕਟਰ ਦੀ ਝੋਲ਼ੀ ਪਾਉਣ ਆਦਿ ਦੇ ਖੁੱਲ੍ਹੇ ਗੱਫੇ ਵੰਡ ਰਹੀ ਹੈ। ਸਟੀਲ ਸਾਈਲੋਆਂ ਦੇ ਨਿਰਮਾਣ ਦਾ, ਸਾਈਲੋ ਦੀ ਸਮੱਰਥਾ ਅਤੇ ਢੋਆ–ਢੁਆਈ ਲਈ ਰੇਲਵੇ ਦੀ ਸਹਾਇਕ ਪਟੜੀ ਵਰਗੀਆਂ ਸ਼ਰਤਾਂ ਇਸ ਪ੍ਰਕਾਰ ਲਿਖੀਆਂ ਗਈਆਂ ਹਨ ਕਿ ਸਿਵਾਏ ਅਡਾਨੀਆਂ ਦੇ ਹੋਰ ਕੋਈ ਇਸ ਦੇ ਸਮਰੱਥ ਹੀ ਨਹੀਂ ਹੋ ਸਕਦਾ ।

ਇਕੱਲੇ ਅਅਲਲ ਦੇ ਪੰਜਾਬ ਵਿੱਚ ਮੋਗਾ ਵਿਖੇ ਅਤੇ ਹਰਿਆਣਾ ਦੇ ਕੈਥਲ ਸ਼ਹਿਰ ਵਿਖੇ FIC ਲਈ 250 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ 200,000 ਮੈਟਰਿਕ ਟੰਨ (ਮ.ਟ.) ਦੀ ਸਮੱਰਥਾ ਵਾਲੇ ਅਨਾਜ ਭੰਡਾਰਣ (Foodgrain Silos) 2007 ਤੋਂ ਮੌਜੂਦ ਹਨ । ਇਹ ਸਾਈਲੋ (ਐੱਫ ਸੀ ਆਈ) ਵੱਲੋਂ ਪ੍ਰਵਾਨਿਤ ਹਨ, ਅਤੇ ਇਸ ਨਾਲ ਅਅਲਲ ਦਾ 30 ਸਾਲ ਦਾ ਕੰਨਟਰੈੱਕਟ ਹੈ। ਅਅਲਲ ਦਾ ਕੰਮ ਖਾਧ–ਭੰਡਾਰ ਨੂੰ ਸੁਰੱਖਿਅਤ ਰੱਖਣਾ ਅਤੇ ਉਸਨੂੰ ਮੋਗਾ ਬੇਸ ਡਿੱਪੂ ਤੋਂ ਆਪਣੇ ਬਣਾਏ ਵਿਸ਼ੇਸ਼ ਮਾਲਗੱਡੀ ਦੇ ਵੈਗਨ (ਕੋਚ) ਰਾਹੀਂ ਅਲੱਗ ਅਲੱਗ ਫੀਲਡ ਡੀਪੂਆਂ ਤੱਕ ਪਹੁੰਚਾਉਣਾ ਹੈ। 25,000 ਮ.ਟ. ਪ੍ਰਤੀ ਡਿਪੂ ਸਮੱਰਥਾ ਦੇ ਇਹ ਫੀਲਡ ਡੀਪੂ ਚੈਨਾਈ, ਕੋਇੰਮਬਟੂਰ, ਬੰਗਲੂਰੂ, ਨਵੀਂ ਮੰਬਈ, ਅਤੇ ਹੁਗਲੀ ਵਿੱਚ ਸਥਿੱਤ ਹਨ। ਅਅਲਲ ਕੋਲ ਐੱਫ ਸੀ ਆਈ ਵਾਸਤੇ ਪੰਜਾਬ ਹਰਿਆਣਾ, ਤਾਮਿਲਨਾਡੂ, ਕਰਨਾਟਕਾ, ਮਹਾਂਰਾਸ਼ਟਰਾ ਅਤੇ ਪੱਛਮੀ ਬੰਗਾਲ ਵਿੱਚ 5,75,000 ਮ.ਟ. ਦੀ ਸਮੱਰਥਾ ਵਾਲੇ ਖਾਧ ਅਨਾਜ ਦੀ ਸਾਂਭ–ਸੰਭਾਲ ਲਈ ਪ੍ਰਬੰਧ ਹੈ। ਮੱਧ ਪ੍ਰਦੇਸ਼ ਸਰਕਾਰ ਵਾਸਤੇ 3,00,000 ਮ.ਟ. ਦੀ ਸਮੱਰਥਾ ਵਾਲੇ ਖਾਧ ਅਨਾਜ ਦਾ ਪ੍ਰਬੰਧ ਹੈ। ਅਅਲਲ ਨੇ ਆਉਣ ਵਾਲੇ ਦਿਨਾਂ ਵਿੱਚ 400,000 ਮ.ਟ. ਦੀ ਸਮੱਰਥਾ ਬਣਾਉਣ ਲਈ ਹੁਣ ਬਿਹਾਰ, ਯੂ ਪੀ, ਪੰਜਾਬ, ਹਰਿਆਣਾ, ਮਹਾਂਰਾਸ਼ਟਰਾ ਅਤੇ ਗੁਜਰਾਤ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ।

ਪੰਜਾਬ ਦੇ ਹੋਰ ਸ਼ਹਿਰਾਂ ਵਿੱਚ ਅਡਾਨੀਆਂ ਵੱਲੋਂ ਕਿਸਾਨਾਂ ਦੀ ਜਮੀਨ ਜਬਰੀ ਇਕਵਾਇਰ ਕਰਨ ਦੀਆਂ ਖਬਰਾਂ ਆ ਰਹੀਆਂ ਹਨ। ਬਟਾਲੇ ਲਾਗੇ ਛੀਨਾ, ਚੂਹੜ ਚੱਕ ਅਤੇ ਗੋਦਰਪੁਰਾ–ਤਿੰਨ ਪਿੰਡਾਂ ਦੀ ਸਾਂਝੀ ਜਮੀਨ ਧੱਕੇ–ਧੋਖੇ ਨਾਲ਼ ਇਕੁਵਾਇਰ ਕਰਕੇ ਅਡਾਨੀ ਗਰੁੱਪ ਵੱਡਾ ਗੁਦਾਮ ਉਸਾਰ ਰਿਹਾ ਹੈ। ਇਸੇ ਤਰ੍ਹਾਂ ਹਰਿਆਣੇ ਦੇ ਪਾਨੀਪਤ ਸ਼ਹਿਰ ਦੇ ਲਾਗਲੇ ਨੌਲਥਾ ਕਸਬੇ ਵਿੱਚ ਅਡਾਨੀ ਗਰੁੱਪ ਵੱਲੋਂ ਪਿਛਲੇ ਡੇਢ ਸਾਲ ਤੋਂ ਚੋਰੀ 100 ਏਕੜ ਜਮੀਨ ਇਕਵਾਇਰ ਕਰਕੇ ਅਨਾਜ ਗੁਦਾਮ ਬਣਾਉਣ, ਅਤੇ ਇਸ ਨੂੰ ਦੇਸ਼ ਦੇ ਰੇਲ ਨੈੱਟਵਰਕ ਨਾਲ ਜੋੜਨ ਲਈ ਪਰਾਈਵੇਟ ਰੇਲਵੇ ਲਾਈਨ ਦੀ ਉਸਾਰੀ ਬੜੇ ਜ਼ੋਰਾਂ ਸੋਰਾਂ 'ਤੇ ਚੱਲ ਰਹੀ ਹੈ। ਇਕ ਖਬਰ ਅਨੁਸਾਰ 2017 ਤੋਂ ਹੀ ਅਜਿਹੇ 9,000 ਅਨਾਜ ਭੰਡਰਾਰਣ ਸਾਈਲੋ ਅਡਾਨੀਆਂ ਵੱਲੋਂ ਭਾਰਤ ਭਰ ਵਿੱਚ ਬਣਾਏ ਜਾਣ ਦਾ ਕੰਮ ਸਰਕਾਰੀ ਸ਼ਹਿ 'ਤੇ ਨਿਰੰਤਰ ਚੱਲ ਰਿਹਾ ਹੈ। ਭਾਰਤ ਵਿਚ ਲਗਾਏ ਜਾਣ ਸਾਈਲੋ ਦੀ ਲੰਬੀ ਲਿਸਟ ਹੈ, ਪਰ ਜਗ੍ਹਾ ਦੇ ਸੰਕੋਚ ਕਰਕੇ ਇਥੇ ਸਿਰਫ਼ ਪੰਜਾਬ ਵਿਚ ਲਗਾਏ ਜਾਣ ਵਾਲ਼ੇ ਸਾਈਲੋ ਦੀ ਜਾਣਕਾਰੀ ਦਿਤੀ ਜਾ ਰਹੀ ਹੈ:

ਫੇਜ 1 ਵਿਚ ਪੰਜਾਬ ਦੀਆਂ ਸਾਈਲੋ ਵਾਲੀਆਂ ਜਗ੍ਹਾ

- ਵੀ.ਜੀ.ਐਫ. ਵਿਧੀ ਰਾਹੀਂ (ਪ.ਸ.ਵ.ਕ.): ਕਿਲ੍ਹਾ ਰਾਇਪੁਰ = 50,000 ਮ.ਟ.
- ਕੇਂਦਰੀ ਵੇਅਰਹਾਊਸਿੰਗ ਕਾਰਪੋਰੇਸ਼ਨ: ਨਾਭਾ = 50,000 ਮ.ਟ.
- ਵੀ.ਜੀ.ਐਫ. ਵਿਧੀ ਰਾਹੀਂ ਐਫ ਸੀ ਆਈ ਗੁਦਾਮਾਂ ਵਿਚ: ਸਾਹਨੇਵਾਲ = 50,000 ਮ.ਟ., ਕੋਟਕਪੂਰਾ =25,000 ਮ.ਟ.
- ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ (ਪ.ਸ.ਵ.ਸੀ.): ਨੂਰਮਹਿਲ, ਛੇਹਰਟਾ, ਭੁਲੱਥ, ਮਾਛੀਵਾੜਾ, ਮੁੱਲਾਂਪੁਰ, ਸਰਹੰਦ, ਸੰਗਰੂਰ, ਬਠਿੰਡਾ, ਜਲਾਲਾਬਾਦ, ਕਰਤਾਰਪੁਰ, ਫਗਵਾੜਾ, ਬਲਾਚੌਰ = 25, 000 ਮ.ਟ. (ਪ੍ਰਤੀ ਮੰਡੀ); ਚਵਾ ਪਾਇਲ, ਪਾਤੜਾਂ =37,500 ਮ.ਟ. (ਪ੍ਰਤੀ ਮੰਡੀ); ਅਜਨਾਲਾ, ਬੰਗਾ, ਅਜੀਤਵਾਲ, ਰੂਪਨਗਰ, ਧਰਮਕੋਟ, ਮਖੂ = 50,000 ਮ.ਟ. (ਪ੍ਰਤੀ ਮੰਡੀ)
- ਪੰਨਗਰੇਨ: ਖੰਨਾ, ਮਲੇਰਕੋਟਲਾ, ਅਹਿਮਦਗੜ੍ਹ, ਧੂਰੀ, ਬਰਨਾਲਾ, ਪਟਿਆਲਾ, ਨਾਭਾ, ਸੂਨਾਮ, ਜਗਰਾਵਾਂ, ਰਾਮਪੁਰਾਫੂਲ = 50,000 ਮ.ਟ. (ਪ੍ਰਤੀ ਮੰਡੀ)
- ਨਾਨ– ਵਾਇਬਿਲਿਟੀ ਗੈਪ ਫੰਡਿੰਗ (ਵੀ.ਜੀ.ਐਫ.) ਵਿਧੀ ਰਾਹੀਂ: ਬਰਨਾਲਾ, ਛੇਹਰਟਾ, ਪਟਿਆਲਾ, ਜਲਾਲਾਬਾਦ, ਸੰਗਰੂਰ, ਧੂਰੀ, ਬਟਾਲਾ=50,000 ਮ.ਟ. (ਪ੍ਰਤੀ ਮੰਡੀ)
- ਫੇਜ 2 ਵਿਚ ਪੰਜਾਬ ਦੀਆਂ ਸਾਈਲੋ ਵਾਲੀਆਂ ਜਗ੍ਹਾ
- ਇਸ ਫ਼ੇਜ਼ ਅਧੀਨ 7 ਲ.ਮ.ਟ. ਸਮੱਰਥਾ ਨੂੰ ਪੀ ਈ ਜੀ ਤੋਂ ਸਾਈਲੋ ਵਿਚ ਤਬਦੀਲ ਕਰਨ ਦਾ ਪ੍ਰਸਟਾਵ ਹੈ । ਪੀ ਈ ਜੀ ਦੀ ਅਣ–ਇਨਾਮੇ ਸਮੱਰਥਾ ਨਾਨ– ਪੀ ਈ ਜੀ ਵਿਧੀ ਰਾਹੀਂ 50,000 ਮ.ਟ. ਵਾਲ਼ੇ ਸਾਈਲੋ ਹੇਠ ਲਿਖੀਆਂ ਜਗਾਹਾਂ 'ਤੇ ਉਸਾਰਨ ਵਿਚ ਸ਼ਾਮਲ ਕਰ ਦਿਤੀ ਜਾਵੇਗੀ: ਰੋਪੜ, ਸਰਹਿੰਦ, ਫਰੀਦਕੋਟ, ਕਿਲ੍ਹਾ ਰਾਏਪੁਰ, ਰਾਜਪੁਰਾ, ਬਟਾਲਾ, ਬੰਗਾ, ਫਗਵਾੜਾ, ਜਗਰਾਵਾਂ, ਮੋਗਾ, ਬਰਨਾਲਾ, ਧੂਰੀ, ਸੰਗਰੂਰ, ਸੁਨਾਮ = 50,000 ਮ.ਟ. (ਪ੍ਰਤੀ ਮੰਡੀ)
- ਇਸ ਫੇਜ ਵਿਚ ਕੇਂਦਰੀ ਵੇਅਰਹਾਊਸਿੰਗ ਕਾਰਪੋਰੇਸ਼ਨ ਦੁਆਰਾ 1.5 ਲ.ਮ.ਟ. ਸਮੱਰਥਾ ਵਾਲੇ ਨਾਭਾ ਵਿਖੇ ਸਾਈਲੋ।
- ਨੇਮਾਂ ਤਹਿਤ ਜਿਹੜੇ ਸਾਈਲੋ ਪੀ ਈ ਜੀ ਸਕੀਮ ਤੋਂ ਬਚ ਗਏ ਹਨ, ਉਹਨਾ ਦੇ ਲਗਾਉਣ ਦੀ ਜਗਾਹ ਦਾ ਫ਼ੈਸਲਾ ਐੱਸ ਐੱਲ ਸੀ ਜਾਂ ਐੱਚ ਐੱਲ ਸੀ ਦੁਆਰਾ ਕੀਤਾ ਜਾਵੇਗਾ ।
- ਫੇਜ 3 ਵਿਚ ਪੰਜਾਬ ਦੀਆਂ ਸਾਈਲੋ ਵਾਲੀਆਂ ਜਗ੍ਹਾ
- ਕਣਕ ਦੇ ਸਾਈਲੋ ਲਗਾਉਣ ਦੀ ਯੋਜਨਾ: ਭਗਤਾਂਵਾਲਾ ਮਾਨਸਾ, ਬੁਢਲਾਡਾ, ਭੁੱਚੋ, ਗਿੱਦੜਬਾਹਾ, ਅਜੀਤਵਾਲ, ਅਬੋਹਰ, ਫਰੀਦਕੋਟ, ਖੰਨਾ = 50,000 ਮ.ਟ. (ਪ੍ਰਤੀ ਮੰਡੀ); ਮੁਕਤਸਰ = 1,00,000 ਮ.ਟ.

ਅਡਾਨੀਆਂ ਦਾ ਤੰਦੂਆ–ਜਾਲ਼: ਸਾਈਲੋ ਦਾ ਸਾਰਾ ਉਪਰੇਸ਼ਨ ਮਕੈਨੀਕਲ ਹੋਣ ਕਰਕੇ ਅਨਾਜ ਦੀ ਭਰੀ ਟਰਾਲੀ ਸਿੱਧੀ ਅਡਾਨੀ ਦੀ ਸਾਈਲੋ ਵਿਚ ਚਲੀ ਜਾਂਦੀ ਹੈ। ਇਸ ਦੀ ਸਿੱਲ੍ਹ, ਕੁਆਲਿਟੀ, ਲੁਹਾਈ, ਛਟਾਈ, ਸੁਕਾਈ, ਭਰਾਈ ਅਤੇ ਸਾਈਲੋ ਵਿਚ ਭੰਡਾਰਣ ਦੇ ਕੰਮ ਵਿਚ ਲੇਬਰ ਦੀ ਕੋਈ ਲੋੜ ਨਹੀਂ ਪੈਂਦੀ, ਕਿਉਂਕਿ ਸਾਰੇ ਕੰਮ ਦਾ ਕੰਪਿਊਟਰ ਰਾਹੀਂ ਮਸ਼ੀਨੀਕਰਨ ਹੋਇਆ ਹੈ। ਅਡਾਨੀ ਦੇ ਇਹ ਸਾਈਲੋ ਰੇਲਵੇ ਲਾਈਨਾ ਰਾਹੀਂ ਅਡਾਨੀ ਦੀ ਗੁਜਰਾਤ ਵਿਚਲੀ ਮੁੰਦਰਾ ਬੰਦਰਗਾਹ ਅਤੇ ਵਿਸ਼ੇਸ਼ ਆਰਿਥਕ ਖੇਤਰ ਅਤੇ ਆਂਧਰਾ ਪਰਦੇਸ਼ ਵਿਚਲੇ ਕ੍ਰਿਸ਼ਨਾਪਟਨਮ ਬੰਦਰਗਾਹਾਂ ਨਾਲ਼ ਜੋੜੇ ਗਏ ਹਨ। ਜਿਥੇ ਕਿਤੇ ਵੀ ਕੇਂਦਰੀ ਰੇਲਵੇ ਦੀ ਲਾਈਨ ਮੌਜੂਦ ਨਹੀਂ ਸੀ, ਉਥੇ ਅਡਾਨੀਆਂ ਨੇ ਆਪਣੀ ਪ੍ਰਾਈਵੇਟ ਲਾਈਨ ਵਿਛਾ ਲਈ ਹੈ। ਇਸ ਤਰ੍ਹਾਂ ਅਡਾਨੀਆਂ ਕੋਲ਼ ਭਾਰਤ ਦੀ ਸਭ ਤੋਂ ਲੰਬੀ ਪ੍ਰਾਈਵੇਟ 300 ਕਿਲੋਮੀਟਰ ਰੇਲਵੇ ਲਾਈਨ ਹੈ, ਜਿਸ ਰਾਹੀਂ ਖੇਤੀ ਉਪਜ ਅਤੇ ਮਾਲ ਅਸਬਾਬ ਦੀਆਂ ਖੁਸ਼ਕ ਬੰਦਰਗਾਹਾਂ ਅਤੇ ਖਾਣਾਂ ਨੂੰ ਬੰਦਰਗਾਹਾਂ ਨਾਲ਼ ਜੋੜਿਆ ਗਿਆ ਹੈ।

ਤਕਰੀਬਨ ਸੌ ਸਾਲ ਪਹਿਲਾਂ ਬ੍ਰਿਟਿਸ਼ ਰਾਜ–ਕਾਲ ਦੌਰਾਨ ਭਾਰਤ ਤੋਂ ਕੱਚੇ ਮਾਲ ਅਤੇ ਇਸ ਤੋਂ ਇੰਗਲੈਂਡ ਵਿਚ ਤਿਆਰ ਕੀਤੀਆਂ ਖੱਪਤ ਵਸਤਾਂ ਨੂੰ ਭਾਰਤ ਵਿਚ ਲਿਆ ਕੇ ਕਈ ਗੁਣਾ ਵੱਧ ਕੀਮਤ 'ਤੇ ਵੇਚਣ ਲਈ ਭਾਰਤ ਵਿਚ ਆਵਾਜਾਈ ਅਤੇ ਢੋਆ–ਢੁਆਈ ਲਈ ਜਰਨੈਲੀ ਸੜਕਾਂ ਅਤੇ ਰੇਲਾਂ ਦਾ ਜਾਲ਼ ਵਿਛਾਇਆ ਅਤੇ ਉਸ ਨੂੰ ਬੰਬਈ, ਮਦਰਾਸ, ਕਲਕੱਤਾ ਦੀਆਂ ਬੰਦਰਗਾਹਾਂ ਨਾਲ਼ ਜੋੜਿਆ। ਬ੍ਰਿਟਿਸ਼ ਦੀਆਂ ਲੀਹਾਂ 'ਤੇ ਮੋਦੀ ਰਾਜ ਵਿਚ ਅਡਾਨੀ ਗਰੁੱਪ ਵੱਲੋਂ ਟਰਾਂਸਪੋਰਟੇਸ਼ਨ ਖੇਤਰ ਵਿਚ ਜੰਗੀ ਪੱਧਰ 'ਤੇ ਉਸਾਰੀ ਕੀਤੀ ਜਾ ਰਹੀ ਹੈ, ਨਵੇਂ ਟੋਲ–ਰੋਡ ਬਣਾਏ ਜਾ ਰਹੇ ਹਨ, ਪ੍ਰਾਈਵੇਟ ਰੇਲਵੇ ਲਾਈਨਾ, ਸਰਕਾਰੀ ਅਤੇ ਪ੍ਰਾਈਵੇਟ ਏਅਰਪੋਰਟ ਤੇ ਬੰਦਰਗਾਹਾਂ, ਬਣਾਈਆਂ ਜਾਂ ਮੌਜੂਦਾ ਵਿਵਸਥਾ ਨੂੰ ਵਧਾਇਆ ਜਾ ਰਿਹਾ ਹੈ।

ਇਕੱਲੇ ਅਡਾਨੀ ਗਰੁੱਪ ਕੋਲ਼ ਭਾਰਤ ਦੀ ਸਭ ਤੋਂ ਵੱਡੀ ਪ੍ਰਾਈਵੇਟ ਤਿਜਾਰਤੀ ਬੰਦਰਗਾਹ ਮੁੰਦਰਾ ਹੈ, ਜਿਸ ਵਿਚ 139 ਮਿਲੀਅਨ ਮ.ਟ. ਦੀ ਭੰਡਾਰਣ–ਸਮੱਰਥਾ ਅਤੇ 3.48 ਮਿਲੀਅਨ ਕਾਰਗੋ–ਕੰਨਟੇਨਰ ਸਲਾਨਾ ਦੀ ਸਮੱਰਥਾ ਵਾਲੀ ਕਣਕ, ਚੌਲ, ਚੀਨੀ, ਖਾਦ ਅਤੇ ਖਾਦ ਲਈ ਲੋੜੀਂਦਾ ਕੱਚਾ ਮਾਲ, ਖ਼ਲ਼ ਆਦਿ ਦੇ 21 ਬੰਦ ਕਰਕੇ ਸੁਰੱਖ਼ਿਅਤ ਕੀਤੇ ਜਾ ਸਕਣ ਵਾਲ਼ੇ ਵੇਅਰਹਾਊਸ ਮੌਜੂਦ ਹਨ। 1200 ਮ.ਟ. ਰੋਜ਼ਾਨਾ ਕਣਕ ਦੀ ਸਫ਼ਾਈ ਲਈ, ਅਤੇ 500 ਮ.ਟ. ਰੋਜ਼ਾਨਾ ਚੌਲ ਦੀ ਚੁਣਾਈ ਤੇ ਦਰਜਾਬੰਦੀ ਦੀ ਸਮੱਰਥਾ ਉਪਲਬਧ ਹੈ। ਮੰਦਰਾ ਬੰਦਰਗਾਹ ਨੂੰ 76 ਕਿਲੋਮੀਟਰ ਲੰਬੀ ਪ੍ਰਾਈਵੇਟ ਰੇਲਵੇ ਲਾਈਨ ਵਿਛਾ ਕੇ ਆਦੀਪੁਰ ਵਿਖ਼ੇ ਇੰਡੀਅਨ ਰੇਲਵੇ ਨਾਲ਼ ਜੋੜਿਆ ਗਿਆ ਹੈ। ਮੁੰਦਰਾ ਨੂੰ ਨੈਸ਼ਨਲ ਹਾਈਵੇ ਨੈੱਟਵਰਕ ਨਾਲ਼ ਜੋੜਿਆ ਗਿਆ ਹੈ। ਹੁਣੇ ਹੀ ਦੇਸ਼ ਦੀ ਦੂਜੇ ਨੰਬਰ ਦੀ ਪ੍ਰਾਈਵੇਟ ਤਿਜਾਰਤੀ ਬੰਦਰਗਾਹ, ਆਂਧਰਾ ਪਰਦੇਸ਼ ਦੇ ਦੇਖਣ ਵਿਚ ਸਥਿੱਤ, 5 ਕਰੋੜ 40 ਲੱਖ ਮੈਟਰਿਕ ਟੰਨ ਸਮੱਰਥਾ ਅਤੇ 12,000 ਕਰੋੜ ਰੁਪਏ ਦੀ, ਕ੍ਰਿਸ਼ਨਾਪਟਨਮ ਦੀ ਬਹੁ–ਅਸਬਾਬ (ਮਲਟੀ–ਕਾਰਗੋ) ਸੁਵਿਧਾ ਵਾਲ਼ੀ ਬੰਦਰਗਾਹ ਅਡਾਨੀਆਂ ਦੇ ਪੋਰਟਫੋਲੀਓ ਵਿਚ ਜੁੜ ਗਈ ਹੈ, ਜਿਸ ਨਾਲ਼ 2025 ਤੱਕ 500 ਮਿਲੀਅਨ ਮ.ਟ. ਸਲਾਨਾ ਅਨਾਜ–ਭੰਡਾਰਣ ਦੀ ਸਮੱਰਥਾ ਅਡਾਨੀਆਂ ਕੋਲ਼ ਮੌਜੂਦ ਰਹੇਗੀ। ਕੰਪਨੀ ਭਾਰਤ ਭਰ ਦੇ ਛੇ ਰਾਜਾਂ ਵਿਚ 10 ਬੰਦਰਗਾਹਾਂ (14 ਟਰਮੀਨਲ, ਸਮੁੰਦਰੀ ਜ਼ਹਾਜ਼ਾਂ ਦੇ ਬੰਦਰਗਾਹ 'ਤੇ ਲੰਗਰ ਸੁੱਟ ਕੇ ਖੜ੍ਹੇ ਕਰਨ ਦੇ 45 ਟਿਕਾਣੇ ਸਮੇਤ) ਦਾ ਕਾਰੋਬਾਰ ਚਲਾ ਰਹੀ ਹੈ: ਗੁਜਰਾਤ: ਮੁੰਦਰਾ, ਹਾਜ਼ੀਰਾ, ਦਹੇਜ, ਟਿਊਨਾ (ਟਰਮੀਨਲ); ਗੋਆ: ਮੌਰਮੁਗਾਉ ਪੋਰਟ ਟਰੱਸਟ (ਟਰਮੀਨਲ); ਆਂਧਰਾ ਪਰਦੇਸ਼: ਵਿਜ਼ਾਗ (ਟਰਮੀਨਲ); ਤਾਮਿਲ ਨਾਡੂ: ਕੱਟੂਪਲੀ, ਇਨਮੋਰ (ਟਰਮੀਨਲ); ਉੜੀਸਾ: ਧਾਮਰਾ; ਕੇਰਲਾ: ਵਿਜ਼ੀਨਜਮ, ਤ੍ਰੀਵੈਂਦਰਮ (ਵਿਸ਼ਾਲ ਬੰਦਰਗਾਹ)। ਇਸ ਤੋਂ ਇਲਾਵਾ ਅਡਾਨੀ ਲੌਜਿਸਟਿਕਸ ਲਿਮਿਟਿਡ ਤਿੰਨ ਖੁਸ਼ਕ ਬੰਦਰਗਾਹਾਂ ਦਾ ਕਾਰੋਬਾਰ ਵੀ ਚਲਾ ਰਹੀ ਹੈ : ਪੰਜਾਬ: ਕਿਲ੍ਹਾ ਰਾਏਪੁਰ; ਰਾਜਸਥਾਨ: ਕਿਸ਼ਨਗੜ੍ਹ; ਹਰਿਆਣਾ: ਪਾਟਲੀ

ਬੰਦਰਗਾਹਾਂ ਅਤੇ ਰੇਲਵੇ ਦੇ ਨਾਲ਼ ਨਾਲ਼ ਕੰਪਨੀ ਹਾਈਵੇ ਅਤੇ ਹਵਾਈ ਖੇਤਰਾਂ ਵਿਚ ਵੀ ਤੇਜ਼ੀ ਨਾਲ਼ ਪੈਰ ਪਸਾਰ ਰਹੀ ਹੈ। ਪੰਜਾਬ ਵਿਚ ਅਡਾਨੀਆਂ ਵੱਲੋਂ ਟੋਲ ਨੈਸ਼ਨਲ ਹਾਈਵੇ ਧੜਾ–ਧੜ ਬਣਾਏ ਜਾ ਰਹੇ ਹਨ । ਪੰਜਾਬ ਵਿਚ 4 ਤੋਂ 6 ਲੇਨ ਵਾਲ਼ੇ 24 ਨੈਸ਼ਨਲ ਹਾਈਵੇ ਦਾ ਜੋ ਤਾਣਾਬਾਣਾ ਵਿਛਿਆ ਹੋਇਆ ਹੈ, ਉਸ ਦੀ ਪੰਜਾਬ ਵਿਚਲੀ ਲੰਬਾਈ 2769 ਕਿਲੋਮੀਟਰ ਹੈ । ਪੰਜਾਬ ਵਿਚਲੇ ਇਹ ਟੋਲ ਹਾਈਵੇ ਦੇਸ਼ ਦੇ ਬਾਕੀ ਹਾਈਵੇ ਨੈੱਟਵਰਕ ਨਾਲ਼ ਜੋੜੇ ਗਏ ਹਨ।

ਏ ਪੀ ਐੱਮ ਸੀ ਦਾ ਖ਼ਾਤਮਾ ਭਾਰਤ–ਭਰ ਵਿਚ 2477 ਵੱਡੀਆਂ ਨਿਯਮਤ ਏ ਪੀ ਐੱਮ ਸੀ ਮੰਡੀਆਂ ਅਤੇ ਇਹਨਾਂ ਦੁਆਰਾ ਨਿਯਮਤ 4843 ਛੋਟੇ ਮੰਡੀ ਅਹਾਤੇ ਹਨ । ਪੰਜਾਬ ਭਰ ਵਿਚ 152 ਵੱਡੀਆਂ ਅਨਾਜ ਮੰਡੀਆਂ ਸਮੇਤ 1858 ਦੇ ਕਰੀਬ ਖ਼ਰੀਦ– ਕੇਂਦਰ ਹਨ, ਜਿਹਨਾ ਵਿਚ 28000 ਦੇ ਕਰੀਬ ਮਨਜ਼ੂਰ–ਸ਼ੁਦਾ ਆੜ੍ਹਤੀਏ, ਸਹਾਇਕ ਲੇਖਾਕਾਰ ਅਤੇ 2–3 ਲੱਖ ਮਜ਼ਦੂਰ ਕੰਮ ਕਰਦੇ ਹਨ। ਇਹ ਸਾਰੇ ਤਕਰੀਬਨ 2 ਮਿਲੀਅਨ ਕਿਸਾਨਾਂ ਦੀ ਮੰਡੀਆਂ ਵਿਚ ਫ਼ਸਲ ਵਸੂਲੀ ਦਾ ਕੰਮ ਕਰਦੇ ਹਨ । ਇਸੇ ਤਰ੍ਹਾਂ ਹਰਿਆਣੇ ਵਿਚ 400 ਮੰਡੀਆਂ ਹਨ ਅਤੇ 22000 ਆੜਤੀਏ । ਏ ਪੀ ਐੱਮ ਸੀ ਮੰਡੀਆਂ ਤੋਂ ਐੱਫ਼ ਸੀ ਆਈ ਅਨਾਜ ਖ਼ਰੀਦਦੀ ਹੈ। ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹੂਲਤ) ਆਰਡੀਨੈਂਸ 2020 ਤਹਿਤ ਕੇਂਦਰ ਸਰਕਾਰ ਨੇ ਏ ਪੀ ਐੱਮ ਸੀ ਮੰਡੀ ਵਿੱਚ ਖੇਤੀਬਾੜੀ ਉਪਜ ਨੂੰ ਵੇਚਣ ਦੀ ਸ਼ਰਤ ਨੂੰ ਹਟਾ ਦਿੱਤਾ ਹੈ। ਇਸਦਾ ਅਰਥ ਹੈ ਕਿ ਏ ਪੀ ਐੱਮ ਸੀ ਮਾਰਕੀਟ ਪ੍ਰਣਾਲੀ ਹੌਲੀ ਹੌਲੀ ਖਤਮ ਹੋ ਜਾਵੇਗੀ । ਆਉਂਦੇ ਸਾਲਾਂ ਵਿੱਚ ਜਦ ਖੇਤੀ ਉਪਜ ਦੀਆਂ ਟਰਾਲੀਆਂ ਸਿੱਧੀਆਂ ਅਡਾਨੀਆਂ ਦੇ ਸਾਈਲੋ ਵਿਚ ਚਲੀਆਂ ਜਾਣਗੀਆਂ ਤਾਂ ਏ ਪੀ ਐੱਮ ਸੀ ਅਤੇ FCI ਦਾ ਭੋਗ ਪੈ ਜਾਵੇਗਾ, ਅਤੇ ਕਿਸਾਨਾ ਦੇ ਸ਼ੋਸ਼ਨ ਸਮੇਤ ਲੱਖਾਂ ਮਜ਼ਦੂਰ, ਆੜਤੀਏ ਵੀ ਕੰਮ ਤੋਂ ਹੱਥ ਧੋ ਬੈਠਣਗੇ।



ਜਰਨੈਲ ਸਿੰਘ ਅਚਰਵਾਲ
905-499-4766
647-809-6181

# ਕਿਸਾਨ ਘੋਲ ਦਾ ਹੀਰੋ
# .ਗਦਰੀ ਬਾਬਾ ਰੂੜ ਸਿੰਘ ਚੂਹੜਚੱਕ

ਬਾਬਾ ਰੂੜ ਸਿੰਘ ਦਾ ਜਨਮ ਜ਼ਿਲ੍ਹਾ ਫਿਰੋਜ਼ਪੁਰ ਹੁਣ ਜ਼ਿਲ੍ਹਾ ਮੋਗਾ ਦੇ ਪਿੰਡ ਚੂਹੜਚੱਕ ਸ. ਅੱਤਰ ਸਿੰਘ ਦੇ ਘਰ 1879 ਵਿਚ ਹੋਇਆ। ਇਹ ਮਾਤਾ ਕਾਹਨ ਕੌਰ ਦੇ ਤਿੰਨਾਂ ਪੁੱਤਰਾਂ ਵਿਚੋਂ ਇਕ ਸਨ ਜੋ ਆਪਣਾ ਨਾਮ ਵੀ ਅਮਰ ਕਰ ਗਏ ਤੇ ਮਾਤਾ ਪਿਤਾ ਦਾ ਨਾਂਅ ਵੀ ਅਮਿਟ ਲਿਖਵਾ ਗਏ। ਹਾਲਾਤਾਂ ਦੀ ਮਜ਼ਬੂਰੀ ਕਾਰਨ ਗਦਰੀ ਬਾਬੇ ਬਹੁਤੀ ਗਿਣਤੀ ਵਿਚ ਅਨਪੜ੍ਹ ਸਨ ਪਰ ਬਾਬਾ ਰੂੜ ਸਿੰਘ ਦੀ ਗਿਣਤੀ ਪੜ੍ਹਿਆਂ ਲਿਖਿਆਂ ਵਿਚ ਸੀ। ਇਨ੍ਹਾਂ ਮੈਟ੍ਰਿਕ ਦੀ ਪੜ੍ਹਾਈ ਜਗਰਾਓਂ ਤੋਂ ਪ੍ਰਾਪਤ ਕਰਕੇ ਅਗਲੀ ਪੜ੍ਹਾਈ ਐਫ.ਸੀ. ਕਾਲਜ ਲਾਹੌਰ ਚਾਲੂ ਕਰ ਲਈ। ਕਾਲਜ ਦੀ ਪੜ੍ਹਾਈ ਦੌਰਾਨ ਹੀ 1898 ਨੂੰ ਆਸਟ੍ਰੇਲੀਆ ਚਲੇ ਗਏ। ਕੁਝ ਸਾਲ ਉਥੇ ਰਹੇ ਤੇ ਚੰਗੀ ਕਮਾਈ ਕਰਕੇ ਵਾਪਸ ਪਿੰਡ ਪਰਤ ਆਏ। ਬਾਬਾ ਜੀ ਕਮਾਈ ਤਾਂ ਸੋਹਣੀ ਕਰ ਲਿਆਏ ਪਰ ਪਿੰਡ ਆ ਕੇ ਉਪਜੀਵਕਾ ਲਈ ਕੋਈ ਹੋਰ ਕੰਮ ਵੀ ਨਾ ਕਰ ਸਕੇ, ਇਸ ਲਈ ਫੇਰ ਅਮਰੀਕਾ ਨੂੰ ਚਾਲੇ ਪਾ ਦਿੱਤੇ।

ਅਮਰੀਕਾ ਗਏ ਹਿੰਦੀਆਂ ਵਿਚ ਇਕ ਨਵਾਂ ਅਹਿਸਾਸ ਪੈਦਾ ਹੋਣ ਲੱਗਿਐ, ਜਦ ਉਹ ਨਵੇਂ ਅਜ਼ਾਦ ਹੋਏ ਦੇਸ਼ ਅਮਰੀਕਾ ਦੇ ਲੋਕਾਂ ਦਾ ਜੀਵਨ ਵੇਖਦੇ। ਜਦ ਇਹ ਆਪਣੇ ਜੀਵਨ ਦੀ ਤੁਲਨਾ ਉਨ੍ਹਾਂ ਲੋਕਾਂ ਨਾਲ ਕਰਦੇ ਤਾਂ ਇਨ੍ਹਾਂ ਅੰਦਰ ਭਾਵਹੀਣਤਾ ਆਉਣ ਲੱਗਦੀ ਤੇ ਬਹੁਤੀ ਹੀਣਤਾ ਉਦੋਂ ਹੁੰਦੀ ਜਦ ਇਨ੍ਹਾਂ ਦੇ ਕੰਨਾਂ ਵਿਚ ਥਾਂ-ਥਾਂ ਤੋਂ ਗੁਲਾਮੀ ਦੀਆਂ ਲਾਹਨਤਾਂ ਮਿਲਦੀਆਂ। ਗੁਲਾਮੀ ਦੀਆਂ ਮਿਲੀਆਂ ਲਾਹਨਤਾਂ ਨੇ ਹਿੰਦੀਆਂ ਦੀ ਆਤਮਾ ਨੂੰ ਵਲੂੰਦਰ ਦਿੱਤਾ। ਮਨਾਂ ਅੰਦਰ ਮਾਤ-ਭੂਮੀ ਦੀ ਜਕੜ ਤੋੜਨ ਦੇ ਸੁਪਨੇ ਆਉਣ ਲੱਗੇ।

ਇਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ 1913 ਨੂੰ ਅਮਰੀਕਾ ਵਿਚ ਬਾਨਣੂੰ ਬੱਝ ਗਿਆ। ਦੇਸ਼ ਭਗਤੀ ਦੇ ਪ੍ਰਚਾਰ ਲਈ ਕੱਢੇ ਪਰਚੇ 'ਗ਼ਦਰ' ਦੇ ਨਾਂਅ 'ਤੇ ਹੀ ਗ਼ਦਰ ਪਾਰਟੀ ਉਜਾਗਰ ਹੋ ਗਈ। ਬਾਬਾ ਰੂੜ ਸਿੰਘ ਉਸ ਸਮੇਂ ਕੈਲੇਫੋਰਨੀਆ ਤੇ ਕੈਲੇਫੋਰੀਆਂ ਦੇ ਹਿੰਦੀਆਂ ਦਾ ਗ਼ਦਰ ਪਾਰਟੀ ਬਣਾਉਣ ਵਿਚ ਖਾਸ ਹੱਥ ਸੀ। ਬਾਬਾ ਰੂੜ ਸਿੰਘ ਉਨ੍ਹਾਂ ਮੁਢਲੇ ਗ਼ਦਰੀਆਂ ਵਿਚੋਂ ਜਿਨ੍ਹਾਂ ਨਾਵਾਂ ਵਿਚ ਬਾਬਾ ਸੋਹਣ ਸਿੰਘ ਭਕਨਾ, ਪੰਡਿਤ ਜਗਤ ਰਾਮ, ਬਾਬਾ ਅਬਦੁੱਲਾ ਜਗਰਾਓਂ, ਨਿਧਾਨ ਸਿੰਘ ਚੁੱਘਾ, ਕਰਮ ਸਿੰਘ ਚੀਮਾ, ਜੀ.ਡੀ. ਕੁਮਾਰ, ਪੰਡਿਤ ਕਾਂਸ਼ੀ ਰਾਮ, ਕਰਤਾਰ ਸਿੰਘ ਸਰਾਭਾ, ਕਰਤਾਰ ਸਿੰਘ ਦੁੱਕੀ, ਰੁਲੀਆ ਸਿੰਘ ਸਰਾਭਾ ਆਦਿ ਦੇ ਨਾਂਅ ਸਨ।

'ਗ਼ਦਰ' ਪਰਚਾ ਜਾਦੂ ਦਾ ਕੰਮ ਕਰਨ ਲੱਗਿਆ। ਜਿਥੇ ਵੀ ਪਹੁੰਚਦਾ ਹਿੰਦੀ ਥੜਾ ਥੜ ਆਪ ਮੁਹਾਰੇ ਗਦਰ ਪਾਰਟੀ ਦੀ ਇਕਾਈ ਬਣਾ ਲੈਂਦੇ, ਸੁਨੇਹਿਆਂ ਉਪਰ ਹੀ ਦੇਸ਼ ਤੋਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹੋਣ ਲੱਗੇ। ਇਹ ਤਿਆਰੀਆਂ ਚਲ ਹੀ ਰਹੀਆਂ ਸਨ ਕਿ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ। ਗ਼ਦਰ ਪਾਰਟੀ ਲਈ ਇਹ ਸੁਨਹਿਰੀ ਮੌਕਾ ਸੀ, ਅੰਗਰੇਜ਼ ਦੁਸ਼ਮਣ ਦੇ ਸਿਰ 'ਤੇ ਵਾਰ ਕਰਨ ਦਾ। ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਦੇਸ਼ ਨੂੰ ਧਾਈਆਂ ਪਾਈਆਂ ਜਾਣ। ਦੇਸ਼ ਪਹੁੰਚ ਕੇ ਜੰਗ ਦਾ ਡੱਗਾ ਲਾ ਦਿੱਤਾ।

ਬਸ ਸ਼ਮ੍ਹਾਂ ਜਗਾਉਣ ਦੀ ਲੋੜ ਸੀ, ਪਤੰਗੇ ਇਕ-ਦੂਜੇ ਤੋਂ ਅੱਗੇ ਹੋ ਕੇ ਡਿੱਗਣ ਲੱਗੇ। ਗ਼ਦਰੀ ਬਾਬੇ ਜਾਂਞੀਆਂ ਵਾਂਗ ਚਾਵ੍ਹਾਂ ਮੁਲਾਰਾਂ ਨਾਲ ਤਿਆਰ ਹੋ, ਸਿਰ ਤਲੀ 'ਤੇ ਰੱਖ ਆਪਣੇ ਦੇਸ਼ ਨੂੰ ਨਿਕਲ ਤੁਰੇ। ਜਿਹੜੇ ਗ਼ਦਰੀ ਬਾਬੇ ਮਰਦਾਸ ਰਾਹੀਂ ਹਿੰਦ ਨੂੰ ਆਏ ਉਹ ਦੇਸ਼ ਪਹੁੰਚਣ ਵਿਚ ਸਫ਼ਲ ਹੋ ਗਏ, ਪਰ ਜਿਨ੍ਹਾਂ ਗ਼ਦਰੀ ਬਾਬਿਆਂ ਨੇ ਕਲਕੱਤਾ ਬੰਦਰਗਾਹ ਰਾਹੀਂ ਹਿੰਦ ਨੂੰ ਪਹੁੰਚਣ ਦਾ ਯਤਨ ਕੀਤਾ ਉਹ ਸੀ.ਆਈ.ਡੀ. ਦੀ ਲਪੇਟ ਵਿਚ ਆ ਗਏ।

ਬਾਬਾ ਰੂੜ ਸਿੰਘ 'ਤੋਸ਼ਾਮਾਰੂ' ਜਹਾਜ਼ ਰਾਹੀਂ ਕਲਕੱਤੇ ਪਹੁੰਚੇ ਸਨ। ਇਥੇ ਪਹੁੰਚਦਿਆਂ ਸਭ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਉਸ ਸਮੇਂ ਦੇ ਗਵਰਨਰ ਸਰ ਮਾਈਕਲ ਅਡਵਾਇਰ ਦੀ ਆਪਣੀ ਲਿਖਤ ਅਨੁਸਾਰ 8000 ਪੰਜਾਬੀ ਵਿਦੇਸ਼ਾਂ 'ਚੋਂ ਆਏ ਜਿਨ੍ਹਾਂ ਦਾ ਮਨੋਰਥ ਰਾਜ ਪਲਟਾਉਣਾ ਸੀ। ਇਨ੍ਹਾਂ ਵਿਚੋਂ 400 ਨੂੰ ਕੈਦ ਕਰ ਲਿਆ, 2500 ਪਿੰਡਾਂ ਵਿਚ ਨਜ਼ਰਬੰਦ ਕੀਤੇ, ਅਨੇਕਾਂ ਬਚ ਕੇ ਨਿਕਲ ਗਏ ਤੇ ਜੋ ਸਜ਼ਾਖਤ ਸਮੇਂ ਸਾਧਾਰਣ ਜਾਮੇ ਛੱਡ ਦਿੱਤੇ ਗਏ ਜਿਨ੍ਹਾਂ ਵਿਚ ਬਾਬਾ ਰੂੜ ਸਿੰਘ ਜੀ ਵੀ ਸਨ। ਕੋਈ ਵੀ ਅਧਿਕਾਰੀ ਉਨ੍ਹਾਂ ਦੇ ਪਹਿਰਾਵੇ 'ਤੇ ਬੋਲ ਚਾਲ ਤੋਂ ਇਨਕਲਾਬੀ ਹੋਣ ਦਾ ਅੰਦਾਜ਼ਾ ਨਾ ਲਾ ਸਕਿਆ।

ਇਨਕਲਾਬੀਆਂ ਵਿਚ ਧੁਸੇ ਗਦਾਰ ਕਿਰਪਾਲ ਸਿੰਘ ਕਾਰਨ ਜਦ ਫੌਜੀ ਛਾਉਣੀਆਂ ਵਿਚ ਬਗਾਵਤ ਕਰਨ ਦਾ ਪ੍ਰੋਗਰਾਮ ਫੇਲ੍ਹ ਹੋ ਗਿਆ ਤਾਂ ਵੀ ਗ਼ਦਰੀ ਬਾਬਿਆਂ ਨੇ ਹਿੰਮਤ ਨਾ ਹਾਰੀ। 5 ਜੂਨ 1915 ਨੂੰ ਗ਼ਦਰੀਆਂ ਨੇ ਕਪੂਰਥਲੇ ਮੀਟਿੰਗ ਕੀਤੀ ਜਿਸ ਵਿਚ ਕਪੂਰਥਲੇ ਦਾ ਮੈਗਜ਼ੀਨ ਲੁੱਟ ਲਾਹੌਰ ਅਤੇ ਮੁਲਤਾਨ ਦੀਆਂ ਜੇਲ੍ਹਾਂ ਵਿਚੋਂ ਸਾਥੀਆਂ ਨੂੰ ਛੁਡਾਉਣ ਦਾ ਫੈਸਲਾ ਕੀਤਾ। ਇਸ ਤੋਂ ਪਹਿਲਾਂ ਹਥਿਆਰ ਲੈਣ ਲਈ ਅੰਮ੍ਰਿਤਸਰ ਦਾ ਵੱਲਾ ਪਿੰਡ ਦੇ ਰੇਲਵੇ ਲਾਈਨ ਦੇ ਪੁਲ ਦੀ ਪਿਕਟ ਉੱਤੇ ਹਮਲਾ ਕੀਤਾ ਗਿਆ। ਗਿਆਰਾਂ ਜੂਨ ਦੀ ਰਾਤ ਨੂੰ ਜਦ ਰੇਲਵੇ ਪੁਲ ਉਤੇ ਗੱਡੀ ਜਾਣ ਦਾ ਖੜਕਾ ਹੋ ਰਿਹਾ ਸੀ ਪਿਕਟ ਉਤੇ ਹਮਲਾ ਕਰ ਦਿੱਤਾ। ਸਿਪਾਹੀਆਂ ਨੂੰ ਮਾਰ ਕੇ ਹਥਿਆਰ ਲੁੱਟ ਲਏ ਗਏ। ਬਾਬਾ ਰੂੜ ਸਿੰਘ ਹਮਲੇ ਵਿਚ ਸ਼ਾਮਲ ਸੀ ਜੋ ਹਮਲੇ ਪਿਛੋਂ ਸਾਥੀ ਬਚਨ ਸਿੰਘ ਨਾਲ ਕਪੂਰਥਲੇ ਪਹੁੰਚੇ ਗਏ। ਨਾਲ ਦੇ ਦੂਸਰੇ ਸਾਥੀ ਕਪੂਰਥਲੇ ਨੂੰ ਹੋਰ ਰਸਤੇ ਤੁਰ ਪਏ ਜਿਨ੍ਹਾਂ ਮਗਰ ਪੁਲਿਸ ਲੱਗ ਗਈ। ਬਿਆਸ ਦਰਿਆ ਨੂੰ ਪਾਰ ਕਰਨ ਲਈ ਮਲਾਹ ਪਾਸੋਂ ਬੇੜੀ ਖੋਹਣ ਲਈ ਮਲਾਹ ਮਾਰਿਆ ਗਿਆ। ਅੱਗੇ ਜਾ ਕੇ ਪੰਜ ਇਨਕਲਾਬੀ ਫੜੇ ਗਏ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ।

ਵੱਲ ਪਿੰਡ ਦੀ ਘਟਨਾ ਤੋਂ ਦੂਸਰੇ ਦਿਨ 12 ਜੂਨ ਨੂੰ ਬਾਬਾ ਰੂੜ ਸਿੰਘ ਤੇ ਬਾਬਾ ਬਚਨ ਸਿੰਘ ਕਪੂਰਥਲੇ ਪਹੁੰਚ ਗਏ। ਜਿਥੇ ਪਹਿਲੇ ਪ੍ਰੋਗਰਾਮ ਅਨੁਸਾਰ ਮੈਗਜ਼ੀਨ 'ਤੇ ਹਮਲਾ ਕਰਨ ਲਈ ਹੋਰ ਸਾਥੀ ਵੀ ਮਿਲ ਗਏ। ਮਿਲ ਕੇ ਪਤਾ ਲੱਗਿਆ ਕਿ ਸਾਡੀ 5 ਜੂਨ ਨੂੰ ਹੋ ਚੁੱਕੀ ਮੀਟਿੰਗ ਦਾ ਸੀ.ਆਈ.ਡੀ. ਨੂੰ ਪਤਾ ਲੱਗ ਗਿਆ ਹੈ ਜਿਸ ਕਾਰਨ ਬੂਟਾਂ ਸਿੰਘ ਤੇ ਹੋਰ ਸਾਥੀ ਫੜੇ ਵੀ ਗਏ। ਇਸ ਲਈ ਮੈਗਜ਼ੀਨ 'ਤੇ ਹਮਲੇ ਦੀ ਸਕੀਮ ਰੱਦ ਕਰਕੇ ਚਲੇ ਗਏ। ਸੁਭਾਵਿਕ ਹੀ ਕੁਝ ਬੌਰੀਏ ਸ਼ਿਕਾਰ ਮਾਰਨ ਲਈ ਉਸੇ ਝੱਲ ਵਿਚ ਆ ਗਏ ਜਿਥੇ ਗ਼ਦਰੀਆਂ ਦੀ ਮੀਟਿੰਗ ਹੋਈ ਸੀ। ਬੌਰੀਆਂ ਨੇ ਪੈੜਾਂ ਵੇਖੀਆਂ



ਗ਼ਦਰੀ ਬਾਬਾ ਰੂੜ ਸਿੰਘ

ਤੇ ਸ਼ੱਕ ਹੋਣ 'ਤੇ ਪੁਲਿਸ ਨੂੰ ਨਾਲ ਲੈ ਕੇ ਉਨ੍ਹਾਂ ਪੈੜਾਂ ਦੇ ਮਗਰ ਲੱਗ ਤੁਰੇ। ਚਾਰ ਇਨਕਲਾਬੀਆਂ ਨੂੰ ਪਿੰਡ ਦੇ ਗੁਰਦੁਆਰੇ ਵਿਚੋਂ ਜਾ ਫੜਿਆ। ਫੜਿਆਂ ਵਿਚੋਂ ਬਚਨ ਸਿੰਘ ਵਾਅਦਾ ਮੁਆਫ਼ ਗਵਾਹ ਬਣ ਗਿਆ ਤੇ ਸਭ ਕੁਝ ਦੱਸ ਦਿੱਤਾ।

ਗੁਰਚਰਨ ਸਿੰਘ ਸਹਿਸਰਾ ਦੀ ਲਿਖਤ ਅਨੁਸਾਰ ਬਾਬਾ ਰੂੜ ਸਿੰਘ ਨੂੰ ਜਗਰਾਉਂ-ਰਾਏਕੋਟ ਰੋਡ ਉਪਰ ਕਮਾਲਪੁਰ ਦੇ ਬਸ ਅੱਡੇ ਤੋਂ ਅਤੇ ਬਾਬਾ ਨਿਧਾਨ ਸਿੰਘ ਚੁੱਪਾ ਨੂੰ ਮੰਡੀ ਰਿਆਸਤ ਨੂੰ ਜਾਂਦੇ ਰਾਹ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਬਾਬਾ ਭਗਤ ਸਿੰਘ ਬਿਲਗਾ ਤੇ ਜਗਜੀਤ ਸਿੰਘ ਦੀਆਂ ਲਿਖਤਾਂ ਮੁਤਾਬਕ ਜਗਰਾਉਂ ਨੇੜੇ ਮਲਕ-ਚੀਮਨਾ ਪਿੰਡ ਦੇ ਇਕ ਖੂਹਤੋਂ ਕਿਸੇ ਮੁਖਬਰ ਨੇ ਫੜਾ ਦਿੱਤੇ। ਦੋਵੇਂ ਬਾਬੇ ਬੇਹਥਿਆਰੇ ਸਨ। ਬਾਬਾ ਨਿਧਾਨ ਸਿੰਘ ਚੁੱਘਾ ਪਾਸ ਕੋਈ ਮਾਮੂਲੀ ਹਥਿਆਰ ਸੀ ਜਿਸ ਨਾਲ ਗ੍ਰਿਫ਼ਤਾਰੀ ਮੌਕੇ ਇਕ ਸਿਪਾਹੀ ਨੂੰ ਜ਼ਖ਼ਮੀ ਕਰ ਦਿੱਤਾ ਸੀ।

ਲਾਹੌਰ ਸਾਜ਼ਿਸ਼ ਕੇਸ 26 ਅਪ੍ਰੈਲ 1915 ਨੂੰ ਡਿਫੈਂਸ ਆਫ ਇੰਡੀਆ ਐਕਟ ਅਧੀਨ ਸ਼ੁਰੂ ਹੋ ਚੁੱਕਾ ਸੀ, ਬਾਬਾ ਰੂੜ ਸਿੰਘ ਤੇ ਬਾਬਾ ਨਿਧਾਨ ਸਿੰਘ ਨੂੰ ਮੁਕੱਦਮੇ ਦੌਰਾਨ ਹੀ ਗ੍ਰਿਫਤਾਰ ਕਰਕੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕਰ ਲਿਆ ਗਿਆ। ਅਦਾਲਤ ਦੀ ਸਾਰੀ ਕਾਰਵਾਈ ਜੇਲ੍ਹ ਅੰਦਰ ਹੀ ਚਲਦੀ ਸੀ। ਇਸ ਮੁਕੱਦਮੇ ਵਿਚ 65 ਗ਼ਦਰੀ ਬਾਬੇ ਸ਼ਾਮਲ ਸਨ ਜਿਨ੍ਹਾਂ ਵਿਚੋਂ 16 ਭਗੌੜੇ ਕਰਾਰ ਦਿੱਤੇ ਸਨ। ਇਸ ਕੇਸ ਵਿਚ ਬਾਬਾ ਸੋਹਣ ਸਿੰਘ ਭਥਨਾ ਵਰਗੇ ਉਹ ਗ਼ਦਰੀ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਜਹਾਜ਼ੋਂ ਉਤਰਦਿਆਂ ਨੂੰ ਹੀ ਗ੍ਰਿਫਤਾਰ ਕਰ ਲਿਆ ਸੀ। ਇਨ੍ਹਾਂ ਇਾਂਨਕਲਾਬੀਆਂ ਉਪਰ ਬਾਦਸ਼ਾਹ ਜਾਰਜ ਪੰਚਮ ਦਾ ਤਖਤਾ ਉਲਟਾਉਣ ਦਾ ਦੋਸ਼ ਲਗਾਇਆ ਗਿਆ ਸੀ।

13 ਸਤੰਬਰ 1915 ਨੂੰ ਟ੍ਰਿਬਿਊਨਲ ਨੇ ਆਪਣਾ ਫੈਸਲਾ ਸੁਣਾ ਦਿੱਤਾ ਜਿਸ ਵਿਚ 24 ਗ਼ਦਰੀਆਂ ਨੂੰ ਫਾਂਸੀ, 27 ਨੂੰ ਉਮਰ ਕੈਦ ਕਾਲੇ ਪਾਣੀ ਤੇ ਬਾਕੀਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਸਨ। ਸਾਰਿਆਂ ਦੀਆਂ ਸਜ਼ਾਵਾਂ ਨਾਲ ਜਾਇਦਾਦ ਜਬਤੀਆਂ ਵੀ ਹੋਈਆਂ। ਬਾਬਾ ਰੂੜ ਸਿੰਘ ਉਮਰ ਕੈਦ ਕਾਲੇ ਪਾਣੀਆਂ ਦੀ ਗਿਣਤੀ ਵਿਚ ਆ ਗਏ।

ਸਾਰੇ ਕਾਲੇ ਪਾਣੀਆਂ ਵਾਲੇ ਇਨਕਲਾਬੀਆਂ ਨੂੰ ਕਲਕੱਤੇ ਰੇਲ ਗੱਡੀ ਰਾਹੀਂ ਲਿਜਾਇਆ ਗਿਆ ਤੇ 7 ਦਸੰਬਰ 1915 ਨੂੰ ਕਲਕੱਤੇ ਤੋਂ 'ਮਹਾਰਾਜ' ਨਾਂਅ ਦੇ ਜਹਾਜ਼ 'ਤੇ ਅੰਡੇਮਾਨ ਪਹੁੰਚਾਇਆ ਗਿਆ। ਅੰਡੇਮਾਨ ਜੇਲ੍ਹ ਨੂੰ ਦੁਨੀਆਂ ਦਾ ਨਰਕ ਗਿਣਿਆ ਜਾਂਦਾ ਸੀ। ਇਥੋਂ ਦਾ ਜੇਲ੍ਹ ਸੁਪਰਡੈਂਟ ਬਰੀ ਆਪਣੇ ਆਪ ਨੂੰ ਦੂਸਰਾ ਰੱਬ ਸਮਝਦਾ ਸੀ। ਜੇਲ੍ਹ ਦੇ ਜੀਵਨ ਤੋਂ ਦੁਖੀ ਹੋ ਕੇ ਹਰ ਹਫ਼ਤੇ ਕੋਈ ਨਾ ਕੋਈ ਇਖਲਾਕੀ ਕੈਦੀ ਖੁਦਕਸ਼ੀ ਕਰ ਜਾਂਦਾ ਸੀ।

ਜੂਨ 1917 ਵਿਚ ਜੇਲ੍ਹ ਸੁਪਰਡੈਂਟ ਬਰੀ ਬਾਬਾ ਭਾਨ ਸਿੰਘ ਨੂੰ ਬੁਰਾ ਬੋਲਿਆ। ਅੱਗੋਂ ਬਾਬਾ ਭਾਨ ਸਿੰਘ ਨੇ ਵੀ ਕੁਬੋਲ ਕੀਤਾ। ਇਸ ਗੁੱਸੇ ਵਿਚ ਗ਼ਦਰੀ ਬਾਬਾ ਭਾਨ ਸਿੰਘ ਨੂੰ ਵਾਰ ਵਾਰ ਕੁੱਟਦੇ ਰਹੇ। ਡੰਡਾ ਬੇੜੀ ਲਾ ਕੇ ਪਿੰਜਰਾ ਕੋਠੀ ਬੰਦ ਕਰ ਦਿੱਤਾ। ਪਿੰਜਰਾ ਕੋਠੀ, ਜਿਸ ਵਿਚ ਪੈਣ ਨੂੰ ਤਾਂ ਥਾਂ ਹੁੰਦੀ ਸੀ ਪਰ ਖੜ੍ਹੇ ਹੋਣ ਨੂੰ ਨਹੀਂ। ਇਕ ਦਿਨ ਬਰੀ ਫੇਰ ਦੂਸਰੇ ਜੇਲ੍ਹ ਕਰਮਚਾਰੀਆਂ ਨੂੰ ਨਾਲ ਲੈ ਕੇ ਬੰਦ ਕੋਠੀ ਵਿਚ ਕੁੱਟਣ ਲੱਗ ਪਿਆ। ਦੂਸਰੇ ਗ਼ਦਰੀ ਬਾਬੇ ਵੀ ਉਸ ਦੇ ਦੁਰਵਿਹਾਰ ਤੋਂ ਅੱਕ ਚੁੱਕੇ ਸਨ। ਉਹ ਵੀ ਜੋ ਹੱਥ ਲੱਗਿਆ ਚੁੱਕ ਕੇ ਬਰੀ ਨੂੰ ਸਬਕ ਸਿਖਾਉਣ ਲਈ ਭੱਜੇ। ਤਾਂ ਬਰੀ ਤੇ ਦੂਸਰੇ ਕਰਮਚਾਰੀਆਂ ਨੇ ਅੱਗੋਂ ਬਾਰਕ ਦਾ ਗੇਟ ਬੰਦ ਕਰਕੇ ਜਾਨ ਬਚਾਈ। ਵਾਰ ਵਾਰ ਕੁਟਾਈ ਹੋਣ ਕਾਰਨ ਗ਼ਦਰੀ ਬਾਬਾ ਭਾਨ ਸਿੰਘ ਹਸਪਤਾਲ ਵਿਚ ਸ਼ਹੀਦੀ ਪਾ ਗਿਆ।

ਇਸ ਗੁੱਸੇ ਵਿਚ ਗ਼ਦਰੀਆਂ ਨੇ ਹੜਤਾਲ ਕਰ ਦਿੱਤੀ, ਜਿਸ ਵਿਚ 29 ਗ਼ਦਰੀ ਬਾਬਿਆਂ ਨੇ ਹਿੱਸਾ ਲਿਆ। ਹੜਤਾਲੀ ਕੈਦੀਆਂ ਨੂੰ ਤਿੰਨ ਮਹੀਨੇ ਤੋਂ ਲੈ ਕੇ ਛੇ ਮਹੀਨੇ ਤੱਕ ਡੰਡਾ ਬੇੜੀਆਂ ਅਤੇ ਕੈਦ ਤਿਨਹਾਈ ਦੀਆਂ ਸਜ਼ਾਵਾਂ ਹੋਈਆਂ। ਬਾਬਾ ਰੂੜ ਸਿੰਘ ਤੇ ਬਾਬਾ ਕਾਲਾ ਸਿੰਘ ਨੂੰ ਲਗਾਤਾਰ ਛੇ ਮਹੀਨੇ ਖੜ੍ਹੀ ਹਥਕੜੀ ਲਗਦੀ ਰਹੀ।

19 ਅਗਸਤ 1921 ਨੂੰ ਜੇਲ੍ਹ ਦੇ ਸਾਰੇ ਕੈਦੀਆਂ ਦਾ ਤੇਲ ਰਾਸ਼ਨ ਘਟਾਂ ਦਿੱਤਾ ਜੋ ਸਰਾਸਰ ਗਲਤ ਸੀ। ਇਸ ਮੌਕੇ ਗ਼ਦਰੀ ਜੇਲ੍ਹ ਬਾਬਿਆਂ ਦੀਆਂ ਵਾਪਸ ਆਪਣੇ ਵਤਨ ਦੀਆਂ ਜੇਲ੍ਹਾਂ ਨੂੰ ਤਿਆਰੀਆਂ ਹੋ ਰਹੀਆਂ ਸਨ। ਜੇਲ੍ਹ ਸੁਪਰਡੈਂਟ ਨੂੰ ਭੁਲੇਖਾ ਸੀ ਕਿ ਗ਼ਦਰੀ ਬਾਬੇ ਜਾਣ ਸਮੇਂ ਆਪਣੇ ਉਤੇ ਮਾੜੇ ਪ੍ਰਭਾਵ ਪੈਣ ਦੇ ਡਰੋਂ ਸ਼ਾਇਦ ਰੌਲਾ ਨਾ ਪਾਉਣ। ਪਰ ਡਰ ਗ਼ਦਰੀ ਬਾਬਿਆਂ ਦੇ ਨੇੜੇ ਵੀ ਨਹੀਂ ਸੀ ਢੁਕਦਾ। ਬਾਬਾ ਰੂੜ ਸਿੰਘ, ਬਾਬਾ ਨਿਧਾਨ ਸਿੰਘ ਚੁੱਪਾ, ਬਾਬਾ ਗੁਰਮੁਖ ਸਿੰਘ, ਮਾਰਸ਼ਲ ਲਾਅ ਦੇ ਗੁਜਰਾਤੀ ਕੈਦੀ ਹੁਸੈਨ ਤੇ ਰਾਵਲ ਨੇ ਵੀ ਕੰਮ ਦੀ ਹੜਤਾਲ ਦਾ ਬਿਗਲ ਵਜਾ ਦਿੱਤਾ, ਜਿਸ ਸਦਕਾ ਕੈਦੀਆਂ ਨੂੰ ਹੋਰ ਰਾਸ਼ਨ ਪ੍ਰਾਪਤ ਹੋਇਆ।

23 ਅਗਸਤ 1921 ਨੂੰ ਅੰਡੇਮਾਨ ਜੇਲ੍ਹ ਤੋਂ ਗ਼ਦਰੀ ਬਾਬਿਆਂ ਨੂੰ ਵਾਪਸ ਲਿਆਂਦਾ ਗਿਆ। ਜਿਸ 'ਮਹਾਰਾਜ' ਨਾਂਅ ਦੇ ਜਹਾਜ਼ 'ਤੇ ਗ਼ਦਰੀ ਬਾਬੇ ਗਏ ਸਨ ਉਸੇ ਜਹਾਜ਼ 'ਤੇ 27 ਅਗਸਤ ਨੂੰ ਕਲਕੱਤੇ ਦੀ ਬੰਦਰਗਾਹ 'ਤੇ ਪਹੁੰਚ ਗਏ। ਇਥੋਂ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਪੰਜਾਬ ਲਿਆਂਦੇ ਗਏ। ਅੱਗੇ ਵਾਸਤੇ ਕਾਲੇ ਪਾਣੀਆਂ ਦੀ ਕੈਦ ਲਈ ਕੈਦੀਆਂ ਦੀ ਮਨਾਹੀ ਕਰ ਦਿੱਤੀ।

1923 ਵਿਚ 15 ਗ਼ਦਰੀ ਬਾਬਿਆਂ ਦੀ ਜੇਲ੍ਹ ਬਦਲੀ ਯਰਵਾਦਾ ਜੇਲ੍ਹ ਦੀ ਹੋ ਗਈ। ਬਾਬਾ ਰੂੜ ਸਿੰਘ ਚੂਹੜਚੱਕ ਵੀ ਇਨ੍ਹਾਂ ਵਿਚ ਸਨ। ਜੇਲ੍ਹ ਜਾਂਦਿਆਂ ਹੀ ਜੇਲ੍ਹ ਵਾਲਿਆਂ ਨੇ ਇਨ੍ਹਾਂ ਦੀਆਂ ਪੱਗਾਂ 'ਤੇ ਕਛਹਿਰੇ ਜਬਰੀ ਉਤਾਰ ਦਿੱਤੇ। ਬਾਬਿਆਂ ਨੇ ਇਸ ਵਿਰੁੱਧ ਭੁੱਖ ਹੜਤਾਲ ਕਰ ਦਿੱਤੀ। ਇਹ ਭੁੱਖ ਹੜਤਾਲ ਇਕ ਮਹੀਨਾ ਚੱਲੀ। ਅੰਤਲੇ 11 ਦਿਨ ਬਾਬਾ ਰੂੜ ਸਿੰਘ ਨੇ ਪਾਣੀ ਪੀਣਾ ਵੀ ਬੰਦ ਕਰ ਦਿੱਤਾ। ਪੰਜਾਬ ਦੀਆਂ ਜੇਲ੍ਹਾਂ ਵਿਚ ਆਉਣ ਤੋਂ 8 ਸਾਲ ਬਾਅਦ 7 ਅਕਤੂਬਰ 1929 ਨੂੰ ਬਾਬਾ ਰੂੜ ਸਿੰਘ ਦੀ ਰਿਹਾਈ ਮੀਆਂ ਵਾਲੀ ਜੇਲ੍ਹ ਤੋਂ ਹੋਈ।

1937 ਦੀਆਂ ਚੋਣਾਂ ਨੂੰ ਅੰਗਰੇਜ਼ ਸਰਕਾਰ ਦੀ ਹਿੰਦੁਸਤਾਨੀ ਲੋਕਾਂ ਨੂੰ ਦਿੱਤੀ ਪਹਿਲੀ ਖੁਦਮੁਖਤਾਰੀ ਕਿਹਾ ਜਾਂਦਾ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਨੇ 1935 ਦੇ ਲਖਨਊ ਕਾਂਗਰਸ ਅਜਲਾਸ ਸਮੇਂ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ ਸੀ। ਕਿਰਤੀ ਕਮਿਊਨਿਸਟ ਪਾਰਟੀ, ਕਮਿਊਨਿਸਟ ਪਾਰਟੀ ਤੋਂ ਵੱਖਰੀ ਕੰਮ ਕਰ ਰਹੀ ਸੀ। ਇਹ ਚੋਣਾਂ ਕਿਰਤੀ ਕਮਿਊਨਿਸਟਾਂ ਨੇ ਕਾਂਗਰਸ ਨਾਲ ਰਲ ਕੇ ਇਕ 'ਦੇਸ਼ ਭਗਤ ਬੋਰਡ' ਬਣਾ ਕੇ ਲੜੀਆਂ ਸਨ। ਪੰਜਾਬ ਵਿਚ ਦੇਸ਼ ਭਗਤ ਬੋਰਡ ਦੇ ਬਾਬਾ ਰੂੜ ਸਿੰਘ ਬਿਨਾਂ ਮੁਕਾਬਲੇ ਚੋਣ ਜਿੱਤ ਗਏ। ਇਨ੍ਹਾਂ ਤੋਂ ਬਿਨਾਂ ਸੋਹਣ ਸਿੰਘ ਜੋਸ਼, ਕਾਬਲ ਸਿੰਘ, ਮਾਸਟਰ ਹਰੀ ਸਿੰਘ, ਹਰਜਾਪ ਸਿੰਘ ਅਤੇ ਤੇਜਾ ਸਿੰਘ ਸੁਤੰਤਰ ਜੇਤੂ ਰਹੇ। ਚੋਣ ਦੌਰਾਨ ਇਕ ਉਮੀਦਵਾਰ ਦੀ ਮੌਤ ਹੋਣ ਕਾਰਨ ਤੇਜਾ ਸਿੰਘ ਸੁਤੰਤਰ ਜੋ ਉਸ ਸਮੇਂ ਕੈਂਬਲਪੁਰ ਜੇਲ੍ਹ ਵਿਚ ਸਨ, ਖੜ੍ਹੇ ਕੀਤੇ ਗਏ ਤੇ ਚੋਣ ਜਿੱਤ ਗਏ।

ਬਾਬਾ ਜਵਾਲਾ ਸਿੰਘ ਨੇ ਹੋਰ ਗ਼ਦਰੀ ਬਾਬਿਆਂ ਨਾਲ ਮਿਲ ਕੇ 1936 ਵਿਚ ਕਿਸਾਨ ਸਭਾ ਬਣਾਈ। ਬਾਬਾ ਰੂੜ ਸਿੰਘ ਨੂੰ ਇਸ ਕਿਸਾਨ ਸਭਾ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਤੇ ਸੂਬੇ ਦੇ ਮੀਤ ਪ੍ਰਧਾਨ ਬਣਾਇਆ ਗਿਆ।

ਅੰਗਰੇਜ਼ ਸਰਕਾਰ ਨੇ ਮੋਗਾ ਤਹਿਸੀਲ ਦੇ 6 ਪਿੰਡ ਕਲਸੀਆ ਰਿਆਸਤ ਨੂੰ ਦੇ ਦਿੱਤੇ ਸਨ। ਚੜਿੱਕ ਪਿੰਡ ਇਨ੍ਹਾਂ ਵਿਚ ਸ਼ਾਮਲ ਸੀ। ਕਲਸੀਆ ਰਿਆਸਤ ਲਾਹੌਰ ਵੱਲ ਪੈਂਦੀ ਸੀ ਜਿਸ ਦੀ ਰਾਜਧਾਨੀ ਅੰਬਾਲੇ ਵੱਲ ਛਛਰੌਲੀ ਸੀ। ਚੜਿੱਕ ਤੇ ਪੰਜ ਪਿੰਡ ਹੋਰ ਜੋ ਕਲਸੀਆ ਰਿਆਸਤ ਦੇ ਸਨ ਇਹ ਪਿੰਡ ਮੋਗਾ ਤਹਿਸੀਲ ਦੇ ਪਿੰਡਾਂ ਵਿਚ ਘਿਰੇ ਹੋਏ ਸਨ। ਇਹ ਪਿੰਡ ਆਪਣੀ ਪੈਦਾ ਕੀਤੀ ਫਸਲ ਮੋਗਾ ਮੰਡੀ ਵਿਚ ਨਹੀਂ ਵੇਚ ਸਕਦੇ ਸਨ ਤੇ ਨਾ ਹੀ ਕਿਸੇ ਕਿਸਮ ਦਾ ਕੋਈ ਹੋਰ ਲੈਣ ਦੇਣ ਕਰ ਸਕਦੇ ਸਨ। ਰਿਆਸਤ ਦੇ ਰਾਜੇ ਦਾ ਇਨ੍ਹਾਂ ਪਿੰਡਾਂ ਵੱਲ ਕੋਈ ਧਿਆਨ ਨਹੀਂ ਸੀ। ਉਸ ਦਾ ਧਿਆਨ ਸਿਰਫ਼ ਆਪਣੀ ਉਗਰਾਹੀ ਵੱਲ ਸੀ। ਬਾਬਾ ਰੂੜ ਸਿੰਘ ਦਾ ਪਿੰਡ ਚੂਹੜਚੱਕ ਇਨ੍ਹਾਂ ਨਾਲ ਲਗਦਿਆਂ ਪਿੰਡਾਂ ਵਿਚੋਂ ਸੀ। ਕਿਸਾਨਾਂ ਨੇ ਬਾਬਾ ਰੂੜ ਸਿੰਘ ਦੀ ਅਗਵਾਈ ਵਿਚ ਆਪਣੀਆਂ ਮੰਗਾਂ ਸਬੰਧੀ ਮੋਰਚਾ ਲਾ ਦਿੱਤਾ, ਜੋ ਚੜਿੱਕ ਨਾਂਅ ਦੇ ਮੋਰਚੇ ਨਾਲ ਮਸ਼ਹੂਰ ਹੋਇਆ। 29 ਜੁਲਾਈ 1938 ਨੂੰ ਚੜਿੱਕ ਭਾਰੀ ਮੁਜ਼ਾਹਰਾ ਹੋਇਆ ਜਿਸ ਵਿਚ ਫੈਸਲਾ ਲਿਆ ਗਿਆ ਕਿ ਚੜਿੱਕ ਪਸ਼ੂ ਮੰਡੀ ਜਚੋ ਅੱਜ ਤੱਕ ਵੀ ਪ੍ਰਸਿੱਧ ਮੰਡੀਆਂ ਵਿਚ ਗਿਣੀ ਜਾਂਦੀ ਹੈ, ਦਾ ਬਾਈਕਾਟ ਕੀਤਾ ਜਾਵੇ। ਇਹ ਬਾਈਕਾਟ ਪੂਰਾ ਮੁਕੰਮਲ ਹੋਇਆ। ਪਿਛਲੇ ਸਾਲ 1937 ਵਿਚ 2848 ਪਸ਼ੂਆਂ ਦੀ ਵਿਕਰੀ ਦੀ ਥਾਂ ਸਿਰਫ਼ 789 ਪਸ਼ੂਆਂ ਦੀ ਵਿਕਰੀ ਹੋਈ।

ਮੰਡੀ ਦੇ ਬਾਈਕਾਟ ਤੋਂ ਬਾਅਦ ਕਿਸਾਨ ਮੋਰਚਾ ਕਲਸੀਆ ਰਿਆਸਤ ਦੇ ਕੇਂਦਰ ਵੱਲ ਨੂੰ ਹੋ ਤੁਰਿਆ। ਉਜਾਗਰ ਸਿੰਘ

GALAXY Freightline Inc.
Logistics Ltd Calgary Alberta
Warehousing / Distribution
Ajay pal
Manager
604-653-7841
Jatinder Singh
Manager
403-992-0004
Office : 416-644-8881
9910 48 St SE Calgary, AB T2C 4Y5

ਬਿਲਗਾ ਕੇਂਦਰ ਦੇ ਇੰਚਾਰਜ ਸਨ। ਇਸ ਮੋਰਚੇ ਲਈ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਤੋਂ ਵੀ ਜਥੇ ਆਉਣੇ ਸ਼ੁਰੂ ਹੋ ਗਏ। ਅੰਬਾਲਾ ਗੁਲਜ਼ਾਰ ਸਿੰਘ ਕੰਡੇ ਕੰਢ 'ਤੇ ਗੁਰਮੁਖ ਸਿੰਘ ਅੰਬਾਲਵੀ ਜਥੇ ਭੇਜਦਾ ਸੀ। ਬਾਬਾ ਰੂੜ ਸਿੰਘ ਮੋਗੇ ਤੋਂ, ਬਾਬਾ ਕਰਮ ਸਿੰਘ ਬਿਲਗਾ ਫਲੌਰ ਤੋਂ, ਰਿਆਸਤ ਕੋਲ ਸਤਿਆਗ੍ਰਹਿਣੀਆਂ ਲਈ ਜੇਲ੍ਹਾਂ ਮੁੱਕ ਗਈਆਂ। 14 ਜਨਵਰੀ 1939 ਨੂੰ ਰਿਆਸਤ ਸਰਕਾਰ ਨੇ ਹਾਰ ਮੰਨ ਲਈ। ਇਸ ਮੋਰਚੇ ਦੀ ਜਿੱਤ ਕਾਰਨ ਮੋਗਾ ਤਹਿਸੀਲ ਪੰਜਾਬ ਵਿਚ ਕਿਰਤੀ ਕਮਿਊਨਿਸਟਾਂ ਦਾ ਗੜ੍ਹ ਬਣ ਗਈ। ਪਿੰਡ ਪਿੰਡ ਕਿਸਾਨ ਕਮੇਟੀਆਂ ਬਣਾਈਆਂ ਗਈਆਂ, ਜਿਸ ਕਾਰਨ ਅੰਗਰੇਜ਼ ਹਕੂਮਤ ਨੇ ਮੋਗਾ ਤਹਿਸੀਲ ਦੇ ਪਿੰਡ ਚੂਹੜਚੱਕ, ਢੁਡੀਕੇ, ਅਜੀਤਵਾਲ ਆਦਿ ਪਿੰਡਾਂ ਵਿਚ ਤਾਜੀਰੀ ਪੁਲਿਸ ਚੌਕੀਆਂ ਬਿਠਾ ਦਿੱਤੀਆਂ ਸਨ, ਜਿਨ੍ਹਾਂ ਦਾ ਸਾਰਾ ਖਰਚ ਪਿੰਡਾਂ ਨੂੰ ਦੇਣਾ ਪੈਂਦਾ ਸੀ। 20 ਜੁਲਾਈ 1938 ਨੂੰ ਫਿਰੋਜ਼ਪੁਰ ਪੁਲਿਸ ਚੌਕੀਆਂ ਚੁੱਕਣ ਲਈ ਮੁਜ਼ਾਹਰਾ ਕੀਤਾ। ਮੁਜ਼ਾਹਰੇ ਉਪਰ ਭਾਰੀ ਲਾਠੀਚਾਰਜ ਹੋਣ ਕਾਰਨ 300 ਕਿਸਾਨ ਜ਼ਖ਼ਮੀ ਹੋ ਗਏ ਤੇ 145 ਗ੍ਰਿਫ਼ਤਾਰ ਕਰ ਲਏ ਗਏ।

23 ਮਾਰਚ 1939 ਨੂੰ ਲਾਹੌਰ ਮੋਰਚਾ ਲੱਗ ਚੁੱਕਾ ਸੀ, ਜਿਸ ਵਿਚ 400 ਕਿਸਾਨ ਜੇਲ੍ਹਾਂ ਵਿਚ ਗਏ। ਇਸ ਮੋਰਚੇ ਸਮੇਂ ਦੂਸਰੀ ਸੰਸਾਰ ਜੰਗ ਸ਼ੁਰੂ ਹੋ ਚੁੱਕੀ ਸੀ। ਇਸ ਦੌਰਾਨ ਹੀ 5-7 ਸਤੰਬਰ 1939 ਨੂੰ ਸਰਗੋਧੇ ਵਿਚ ਪੰਜਾਬ ਕਿਸਾਨ ਸਭਾ ਦਾ ਦੂਸਰਾ ਅਜਲਾਸ ਹੋਇਆ। ਇਸ ਅਜਲਾਸ ਵਿਚ ਅਗਲੀ ਸੂਬਾ ਕਮੇਟੀ ਦੀ ਚੋਣ ਕੀਤੀ ਗਈ। ਇਸ ਚੋਣ ਵਿਚ ਬਾਬਾ ਰੂੜ ਸਿੰਘ ਚੂਹੜਚੱਕ ਨੂੰ ਪ੍ਰਧਾਨ ਤੇ ਡਾਕਟਰ ਭਾਗ ਸਿੰਘ ਨੂੰ ਜਨਰਲ ਸਕੱਤਰ ਚੁਣਿਆ ਗਿਆ।

26 ਜੂਨ 1940 ਨੂੰ ਸਾਰੇ ਪੰਜਾਬ ਵਿਚ ਇਕੋ ਸਮੇਂ ਛਾਪੇ ਮਾਰੇ ਗਏ। ਕਰੀਬ ਇਕ ਸੌ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਸਾਥੀਆਂ ਵਿਚ 55 ਕਿਰਤੀ ਕਮਿਊਨਿਸਟ, 17 ਕਮਿਊਨਿਸਟ ਪਾਰਟੀ, 6 ਅਜ਼ਾਦ ਅਤੇ 16 ਸੋਸਲਿਸਟ ਸਨ। 55 ਕਿਰਤੀ ਕਮਿਊਨਿਸਟਾਂ ਵਿਚ 6 ਸੂਬਾ ਕਮੇਟੀ ਮੈਂਬਰ ਸਨ ਜਿਨ੍ਹਾਂ ਵਿਚ ਬਾਬਾ ਰੂੜ ਸਿੰਘ, ਹਰਨਾਮ ਸਿੰਘ ਚਮਕ, ਸੰਤਾਂ ਸੰਘ ਗੰਡੀਵਿੰਡ, ਨੈਣਾ ਸਿੰਘ, ਮਹੱਬਤ ਸਿੰਘ ਤੇ ਕਰਤਾਰਾਂ ਸੰਘ ਗਿੱਲ ਸਨ। ਬਾਬਾ ਰੂੜ ਸਿੰਘ ਨੂੰ ਗ੍ਰਿਫ਼ਤਾਰੀ ਸਮੇਂ ਤੋਂ ਬਾਅਦ ਮੁਜੱਫਰਗੜ੍ਹ ਜੇਲ੍ਹ ਘੱਲ ਦਿੱਤਾ ਗਿਆ।

ਅੰਗਰੇਜ਼ ਹਕੂਮਤ ਨੇ ਸਾਰੇ ਫੜੇ ਗਏ ਦੇਸ਼ ਭਗਤਾਂ ਲਈ ਇਕ ਵੱਖਰਾ ਦਿਉਲੀ ਜੇਲ੍ਹ ਕੈਂਪ ਸਥਾਪਤ ਕਰ ਦਿੱਤਾ। ਇਸ ਜੇਲ੍ਹ ਵਿਚ ਜਦ ਵੱਖੋ ਵੱਖਰੀਆਂ ਜੇਲ੍ਹਾਂ ਵਿਚੋਂ ਪਹੁੰਚਣ ਲੱਗੇ ਤਾਂ ਬਾਬਾ ਰੂੜ ਸਿੰਘ ਚੂਹੜਚੱਕ ਵੀ ਦੂਸਰੇ ਜਥੇ ਵਿਚ ਪਹੁੰਚ ਗਏ। ਇਥੇ ਪੰਜ ਜਥੇ ਪਹੁੰਚੇ ਜਿਨ੍ਹਾਂ ਦੀ ਕੁੱਲ ਗਿਣਤੀ 75 ਸੀ। 51 ਕਿਰਤੀ ਕਮਿਊਨਿਸਟ, 9 ਸੀ.ਪੀ.ਆਈ ਅਤੇ 15 ਹੋਰ ਇਨਕਲਾਬੀ ਸਨ। ਇਸ ਜੇਲ੍ਹ ਵਿਚ ਇਤਿਹਾਸਕ ਕੰਮ ਇਹ ਹੋਇਆ ਕਿ ਕਿਰਤੀ ਕਮਿਊਨਿਸਟਾਂ ਅਤੇ ਦੂਸਰੇ ਕਮਿਊਨਿਸਟਾਂ (ਸੀ.ਪੀ.ਆਈ.) ਵਿਚ ਏਕਤਾ ਹੋ ਗਈ। ਕਿਰਤੀ ਕਮਿਊਨਿਸਟ ਆਪਣੀ ਪਾਰਟੀ ਭੰਗ ਕਰਕੇ ਸੀ.ਪੀ.ਆਈ. ਵਿਚ ਸ਼ਾਮਲ ਹੋ ਗਏ।

ਦੇਸ਼ ਦੀ ਅਜ਼ਾਦੀ ਤੋਂ ਬਾਅਦ ਕਮਿਊਨਿਸਟ ਪਾਰਟੀ ਨੇ ਇਸ ਨੂੰ ਅਧੂਰੀ ਅਜ਼ਾਦੀ ਕਰਾਰ ਦਿੱਤਾ। 1948 ਵਿਚ ਜਦ ਮੁਜ਼ਾਰਾ ਲਹਿਰ ਚੱਲ ਰਹੀ ਸੀ ਬਾਬਾ ਰੂੜ ਸਿੰਘ ਦੇ ਵਰੰਟ ਜਾਰੀ ਹੋ ਗਏ। ਸਾਰੀ ਜਾਇਦਾਦ ਜਬਤ ਕਰ ਲਈ ਗਈ। ਇਸ ਸਮੇਂ ਬਾਬਾ ਜੀ ਦੀ ਉਮਰ 70 ਸਾਲ ਦੇ ਕਰੀਬ ਹੋ ਚੁੱਕੀ ਸੀ। ਬਾਬਾ ਜੀ ਦੀ ਜ਼ਿੰਦਗੀ ਜਾਂ ਤਾਂ ਜੇਲ੍ਹਾਂ ਅੰਦਰ ਕੁੱਟਾਂ ਖਾਂਦਿਆਂ, ਭੁੱਖ ਹੜਤਾਲਾਂ ਕਰਦਿਆਂ ਕਾਰਨ ਬੀਮਾਰ ਰਹਿਣ ਲੱਗ ਪਏ। ਰੂਹਪੋਸ਼ੀ ਦੀ ਹਾਲਤ ਦਿੱਲੀ ਹਸਪਤਾਲ ਦਾਖਲ ਕਰਵਾਏ ਗਏ। ਇਸ ਹਸਪਤਾਲ ਅੰਦਰ ਹੀ ਪੂਰਬੀ ਪੰਜਾਬ ਦਾ ਕਿਸਾਨ ਹੀਰੋ 16 ਫਰਵਰੀ 1950 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

**ਪਿੰਡ ਅੱਚਰਵਾਲ, ਤਹਿ. ਰਾਏਕੋਟ,**
**ਜ਼ਿਲ੍ਹਾ ਲੁਧਿਆਣਾ**

# ਅਲਵਿਦਾ ! 2020

ਗੁਰਚਰਨ ਕੌਰ ਥਿੰਦ
ਕੈਲਗਰੀ
001-403-402-9635





ਜਦੋਂ ਧਰਤੀ ਆਪਣੀ ਧੁਰੀ ਦੁਆਲੇ ਇਕਸਾਰ ਗਤੀ ਨਾਲ ਘੁੰਮਦੀ ਇੱਕ ਚੱਕਰ ਪੂਰਾ ਕਰ ਨਵਾਂ ਸ਼ੁਰੂ ਕਰਦੀ ਹੈ ਤਾਂ ਨਵਾਂ ਸਾਲ ਚੜ੍ਹਦਾ। ਮੁੜ ਦਿਨਾਂ ਮਹੀਨਿਆਂ ਰੁੱਤਾਂ ਮੌਸਮਾਂ ਦਾ ਬਦਲਾਅ ਨਵੇਂ ਸਿਰਿਓਂ ਸ਼ੁਰੂ ਹੋਣਾ ਹੁੰਦਾ। ਇਸ ਖੁਸ਼ੀ ਵਿੱਚ ਜਸ਼ਨ ਮਨਾਏ ਜਾਂਦੇ। ਐਨ ਬਾਰਾਂ ਵਜੇ ਲੋਕ 'ਹੈਪੀ ਨਿਊ ਯੀਅਰ' ਆਖ ਨਵੇਂ ਸਾਲ ਦਾ ਸਵਾਗਤ ਕਰਦੇ। ਅੱਧੀ ਅੱਧੀ ਰਾਤ ਤੱਕ ਜਾਗ ਵਧਾਈਆਂ ਦਾ ਅਦਾਨ ਪ੍ਰਦਾਨ ਹੁੰਦਾ। ਚੜ੍ਹੇ ਸਾਲ ਕੁੱਝ ਨਵਾਂ ਕੁਝ ਚੰਗਾ ਹੋਣ ਦੀ ਉਮੀਦ ਵਿੱਚ ਹਰੇਕ ਦੇ ਚਿਹਰੇ ਰੌਣਕੀਲੇ ਹੋ ਜਾਂਦੇ। ਇੰਜ ਲਗਦਾ ਜਿਵੇਂ ਸੂਰਜ ਵੀ ਨਵੀਂ ਆਭਾ ਲੈ ਕੇ ਚੜ੍ਹਿਆ ਹੋਵੇ। ਇਸੇ ਤਰ੍ਹਾਂ 2020 ਦਾ ਸਾਲ ਚੜ੍ਹਿਆ ਸੀ ਜੋ ਤਿੰਨ ਸੌ ਛਿਆਹਠ ਦਿਨ (2020 ਲੀਪ ਦਾ ਸਾਲ ਸੀ) ਪੂਰੇ ਕਰ ਖਤਮ ਹੋ ਗਿਆ। ਵੈਸੇ ਤਾਂ ਹਰ ਪਲ ਹਰ ਦਿਨ ਹਰ ਮਹੀਨਾ ਹਰ ਸਾਲ ਬੜਾ ਖਾਸ ਹੁੰਦਾ ਕਿਉਂ ਜੁ ਜੋ ਵਕਤ ਲੰਘ ਗਿਆ ਉਸ ਮੁੜ ਨਹੀਂ ਆਉਣਾ। ਪਰ ਕੁਝ ਲੰਮਹੇ ਦਿਨ ਮਹੀਨੇ ਤੇ ਸਾਲ ਚੇਤਿਆਂ ਵਿੱਚ ਉਕਰੇ ਜਾਦੇ ਨੇ, ਭੁੱਲਦੇ ਨਹੀਂ ਬਾਰ ਬਾਰ ਯਾਦ ਆਉਂਦੇ ਨੇ। ਕੁਝ ਖਾਸ (ਮਾੜਾ/ਚੰਗਾ) ਜੁ ਲਿਆਏ ਹੁੰਦੇ ਨੇ ਉਹ ਆਪਣੇ ਨਾਲ!

ਇੰਜ ਦਾ ਹੀ ਲੰਘਿਆ 2020! ਇਕੀਵੀ ਸਦੀ ਦੇ ਦੂਜੇ ਦਹਾਕੇ ਦਾ ਆਖਰੀ ਸਾਲ। ਹਸਦਾ ਖੇਡਦਾ ਚੜ੍ਹਿਆ ਇਹ ਵਰ੍ਹਾ ਆਪਣੇ ਨਾਲ ਲੈ ਆਇਆ 'ਲਾਕ ਡਾਊਨ'-ਘਰਾਂ ਦੇ ਦਰਵਾਜ਼ੇ ਬੰਦ, ਸਕੂਲ ਕਾਲਜ ਯੂਨੀਵਰਸਟੀਆਂ ਬੰਦ, ਸੜਕਾਂ ਸੁੰਨੀਆਂ, ਬਾਰਡਰਾਂ 'ਤੇ ਪਹਿਰੇ, ਹਵਾਈ ਮਾਰਗ ਗੁਆਚੇ ਹੋਏ, ਸਭ ਕੰਮ ਕਾਜ ਠੱਪ, ਮਨੋਰੰਜਨ ਖੇਡਾਂ ਦੁਕਾਨਾਂ ਮੌਲ ਦਫ਼ਤਰ ਸਭ ਕੁਝ ਦੀ ਤਾਲਾਬੰਦੀ। ਮਹੀਨਿਆਂ ਬੱਧੀ ਘਰ ਦੀ ਚਾਰ ਦਿਵਾਰੀ ਵਿੱਚ ਕੈਦ ਬੇਰੁਜ਼ਗਾਰ ਚਿਹਿਰਿਆਂ ਤੇ ਇਹੋ ਜਿਹਾ ਸਹਿਮ, ਜੋ ਕਦੇ ਕਿਸੇ ਨੇ ਵੇਖਿਆ ਨਾ ਹੋਵੇ। ਅਜਿਹਾ ਸ਼ਾਇਦ ਮਨੁੱਖੀ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੋਣਾ। ਕਾਰਨ ?...ਇੱਕ ਨਾਮੁਰਾਦ ਬਿਮਾਰੀ (ਕੋਵਿਡ-19) ਜੋ ਦੇਸੋ ਦੇਸ ਸਫ਼ਰ ਕਰਦੀ ਦੁਨੀਆਂ ਦੇ ਹਰ ਕੋਨੇ ਵਿੱਚ ਆਦਮ-ਬੋ ਆਦਮ-ਬੋ ਕਰਦੀ ਸ਼ਿਕਾਰ ਭਾਲਦੀ ਫਿਰਦੀ ਸੀ। ਇਸ ਤੋਂ ਬਚਾਓ ਦਾ ਇੱਕ ਹੀ ਕਾਰਗਾਰ ਤਰੀਕਾ-'ਲਾਕ ਡਾਊਨ' ਆਪੋ ਆਪਣੇ ਘਰਾਂ ਵਿੱਚ ਰਹੋ। ਜੇ ਘਰ ਤੋਂ ਬਾਹਰ ਹੋ ਤਾਂ ਆਪਣੀ ਬਾਂਹ ਦੀ ਲੰਬਾਈ ਜਿਨੀ ਦੂਰੀ ਬਣਾਉਣੀ ਲਾਜ਼ਮੀ। ਸਾਹਾਂ ਦਾ ਰਲੇਵਾਂ ਰੋਕਣ ਲਈ ਮੂੰਹ ਤੇ ਪੱਟੀ (ਮਾਸਕ) ਬੰਨ੍ਹ ਕੇ ਰਖਣਾ ਕਾਨੂੰਨੀ ਲਾਜ਼ਮੀ।

ਹਰ ਦੇਸ਼ ਦੇ ਨੇਤਾ ਘਾਬਰੇ ਹੋਏ। ਹਸਪਤਾਲਾਂ ਵਿੱਚ ਡਾਕਟਰਾਂ ਨਰਸਾਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ। ਸਭ ਤੋਂ ਵੱਧ ਸ਼ਾਮਤ ਮੰਜੇ ਤੇ ਪਏ ਬਜ਼ੁਰਗਾਂ ਜਾਂ ਪਹਿਲਾਂ ਹੀ ਕਿਸੇ ਨਾਮੁਰਾਦ ਬਿਮਾਰੀ ਨਾਲ ਗ੍ਰਸਤ ਵਿਅਕਤੀਆਂ ਦੀ ਆਈ ਲਗਦੀ ਸੀ। ਇਹਨਾਂ ਨਾਲ ਇਸ ਬਿਮਾਰੀ ਨੂੰ ਕੁਝ ਵੱਧ ਹੀ ਲਗਾਅ ਜਾਪਦਾ। ਉਂਜ ਜੋ ਵੀ ਇਹਦੀ ਗ੍ਰਿਫ਼ਤ ਵਿੱਚ ਆਇਆ ਇਸ ਬਖਸ਼ਿਆ ਨਹੀਂ। ਸੰਸਾਰ ਭਰ ਵਿੱਚ ਲੱਖਾਂ ਜਾਨਾਂ ਲੈ ਕੇ ਵੀ ਅਜੇ ਇਹਦਾ ਜੀਅ ਨਹੀਂ ਭਰਿਆ ਲਗਦਾ। ਬੇਸ਼ਕ ਇਹਦੀ ਸੰਘੀ ਘੁੱਟਣ ਲਈ ਵਿਗਿਆਨੀਆਂ ਨੇ ਫੰਦਾ ਤਿਆਰ ਕਰ ਲਿਆ ਪ੍ਰੰਤੂ ਇਹ ਕਦੋਂ ਕੁ ਤੱਕ ਪੂਰੀ ਤਰ੍ਹਾਂ ਕੱਸਿਆ ਜਾਊ ਸਾਲ 2020 ਦੇ ਗੁਜ਼ਰ ਜਾਣ ਤੇ ਵੀ ਅਜੇ ਤੱਕ ਪੱਕਾ ਯਕੀਨ ਨਹੀਂ।

ਕਹਿੰਦੇ ਨੇ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਇੱਕ ਜੋ ਸਾਹਮਣੇ ਨਜ਼ਰ ਆਉਂਦਾ ਹੈ ਅਤੇ ਦੂਜਾ ਪਿਛਲੇ ਪਾਸੇ ਵਾਲਾ। ਜਿਵੇਂ ਰਾਤ ਦੇ ਸੰਘਣੇ ਹਨੇਰੇ ਪਿੱਛੇ ਸਵੇਰ ਦਾ ਚਾਨਣ ਲੁਕਿਆ ਹੁੰਦਾ। ਕਾਲੀਆਂ ਘਨਘੋਰ ਘਟਾਵਾਂ ਵਿੱਚ ਪਾਣੀ ਦੀ ਠੰਢਕ ਲੁਕੀ ਹੁੰਦੀ। ਇਸੇ ਤਰ੍ਹਾਂ ਇਸ ਸਾਲ ਦੇ ਖ਼ੌਫ਼ ਤੇ ਸਹਿਮ ਵਿਚੋਂ ਕੁਝ ਐਸਾ ਸਾਹਮਣੇ ਆਇਆ ਜਿਸਦਾ ਸੁਆਦ ਮਨੁੱਖਤਾ ਭੁੱਲ ਹੀ ਚੁੱਕੀ ਲਗਦੀ ਸੀ। ਮਨੁੱਖ ਅੰਦਰੀਂ ਵੜ੍ਹ ਗਏ। ਬਾਹਰ ਕੁਦਰਤ ਨੇ ਆਪਣੇ ਵੰਨ ਸੁਵੰਨੇ ਰੰਗਾਂ ਦੀ ਛਹਿਬਰ ਲਾ ਦਿੱਤੀ। ਧੂੰਏਂ ਤੇ ਗਰਦ ਨਾਲ ਭਰਿਆ ਅਸਮਾਨ ਦਿਨਾਂ ਵਿੱਚ ਸਾਫ਼-ਸ਼ਫ਼ਾਕ ਨੀਲਮਈ ਨਿਲੱਤਣ ਨਾਲ ਭਰਪੂਰ। ਦੂਰੋਂ ਨਜ਼ਰ ਆਉਣ ਲਗੀਆਂ ਬਰਫ਼ ਲੱਦੀਆਂ ਪਹਾੜਾਂ ਦੀਆਂ ਸਫ਼ੇਦ ਚੋਟੀਆਂ ਜੋ ਲੋਕੀਂ ਭੁਲ ਭੁਲਾ ਹੀ ਬੈਠੇ ਸਨ। ਹਰੇ ਕਚੂਚ ਪੱਤਿਆਂ ਵਾਲੇ ਫੁੱਲਾਂ ਨਾਲ ਲੱਦੇ ਦਰੱਖਤਾਂ ਤੇ ਰੰਗ ਬਿਰੰਗੇ ਚਹਿਚਹਾਉਂਦੇ ਕਿੰਨੇ ਸਾਰੇ ਪੰਛੀ! ਪਹਿਲਾਂ ਤਾਂ ਕਦੇ ਵੇਖੇ ਹੀ ਨਹੀਂ ਸਨ! ਪਤਾ ਨਹੀਂ ਕਿਧਰੋਂ ਆ ਰੁੱਖਾਂ ਤੇ ਬੈਠੇ ਹੈਰਾਨ ਹੋ ਇੱਕ ਦੂਜੇ ਨੂੰ ਪੁੱਛਦੇ ਲਗਦੇ, ਉਐਨੀ ਚੁੱਪ-ਚਾਂ ਕਿਉਂ ? ਇਹ ਸਾਰੇ ਕਿੱਥੇ ਚਲੇ ਗਏ ? ਬੰਦੇ ਖ਼ੁਦ ਹੈਰਾਨ ਹੋਈ ਜਾਣ ਭਈ ਇਹ ਪ੍ਰਦੂਸ਼ਣ ਕਿੱਥੇ ਚਲਾ ਗਿਆ! ਸਾਰਾ ਕੁਝ ਹੀ ਸਾਫ਼ ਸੁਥਰਾ ਹੋ ਗਿਆ। ਤਾਰੇ ਐਨੇ ਚਮਕਦੇ ਨਜ਼ਰ ਆਉਂਦੇ ਨੇ! ਐਵੇਂ ਪ੍ਰਦੂਸ਼ਣਾ ਦਾ ਰੌਲਾ ਪਾਈ ਜਾਂਦੇ। ਕਰੋੜਾਂ ਅਰਬਾਂ ਪ੍ਰਦੂਸ਼ਣ ਹਟਾਉਣ ਲਈ ਖਰਚੇ ਜਾਂਦੇ ਨੇ। ਆਹ ਤੇ ਹੱਲ ਹੀ ਬੜਾ ਸੌਖਾ। ਸਾਰੀ ਲੋਕਾਈ ਅੰਦਰ ਵਾੜ ਦਿਓ, ਬਾਹਰ ਆਪੇ ਸਭ ਹੱਛਾ ਹੀ ਹੱਛਾ!

ਘਰਾਂ ਵਿੱਚ ਰੌਣਕਾਂ ਹੀ ਰੌਣਕਾਂ! ਮੰਮੀ ਡੈਡੀ ਘਰ, ਬੱਚੇ ਘਰ। ਜਿਹੜੇ ਹਫਤਾ ਹਫਤਾ ਭਰ ਇੱਕ ਦੂਜੇ ਦਾ ਮੂੰਹ ਵੇਖਣ ਨੂੰ ਤਰਸਦੇ ਸੀ ਹੁਣ ਨਿੱਤ ਇਕੱਠੇ ਖਾਂਦੇ ਪੀਂਦੇ, ਹੱਸਦੇ ਖੇਡਦੇ। ਨਿਆਣਿਆਂ ਦੇ ਟੀ.ਵੀ. ਵੇਖਣ ਤੇ ਨੱਚਣ ਭੁੜਕਣ ਤੇ ਕੋਈ ਰੋਕ ਟੋਕ ਹੀ ਨਹੀਂ। ਜਿਸ ਕਿਸੇ ਸਮੇਂ ਖੁਣੋਂ ਕਿਤਾਬਾਂ ਨੂੰ ਆਪਣੇ ਕਪੜਿਆਂ ਦੇ ਪਿੱਛੇ ਕਰਕੇ ਸਾਂਭ ਛੱਡਿਆ ਸੀ ਹੁਣ ਪੜ੍ਹਨ ਦਾ ਝੱਸ ਪੂਰਾ ਕਰਨ ਲਈ ਸਮਾਂ ਹੀ ਸਮਾਂ ਸੀ। ਘਰ ਦੇ ਖਾਣੇ ਦਾ ਭੁੱਲਿਆ ਸੁਆਦ ਰਸੋਈ ਵਿੱਚ ਨਿੱਤ ਨਵੇਂ ਪੱਕਦੇ ਪਕਵਾਨਾਂ ਨਾਲ ਮੂੰਹ ਸੁਆਦ ਸੁਆਦ ਕਰ ਦੇਂਦਾ। ਹੁਣ ਤਾਂ ਰੈਸਟੋਰੈਂਟਾਂ ਵਾਲਿਆਂ ਵੀ ਘਰ ਦੀ ਰਸੋਈ ਮਘਾ ਲਈ ਸੀ ਬਾਹਰ ਕਿੱਥੇ ਖਾਣ ਜਾਣਾ ਸੀ! ਹੋਰ ਤੇ ਹੋਰ ਇਸ ਸਾਲ ਲੋਕਾਂ ਵਿੱਚ ਇੱਕ ਦੂਜੇ ਪ੍ਰਤੀ ਪਿਆਰ, ਹਮਦਰਦੀ, ਸੰਵੇਦਨਾ ਤੇ ਸਹਿਯੋਗ ਦਾ ਤਾਂ ਜਿਵੇਂ ਹੜ੍ਹ ਹੀ ਆ ਗਿਆ। ਅੰਦਰ ਤੜੇ ਲੋੜਵੰਦ ਲੋਕਾਂ ਤਾਈਂ ਹਰ ਪ੍ਰਕਾਰ ਦੀਆਂ ਚੀਜ਼ਾਂ ਵਸਤਾਂ ਪੁੱਜਦੀਆਂ ਕਰਨ ਲਈ ਵਲੰਟੀਅਰ ਸੇਵਾਵਾਂ ਵਾਲੇ ਖੜੀ ਲੱਤ ਕੰਮ ਕਰਨ ਲਗੇ। ਕਈ ਨਵੀਆਂ ਸਵੈ-ਸੇਵੀ ਸੰਸਥਾਵਾਂ ਖੜੀਆਂ ਹੋ ਗਈਆਂ। ਸੱਚੀਆਂ ਸੁੱਚੀਆਂ ਧਾਰਮਿਕ ਸੰਸਥਾਵਾਂ ਨੇ ਕਿਸੇ ਨੂੰ ਭੁੱਖੇ ਢਿੱਡ ਨਹੀਂ ਸੌਣ ਦਿੱਤਾ। ਸਾਰਾ ਕੁਝ ਬਹੁਤ ਹੀ ਨਿਯਮਬੱਧ। ਕਿਤੇ ਕੋਈ ਭੀੜ-ਭੜੱਕਾ ਨਹੀਂ। ਕੋਈ ਦੂਸਰੇ ਨਾਲ ਖਹਿੰਦਾ ਨਹੀਂ। ਕਿਤੇ ਸਰਕਾਰੀ ਨਿਯਮਾਂ ਦੀ ਉਲੰਘਣਾ ਨਹੀਂ। ਹਰ ਕੰਮ ਸ਼ਰਧਾ ਅਤੇ ਜ਼ਿੰਮੇਵਾਰੀ ਨਾਲ ਨੇਪਰੇ ਚਾੜ੍ਹਿਆ ਜਾਂਦਾ ਰਿਹਾ।

ਅਮੀਰ ਮੁਲਕਾਂ ਨੇ ਤਾਂ ਆਪਣੇ ਲੋਕਾਂ ਲਈ ਖਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ। ਤਨਖਾਹ ਵਾਂਗ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਨਿਸ਼ਚਤ ਅਮਾਊਂਟ ਜਮ੍ਹਾਂ ਹੁੰਦਾ ਰਿਹਾ। ਭਾਰਤ ਵਰਗੇ ਸੰਘਣੀ ਅਬਾਦੀ ਵਾਲੇ ਗਰੀਬ ਮੁਲਕਾਂ ਵਿੱਚ ਮਜ਼ਦੂਰ ਵਰਗ ਨੂੰ ਇਸ ਬਿਪਤਾ ਨੇ ਜ਼ਰੂਰ ਭਾਜੜਾਂ ਪਈਆਂ। ਉਹਨਾਂ ਨੂੰ 2020 ਦੇ ਸਾਲ ਨੇ ਸੜਕਾਂ ਉਪਰ ਲਿਆ ਖੜਾ ਕੀਤਾ। ਵੱਡੇ ਸ਼ਹਿਰਾਂ ਵਿੱਚ ਆਏ ਨਿੱਤ ਕਮਾ ਕੇ ਖਾਣ ਵਾਲੇ ਮਜ਼ਦੂਰ ਕਿੰਨੇ ਦਿਨ ਅੰਦਰ ਬਹਿ ਕੇ ਖਾ ਸਕਦੇ ਸਨ ? ਉਹ ਆਪਣੇ ਦੂਰ-ਦੁਰਾਡੇ ਘਰਾਂ ਨੂੰ ਮੁੜਨ ਲਈ ਮਜਬੂਰ ਹੋ ਗਏ। ਬੱਸਾਂ ਗੱਡੀਆਂ ਬੰਦ। ਜਾਣ ਦਾ ਕੋਈ ਸਾਧਨ ਨਹੀਂ। ਜਿਹਦੇ ਕੋਲ ਜੋ ਸਾਧਨ ਸੀ ਲੈ ਤੁਰੇ। ਸਾਈਕਲਾਂ ਵਾਲਿਆਂ ਸਾਈਕਲ ਤੇ ਚਾਲੇ ਪਾ ਦਿੱਤੇ। ਪ੍ਰੰਤੂ ਬਹੁਤੇ ਕੋਈ ਚਾਰਾ ਨਾ ਚਲਦਾ ਵੇਖ ਪੈਦਲ ਹੀ ਸੈਂਕੜੇ ਮੀਲ ਦੂਰ ਆਪਣੇ ਗਰਾਂ ਵੱਲ ਤੁਰ ਪਏ। ਸਰਕਾਰ ਤੇ ਪ੍ਰਸ਼ਾਸਨ ਨੇ ਸਭ ਕਾਸੇ ਨੂੰ ਵੇਖ ਕੇ ਵੀ ਅਣਵੇਖਿਆ ਕਰੀ ਰਖਿਆ। ਪਰ ਧੰਨ ਹੈ ਜੀਂਦੀਆਂ ਜ਼ਮੀਰਾਂ ਵਾਲਿਆਂ ਅੰਦਰਲੀ ਹਮਦਰਦੀ ਤੇ ਸੰਵੇਦਨਾ! ਧਰਮੀ ਲੋਕ ਸੜਕਾਂ ਤੇ ਜਾਂਦਿਆਂ ਨੂੰ ਖਾਣ ਨੂੰ ਰੋਟੀ ਦੇਂਦੇ, ਯਥਾਯੋਗ ਨਕਦੀ ਲੋੜ ਪੂਰੇ ਕਰਦੇ ਗਰੀਬਾਂ ਦਾ ਸਹਾਰਾ ਬਣਦੇ ਰਹੇ। ਫਿਰ ਵੀ ਕਈ ਅਣਮੁਲੀਆਂ ਜ਼ਿੰਦਗੀਆਂ ਇਸ ਕੁਦਰਤੀ ਤੇ ਮਨੁੱਖੀ ਕਰੋਪੀ ਦੀ ਭੇਟ ਚੜ੍ਹ ਗਈਆਂ।

ਇਸ ਸਾਲ ਧਾਰਮਿਕ ਤੇ ਸਮਾਜਿਕ ਆਡੰਬਰ ਵਾਲੇ ਸਮਾਗਮ ਅਤੇ ਇਕੱਠ ਤਾਂ ਜਿਵੇਂ ਉੜਨ-ਛੂ ਹੀ ਹੋ ਗਏ। ਪਰ ਵੇਖ ਲਓ ਤਾਂ ਵੀ ਲੋਕਾਂ ਦਾ ਵਧੀਆ ਸਰੀ ਗਿਆ! ਮਿਥੇ ਵਿਆਹ-ਸ਼ਾਦੀਆਂ ਨਹੀਂ ਰੁਕੇ। ਪ੍ਰੰਤੂ ਹੋਏ ਇਤਨੇ ਸਾਦੇ ਢੰਗ ਨਾਲ ਤੇ ਬਿਨਾਂ ਲੰਮੇ ਚੌੜੇ ਇਕੱਠ ਦੇ ਕਿ ਸਾਲ 2020 ਦਾ ਸ਼ੁਕਰਾਨਾ ਕਰਨ ਨੂੰ ਜੀਅ ਕਰਦਾ। ਜਿਸ ਲੋਕਾਂ ਦੇ ਖਾਨੇ ਇਹ ਗੱਲ ਪਾਈ ਕਿ ਜ਼ਿੰਦਗੀ ਨੂੰ ਬਹੁਤੀ ਤਾਮ-ਝਾਮ ਅਡੰਬਰਾਂ 'ਕੱਠਾਂ-ਵਿਖਾਵਿਆਂ ਤੋਂ ਦੂਰ ਰਹਿ ਕੇ ਸਾਦੇ ਢੰਗ ਨਾਲ ਵੀ ਜੀਵਿਆ ਜਾ ਸਕਦਾ। ਕਾਸ਼! ਇਸ ਵਕਤੀ ਤਬਦੀਲੀ ਨੂੰ ਇੱਕ ਸਮਾਜਿਕ ਤਬਦੀਲੀ ਵਜੋਂ ਅਪਣਾ ਲਿਆ ਜਾਵੇ ਅਤੇ ਮਣਾਂ-ਮੂੰਹੀਂ ਵਿਖਾਵੇ ਤੇ ਵਿਅਰਥ ਖਰਚ ਕੀਤੇ ਜਾਂਦੇ ਧੰਨ ਦੀ ਬੱਚਤ ਕਰ ਗਰੀਬੀ ਰੇਖਾ ਤੋਂ ਥੱਲੇ ਵਸਦੇ ਲੋਕਾਂ ਦੇ ਲੇਖੇ ਲਾ ਉਹਨਾਂ ਨੂੰ ਜੀਣ ਜੋਗਾ ਕੀਤਾ ਜਾਵੇ।

ਇਹ ਵਰ੍ਹਾ ਸਮੁੱਚੇ ਸੰਸਾਰ ਲਈ ਸਮਾਜਿਕ ਬਦਲਾਅ ਵੱਲ ਇੱਕ ਬਹੁਮੁੱਲਾ ਸੰਕੇਤ ਬਣ ਸਾਹਮਣੇ ਆਇਆ। ਇੱਕ ਪੁਲਿਸ ਕਰਮਚਾਰੀ ਵਲੋਂ ਇੱਕ ਕਾਲੇ ਵਿਅਕਤੀ ਤੇ ਕੀਤੀ ਹਿੰਸਾ ਕਾਰਨ ਹੋਈ ਉਸਦੀ ਮੌਤ ਪੂਰੀ ਦੁਨੀਆਂ ਵਿੱਚ ਰੰਗ ਅਧਾਰਤ ਨਸਲੀ ਵਿਤਕਰੇ ਦਾ ਸੰਜੀਦਾ ਮੁੱਦਾ ਬਣ ਛਾ ਗਈ। ਖਾਸ ਤੌਰ ਤੇ ਉਤਰੀ ਅਮਰੀਕਾ ਵਿੱਚ 'ਬਲੈਕ ਲਾਈਵਜ਼ ਮੈਟਰ' 'ਮੂਲ-ਵਾਸੀ ਤੇ ਰੰਗ ਤੇ ਅਧਾਰਤ ਵਿਤਕਰੇ' ਦੀ ਮੁਹਿੰਮ ਪੂਰੇ ਜ਼ੋਰ-ਸ਼ੋਰ ਨਾਲ ਉੱਠੀ ਅਤੇ ਹਰ ਵਰਗ ਦੇ ਲੋਕਾਂ ਨੇ ਇਸ ਦਾ ਖੁੱਲ੍ਹਦਿਲੀ ਨਾਲ ਸਮਰਥਨ ਕੀਤਾ। ਹਾਂ-ਪੱਖੀ ਗੱਲ ਇਹ ਹੈ ਕਿ ਹੁਣ ਹਰ ਕੋਈ ਇਸ ਸੰਜੀਦਾ ਮੁੱਦੇ ਨੂੰ ਸਹਿਜੇ ਕੀਤੇ ਅੱਖੋਂ ਪਰੋਖੇ ਕਰਨ ਤੋਂ ਗੁਰੇਜ਼ ਕਰੇਗਾ। ਨਾਲ ਹੀ ਭਾਰਤ ਵਿੱਚ ਕਿਸਾਨਾਂ ਵਲੋਂ ਆਪਣੀ ਵਾਹੀਯੋਗ ਜ਼ਮੀਨ ਨੂੰ ਕਾਰਪੋਰੇਟ ਦੇ ਹੱਥਾਂ ਵਿੱਚ ਜਾਣ ਤੋਂ ਰੋਕਣ ਲਈ ਅੰਦੋਲਨ ਲਗਪਗ ਸਾਰਾ ਸਾਲ ਚਲਦਾ ਰਖਿਆ ਗਿਆ। ਸਾਲ ਦੇ ਅੰਤ ਵਿੱਚ ਇਹ ਅੰਦੋਲਨ ਕਰੋਨਾ ਵਰਗੀ ਬਿਮਾਰੀ ਦੇ ਡਰ ਤੇ ਖ਼ੌਫ਼ ਦੀ ਜੱਦ ਵਿਚੋਂ ਨਿਕਲ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ ਤੇ ਆ ਖਲੋਤਾ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣੇ ਮੁੱਢਲੇ ਹੱਕਾਂ ਦੀ ਰਾਖੀ ਲਈ 'ਸਮਾਜਿਕ ਕ੍ਰਾਂਤੀ' ਦਾ ਰੂਪ ਧਾਰ ਅਜੇ ਤੱਕ ਵੀ ਜਾਰੀ ਹੈ। ਭਾਰਤ ਦੇ ਅੰਨਦਾਤੇ ਹੀ ਨਹੀਂ ਬਲਕਿ ਅੱਧੇ ਤੋਂ ਵੱਧ ਭਾਰਤ ਵਾਸੀਆਂ ਵਲੋਂ ਆਪਸੀ ਇੱਕਮੁੱਠਤਾ, ਸਹਿਯੋਗ, ਜਾਗਰੂਕਤਾ, ਸੰਵੇਦਨਾ ਤੇ ਪਿਆਰ ਦਾ ਪ੍ਰਗਟਾਵਾ ਕਰਦਾ ਜਨ-ਸਮੂਹ ਦਾ ਇਹ ਇਕੱਠ ਸਮੁੱਚੀ ਮਨੁੱਖਤਾ ਲਈ ਭਵਿੱਖ ਦਾ ਰੌਸ਼ਨ ਚਿਰਾਗ ਬਣ ਉਭਰਿਆ ਹੈ।

ਹਾਂ, ਨਸ਼ਿਆਂ ਵਿੱਚ ਗ੍ਰਸਤ ਨਸ਼ੇੜੀਆਂ ਲਈ ਇਹ ਡਾਹਢੀ ਪਰਖ ਦਾ ਸਮਾਂ ਰਿਹਾ। ਆਂਕੜੇ ਦੱਸਦੇ ਹਨ ਕਿ ਸਾਲ 2020 ਦੌਰਾਨ ਨਸ਼ੇ ਦੀ ਓਵਰਡੋਜ਼/ਘਾਟ ਕਾਰਨ ਮਰਨ ਵਾਲਿਆਂ ਦੀ ਗਿਣਤੀ ਇਸ ਨਾਮਾਕੂਲ ਬਿਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਨਾਲੋਂ ਵੀ ਵੱਧ ਰਹੀ। ਕਿਉਂਜੁ ਬੱਸਾਂ ਗੱਡੀਆਂ ਦੀ ਆਵਾਜਾਈ ਰੁਕੀ ਹੋਣ ਅਤੇ ਬਾਰਡਰ ਬੰਦ ਹੋਣ ਕਰਕੇ ਨਸ਼ਿਆਂ ਦੀ ਸ਼ਰੇਆਮ ਹੁੰਦੀ ਤਸਕਰੀ ਤੇ ਪ੍ਰਭਾਵ ਪਿਆ। ਨਸ਼ਿਆਂ ਵਿੱਚ ਮਿਲਾਵਟ ਕੀਤੀ ਜਾਣ ਲਗੀ। ਗਲਤ ਕਿਸਮ ਦੇ ਨਸ਼ੇ ਨਸ਼ੇੜੀਆਂ ਲਈ ਮਾਰੂ ਸਾਬਤ ਹੋਏ। ਕਈ ਘਰਾਂ ਦੇ ਚਿਰਾਗ ਇਸ ਭੈੜੀ ਲਤ ਦੀ ਭੇਟ ਚੜ੍ਹ ਗਏ। ਇਸ ਮਾਰੂ ਸਮਾਜਿਕ ਬੁਰਾਈ ਨਾਲ ਨਜਿੱਠਣ ਦੀ ਲੋੜ ਵੱਲ ਸੰਜੀਦਗੀ ਨਾਲ ਧਿਆਨ ਦੇਣਾ ਅਤੀ ਜ਼ਰੂਰੀ ਹੈ। ਕਈ ਹੋਰ ਮਾਰੂ ਪ੍ਰਭਾਵਾਂ ਦੇ ਨਾਲ ਕਈ ਪ੍ਰਵਾਰਾਂ ਵਿੱਚ ਘਰੇਲੂ ਕਲੇਸ਼ ਵੀ ਵਧੇ। ਜਿੱਥੇ ਪਹਿਲਾਂ ਮਾੜੀ ਮੋਟੀ ਖਿਟ-ਪਿਟ ਹੁੰਦੀ ਸੀ ਹੁਣ ਹਰ ਵੇਲੇ ਇਕੱਠੇ ਰਹਿਣ ਕਾਰਨ ਅਤੇ ਮਨ ਦੀ ਭੜਾਸ ਕੱਢਣ ਲਈ ਕੋਈ ਭਿੱਤ ਦਰਵਾਜ਼ਾ ਖੁੱਲ੍ਹਾ ਨਾ ਹੋਣ ਕਰਕੇ ਦਿਮਾਗੀ ਬੋਝ ਵਧੇ ਜਿਸ ਕਾਰਨ ਮਾਨਸਿਕ ਸਿਹਤ ਤੇ ਪ੍ਰਭਾਵ ਪੈਣਾ ਬੜਾ ਕੁਦਰਤੀ ਸੀ। ਬੇਸ਼ਕ ਇਸ ਸਮੇਂ ਟੈਕਨੋਲੌਜੀ ਦੀ ਵਰਤੋਂ ਸਿਖਰ ਤੇ ਹੈ। ਸ਼ੋਸ਼ਲ ਮੀਡੀਆ ਰਾਹੀਂ ਸੰਪਰਕ ਬਣਿਆ ਰਿਹਾ ਹੈ। ਫੋਨ ਤੇ ਗਲਬਾਤ ਕਰ, ਵੀਡੀਓ ਰਾਹੀਂ ਆਹਮੋ ਸਾਹਮਣੇ ਹੋ ਸੌਖਿਆਂ ਹੀ ਸੰਪਰਕ ਬਣਾਇਆ ਜਾਂਦਾ ਰਿਹਾ। ਵਰਚੂਅਲ ਮੀਟਿੰਗਾਂ ਕਰ ਕੰਮ ਕਾਜ ਚਲਦਾ ਰਖਿਆ ਗਿਆ। ਪਰ ਜੋ ਸੁਖਾਲਾ ਸਾਹ ਘਰੋਂ ਬਾਹਰ ਨਿਕਲ ਆਹਮੋ ਸਾਹਮਣੇ ਬੈਠ ਆਉਂਦਾ ਉਹ ਘਰ ਦੀ ਚਾਰ ਦਿਵਾਰੀ ਵਿੱਚ ਮੁਮਕਿਨ ਨਹੀਂ। ਇਹ ਗੱਲ ਵੀ ਸੋਲਾਂ ਆਨੇ ਸੱਚ ਹੈ ਅਤੇ ਇਸ ਦੀ ਅਹਿਮੀਅਤ ਨੂੰ ਸਮਝ ਕੁਦਰਤ ਨਾਲ ਬੇਹੁਰਮਤੀ ਕਰਨ ਤੋਂ ਬਾਜ ਆਉਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ।

ਖੈਰ! ਜਿਵੇਂ-ਕਿਵੇਂ, ਔਖਾ-ਸੌਖਾ ਸਾਲ 2020 ਆਖਰ ਬੰਨੇ ਆ ਲਗਾ। ਬੇਸ਼ਕ ਮਨੁੱਖੀ ਤੋਰ ਥੰਮ ਗਈ। ਕਾਰਾਂ ਬੱਸਾਂ ਗੱਡੀਆਂ ਇੱਥੋਂ ਤੱਕ ਕਿ ਤੇਜ਼-ਤਰਾਰ ਜਹਾਜ਼ ਵੀ ਗੁੱਠੇ ਲਾਈਨ ਲਾ ਦਿੱਤੇ ਗਏ। ਪ੍ਰੰਤੂ ਨਹੀਂ ਰੁਕੀ ਤਾਂ ਉਹ ਹੈ ਧਰਤੀ ਦੀ ਗਤੀ। ਉਸ ਆਪਣੀ ਚਾਲੇ ਆਪਣੀ ਧੁਰੀ ਦੁਆਲੇ ਘੁੰਮਦੀ ਨੇ ਮਨੁੱਖਤਾ ਨੂੰ ਸਾਲ 2021 ਦੀਆਂ ਬਰੂਹਾਂ ਸਾਹਮਣੇ ਲਿਆ ਖੜ੍ਹਾਇਆ। ਬੀਤੇ ਵਰ੍ਹੇ ਲੋਕ ਭੈਣ-ਭਰਾਵਾਂ, ਮਿੱਤਰਾਂ-ਪਿਆਰਿਆਂ ਦੀਆਂ ਗਲਵਕੜੀਆਂ ਨੂੰ ਤਰਸ ਗਏ, ਰਿਸ਼ਤਿਆਂ ਦੇ ਨਿੱਘ ਤੋਂ ਵਾਂਞੇ ਰਹੇ। ਖੁਸ਼ੀਆਂ ਗਮੀਆਂ ਵਿੱਥ ਤੇ ਖਲੋ ਕੇ ਸਾਂਝੀਆਂ ਕਰਨੀਆਂ ਪਈਆਂ। ਇਸ ਕਾਰਨ ਹੋਰ ਕੁੱਝ ਨਹੀਂ ਤਾਂ ਹਰੇਕ ਦੇ ਅੰਦਰ ਆਪਣਿਆਂ ਦੇ ਪਿਆਰ ਤੇ ਸਤਿਕਾਰ ਵਰਗਾ ਕੁਝ ਨਾ ਕੁਝ ਤਾਂ ਪਿਘਲਿਆ ਹੀ ਹੈ। ਮਨੁੱਖ ਦੀਆਂ ਮਨੁਖ ਨਾਲ ਰਿਸ਼ਤੇ ਦੀ ਤੰਦਾਂ ਵਿੱਚ ਮੋਹ ਦੀ ਟੁਣਕਾਰ ਹੋਈ ਤਾਂ ਹੈ।

ਕੁਦਰਤ ਦੀ ਪਲਾਂ ਵਿੱਚ ਕੁਝ ਦਾ ਕੁਝ ਕਰ ਸਕਣ ਦੀ ਅਥਾਹ ਤਾਕਤ ਦਾ ਅਹਿਸਾਸ ਸ਼ਿੱਦਤ ਨਾਲ ਹੋਇਆ ਹੀ ਹੋਣਾ ਹੈ। ਕੁਦਰਤ ਨੂੰ ਮੁੱਠੀ ਵਿੱਚ ਕਰ ਲੈਣ ਦੀ ਮਨੁੱਖ ਦੀ ਲਾਲਸਾ ਤੇ ਥੋੜ੍ਹੀ ਬਹੁਤ ਨੱਥ ਤਾਂ ਪਈ ਹੀ ਹੋਣੀ ਹੈ। ਬੰਦਾ ਚਾਹੇ ਮੰਨੇ ਜਾਂ ਨਾ ਉਹਦੀਆਂ ਅੱਥਰੀਆਂ ਸੋਚਾਂ, ਧਾਰਨਾਵਾਂ, ਜਿੱਤ ਦੀਆਂ ਲਾਲਸਾਵਾਂ, ਸੱਤ੍ਹਾ ਦੇ ਲਾਲਚ ਵਰਗੀਆਂ ਅਮੋੜ ਖੁਸ਼ੀਆਂ ਤੇ ਕੁਝ ਤਾਂ ਸਵਾਲੀਆ ਚਿੰਨ੍ਹ ਲਗੇ ਹੀ ਹਨ। ਇਨ੍ਹਾਂ ਸਾਰੀਆਂ ਖੁਸ਼ੀਆਂ-ਗਮੀਆਂ, ਪ੍ਰਾਪਤੀਆਂ-ਅਪ੍ਰਾਪਤੀਆਂ ਨੂੰ ਸਿਰ ਮੱਥੇ ਰੱਖ ਸਾਲ 2020 ਤੈਨੂੰ ਅਲਵਿਦਾ! ਅਲਵਿਦਾ!

. 26 ਜਨਵਰੀ ਭਾਰਤ ਦਾ ਗਣਤੰਤਰ ਦਿਵਸ..

# ਅਸੀਂ ਭਾਰਤ ਦੇ ਲੋਕ

## ਸਾਨੂੰ ਮਹਿਮਾਨ, ਮੇਜ਼ਬਾਨ ਜਾਂ ਇਨਸਾਨ, ਕੁਛ ਤਾਂ ਮੰਨ ਲਉ ਸਰਕਾਰ ਜੀ...

ਕੁਲਦੀਪ ਸਿੰਘ ਦੀਪ (ਡਾ.)

– ਜਾਣੀ ਕਿ ਦੇਸ਼ ਵਿਚ ਅਸਲੀ ਰੂਪ ਵਿਚ ਗਣ (ਲੋਕਾਂ) ਦੇ ਰਾਜ ਦਾ ਆਗਾਜ਼...

– ਇਸ ਦਿਨ ਦਾ ਸਬੰਧ ਸਿਰਫ 1950 ਨਾਲ ਨਹੀਂ ਬਲਕਿ ਇਸ ਤੋਂ ਵੀ 20 ਸਾਲ ਪਹਿਲਾਂ ਉਸ ਮਤੇ ਨਾਲ ਹੈ ਜਿਸ ਰਾਹੀਂ 26 ਜਨਵਰੀ 1930 ਵਾਲੇ ਦਿਨ ਭਾਰਤ ਨੂੰ ਪੂਰਨ ਸਵਰਾਜ ਐਲਾਨਿਆ ਗਿਆ ਸੀ...ਤੇ ਉਸ ਦਿਨ ਤੋਂ ਲੈ ਕੇ 1947 ਵਿਚ ਆਜ਼ਾਦੀ ਪ੍ਰਾਪਤ ਹੋਣ ਤੱਕ ਇਹ ਦਿਨ ਆਜ਼ਾਦੀ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਸੀ..

– ਇਸ ਦਿਨ (26 ਜਨਵਰੀ 1950 ਨੂੰ) ਦੇਸ਼ ਨੂੰ ਚਲਾਉਣ ਵਾਲੀ ਕਨੂੰਨਾਂ ਦੀ ਪੋਥੀ (ਸੰਵਿਧਾਨ) ਨੂੰ ਲਾਗੂ ਕੀਤਾ ਗਿਆ ਸੀ...

– ਉਹ ਸੰਵਿਧਾਨ ਜਿਸ ਨੂੰ ਬਣਾਉਣ ਤੇ 2 ਸਾਲ 11 ਮਹੀਨੇ ਤੇ 18 ਦਿਨ ਲੱਗੇ ਸਨ..

– ਉਸ ਸੰਵਿਧਾਨ ਜਿਸ ਦਾ ਸਭ ਤੋਂ ਪਹਿਲਾ ਵਾਕ ਹੈ...ਅਸੀਂ ਭਾਰਤ ਦੇ ਲੋਕ...

– ਇਸ ਦਾ ਸਿੱਧਾ ਜਿਹਾ ਅਰਥ ਇਹ ਹੋਇਆ ਕਿ ਦੇਸ਼ ਨੂੰ ਚਲਾਉਣ ਵਾਲੀ ਸਰਕਾਰ ਨਹੀਂ ਹੁੰਦੀ, ਅਸਲ ਵਿਚ ਅਸੀਂ ਭਾਰਤ ਦੇ ਲੋਕ ਹੁੰਦੇ ਹਾਂ..

– ਕਿੰਨਾ ਖ਼ੂਬਸੂਰਤ ਖ਼ਾਬ ਲਿਆ ਸੀ ਇਹ ਪੋਥੀ ਬਣਾਉਣ ਵਾਲਿਆਂ ਨੇ ਤੇ ਕਿੰਨਾ ਬਦਸੂਰਤ ਬਣਾ ਦਿੱਤਾ ਹੈ, ਇਸ ਨੂੰ ਲਾਗੂ ਕਰਨ ਵਾਲਿਆਂ ਨੇ..ਕਿਸੇ ਸ਼ਾਇਰ ਦੀਆਂ ਲਾਈਨਾਂ ਚੇਤੇ ਆ ਰਹੀਆਂ ਹਨ :

ਤੀਲਾ ਤੀਲਾ ਆਪ ਖਿੰਡਾਇਆ, ਕੀ ਕਹੀਏ
ਕੱਲ੍ਹ ਟਾਹਣੀ ਜੋ ਆਲ੍ਹਣਾ ਪਾਇਆ, ਕੀ ਕਹੀਏ
ਕੈਸੇ ਡਾਕਟਰ, ਕੈਸਾ ਇਹ ਦਵਾਖਾਨਾ
ਮਰਜ ਦੀ ਥਾਂ ਮਰੀਜ ਮੁਕਾਇਆ, ਕੀ ਕਹੀਏ
ਪੁੱਛਣ ਨੀਹਾਂ ਦੀਆਂ ਇੱਟਾਂ, ਦੱਸੋ ਘਰ ਕਿੱਥੇ
ਆਪਣੇ ਹੱਥੀ ਆਪ ਜਲਾਇਆ, ਕੀ ਕਹੀਏ

– ਅੱਜ 74 ਸਾਲ ਬਾਅਦ ਵੀ ਅਸੀਂ ਭਾਰਤ ਦੇ ਲੋਕ, ਉਹ ਬਦਕਿਸਮਤ ਲੋਕ ਹਾਂ ਜੋ ਫੁੱਟਪਾਥਾਂ ਤੇ ਪਏ ਦਰੜ ਦਿੱਤੇ ਜਾਂਦੇ ਹਾਂ...

– ਅਸੀਂ ਭਾਰਤ ਦੇ ਲੋਕ ਉਹ ਲੋਕ ਹਾਂ ਜਿਨ੍ਹਾਂ ਨੂੰ 74 ਸਾਲਾਂ ਬਾਅਦ ਵੀ ਇਹ ਦੇਸ਼ ਸਿਰਫ ਇਕ ਹਫਤੇ ਲਈ ਵੀ ਨਾ ਰੋਟੀ ਦੇ ਸਕਿਆ ਤੇ ਨਾ ਇਹ ਧਰਵਾਸ ਦੇ ਸਕਿਆ ਕਿ ਤੁਸੀਂ ਜਿੱਥੇ ਵੀ ਹੋ, ਉਥੇ ਹੀ ਰਹੋ..ਇਹ ਦੇਸ਼ ਜਿੰਨਾ ਪ੍ਰਧਾਨ ਮੰਤਰੀ ਅਤੇ ਹੋਰ ਹੁਕਮਰਾਨਾਂ ਦਾ ਹੈ, ਜਿਨ੍ਹਾਂ ਟਾਟੇ ਬਿਰਲੇ ਤੇ ਅੰਬਾਨੀਆਂ-ਅਡਾਨੀਆਂ ਦਾ ਹੈ, ਉੱਨਾ ਹੀ ਤੁਹਾਡਾ ਹੈ...ਉਹ ਵਿਚਾਰੇ ਕਰਮਾਂ ਦੇ ਮਾਰੇ ਕਰੋਨਾ ਕਾਲ ਵਿਚ ਭੁੱਖ ਅਤੇ ਬੇਭਰੋਸਗੀ ਦੇ ਵਾਇਰਸ ਦੇ ਸਤਾਏ ਸੜਕਾਂ ਤੇ ਨਿਕਲ ਤੁਰੇ ਸਨ...

– ਕਾਸ਼ ! ਜਿੰਨਾ ਜੋਰ ਸਰਕਾਰ ਨੇ ਕਰੋਨਾ ਟੀਕਾ ਤਿਆਰ ਕਰਨ ਤੇ ਲਾਇਆ, ਕਿਤੇ ਓਨਾ ਹੀ ਭੁੱਖ ਅਤੇ ਗਰੀਬੀ ਦਾ ਟੀਕਾ ਤਿਆਰ ਕਰਨ ਤੇ ਲਾ ਦਿੰਦੀ ਤਾਂ ਸਾਇਦ 'ਅਸੀਂ ਭਾਰਤ ਦੇ ਲੋਕਾਂ ਨੂੰ' ਇਹ ਦੇਸ਼ ਆਪਣਾ ਲੱਗਣ ਲੱਗ ਜਾਂਦਾ।

– ਅਸੀਂ ਭਾਰਤ ਦੇ ਲੋਕ ਸੰਵਿਧਾਨ ਦੀ ਸਭ ਤੋਂ ਪਹਿਲੀ ਲਾਈਨ ਵਿਚ ਦਰਜ 'ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ' ਦਾ ਅਰਥ ਪੁੱਛਦੇ ਹੋਏ ਸਵਾਲ ਕਰਦੇ ਹਾਂ ਕਿ ਆਖਰ ਕਿੱਥੇ ਦਫਨ ਕਰ ਦਿੱਤਾ ਹੈ ਸਮਾਜਵਾਦ.. ਉਹ ਬਰਾਬਰੀ ਦਾ ਸਮਾਜ ਜਿਸ ਦਾ ਸੁਪਨਾ ਕਦੇ ਭਗਤ ਸਿੰਘ ਵਰਗੇ ਲੋਕਾਂ ਨੇ ਲਿਆ ਸੀ ਅਤੇ ਇਸ ਸੁਪਨੇ ਨੂੰ ਸੱਚ ਕਰਨ ਦੀ ਤਿਆਰੀ ਵਿਚ ਹਸਦੇ ਹਸਦੇ ਫਾਹੇ ਲਟਕ ਗਏ ਸਨ..

– ਕੀ ਅਰਥ ਰਹਿ ਜਾਂਦੇ ਹਨ ਲੋਕਤੰਤਰੀ ਗਣਰਾਜ ਦੇ...ਜਦ ਦੇਸ਼ ਲਈ ਰੋਟੀ ਪੈਦਾ ਕਰਨ ਵਾਲੇ ਲੱਖਾਂ ਕਿਸਾਨ ਚੀਕ ਚੀਕ ਕੇ ਕਹਿ ਰਹੇ ਹਨ ਕਿ ਸਾਡੀ ਮਰਜੀ ਤੋਂ ਬਗੈਰ ਸਾਡੇ ਤੇ ਕਨੂੰਨ ਕਿਉਂ ਥੋਪ ਰਹੇ ਹੋ..ਆਖਿਰ ਕਿਉਂ?

– ਕਿੱਥੇ ਰਹਿ ਜਾਂਦਾ ਹੈ ਧਰਮ ਨਿਰਪੱਖ ਰਾਜ, ਜਦ ਕਿਤੇ 47 ਵਾਪਰਦਾ ਹੈ, ਕਿਤੇ ਚੁਰਾਸੀ, ਕਿਤੇ ਗੋਧਰਾ ਤੇ ਕਿਤੇ 92 ਵਿਚ ਭਗਤਾਂ ਦੀ ਭੀੜ ਦੁਆਰਾ ਕੀਤੀ ਗੁੰਡਾਗਰਦੀ..

– ਅਸੀਂ ਭਾਰਤ ਦੇ ਲੋਕ ਪੁੱਛਦੇ ਹਾਂ ਕਿ ਕਿੱਥੇ ਭੁੱਲ ਜਾਂਦਾ ਹੈ ਸੰਵਿਧਾਨ ਦੀ ਪ੍ਰਸਤਾਵਨਾ ਦੀ ਦੂਜੀ ਲਾਈਨ ਵਿਚ ਦਰਜ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਦਾ ਸੰਕਲਪ.. ਜਦ ਸਾਰੇ ਦੇਸ਼ ਦੇ ਸਾਰੇ ਪੈਸਿਆਂ ਤੋਂ ਵੱਧ ਪੈਸਾ ਇਕ ਪ੍ਰਤੀਸ਼ਤ ਲੋਕਾਂ ਕੋਲ ਹੋਵੇ ਤੇ ਦੇਸ਼ ਦਾ ਕਿਰਤੀ-ਮਜ਼ਦੂਰ ਜਾਂ ਖੁਦਕੁਸ਼ੀ ਕਰਦਾ ਹੋਵੇ, ਜਾਂ ਪ੍ਰਵਾਸ ਕਰਦਾ ਹੋਵੇ ਜਾਂ ਜ਼ੀਰੋ ਡਿਗਰੀ ਤਾਪਮਾਨ ਤੇ 'ਗਣਰਾਜ ਦੇ ਗੜ੍ਹ' ਦੇ ਬਾਹਰ ਧਰਨੇ ਤੇ ਬੈਠਾ ਹੋਵੇ ਤੇ ਉਸ ਨੂੰ ਦਿੱਲੀ ਦੇ ਅੰਦਰ ਤੱਕ ਵੜਨ ਦੀ ਇਜ਼ਾਜ਼ਤ ਨਾ ਹੋਵੇ।

– ਕਿਥੇ ਹੈ ਪ੍ਰਸਤਾਵਨਾ ਦੀ ਤੀਜੀ ਲਾਈਨ ਵਿਚ ਦਰਜ ਪ੍ਰਤਿਸ਼ਠਾ (ਇਜ਼ਤ) ਅਤੇ ਅਵਸਰ ਦੀ ਸਮਾਨਤਾ...ਜਦ ਇਸੇ ਸੰਵਿਧਾਨ ਦਾ ਦਿਨ ਮਨਾਉਣ ਲਈ ਅਸੀਂ ਭਾਰਤ ਦੇ ਲੋਕ ਨਾ ਮਹਿਮਾਨ ਹੋ ਸਕਦੇ ਹਾਂ ਤੇ ਨਾ ਮੇਜ਼ਬਾਨ ਤੇ ਸੱਤਾ ਸਾਨੂੰ ਇਨਸਾਨ




ਤਸਲੀਮ ਕਰਨ ਤੋਂ ਵੀ ਇਨਕਾਰੀ ਹੋਵੇ। ਜਿਨ੍ਹਾਂ 'ਬਾਹਰਲਿਆਂ' ਨੂੰ ਨੂੰ ਬੁਲਾਇਆ ਗਿਆ, ਉਹ ਆਏ ਨਹੀਂ, ਜੋ 'ਆਪਣੇ ਜਾਣਾ ਚਾਹੁੰਦੇ, ਉਹਨਾਂ ਨੂੰ ਰੋਕਿਆ ਜਾ ਰਿਹਾ ਹੈ। ਤੁਹਾਨੂੰ ਦੱਸ ਦਿਆਂ ਕਿ ਗੂਗਲ ਬਾਬਾ ਦੀ ਜਾਣਕਾਰੀ ਮੁਤਾਬਕ 1950 ਤੋਂ ਲੈ ਕੇ 2021 ਤੱਕ ਚਾਰ 26 ਜਨਵਰੀਆਂ ਅਜਿਹੀਆਂ ਸਨ ਜਿਨ੍ਹਾਂ ਵਿਚ 'ਬਾਹਰਲੇ ਮਹਿਮਾਨ' ਨਹੀਂ ਆਏ। 1952, 1953 ਤੇ 1966 ਵਿਚ ਕਿਸੇ ਨੂੰ ਸੱਦਾ ਨਹੀਂ ਭੇਜਿਆ ਗਿਆ ਤੇ ਪਿਛਲੇ 70 ਸਾਲਾਂ ਵਿਚ 2021 ਹੀ ਅਜਿਹਾ ਸਾਲ ਹੈ ਜਿਸ ਵਿਚ ਕਿਸੇ ਨੂੰ ਬਲਾਇਆ ਗਿਆ ਹੋਵੇ ਤੇ ਅਗਲਾ ਆਇਆ ਨਾ ਹੋਵੇ।

– ਚਾਹੀਦਾ ਤਾਂ ਇਹ ਸੀ ਕਿ ਦੇਸ਼ ਦਾ ਪ੍ਰਧਾਨ ਮੰਤਰੀ ਐਲਾਨ ਕਰਦਾ ਕਿ ਅਸੀਂ ਇਸ ਦਿਨ ਭਾਰਤ ਦੇ ਭਾਗ ਵਿਧਾਤਾ, ਜਿਸ ਦਾ ਜ਼ਿਕਰ ਕੌਮੀ ਗਾਨ ਵਿਚ 'ਜਨ ਗਣ ਮਨ' ਕਹਿ ਕੇ ਕੀਤਾ ਜਾਂਦਾ ਹੈ, ਦੀਆਂ ਸਾਰੀਆਂ ਗੱਲਾਂ ਸਵੀਕਾਰ ਕਰਦੇ ਹਾਂ ਤੇ ਇਹ ਦਿਨ 'ਕਿਰਤ ਦਿਵਸ' ਦੇ ਰੂਪ ਵਿਚ ਮਨਾਉਂਦੇ ਹੋਏ ਫੌਜੀ ਹਥਿਆਰਾਂ ਰਾਹੀਂ ਹਉਮੈਂ ਦਾ ਪ੍ਰਦਰਸ਼ਨ ਕਰਨ ਦੀ ਬਜਾਇ ਕਿਰਤ ਦੇ ਸੰਦਾਂ ਦਾ ਪ੍ਰਦਰਸ਼ਨ ਕਰਾਂਗੇ ਤੇ ਦੁਨੀਆਂ ਨੂੰ ਦੱਸਾਂਗੇ ਕਿ ਦੇਸ਼ ਦੀ ਤਕਦੀਰ ਦੇ ਅਸਲ ਘਾੜੇ ਇਹ ਕਿਰਤੀ ਲੋਕ ਹੀ ਹਨ।

– ਅਜਿਹੇ ਕੀ ਕਾਰਨ ਬਣ ਗਏ ਕਿ ਦੇਸ਼ ਲਈ ਮਰ ਮਿਟਣ ਵਾਲੇ ਇਹਨਾਂ ਕਿਰਤੀਆਂ ਦੇ ਉੱਪਰ ਦੇਸ਼ ਨੂੰ ਏਨਾ ਵੀ ਯਕੀਨ ਨਹੀਂ ਰਿਹਾ ਕਿ ਇਹਨਾਂ ਨੂੰ ਸੱਤਾ ਦੇ ਗੜ ਦੇ ਦੁਆਲੇ ਉੱਸਰੀ 'ਆਉਟਰ ਰਿੰਗ ਰੋਡ' ਤੇ ਵੀ ਨਹੀਂ ਚੜ੍ਹਨ ਦਿੱਤਾ ਜਾ ਰਿਹਾ। ਬਹਾਨੇ ਦੋ ਹਨ :

**ਪਹਿਲਾ ਸਕਿਉਰਟੀ ਦਾ**
**ਦੂਜਾ ਲੋਕਾਂ ਨੂੰ ਪਰੇਸ਼ਾਨੀ ਦਾ**

ਜਿਥੋਂ ਤੱਕ ਸਕਿਉਰਟੀ ਦਾ ਸਵਾਲ ਹੈ, ਸਰਕਾਰ ਇਹਨਾਂ ਦੀਆਂ ਮੰਗਾਂ ਮੰਨ ਕੇ ਯਕੀਨ ਕਰਕੇ ਤਾਂ ਦੇਖੇ, ਇਹ ਹੁਣ ਵੀ ਉੱਨੇ ਹੀ ਦੇਸ਼ ਭਗਤ ਹਨ, ਜਿੰਨੇ 47 ਤੋਂ ਪਹਿਲਾਂ ਸੀ। ਇਹਨਾਂ ਕਿਰਤੀਆਂ-ਕਿਸਾਨਾਂ-ਮਜ਼ਦੂਰਾਂ ਦੇ ਪੁੱਤ ਹੁਣ ਵੀ ਦੇਸ਼ ਦੀਆਂ ਸਰਹੱਦਾਂ ਤੇ ਜੂਝਦੇ, ਲੜਦੇ ਤੇ ਮਰਦੇ ਹਨ ਤਾਂ ਜੋ ਹੀਟਰਾਂ ਤੇ ਏਅਰਕੰਡੀਸ਼ਨ ਵਿਚ ਬੈਠੇ ਲੋਕਾਂ ਸੁੱਖ ਦੀ ਨੀਂਦ ਸੌਂ ਸਕਣ।

ਦੂਜਾ ਮਸਲਾ ਲੋਕਾਂ ਨੂੰ ਪਰੇਸ਼ਾਨੀ ਦਾ ਹੈ। ਸਰਕਾਰ ਚਾਹੁੰਦੀ ਤਾਂ ਇਹ ਕਰ ਸਕਦੀ ਸੀ ਕਿ ਕਰੋਨਾ ਲੌਕਡਾਉਨ ਵਾਂਗ ਇਕ ਦਿਨ ਲਈ ਦਿੱਲੀ ਵਾਸੀ ਘਰਾਂ ਵਿਚ ਟੀਵੀ ਸਕਰੀਨਾਂ ਦੇ ਮੂਹਰੇ ਬੈਠਣ ਤੇ ਦੋ ਪਰੇਡਾਂ ਦਾ ਅਨੰਦ ਮਾਣਨ :

– ਪਹਿਲੀ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਵਾਲੀ ਸੱਤਾ ਦੀ ਰਵਾਇਤੀ ਪਰੇਡ

– ਕਿਰਤ ਦੇ ਸੰਦਾਂ ਦਾ ਪ੍ਰਦਰਸ਼ਨ ਕਰਨ ਵਾਲੀ ਕਿਰਤੀਆਂ ਦੀ ਟਰੈਕਟਰ ਪਰੇਡ

ਪਰ ਸਰਕਾਰ ਇਹਨਾਂ ਨੂੰ ਆਪਣੇ ਮੰਨਦੀ ਹੀ ਨਹੀਂ, ਬਲਕਿ ਉਹਨਾਂ ਦੀ ਨਜ਼ਰ ਵਿਚ ਕਦੇ ਇਹ ਅੱਤਵਾਦੀ ਹਨ, ਕਦੇ ਵੱਖਵਾਦੀ ਹਨ, ਕਿਦੇ ਮਾਓਵਾਦੀ ਹਨ ਤੇ ਕਦੇ ਮਾਰਕਸ਼ਵਾਦੀ ਹਨ..ਕਦੇ ਚੀਨੀ ਹਨ ਤੇ ਕਦੇ ਪਾਕਿਸਤਾਨੀ ਹਨ..ਕਦੇ ਵਰਗਲਾਏ ਹੋਏ ਹਨ ਤੇ ਕਦੇ ਭੜਕਾਏ ਹੋਏ ਹਨ...

ਅਸੀਂ ਭਾਰਤ ਦੇ ਲੋਕ ਸਵਾਲ ਪੁੱਛਦੇ ਹਾਂ ਕਿ ਕਿਉਂ ਅਰਥਹੀਨ ਹੋ ਗਿਆ ਹੈ ਪ੍ਰਸਤਾਵਨਾ ਵਿਚ ਦਰਜ 'ਵਿਅਕਤੀ ਦੇ ਗੌਰਵ' ਵਰਗੇ ਸੰਕਲਪ ਦਾ ਅਰਥ। ਜੇ ਦੇਸ਼ ਵਿਚ ਆਮ ਵਿਅਕਤੀ ਦਾ ਥੋੜਾ ਜਿਹਾ ਵੀ ਗੌਰਵ ਬਹਾਲ ਹੁੰਦਾ ਤਾਂ ਇੱਕਲੇ ਪੰਜਾਬ ਵਿਚ ਹੀ ਕਿਰਤੀ, ਕਿਸਾਨ ਤੇ ਮਜ਼ਦੂਰਾਂ ਦੀਆਂ 16606 ਖੁਦਕੁਸ਼ੀਆਂ ਨਾ ਹੁੰਦੀਆਂ। ਆਪਣੇ ਹੀ ਦੇਸ਼ ਵਿਚ ਬਾਰਡਰ ਨਾ ਬਣਦੇ ਤੇ ਦਿੱਲੀ ਦੇ ਬਾਰਡਰਾਂ ਤੋਂ 150 ਦੇ ਕਰੀਬ ਕਿਰਤੀਆਂ ਦੀਆਂ ਲਾਸ਼ਾਂ ਘਰਾਂ ਵਿਚ ਨਾ ਆਉਂਦੀਆਂ.. ਕਿਸੇ ਦਾਮਿਨੀ, ਆਸਿਫਾ ਜਾਂ ਮਨੀਸ਼ਾ ਦਾ ਦਿਨ ਦਿਹਾੜੇ ਰੇਪ ਨਾ ਹੁੰਦਾ ਤੇ ਦਿੱਲੀ ਦੀਆਂ ਸੜਕਾਂ ਤੇ ਸਰੇਆਮ 'ਗੋਲੀ ਮਾਰੋ ਸਾਲੋ ਕੋ, ਦੇਸ਼ ਕੇ ਗਦਾਰੋਂ ਕੋ, ਵਰਗੇ ਨਾਹਰੇ ਨਾ ਲਗਦੇ, ਅੰਦੋਲਨਕਾਰੀਆਂ ਨੂੰ ਨੈਸ਼ਨਲ ਸਕਿਉਰਟੀ ਐਕਟ ਲਾ ਕੇ ਜੇਲ੍ਹਾਂ ਵਿਚ ਨਾ ਸੁੱਟਿਆ ਜਾਂਦਾ ਅਤੇ ਉਹਨਾਂ ਨੂੰ 'ਟੁਕੜੇ ਟੁਕੜੇ ਗੈਂਗ' ਤੇ 'ਅਰਬਨ ਨਕਸਲ' ਨਾ ਕਹਿੰਦੇ ਬਲਕਿ ਵਿਰੋਧ ਦੀ ਆਵਾਜ਼ ਨੂੰ ਪਵਿੱਤਰ ਹੱਕ ਤਸਲੀਮ ਕਰਦੇ ਹੋਏ ਵਿਰੋਧੀ ਰਾਏ ਦਾ ਵੀ ਬਰਾਬਰ ਸਤਿਕਾਰ ਕੀਤਾ ਜਾਂਦਾ।

ਜੇਕਰ ਆਮ ਆਦਮੀ ਦਾ ਗੌਰਵ ਥੋੜਾ ਜਿਹਾ ਵੀ ਬਹਾਲ ਹੁੰਦਾ ਤਾਂ 'ਅਸੀਂ ਭਾਰਤ ਦੇ ਲੋਕ' 26 ਜਨਵਰੀ ਦੇ ਮੁੱਖ ਮਹਿਮਾਨ ਹੁੰਦੇ ਤੇ ਦਾਦੀ ਮਹਿੰਦਰ ਕੌਰ ਦੇਸ਼ ਦਾ ਝੰਡਾ ਲਹਿਰਾ ਰਹੀ ਹੁੰਦੀ ਤੇ ਦੇਸ਼ ਝੰਡਾ ਲਹਿਰਾਉਣ ਤੋਂ ਬਾਅਦ ਸਿਸਟਮ ਦੀਆਂ ਨਲਾਇਕੀਆਂ ਕਾਰਨ ਖੁਦਕੁਸ਼ੀ ਕਰਨ ਵਾਲੇ, ਦੰਗਿਆਂ ਦਾ ਸ਼ਿਕਾਰ ਹੋਣ ਵਾਲੇ, ਬਲਾਤਕਾਰਾਂ ਦਾ ਸ਼ਿਕਾਰ ਹੋਣ ਵਾਲੇ ਅਤੇ ਕਿਸਾਨ ਸੰਘਰਸ਼ ਵਿਚ ਮਰਨ ਵਾਲੇ ਲੋਕਾਂ ਲਈ ਕੁਝ ਦੇਰ ਝੰਡਾ ਝੁਕਾ ਕੇ ਜਾਂ ਮੌਨ ਧਾਰਨ ਕਰਕੇ ਸਰਧਾਂਜਲੀ ਦਿੱਤੀ ਜਾਂਦੀ ਤੇ ਇਹ ਅਹਿਦ ਕੀਤਾ ਜਾਂਦਾ ਕਿ ਅੱਜ ਤੋਂ ਬਾਅਦ ਦੇਸ਼ ਲਈ ਪ੍ਰਧਾਨਮੰਤਰੀ ਦੀ ਇੱਛਾ ਸੁਪਰੀਮ ਨਹੀਂ ਹੋਵੇਗੀ, ਬਲਕਿ ਅਸੀਂ ਭਾਰਤ ਦੇ ਲੋਕਾਂ ਦੀ ਇੱਛਾ ਦਾ ਸਤਿਕਾਰ ਕਰਦੇ ਹੋਏ ਉਸ ਨੂੰ ਲਾਗੂ ਕਰਨ ਲਈ ਵਚਨਬੱਧ ਹੋਇਆ ਜਾਵੇਗਾ।

ਇਹ ਸਾਰਾ ਕੁਝ ਨਾ ਹੋਇਆ ਹੈ ਤੇ ਨਾ ਹੋਣਾ ਹੈ..ਇਸ ਲਈ 'ਅਸੀਂ ਭਾਰਤ ਦੇ ਲੋਕ' ਆਪਣੇ ਬਹਿਕਦੇ ਰੋਹ ਨੂੰ ਦਿਸ਼ਾ ਦੇ ਕੇ, ਹੱਥਾਂ ਵਿਚ ਰੋਹ-ਵਿਦਰੋਹ ਦੇ ਝੰਡੇ ਫੜ ਕੇ ਤੇ ਜੋਸ਼ ਵਿਚ ਬਾਂਹਾਂ ਉਲਾਰ ਕੇ ਸੱਤਾ ਦੀਆਂ ਬਰੂਹਾਂ ਤੇ ਖੜ੍ਹੇ ਹਾਂ ਤੇ ਤਦ ਤੱਕ ਖੜ੍ਹੇ ਰਹਾਂਗੇ ਜਦ ਤੱਕ ਸਾਨੂੰ ਪ੍ਰਸਤਾਵਨਾ ਵਿਚ ਦਰਜ ਸਮਾਜਿਕ ਤੇ ਆਰਥਿਕ ਨਿਆਂ ਨਹੀਂ ਮਿਲਦਾ।

ਹੁਣ ਅਸੀਂ ਭਾਰਤ ਦੇ ਲੋਕ ਦਿੱਲੀ ਦੀ ਇੱਟ ਨਾਲ ਇੱਟ ਨਹੀਂ ਖੜਕਾਵਾਂਗੇ ਬਲਕਿ ਸ਼ਾਂਤਮਈ ਰੋਸ਼ ਪ੍ਰਦਰਸ਼ਨ ਕਰਦੇ ਹੋਏ ਦਿੱਲੀ ਨੂੰ ਸਾਂਭਾਂਗੇ..ਅਤੇ ਆਪ ਨੀਤੀ ਘਾੜੇ ਬਣਾਂਗੇ... ਕਿਉਂਕਿ ਰਾਹਤ ਇੰਦੌਰੀ ਦੇ ਸ਼ਬਦਾਂ ਵਿਚ :

ਸਭੀ ਕਾ ਖ਼ੂਨ ਸ਼ਾਮਿਲ ਹੈ ਯਹਾਂ ਕੀ ਮਿੱਟੀ ਮੇਂ
ਕਿਸੇ ਕੇ ਬਾਪ ਕਾ ਹਿੰਦੁਸਤਾਨ ਥੋੜੀ ਹੈ।

# ਦੁਨੀਆ ਭਰ 'ਚ ਹੁੰਦੀਆਂ ਕਿਸਾਨ ਖੁਦਕੁਸ਼ੀਆਂ

ਰਾਜਿੰਦਰ ਸੇਖੋਂ

ਦੁਨੀਆ ਭਰ 'ਚ ਹੁੰਦੀਆਂ ਕਿਸਾਨ ਖੁਦਕੁਸੀਆਂ ਹਰ ਇਨਸਾਨ ਲਈ ਇੱਕ ਚਿੰਤਾ ਦਾ ਵਿਸ਼ਾ ਹਨ ਤੇ ਹੋਣਾ ਵੀ ਚਾਹੀਦੀਆਂ ਹਨ ਕੈਨੇਡਾ ਦਾ ਕਿਸਾਨ ਭਾਈਚਾਰਾ ਹੋਰ ਸੈਕਟਰਾਂ ਦੇ ਮੁਕਾਬਲੇ 20 ਤੋਂ 30 ਪ੍ਰਤੀਸ਼ਤ ਵਧੇਰੇ ਖੁਦਕੁਸ਼ੀਆਂ ਕਰਦਾ ਹੈ। ਹਾਲਾਂਕਿ ਕੈਨੇਡੀਅਨ ਅੰਕੜੇ ਸਰਵੇ ਤੇ ਅਧਾਰਿਤ ਹਨ, ਅਮਰੀਕਾ ਵਿੱਚ ਬਿਮਾਰੀ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੁਆਰਾ ਕੀਤੇ ਗਏ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਅਮਰੀਕੀ ਕਿਸਾਨਾਂ ਵਿੱਚ ਖੁਦਕੁਸ਼ੀਆਂ ਦਾ ਜ਼ੋਖਮ ਆਮ ਅਮਰੀਕਨ ਨਾਲੋਂ ਪੰਜ ਗੁਣਾ ਜ਼ਿਆਦਾ ਹੈ। ਰੋਸਮੈਨ, ਇਕ ਆਇਓਵਾ ਦਾ ਕਿਸਾਨ ਮਨੋਵਿਗਿਆਨੀ ਹੈ ਅਤੇ ਦੇਸ ਦੇ ਪ੍ਰਮੁੱਖ ਕਿਸਮਾਂ ਦੇ ਵਿਵਹਾਰਕ ਸਿਹਤ ਮਾਹਰ ਹਨ। ਉਹ ਅਕਸਰ ਖੁਦਕਸ਼ੀ ਸੰਕਟ ਵਿੱਚ ਹੋਣ ਵਾਲਿਆਂ ਦੀਆਂ ਫੋਨ ਕਾਲਾਂ ਦਾ ਜਵਾਬ ਦਿੰਦਾ ਹੈ ਅਤੇ 40 ਸਾਲਾਂ ਤੋਂ ਉਸਨੇ ਇਹ ਸਮਝਣ ਲਈ ਕੰਮ ਕੀਤਾ ਹੈ ਕਿ ਕਿਸਾਨ ਅਜਿਹੀਆਂ ਚਿੰਤਾਜਨਕ ਦਰਾਂ ਤੇ ਕਿਉਂ ਆਪਣੀਆਂ ਜਾਨਾਂ ਲੈਂਦੇ ਹਨ ਮੌਜੂਦਾ ਸਮੇਂ, ਅਮਰੀਕਾ ਵਿੱਚ ਕਿਸੇ ਵੀ ਹੋਰ ਕਿੱਤੇ ਨਾਲੋਂ ਸਭ ਤੋਂ ਜ਼ਿਆਦਾ ਕਿਸਾਨ ਖੁਦਕੁਸੀ ਕਰਦੇ ਹਨ ਯੂਐਸਏ ਟੂਡੇ ਨੈਟਵਰਕ ਅਤੇ ਮਿਡਵੈਸਟ ਸੈਂਟਰ ਫਾਰ ਇਨਵੈਸਟੀਗੇਟਿਵ ਰਿਪੋਰਟਿੰਗ ਦੁਆਰਾ ਇਕੱਤਰ ਕੀਤੇ ਅੰਕੜਿਆਂ ਅਨੁਸਾਰ 2014 ਤੋਂ 2018 ਤੱਕ ਅਮਰੀਕਾ ਦੇ ਮੱਧ ਪੱਛਮੀ ਰਾਜਾਂ ਵਿੱਚ 450 ਤੋਂ ਵੱਧ ਕਿਸਾਨਾਂ ਨੇ ਆਪਣੇ ਆਪ ਨੂੰ ਮਾਰ ਲਿਆ। ਅਸਲ ਗਿਣਤੀ ਵੱਧ ਹੋਣ ਦੀ ਸੰਭਾਵਨਾ ਹੈ ਕਿਉਂਕਿ ਹਰ ਰਾਜ ਨੇ ਹਰ ਸਾਲ ਖੁਦਕੁਸੀ ਡਾਟਾ ਨਹੀਂ ਪ੍ਰਦਾਨ ਕੀਤਾ ਸਾਲ 2008 ਵਿੱਚ ਅਮਰੀਕੀ ਕਾਂਗਰਸ ਨੇ ਰਾਜਾਂ ਨੂੰ ਗ੍ਰਾਂਟਾਂ ਦੇ ਜਰੀਏ ਖੇਤੀਬਾੜੀ ਕਾਮਿਆਂ ਨੂੰ ਵਿਹਾਰਕ ਸਿਹਤ ਪ੍ਰੋਗਰਾਮਾਂ ਪ੍ਰਦਾਨ ਕਰਨ ਲਈ ਫਾਰਮ ਐਂਡ ਰੈਂਚ ਤਣਾਅ ਸਹਾਇਤਾ ਨੈੱਟਵਰਕ ਐਕਟ ਨੂੰ ਮਨਜੂਰੀ ਦਿੱਤੀ। ਪਰ ਸਰਕਾਰ ਨੇ ਪਿਛਲੇ ਸਾਲ ਤਕ ਇਸ ਕਾਨੂੰਨ ਲਈ ਕੋਈ ਪੈਸਾ ਨਹੀਂ ਨਿਰਧਾਰਤ ਕੀਤਾ



ਪਸ਼ੂ ਪਾਲਣ-ਪੋਸਣ ਕਰਨ ਵਾਲੇ ਅਤੇ ਖੇਤੀਬਾੜੀ ਕਾਮੇ ਸਖਤ ਤਣਾਅ ਅਤੇ ਖੁਦਕੁਸ਼ੀਆਂ ਦੀ ਉੱਚ ਦਰਾਂ ਦਾ ਸਾਹਮਣਾ ਕਰ ਰਹੇ ਹਨ, ਅਮਰੀਕਾ ਦੇ ਸੇਨ ਟੈਮੀ ਬਾਲਡਵਿਨ, ਡੀ-ਵਿਸਕੌਨਸਿਨ ਨੇ ਕਿਹਾ, ਜਿਸ ਨੇ ਇਸ ਪਹਿਲਕਦਮੀ ਲਈ ਫੰਡ ਦੇਣ ਲਈ ਦੋ-ਪੱਖੀ ਬਿੱਲ ਨੂੰ ਸਪਾਂਸਰ ਕੀਤਾ ਸੀ। "ਬਦਕਿਸਮਤੀ ਨਾਲ, ਵਾਸ਼ਿੰਗਟਨ ਉਨ੍ਹਾਂ ਚੁਣੌਤੀਆਂ ਨੂੰ ਪਛਾਣਨ ਵਿੱਚ ਅਣਗਹਿਲੀ ਕਰ ਰਿਹਾ ਹੈ ਜਿਨ੍ਹਾਂ ਦਾ ਸਾਹਮਣਾ ਕਿਸਾਨ ਕਰ ਰਹੇ ਹਨ।" ਖੇਤੀਬਾੜੀ ਹਮੇਸਾਂ ਇੱਕ ਤਣਾਅਪੂਰਨ ਕਿੱਤਾ ਰਿਹਾ ਹੈ ਕਿਉਂਕਿ ਖੇਤੀਬਾੜੀ ਉਤਪਾਦਨ ਨੂੰ ਪ੍ਰਭਾਵਤ ਕਰਨ ਵਾਲੇ ਬਹੁਤ ਸਾਰੇ ਕਾਰਨ ਵੱਡੇ ਪੱਧਰ 'ਤੇ ਕਿਸਾਨਾਂ ਦੇ ਨਿਯੰਤਰਣ ਤੋਂ ਬਾਹਰ ਹੁੰਦੇ ਹਨ, "ਰੋਸਮਾਨ ਨੇ ਬਿਹਾਰਿਓਰਲ ਹੈਲਥਕੇਅਰ ਰਸਾਲੇ ਵਿੱਚ ਲਿਖਿਆ" "ਅਮਰੀਕੀ ਕਿਸਾਨ ਆਤਮਘਾਤੀ ਸੰਕਟ ਵਿਚ ਨੇ ਵਿਸਵ ਪੱਧਰ 'ਤੇ ਵਾਪਰ ਰਹੀਆਂ ਕਿਸਾਨ ਖੁਦਕੁਸੀਆਂ ਇਕ ਬਹੁਤ ਵੱਡੇ ਕਿਸਾਨੀ ਸੰਕਟ ਦਾ ਸੰਕੇਤ ਹੈ: ਹਰ ਚਾਰ ਦਿਨਾਂ ਵਿਚ ਇੱਕ ਆਸਟਰੇਲੀਆਈ ਕਿਸਾਨ ਖੁਦਕੁਸੀ ਨਾਲ ਮਰ ਜਾਂਦਾ ਹੈ; ਯੂਕੇ ਵਿੱਚ ਹਰ ਹਫਤੇ ਇੱਕ ਕਿਸਾਨ ਆਪਣੀ ਜਾਨ ਲੈਂਦਾ ਹੈ; ਫਰਾਂਸ ਵਿਚ, ਹਰ ਦੋ ਦਿਨਾਂ ਵਿਚ ਇਕ ਕਿਸਾਨ ਦੀ ਆਤਮ ਹੱਤਿਆ ਨਾਲ ਮੌਤ ਹੁੰਦੀ ਹੈ ਤੇ ਭਾਰਤ ਵਿੱਚ ਹਰ ਰੋਜ਼ 10 ਤੋਂ ਵੱਧ ਕਿਸਾਨ ਖੁਦਕੁਸੀ ਕਰਦੇ ਹਨ।

ਅਮਰੀਕਨ ਕਿਸਾਨਾਂ ਦਾ ਕਹਿਣਾ ਹੈ ਕੇ ਅਸੀਂ ਭੋਜਨ ਉਗਾ ਰਹੇ ਹਾਂ, ਪਰ ਇਸ ਨੂੰ ਖਰੀਦਣ ਦੇ ਸਮਰੱਥ ਨਹੀਂ ਹਾਂ। ਅਸੀਂ ਹਫਤੇ ਵਿਚ 80 ਘੰਟੇ ਤੋਂ ਵੱਧ ਕੰਮ ਕਰਦੇ ਹਾਂ ਪਰ ਦੰਦਾਂ ਦੇ ਡਾਕਟਰ ਤੋਂ ਇਲਾਜ ਕਰਵਾਉਣਾ ਵੀ ਸਾਡੀ ਪਹੁੰਚ ਤੋਂ ਬਾਹਰ ਹੈ, ਇਕ ਚਿਕਿਤਸਕ ਤੋਂ ਇਲਾਜ ਕਰਵਾਉਣਾ ਤਾਂ ਦੂਰ ਦੀ ਗੱਲ ਹੈ, ਇਸ ਤਰ੍ਹਾਂ ਕਿਸਾਨ ਬਹੁਤ ਜ਼ਿਆਦਾ ਤਣਾਅ ਦਾ ਸਾਹਮਣਾ ਕਰ ਰਹੇ ਹਨ। ਵਾਤਾਵਰਣ, ਸਰੀਰਕ ਤਣਾਅ ਅਤੇ ਖੇਤੀਬਾੜੀ ਉਤਪਾਦਾਂ, ਅਸਥਿਰ ਵਸਤੂਆਂ ਦੀਆਂ ਮਾਰਕੀਟਾਂ, ਮਸੀਨਰੀ ਅਤੇ ਉਤਪਾਦਨ ਦੀ ਵੱਧ ਰਹੀ ਲਾਗਤ ਅਤੇ ਫਸਲਾਂ ਤੇ ਮੌਸਮ ਦੀ ਮਾਰ ਤੇ ਖੇਤਾਂ ਤੇ ਕਾਰਪੋਰੇਟਾਂ ਦਾ ਕਬਜ਼ਾ, ਕਰਜ਼ੇ ਦਾ ਬੋਝ ਅਤੇ ਸਰਕਾਰੀ ਅਫਸਰਸ਼ਾਹੀ ਦਾ ਬੇਲੋੜਾ ਦਖਲ ਕਿਸਾਨਾਂ ਲਈ ਤਣਾਅ ਅਤੇ ਖੁਦਕੁਸੀ ਦੇ ਵੱਡੇ ਕਾਰਨ ਹਨ। ਵਿਸ਼ਵ ਵਿਚ ਕਿਤੇ ਵੀ ਕਿਸਾਨਾਂ ਲਈ ਰਿਵਾਇਤੀ ਜਾਂ ਲਾਜਮੀ ਰਿਟਾਇਰਮੈਂਟ ਦੀ ਉਮਰ ਨਹੀਂ ਹੈ, ਬਹੁਤ ਸਾਰੇ ਕਿਸਾਨ ਖੇਤੀ ਨੂੰ ਕਿੱਤੇ ਨਾਲੋਂ ਜ਼ਿਆਦਾ ਆਪਣਾ ਵਿਰਸਾ ਸੱਭਿਆਚਾਰ ਤੇ ਜਿਉਣ ਦਾ ਢੰਗ ਤੇ ਪੁਸਤੈਨੀ ਕਾਰਜ ਮੰਨਦੇ ਹਨ ਜਿਸ ਕਰਕੇ ਕਾਰਪੋਰੇਟਾਂ ਵੱਲੋਂ ਓਹਨਾਂ ਨੂੰ ਖੇਤੀ ਤੋਂ ਦੂਰ ਕਰਨਾ ਵੀ ਦੁਨੀਆਂ ਭਰ ਚ ਹੋ ਰਹੀਆਂ ਕਿਸਾਨ ਖੁਦਕੁਸੀਆਂ ਦਾ ਪ੍ਰਮੁੱਖ ਕਾਰਣ ਹੈ ਫ੍ਰੈਂਚ ਦੀ ਕੌਮੀ ਜਨਤਕ ਸਿਹਤ ਏਜੰਸੀ ਦੁਆਰਾ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਹਰ ਦੋ ਦਿਨਾਂ ਵਿਚ ਇੱਕ ਫ੍ਰੈਂਚ ਕਿਸਾਨ ਖੁਦਕੁਸੀ ਕਰਦਾ ਹੈ ਜਿਸ ਦੀ ਉਮਰ 45 ਤੋਂ 54 ਸਾਲ ਹੁੰਦੀ ਹੈ ਯੂਰਪੀਅਨ ਯੂਨੀਅਨ ਦੀ ਕਿਸਾਨ ਯੂਨੀਅਨ ਨੇ ਕਿਹਾ ਕਿ ਇਸ ਚਿੰਤਾਜਨਕ ਸਥਿਤੀ ਨੂੰ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ, ਇਸ ਗੱਲ ਤੇ ਜੋਰ ਦਿੱਤਾ ਕਿ ਕਿਸਾਨੀ ਭਾਈਚਾਰਾ ਬਿਹਤਰ ਮਾਨਤਾ ਤੇ ਸਨਮਾਨ ਦਾ ਹੱਕਦਾਰ ਹੈ।

2010-2011 ਦੇ ਅਰਸੇ ਨੂੰ ਕਵਰ ਕਰਦੇ ਹੋਏ, ਸੈਂਟਾ ਪਬਲਿਕ ਫਰਾਂਸ ਦੇ ਸਰਵੇਖਣ ਨੇ ਜੋਰ ਦਿੱਤਾ ਕਿ "ਫ੍ਰੈਂਚ ਕਿਸਾਨਾਂ ਦੀ ਖੁਦਕੁਸੀ ਦੀ ਮੌਤ ਦਰ ਆਮ ਆਬਾਦੀ ਨਾਲੋਂ 20% ਵਧੇਰੇ ਹੈ ਅਤੇ ਸਿਰਫ ਡੇਅਰੀ ਪਸ਼ੂ ਪਾਲਕਾਂ ਲਈ 30% ਵਧੇਰੇ।"

ਸਟ-ਫਰਾਂਸ ਨੇ ਦੱਸਿਆ ਕਿ ਖੇਤੀਬਾੜੀ ਆਮਦਨੀ ਪਹਿਲਾਂ ਹੀ ਦੇਸ ਵਿਚ ਸਭ ਕਿੱਤਿਆਂ ਤੋਂ ਘੱਟ ਹੈ, ਕਿਸਾਨਾਂ ਵਿਚੋਂ 30% ਤੋਂ ਜ਼ਿਆਦਾ ਦੀ ਪ੍ਰਤੀ ਮਹੀਨਾ ਆਮਦਨ $350 ਜਾਂ ਇਸ ਤੋਂ ਵੀ ਘੱਟ ਹੀ ਹੈ। ਅਧਿਐਨ ਨੇ ਇਹ ਵੀ ਦੱਸਿਆ ਕਿ ਖੁਦਕੁਸੀਆਂ ਦੀ ਸਭ ਤੋਂ ਵੱਧ ਗਿਣਤੀ "ਓਹਨਾ ਮਹੀਨਿਆਂ ਦੌਰਾਨ ਪਾਈ ਗਈ ਜਦੋਂ ਦੁੱਧ ਤੇ ਫਸਲਾਂ ਦੀਆਂ ਕੀਮਤਾਂ ਸਭ ਤੋਂ ਘੱਟ ਰਿਕਾਰਡ' ਤੇ ਆਈਆਂ।

ਫ੍ਰੈਂਚ ਨੈਸਨਲ ਇੰਸਟੀਟਿਊਟ ਫਾਰ ਐਗਰੀਕਲਚਰਲ ਰਿਸਰਚ (ਇਰਾ) ਦੇ ਨਿਕੋਲਸ ਡੀਫੋਂਟੈਨੇਸ ਨੇ 2017 ਤੋਂ ਕੀਤੇ ਵਿਸਲੇਸਣ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਵੱਡੇ ਕਿਸਾਨਾਂ ਦੀ ਤੁਲਨਾ ਵਿਚ ਖੁਦਕੁਸੀ ਕਰਨ ਵਾਲੇ ਛੋਟੇ ਧਾਰਕਾਂ ਦੀ ਗਿਣਤੀ ਵਧੇਰੇ ਹੈ। WTO ਅਤੇ IMF ਵਰਗੀਆਂ ਸੰਸਾਰਿਕ ਸੰਸਥਾਵਾਂ ਦਾ ਵੀ ਸਾਰਾ ਜੋਰ ਛੋਟੇ ਕਿਸਾਨਾਂ ਦੀਆ ਜਮੀਨਾਂ ਕਾਰਪੋਰੇਟਾਂ ਨੂੰ ਸੌਂਪਣ ਵਿਚ ਲੱਗਾ ਹੋਇਆ ਹੈ

# ਦੁਨੀਆਂ ਦੇ ਕੋਨੇ-ਕੋਨੇ ਤੋਂ ਕਿਸਾਨ ਸੰਘਰਸ਼ ਦੇ ਹੱਕ ਵਿੱਚ ਉੱਠੀ ਅਵਾਜ

ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਖਿਲਾਫ ਉੱਠਿਆ ਕਿਸਾਨ ਸੰਘਰਸ਼ ਵਿਸ਼ਾਲ ਲੋਕ ਸੰਘਰਸ਼ ਦਾ ਰੂਪ ਧਾਰਨ ਕਰ ਚੁੱਕਾ ਹੈ। ਪਿਛਲੇ ਅਰਸੇ 'ਚ ਸੱਤਾ ਦੇ ਨਸ਼ੇ 'ਚ ਨਸ਼ਿਆਈ ਹੋਈ ਮੋਦੀ ਹਕੂਮਤ ਨੇ ਪੂਰੇ ਦੇਸ਼ ਦੇ ਲੋਕਾਂ ਉੱਤੇ ਇੱਕ ਤੋਂ ਬਾਅਦ ਇੱਕ ਲਗਾਤਾਰ ਤਿੱਖੇ ਹਮਲੇ ਕੀਤੇ ਹਨ। ਪਰ ਤਿੰਨ ਖੇਤੀ ਕਾਨੂੰਨਾਂ ਰਾਹੀਂ ਵੱਡਾ ਕਿਸਾਨ ਮਾਰੂ ਹਮਲਾ ਕਰਕੇ ਜੋ ਚੈਲੰਜ ਦੇਸ਼ ਦੀ ਕਿਸਾਨੀ ਅੱਗੇ ਭਾਜਪਾ ਹਕੂਮਤ ਨੇ ਰੱਖਿਆ ਸੀ ਉਸ ਚੈਲੰਜ ਨੂੰ ਪੰਜਾਬ ਦੇ ਸੰਘਰਸ਼ਸੀਲ ਲੋਕਾਂ ਨੇ ਫੜ ਲਿਆ। ਸੂਬਾ ਪੰਜਾਬ ਤੋਂ ਉੱਠੀ ਮੌਜੂਦਾ ਕਿਸਾਨ ਲਹਿਰ ਦਿਨ ਦੁੱਗਣੀ ਰਾਤ ਚੌਗੁਣੀ ਹੁੰਦੀ ਜਾ ਰਹੀ ਹੈ ਅਤੇ ਇਸਨੇ ਪੂਰੇ ਦੇਸ਼ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਦਾ ਸਾਂਝਾ ਥੜਾ ਵਿਸ਼ਾਲ ਹੁੰਦਾ ਗਿਆ ਅਤੇ ਇਸਨੇ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਦੀਆਂ ਕਿਸਾਨ ਜੱਥੇਬੰਦੀਆਂ ਦੀ ਪਹਿਲਾਂ ਹੀ ਬਣੀ ਤਾਲਮੇਲ ਕਮੇਟੀ ਨਾਲ ਮਿਲਕੇ ਸੰਘਰਸ਼ ਦਾ ਵੱਡਾ ਮੰਚ ਤਿਆਰ ਕੀਤਾ। ਵੱਖ-ਵੱਖ ਵਿਚਾਰਾਂ ਵਾਲੇ ਲੋਕਾਂ ਨੇ ਭਾਜਪਾ ਸਰਕਾਰ ਦੇ ਲੋਕਮਾਰੂ ਕਾਨੂੰਨਾਂ ਖਿਲਾਫ ਮੁੱਦਾ ਅਧਾਰਿਤ ਇੱਕਜੁੱਟਤਾ ਦਿਖਾਉਦਿਆਂ ਇਸ ਅੰਦੋਲਨ ਨੂੰ ਹੋਰ ਵਿਸ਼ਾਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਤੋਂ ਹਰਿਆਣਾ, ਰਾਜਸਥਾਨ, ਕਰਨਾਟਕਾ, ਤਾਮਿਲਨਾਡੂ ਆਦਿ ਸੂਬਿਆਂ ਤੱਕ ਫੈਲਦਾ ਇਹ ਸੰਘਰਸ਼ ਜਲਦ ਹੀ ਦੇਸ਼ਵਿਆਪੀ ਸੰਘਰਸ਼ ਦਾ ਰੂਪ ਧਾਰਨ ਕਰ ਗਿਆ ਹੈ। ਪੰਜਾਬ ਦੇ ਨੌਜਵਾਨਾਂ, ਕਲਾਕਾਰਾਂ ਅਤੇ ਔਰਤਾਂ ਦੀ ਸ਼ਮੂਲੀਅਤ ਨੇ ਇਸਨੂੰ ਹੋਰ ਵੱਧ ਵੇਗ ਦਿੱਤਾ। ਦੇਸ਼ ਦੇ ਹਾਕਮਾਂ ਅਤੇ ਉਹਨਾਂ ਦੀਆਂ ਮਾਰੂ ਨੀਤੀਆਂ ਤੋਂ ਤੰਗ ਆਏ ਵਿਦੇਸ਼ੀਂ ਵਸੇ ਪੰਜਾਬੀ ਭਾਈਚਾਰੇ ਨੇ ਆਪਣੀ ਧਰਤੀ ਦੇ ਜਾਇਆਂ ਤੇ ਮਾਣ ਕਰਦਿਆਂ ਉਹਨਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨਾ ਸ਼ੁਰੂ ਕਰ ਦਿੱਤਾ। ਉਹਨਾਂ ਦਾ ਆਪਣੀ ਮਿੱਟੀ ਨਾਲ ਮੋਹ ਜਾਗਿਆ ਅਤੇ ਉਹਨਾਂ ਦੇ ਮਨ ਅੰਦਰਲੀਆਂ ਸੱਧਰਾਂ ਨਵੀਂ ਉਮੰਗ ਅਤੇ ਮੋਦੀ ਹਕੂਮਤ ਖਿਲਾਫ ਗੁੱਸੇ ਦੇ ਰੂਪ ਵਿਚ ਫੁੱਟਣੀਆਂ ਸ਼ੁਰੂ ਹੋ ਗਈਆਂ। ਰੋਜੀ-ਰੋਟੀ, ਰੁਜਗਾਰ-ਪਰਿਵਾਰ ਲਈ ਰੋਟੀ ਦੀ ਗੁਲਾਈ ਨਾਪਦਿਆਂ, ਵਰ੍ਹਿਆਂਬੱਧੀ ਘੋਰ ਮੁਸ਼ੱਕਤ ਕਰਦੇ ਪ੍ਰਵਾਸੀਆਂ ਦੇ ਵਲਵਲੇ ਕਿਸਾਨ ਲਹਿਰ ਦੇ ਵੇਗ ਨੂੰ ਦੇਖਦਿਆਂ ਹੋਰ ਵੱਧ ਬੁਲੰਦ ਹੋ ਗਏ। ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੇ ਵੱਖ-ਵੱਖ ਸ਼ਕਲਾਂ ਵਿਚ ਕਿਸਾਨ ਲਹਿਰ ਦੀ ਹਮਾਇਤ ਵਿਚ ਆਪਣਾ ਤਨ-ਮਨ-ਧਨ ਝੋਕ ਦਿੱਤਾ। ਉਹਨਾਂ ਦੇਸ਼ ਦੇ ਸੰਘਰਸ਼ਸ਼ੀਲ ਲੋਕਾਂ ਉੱਤੇ ਮਾਣ ਕੀਤਾ ਅਤੇ ਆਪ ਇਸ ਸੰਘਰਸ਼ ਵਿੱਚ ਵੱਖ-ਵੱਖ ਰੂਪਾਂ ਵਿਚ ਆਪਣਾ ਹਰ ਸੰਭਵ ਯੋਗਦਾਨ ਪਾਇਆ। ਕੋਈ ਵੀ ਇਸ ਸੰਘਰਸ਼ ਤੋਂ ਅਛੂਤਾ ਨਹੀਂ ਰਿਹਾ। ਦੁਨੀਆਂ ਭਰ ਦੇ ਵੱਖ-ਵੱਖ ਮੁਲਕਾਂ ਅੰਦਰ ਦੇਸ਼ ਦੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਕਾਰ ਰੈਲੀਆਂ, ਪੈਦਲ ਮਾਰਚ ਕੀਤੇ ਗਏ ਅਤੇ ਵਿਦੇਸ਼ਾਂ ਵਿੱਚ ਸਥਿਤ ਭਾਰਤੀ ਦੂਤਾਵਾਸ ਸਾਹਮਣੇ ਰੋਸ ਪ੍ਰਦਰਸ਼ਨ, ਮਤਿਆਂ ਆਦਿ ਰਾਹੀਂ ਕੌਮਾਂਤਰੀ ਪੱਧਰ ਤੇ ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਵਾਲੀ ਮੋਦੀ ਹਕੂਮਤ ਖਿਲਾਫ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਵਿਦੇਸ਼ੀ ਵਸਦੇ ਪੰਜਾਬੀ ਭਾਈਚਾਰੇ ਨੇ ਚੰਗੀ ਤਰ੍ਹਾਂ ਸਮਝ ਲਿਆ ਕਿ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਬਣਾਕੇ ਕਿਸਾਨਾਂ ਦੀ ਮੌਤ ਦੇ ਵਾਰੰਟ ਜਾਰੀ ਕੀਤੇ ਹਨ। ਮੋਦੀ ਸਰਕਾਰ ਅਜਿਹਾ ਸਾਮਰਾਜੀ ਬਹੁਕੌਮੀ ਕੰਪਨੀਆਂ, ਸੰਸਾਰ ਵਪਾਰ ਸੰਸਥਾਂ, ਵੱਡੀਆਂ ਐਗਰੋਬਿਜਨਿਸ ਕੰਪਨੀਆਂ ਅਤੇ ਦੇਸ਼ ਦੇ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਉੱਤੇ ਕਰ ਰਹੀ ਹੈ। ਸਰਕਾਰ ਕਾਰਪੋਰੇਟਰਾਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਮੁਨਾਫਿਆਂ ਖਾਤਰ ਦੇਸ਼ ਦੇ ਖੇਤੀਬਾੜੀ ਅਰਥਚਾਰੇ ਅਤੇ ਕਿਸਾਨਾਂ ਦੀ ਬਲੀ ਦੇਣ ਤੇ ਤੁਲੀ ਹੋਈ ਹੈ। ਜਿੱਥੇ ਪਹਿਲਾਂ 'ਹਰੇ ਇਨਕਲਾਬ' ਦੇ ਖੇਤੀ ਮਾਡਲ ਰਾਹੀਂ ਕਿਸਾਨਾਂ ਦੀ ਖੇਤੀ ਲਾਗਤਾਂ (ਇਨਪੁੱਟਸ) ਉੱਤੇ ਬਹੁਕੌਮੀ ਕੰਪਨੀਆਂ ਲੁੱਟ ਕਰਦੀਆਂ ਆ ਰਹੀਆਂ ਹਨ ਉੱਥੇ ਹੁਣ ਇਹਨਾਂ ਕਾਨੂੰਨਾਂ ਰਾਹੀ ਖੇਤੀ ਉਪਜ (ਆਊਟਪੁੱਟਸ) ਉੱਤੇ ਵੀ ਆਪਣਾ ਕਬਜਾ ਕਰਨਾ ਚਾਹੁੰਦੀਆਂ ਹਨ। ਉਹਨਾਂ ਸਮਝ ਲਿਆ ਕਿ ਇਹਨਾਂ ਕਾਨੂੰਨਾਂ ਰਾਹੀਂ ਮੋਦੀ ਸਰਕਾਰ ਫਸਲਾਂ ਦੇ ਸਰਕਾਰੀ ਭੰਡਾਰ ਨੂੰ ਖਤਮ ਕਰਕੇ ਪ੍ਰਾਈਵੇਟ ਕੰਪਨੀਆਂ ਲਈ ਜਮਾਖੋਰੀ ਦੇ ਦਰਵਾਜੇ ਖੋਲ ਰਹੀ ਹੈ। ਸਰਕਾਰ ਮੰਡੀ ਵਿਵਸਥਾ ਦਾ ਭੋਗ ਪਾ ਕੇ ਕਿਸਾਨਾਂ ਦੀ ਉਪਜ ਦੇ ਮਾਲਕ ਨਿੱਜੀ ਕੰਪਨੀਆਂ ਨੂੰ ਬਣਾ ਰਹੀ ਹੈ। ਕੰਟਰਿਕਟ ਫਾਰਮਿੰਗ ਕਿਸਾਨਾਂ ਦੀ ਤਬਾਹੀ ਦਾ ਮੰਜਰ ਤਿਆਰ ਕਰਨ ਦੇ ਤੁੱਲ ਹੈ। ਇਹ ਮੰਜਰ ਉਹਨਾਂ ਨੇ ਪੂੰਜੀਵਾਦੀ ਮੁਲਕਾਂ ਵਿੱਚ ਬੈਠਿਆਂ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਵੱਡੇ ਖੇਤੀਬਾੜੀ ਫਾਰਮ ਬਣਾਕੇ ਉਥੋਂ ਦੇ ਕਿਸਾਨਾਂ ਦੀ ਲੁੱਟ ਅਤੇ ਉਥੋਂ ਦੀਆਂ ਪੂੰਜੀਵਾਦੀ ਸਰਕਾਰਾਂ ਦੀਆਂ ਨੀਤੀਆਂ ਵਿਚੋਂ ਭਲੀ-ਭਾਂਤ ਅੱਖੀਂ ਵੇਖ ਲਿਆ ਹੈ। ਇਸੇ ਕਾਰਪੋਰੇਟ ਪੱਖੀ ਪੂੰਜੀਵਾਦੀ ਖੇਤੀ ਮਾਡਲ ਵਿਚੋਂ ਉਹ ਮੋਦੀ ਹਕੂਮਤ ਵੱਲੋਂ ਲਿਆਂਦੇ ਖੇਤੀ ਕਾਨੂੰਨਾਂ ਦੇ ਨੁਕਸਾਨ ਤੇ ਭਾਰਤ ਦੇਸ਼ ਦੀ ਕਿਸਾਨੀ ਦੀ ਬਰਬਾਦੀ ਦੇ ਭਵਿੱਖ ਨੂੰ ਦੇਖ ਰਹੇ ਹਨ। ਉਹ ਕਲਪਨਾ ਕਰ ਸਕਦੇ ਹਨ ਕਿ ਇਸਦੇ ਸਿੱਟੇ ਭਾਰਤ ਦੇਸ਼ ਦੀ ਕਿਸਾਨੀ ਲਈ ਕਿੰਨ੍ਹੇ ਘਾਤਕ ਸਿੱਧ ਹੋ ਸਕਦੇ ਹਨ।

ਦੇਸ਼ ਦੇ ਮੌਜੂਦਾ ਕਿਸਾਨ ਸੰਘਰਸ਼ 'ਚ ਉਹਨਾਂ ਇਹ ਵਖਰੇਵਾਂ ਵੀ ਵੇਖ ਲਿਆ ਕਿ ਗੋਦੀ ਮੀਡੀਆਂ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਉਭਾਰਨ ਦੀ ਬਜਾਏ ਤਿੰਨ ਮਾਰੂ ਕਾਨੂੰਨਾਂ ਦੇ ਗੁਣਗਾਣ ਕਰਨ 'ਚ ਰੁੱਝਿਆ ਹੋਇਆ ਹੈ। ਪ੍ਰਵਾਸੀ ਪੰਜਾਬੀਆਂ ਨੇ ਸ਼ੋਸ਼ਲ ਮੀਡੀਆ ਰਾਹੀਂ ਕਿਸਾਨ ਸੰਘਰਸ਼ ਦੀ ਹਰ ਖਬਰ, ਸੰਯੁਕਤ ਕਿਸਾਨ ਮੋਰਚੇ ਦੇ ਸਾਂਝੇ ਫੈਸਲਿਆਂ ਅਤੇ ਉਹਨਾਂ ਵੱਲੋਂ ਐਲਾਨੇ ਪ੍ਰੋਗਰਾਮਾਂ ਨੂੰ ਵਿਸ਼ਾਲ ਲੋਕਾਈ ਤੱਕ ਲਿਜਾਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਜਿਸ ਦਿਨ ਤੋਂ ਇਹ ਸੰਘਰਸ਼ ਜਾਰੀ ਹੈ ਉਸ ਦਿਨ ਤੋਂ ਲੈ ਕੇ ਅੱਜ ਤੱਕ ਵਿਦੇਸ਼ਾਂ ਵਿਚ ਵਸਦੇ ਪ੍ਰਵਾਸੀ ਪੰਜਾਬੀਆਂ ਦਾ ਦਿਲ, ਦਿਮਾਗ, ਸਰੋਕਾਰ ਤੇ ਚਰਚਾ ਕਿਸਾਨ ਸੰਘਰਸ਼ ਦੁਆਲੇ ਕੇਂਦਰਿਤ ਹੈ। ਉਹਨਾਂ ਸਖਤ ਮਿਹਨਤਾਂ ਕਰਕੇ ਅੰਨ੍ਹ ਉਗਾਉਣ ਵਾਲੇ ਅੰਨ੍ਹਦਾਤਿਆਂ ਲਈ ਪਿੰਨੀਆਂ, ਪੰਜੀਰੀ, ਬਦਾਮਾਂ ਆਦਿ ਦੇ ਲੰਗਰ ਲਾ ਦਿੱਤੇ ਹਨ। ਉਹਨਾਂ ਸਿਆਲਾਂ ਦੀਆਂ ਸਰਦ ਰਾਤਾਂ ਨੂੰ ਉਨੀਂਦਰੇ ਝਾਗਕੇ ਖੇਤੀ ਕਰਨ ਵਾਲੇ ਕਿਰਤੀਆਂ ਲਈ, ਪੱਥਰ ਦਿਲ ਦਿੱਲੀ ਦੇ ਬਾਰਡਰਾਂ ਉੱਤੇ ਧੁੰਦ ਅਤੇ ਠੰਡ 'ਚ ਮੋਰਚਿਆਂ ਤੇ ਡਟੇ ਜੁਝਾਰੂਆਂ ਲਈ ਕੰਬਲ, ਟੈਂਟ, ਦਵਾਈਆਂ ਅਤੇ ਮਸਾਜ ਮਸ਼ੀਨਾਂ ਘੱਲ ਦਿੱਤੀਆਂ। ਉਹਨਾਂ ਵਿਦੇਸ਼ੀ ਧਰਤ ਤੇ ਦਸਾਂ ਨੌਂਹਾਂ ਦੀ ਕਿਰਤ ਵਿਚੋਂ ਦਸਵੰਦ ਕੱਢਕੇ ਕਿਸਾਨ ਜੱਥੇਬੰਦੀਆਂ ਨੂੰ ਘੱਲਿਆ।

ਪ੍ਰਵਾਸੀ ਪੰਜਾਬੀ ਲੇਖਕਾਂ ਨੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਗੀਤ, ਕਵਿਤਾਵਾਂ, ਲੇਖ ਆਦਿ ਸਾਹਿਤਕ ਰਚਨਾਵਾਂ ਰਚਕੇ ਆਪਣੀ ਸਾਂਝ ਅਤੇ ਇਕਜੁੱਟਤਾ ਦਰਸਾਈ। ਵਿਦੇਸ਼ਾਂ 'ਚ ਹਰ ਥਾਂ ਕੇਸਰੀ, ਲਾਲ ਅਤੇ ਹਰੇ ਝੰਡੇ ਮਿਲਕੇ ਲਹਿਰਾਏ। ਇਨਕਲਾਬ ਜਿੰਦਾਬਾਦ ਅਤੇ ਬੋਲੇ ਸੋ ਨਿਹਾਲ ਇਕੱਠੇ ਗੂੰਜੇ। ਦੁਨੀਆਂ ਭਰ ਵਿਚ ਹਰੀਆਂ, ਲਾਲ ਅਤੇ ਕੇਸਰੀ ਪੱਗਾਂ ਨੇ ਸਾਂਝੀਵਾਲਤਾ ਦਾ ਰੰਗ ਬੰਨ੍ਹਿਆਂ। ਜਿੱਥੇ-ਜਿੱਥੇ ਤੇ ਜਿਸ-ਜਿਸ ਨੇ ਵੀ ਭਾਈਚਾਰਕ ਸਾਂਝ ਨੂੰ ਤੋੜਨ, ਵੱਖਰੇਵੇਂ, ਸੌੜੀ ਤੇ ਸੰਕੀਰਨ ਸਿਆਸਤ, ਫਿਰਕੂ ਵਿਚਾਰਾਂ ਆਦਿ ਦੀ ਗੱਲ ਕੀਤੀ ਉੱਥੇ ਉਸਨੂੰ ਆਮ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ। ਲੋਕਾਈ ਨੇ ਮੋਦੀ ਹਕੂਮਤ ਦੇ ਲੋਕਮਾਰੂ ਖੇਤੀ ਕਾਨੂੰਨਾਂ ਦੇ ਵਿਰੋਧ ਤੋਂ ਸਿਵਾਏ ਹਰ ਉਸ ਅਵਾਜ ਦਾ ਵਿਰੋਧ ਕੀਤਾ ਜੋ ਆਪਾਚਮਕਾਊ ਸੰਕੀਰਨ ਸਿਆਸਤ ਤੇ ਵਿਚਾਰ ਦਾ ਮਨਸ਼ਾ ਰੱਖਦੀ ਸੀ। ਏਕਾ ਤੇ ਸਾਂਝੀਵਾਲਤਾ ਵਿਦੇਸ਼ਾਂ ਵਿੱਚ ਦੇਸ਼ ਦੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਹੋਏ ਪ੍ਰਦਰਸ਼ਨਾਂ ਦਾ ਮੂਲ ਮੰਤਰ ਚੱਲਦਾ ਆ ਰਿਹਾ ਹੈ।

ਕੈਨੇਡਾ, ਅਮਰੀਕਾ, ਨਿਊਜੀਲੈਂਡ, ਆਸਟਰੇਲੀਆ, ਇੰਗਲੈਂਡ, ਜਰਮਨੀ, ਇਟਲੀ, ਫਰਾਂਸ ਆਦਿ ਮੁਲਕਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਵਿਰੋਧ ਪ੍ਰਦਰਸ਼ਨ ਹੋ ਚੁੱਕੇ ਹਨ ਅਤੇ ਅੱਗੋਂ ਜਾਰੀ ਹਨ। ਵਿਦੇਸ਼ੀ ਵਿਦਿਆਰਥੀਆਂ ਅਤੇ ਹੋਰ ਪ੍ਰਵਾਸੀ ਭਾਰਤੀਆਂ ਨੇ ਬਰਫੀਲੇ ਮੌਸਮਾਂ ਅੰਦਰ ਗਰਮਜੋਸ਼ੀ ਦੀ ਨਵੀਂ ਲਹਿਰ ਚਲਾਈ ਹੋਈ ਹੈ। ਵਿਦੇਸ਼ਾਂ ਤੋਂ ਕਿਸਾਨ ਸੰਘਰਸ਼ ਦੇ ਹੱਕ ਵਿੱਚ ਉੱਠੀ ਇਹ ਅਵਾਜ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਦਮ ਸਿੰਘ ਤੇ ਗਦਰੀ ਬਾਬਿਆਂ ਦੀ ਵਿਰਾਸਤ ਦੀ ਯਾਦ ਤਾਜਾ ਕਰਵਾ ਰਹੀ ਹੈ। ਵਿਦੇਸ਼ਾਂ 'ਚ ਰੋਜੀ ਲਈ ਰੁਲਦੇ ਪ੍ਰਵਾਸੀ ਭਾਰਤੀਆਂ ਨੇ ਕੌਮੀ ਕਿਸਾਨ ਸੰਘਰਸ਼ ਦੀ ਬਾਤ ਕੌਮਾਂਤਰੀ ਪੱਧਰ ਤੇ ਉੱਤੇ ਪਾਕੇ ਪੂਰੇ ਜੱਗ 'ਚ ਜੱਸ ਖੱਟਿਆ ਹੈ।

- ਮਨਦੀਪ

## ਅਮਰੀਕੀ ਸਮਾਰਾਜ ਅੰਦਰ ਪਈ ਲੋਕ ਰੋਹ ਦੀ ਧਮਕ

ਅੱਜ ਪੰਜਾਬ ਤੋਂ ਉੱਠੀ ਕਿਸਾਨ ਲਹਿਰ ਨੇ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਵਿੱਚ ਵੀ ਭਾਰਤੀ ਕਿਸਾਨ ਅੰਦੋਲਨ ਦੇ ਹੱਕ ਵਿੱਚ ਰੋਸ ਪ੍ਰਦਰਸ਼ਨ ਅਤੇ ਵੱਡੀਆਂ ਜਨਤਕ ਰੈਲੀਆਂ ਹੋ ਰਹੀਆਂ ਹਨ। ਇਹਨਾਂ ਪ੍ਰਦਰਸ਼ਨਾਂ ਵਿਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਲੋਕ ਭਾਰਤ ਵਿਚ ਮੋਦੀ ਹਕੂਮਤ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਅਮਰੀਕਾ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਭਾਰਤੀ ਦੂਤਾਵਾਸ ਅੱਗੇ ਲੜੀਵਾਰ ਰੋਸ ਪ੍ਰਦਰਸ਼ਨ ਹੋ ਰਹੇ ਹਨ। ਵੱਖ-ਵੱਖ ਸ਼ਹਿਰਾਂ ਤੋਂ ਲੋਕ ਕਾਰ ਰੈਲੀਆਂ ਰਾਹੀਂ ਮੀਲਾਂ ਲੰਮੇ ਕਾਫਲੇ ਬੰਨ੍ਹਕੇ ਭਾਰਤੀ ਦੂਤਾਵਾਸ ਅੱਗੇ ਜਾ ਰਹੇ ਹਨ ਅਤੇ ਆਪਣੇ-ਆਪਣੇ ਸ਼ਹਿਰਾਂ ਵਿੱਚ ਵੀ ਰੋਸ ਪ੍ਰਦਰਸ਼ਨ ਕਰ ਰਹੇ ਹਨ।

ਅਮਰੀਕਾ ਦੇ ਪੂਰਬੀ ਹਿੱਸੇ 'ਚ ਨਿਊਯਾਰਕ, ਨਿਊਜਰਸੀ ਅਤੇ ਵਾਸ਼ਿੰਗਟਨ ਡੀਸੀ ਦੇ ਦੂਤਘਰਾਂ ਅੱਗੇ ਲੱਗਭੱਗ ਚਾਰ ਤੋਂ ਪੰਜ ਹਜ਼ਾਰ ਗੱਡੀਆਂ ਰਾਹੀਂ ਤਕਰੀਬਨ ਪੰਦਰਾਂ ਤੋਂ ਵੀਹ ਹਜਾਰ ਲੋਕਾਂ ਨੇ ਲੜੀਵਾਰ 1, 6 ਅਤੇ 15 ਦਸੰਬਰ ਨੂੰ ਵੱਡੇ ਰੋਸ ਪ੍ਰਦਰਸ਼ਨ ਕੀਤੇ। ਇਸੇ ਤਰ੍ਹਾਂ ਅਮਰੀਕਾ ਦੇ ਪੱਛਮੀ ਹਿੱਸੇ ਵਿੱਚ ਸਨਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਅੱਗੇ 4000 ਦੇ ਕਰੀਬ ਕਾਰਾਂ ਦਾ ਕਈ ਮੀਲ ਲੰਮਾ ਕਾਫਲਾ ਜਿਸ ਵਿੱਚ 20,000 ਲੋਕਾਂ ਨੇ ਭਾਗ ਲਿਆ, ਪਹੁੰਚਿਆਂ ਅਤੇ ਤਿੰਨੇ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ।

ਲਾਸ ਏਂਜਲਸ ਵਿਖੇ ਮੋਦੀ ਭਗਤਾਂ ਦੀ ਰੈਲੀ ਬੰਦ ਕਰਵਾਈ ਗਈ ਅਤੇ ਇਸਦੇ ਬਰਾਬਰ ਕਿਸਾਨਾਂ ਦੇ ਹੱਕ ਵਿੱਚ ਵੱਡੀ ਰੈਲੀ ਕੀਤੀ ਗਈ। ਸਿਆਟਲ, ਡੈਨਵਰ, ਹਿਊਸਟਨ, ਸੈਕਰਾਮੈਂਟੋ ਆਦਿ ਸ਼ਹਿਰਾਂ ਵਿੱਚ ਲੋਕਾਂ ਨੇ ਇਕੱਠੇ ਹੋ ਕੇ ਦਰਜਨਾਂ ਦੀ ਗਿਣਤੀ ਵਿੱਚ ਲਗਾਤਾਰ ਕਾਰ ਰੈਲੀਆਂ ਅਤੇ ਵਿਰੋਧ ਪ੍ਰਦਰਸ਼ਨ ਕੀਤੇ। ਅਮਰੀਕਾ ਦੇ ਕਈ ਹਿੱਸਿਆਂ ਵਿਚ ਸਥਿਤ ਇੰਡੀਅਨ ਸਟੋਰਾਂ ਉੱਪਰ ਅੰਡਾਨੀ, ਅੰਬਾਨੀ ਅਤੇ ਰਾਮਦੇਵ ਦੇ ਪ੍ਰੋਡਕਟਾਂ ਨੂੰ ਸਟੋਰ ਮਾਲਕਾਂ ਨੇ ਆਪਣੇ ਸਟੋਰਾਂ ਤੋਂ ਬਾਹਰ ਕੱਢਕੇ ਸੁੱਟ ਦਿੱਤਾ। ਇਸ ਤਰ੍ਹਾਂ ਭਾਰਤੀ ਹਕੂਮਤ ਅਤੇ ਕਾਰਪੋਰੇਟ ਘਰਾਣਿਆਂ ਖਿਲਾਫ ਵਿਰੋਧ ਦੀ ਅਵਾਜ ਪੂਰੇ ਅਮਰੀਕਾ ਵਿੱਚ ਗੂੰਜ ਰਹੀ ਹੈ।

ਗਗਨ ਚੋਕੀਮਾਨ, ਅਮਰੀਕਾ

## ਕੈਨੇਡਾ 'ਚ ਥਾਂ-ਥਾਂ ਕਿਸਾਨ ਸੰਘਰਸ਼ ਦੇ ਹੱਕ 'ਚ ਵਿਸ਼ਾਲ ਵਿਰੋਧ ਪ੍ਰਦਰਸ਼ਨ

ਭਾਰਤ ਦੀ ਰਾਜਧਾਨੀ ਦਿੱਲੀ ਅੰਦਰ ਪੰਜਾਬ ਦੀਆਂ 30 ਕਿਸਾਨ ਜੱਥੇਬੰਦੀਆਂ ਅਤੇ ਭਾਰਤ ਪੱਧਰ ਦੀਆਂ 500 ਕਿਸਾਨ ਜੱਥੇਬੰਦੀਆਂ ਦੀ ਅਗਵਾਈ ਵਿੱਚ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਇਤਿਹਾਸਕ ਘੋਲ ਲੜਿਆ ਜਾ ਰਿਹਾ ਹੈ। ਇਸ ਸੰਘਰਸ਼ ਵਿੱਚ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਲੋਕ ਅਤੇ ਹੋਰ ਵੱਖ-ਵੱਖ ਤਬਕਾਤੀ ਜੱਥੇਬੰਦੀਆਂ ਵੀ ਭਰਵੀਂ ਸ਼ਮੂਲੀਅਤ ਕਰ ਰਹੀਆਂ ਹਨ। ਕਿਸਾਨ ਸੰਘਰਸ਼ ਆਏ ਦਿਨ ਹੋਰ ਵਿਸ਼ਾਲ ਹੁੰਦਾ ਜਾ ਰਿਹਾ ਹੈ। ਇਹ ਕਿਸਾਨ ਸੰਘਰਸ਼ ਤਿੰਨ ਖੇਤੀ ਕਾਨੂੰਨਾਂ, ਬਿਜਲੀ ਸੋਧ ਬਿੱਲ ਅਤੇ ਪਰਾਲ਼ੀ ਸਾੜਨ ਦੇ ਕਿਸਾਨ ਮਾਰੂ ਬਿੱਲ ਖ਼ਿਲਾਫ਼ ਲੜਿਆ ਜਾ ਰਿਹਾ ਹੈ। ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਲਿਆਂਦੇ ਇਹਨਾਂ ਕਾਨੂੰਨਾਂ ਖ਼ਿਲਾਫ਼ ਪੰਜਾਬ ਤੋਂ ਸ਼ੁਰੂ ਹੋਇਆ ਸੰਘਰਸ਼ ਦੇਸ਼ ਪੱਧਰ ਉੱਤੇ ਫੈਲ ਚੁੱਕਾ ਹੈ। ਇਸ ਸੰਘਰਸ਼ ਦੇ ਹੱਕ ਵਿੱਚ ਕੈਨੇਡਾ ਦੇ ਸ਼ਹਿਰ ਮੌਂਟਰੀਅਲ 'ਚ ਲਗਾਤਾਰ ਹਰ ਹਫਤੇ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਰਿਪੋਰਟ ਲਿਖਣ ਤੱਕ ਛੇ ਵੱਡੇ ਵਿਰੋਧ ਪ੍ਰਦਰਸ਼ਨ ਇਕੱਲੇ ਮੌਂਟਰੀਅਲ ਵਿੱਚ ਕੀਤੇ ਜਾ ਚੁੱਕੇ ਹਨ। ਲੜੀਵਾਰ ਇਹ ਪ੍ਰੋਗਰਾਮ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸਮਰਥਕ ਨੌਜਵਾਨਾਂ-ਵਿਦਿਆਰਥੀਆਂ ਵੱਲੋਂ ਕੀਤੇ ਜਾ ਰਹੇ ਹਨ।

ਮੌਂਟਰੀਅਲ ਮੈਟਰੋ ਡਾਊਨ ਟਾਊਨ, ਲਾਸਾਲ, ਓਟਾਵਾ (ਭਾਰਤੀ ਦੂਤਾਵਾਸ) ਅੱਗੇ ਸੈਂਕੜਿਆਂ ਦੀ ਗਿਣਤੀ ਵਿੱਚ ਪੁੱਜੇ ਪਰਵਾਸੀ ਪੰਜਾਬੀਆਂ ਖਾਸਕਰ ਬਹੁਗਿਣਤੀ ਨੌਜਵਾਨਾਂ-ਵਿਦਿਆਰਥੀਆਂ ਦੇ ਹੱਥਾਂ ਵਿੱਚ ਮੋਦੀ ਹਕੂਮਤ ਖ਼ਿਲਾਫ਼ ਲਿਖੀਆਂ ਵੱਖ-ਵੱਖ ਸਲੋਗਨਾਂ ਦੀਆਂ ਤਖ਼ਤੀਆਂ (400) ਤੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਦਰਜਨਾਂ ਝੰਡੇ ਫੜੇ ਹੋਏ ਸਨ।

ਇਹਨਾਂ ਪ੍ਰੋਗਰਾਮਾਂ ਵਿੱਚ ਅਮੀਤੋਜ਼ ਸ਼ਾਹ, ਵਰੁਣ ਖੰਨਾ, ਖੁਸ਼ਪਾਲ ਗਰੇਵਾਲ, ਰਿਸ਼ੀ ਗਰੇਵਾਲ, ਜਗਤਾਰ ਕੰਗ, ਹਰਜਿੰਦਰ ਸਿੱਧੂ, ਹਰਲੀਨ ਸੂਮਲ, ਅਮਨਦੀਪ ਸਿੰਘ, ਪਰਮਿੰਦਰ ਸਿੰਘ ਪਾਂਗਲੀ, ਮਨਦੀਪ, ਅਤੇ ਮਨਵੀਰ ਸਿੰਘ ਨੇ ਸੰਬੋਧਨ ਕੀਤਾ। ਉਹਨਾਂ ਬੋਲਦਿਆਂ ਕਿਹਾ ਕਿ ਮੋਦੀ ਹਕੂਮਤ ਵੱਲੋਂ ਲਿਆਂਦੇ ਤਿੰਨ ਕਾਨੂੰਨ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਅਤੇ ਸੰਸਾਰ ਵਪਾਰ ਸੰਸਥਾਂ ਦੁਆਰਾ ਦਿਸ਼ਾ ਨਿਰਦੇਸ਼ਤ ਹਨ। ਉਹਨਾਂ ਕਿਹਾ ਕਿ ਪਹਿਲਾਂ ਸਾਮਰਾਜੀ ਬਹੁਕੌਮੀ ਕਾਰਪੋਰੇਸ਼ਨਾਂ ਖੇਤੀ ਇਨਪੁਟਸ ਤੇ ਕੰਟਰੋਲ ਕਰਦੀਆ ਸਨ ਪਰ ਹੁਣ ਸਾਮਰਾਜੀ ਕੰਪਨੀਆਂ ਮਨੋਪਲੀ ਕਾਇਮ ਕਰਕੇ ਆਊਟਪੁੱਟ ਤੇ ਵੀ ਕੰਟਰੋਲ ਕਰਨ ਦੇ ਮਨਸੂਬੇ ਧਾਰੀ ਬੈਠੀਆਂ ਹਨ। ਉਹ ਸਬਸਿਡੀ ਖਤਮ ਕਰਨਾ ਚਾਹੁੰਦੇ ਹਨ। ਪੰਜਾਬ 'ਚ ਲੈਂਡ ਸ਼ਾਇਦ ਵੱਡਾ ਹੈ। ਅਡਵਾਂਸ ਮੰਡੀ ਸਿਸਟਮ ਹੈ। ਇਨਫਰਾਸਟਰਕਚਰ ਬਣਿਆ ਹੋਇਆ ਹੈ। ਇਸ ਲਈ ਉਹਨਾਂ ਦੀ ਭਾਰਤੀ ਮੰਡੀ ਤੇ ਅੱਖ ਹੈ। ਮੋਦੀ ਹਕੂਮਤ ਨੇ 24 ਮਾਰਚ ਨੂੰ ਲੌਕਡਾਊਨ ਲਾਉਣ ਤੋਂ ਫੌਰੀ ਬਾਅਦ 26 ਮਾਰਚ 2020 ਨੂੰ ਖੇਤੀ ਮਾਰਕੀਟ ਸੁਧਾਰਾਂ ਦੇ ਨਾਂ 'ਤੇ ਸਰਕਾਰੀ ਮੰਡੀਆਂ ਦੀ ਥਾਂ ਪ੍ਰਾਈਵੇਟ ਮੰਡੀਆਂ ਬਣਾਉਣ ਦੀ ਮਨਜ਼ੂਰੀ ਦੇ ਕੇ ਦੇਸੀ-ਵਿਦੇਸ਼ੀ ਐਗਰੋਬਿਜਨਸ ਕੰਪਨੀਆਂ ਨੂੰ ਫ਼ਸਲਾਂ ਖ਼ਰੀਦਣ ਦੀ ਖੁੱਲ੍ਹ ਦੇ ਦਿੱਤੀ ਹੈ ਅਤੇ ਇਨ੍ਹਾਂ ਕੰਪਨੀਆਂ ਵੱਲੋਂ ਆਪਣੀ ਮਨਮਰਜ਼ੀ ਨਾਲ ਖੇਤੀ ਕਰਾਉਣ ਲਈ ਜ਼ਮੀਨ ਠੇਕੇ 'ਤੇ ਲੈ ਕੇ ਵੱਡੇ ਫਾਰਮ ਬਣਾ ਕੇ 'ਠੇਕਾ ਖੇਤੀ ਕਾਨੂੰਨ-2018' ਪਹਿਲਾਂ ਹੀ ਪਾਸ ਕਰਾਇਆ ਹੋਇਆ ਹੈ। ਭਾਰਤੀ ਕਾਰਪੋਰੇਟ ਘਰਾਣਿਆਂ ਕੋਲ ਸਾਮਰਾਜੀ ਐਗਰੋਬਿਜਨਸ ਕੰਪਨੀਆਂ ਵਾਂਗ ਇੰਫਰਾਸਟਰਕਚਰ, ਤਕਨੀਕ ਅਤੇ ਪੂੰਜੀ ਨਹੀਂ ਹੈ। ਇਸ ਕਰ ਕੇ ਉਹ ਸਾਮਰਾਜੀ ਐਗਰੋਬਿਜਨਸ ਕੰਪਨੀਆਂ ਦੇ ਭਾਈਵਾਲ ਬਣ ਕੇ ਇਸ ਕਾਰੋਬਾਰ ਵਿਚੋਂ ਅਥਾਹ ਮੁਨਾਫ਼ੇ ਕਮਾਉਣ ਦੀ ਝਾਕ ਰੱਖਦੇ ਹਨ ਅਤੇ ਭਾਰਤ ਨੂੰ 'ਇਕ ਦੇਸ਼, ਇਕ ਮੰਡੀ' ਦੇ ਸੰਕਲਪ ਨੂੰ ਅੰਤਰਰਾਸ਼ਟਰੀ ਮੰਡੀ ਨਾਲ ਜੋੜ ਕੇ ਵਾਅਦਾ ਵਪਾਰ ਰਾਹੀਂ ਸੱਟੇਬਾਜ਼ੀ ਕਰ ਕੇ ਸੁਪਰ ਮੁਨਾਫ਼ੇ ਕਮਾਉਣਾ ਲੋਚਦੇ ਹਨ।

ਇਸਤੋਂ ਇਲਾਵਾਂ ਕੈਨੇਡਾ ਦੇ ਵੈਨਕੂਵਰ, ਬਰੈਪਟਨ, ਕੈਲਗਰੀ, ਐਡਮਿੰਟਨ, ਕਿਚਨਰ, ਟੋਰਾਂਟੋ, ਵਿਨੀਪੈੱਗ, ਸਰੀ, ਹਮਿਲਟਨ ਆਦਿ ਥਾਵਾਂ ਦੇ ਦਰਜਨਾਂ ਦੀ ਗਿਣਤੀ ਵਿੱਚ ਲੜੀਵਾਰ ਵਿਰੋਧ ਪ੍ਰਦਰਸ਼ਨ ਕੀਤੇ ਜਾ ਚੁੱਕੇ ਹਨ।

- ਵਰੁਣ ਖੰਨਾ, ਕਨੈਡਾ

## ਆਸਟਰੇਲੀਆ ਵਿੱਚ ਕਿਸਾਨ ਸੰਘਰਸ਼ ਦੇ ਹੱਕ ਵਿੱਚ ਵਿਰੋਧ ਪ੍ਰਦਰਸ਼ਨ

ਆਸਟਰੇਲੀਆ ਦੇ ਵਿਕਟੋਰੀਆ ਸੂਬੇ ਦੇ ਸ਼ਹਿਰ ਜੀਲੌਂਗ, ਟਾਰਨੇਟ ਅਤੇ ਕਰੇਗੀਬਰਨ ਤੋਂ ਪਲਮਟਨ ਤੱਕ ਕਾਰ ਰੈਲੀ ਕੀਤੀ ਗਈ। ਆਸਟਰੇਲੀਆਂ ਵਸਦੇ ਪੰਜਾਬੀ ਭਾਈਚਾਰੇ ਵੱਲੋਂ ਕਿਸਾਨਾਂ ਦੇ ਹੱਕ ਅਤੇ ਮੋਦੀ ਹਕੂਮਤ ਖਿਲਾਫ ਕੀਤੀ ਗਈ ਰੈਲੀ ਵਿੱਚ ਸੈਂਕੜੇ ਲੋਕਾਂ ਨੇ ਭਾਗ ਲਿਆ। ਇਹਨਾਂ ਥਾਵਾਂ ਤੇ ਭਾਰਤੀ ਕਿਸਾਨ ਯੁਨੀਅਨ (ਡਕੌਂਦਾ) ਦੇ ਸਮਰਥਕ ਨੌਜਵਾਨ ਆਗੂ ਹਰਸ਼ਵਿੰਦਰ ਨੇ ਰੈਲੀ 'ਚ ਹਾਜਰ ਪ੍ਰਵਾਸੀ ਭਾਰਤੀਆਂ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਦੇਸ਼ ਦਾ ਕਿਸਾਨ ਤਾਂ ਪਹਿਲਾਂ ਹੀ ਕਰਜੇ ਤੇ ਖੁਦਕਸ਼ੀਆਂ ਦਾ ਸ਼ਿਕਾਰ ਹੈ ਉੱਤੋਂ ਇਹ ਕਾਨੂੰਨ ਲਿਆਕੇ ਸਰਕਾਰ ਉਹਨਾਂ ਦੀ ਮੌਤ ਦੇ ਵਾਰੰਟ ਜਾਰੀ ਕਰ ਰਹੀ ਹੈ। ਉਹਨਾਂ ਕਿਹਾ ਕਿ ਨਵ-ਉਦਾਰਵਾਦੀ ਨੀਤੀਆਂ ਭਾਰਤ ਵਰਗੇ 'ਵਿਕਾਸ਼ਸੀਲ਼' ਅਤੇ ਪਛੜੇ ਦੇਸ਼ਾਂ ਦੇ ਖੇਤੀ ਅਰਥਚਾਰੇ ਲਈ ਘਾਤਕ ਹਨ। ਉਹਨਾਂ ਕਿਹਾ ਕਿ ਜਿੰਨ੍ਹਾਂ ਚਿਰ ਇਹ ਕਾਨੂੰਨ ਰੱਦ ਨਹੀਂ ਕੀਤੇ ਜਾਣਗੇ ਉਨਾ ਚਿਰ ਵਿਰੋਧ ਦੀ ਇਹ ਅਵਾਜ ਕੌਮਾਂਤਰੀ ਪੱਧਰ ਤੇ ਲਗਾਤਾਰ ਹੋਰ ਵੱਧ ਫੈਲਦੀ ਜਾਏਗੀ। ਆਸਟਰੇਲੀਆ 'ਚ ਇਹਨਾਂ ਥਾਵਾਂ ਤੋਂ ਇਲਾਵਾ ਮੈਲਬੌਰਨ, ਪਰਥ ਅਤੇ ਸਿਡਨੀ 'ਚ ਵੀ ਮੋਦੀ ਹਕੂਮਤ ਖਿਲਾਫ ਵਿਰੋਧ ਦੀ ਅਵਾਜ ਬੁਲੰਦ ਕੀਤੀ ਗਈ।

- ਹਰਸ਼ਵਿੰਦਰ, ਆਸਟਰੇਲੀਆ



Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ


ਪੂਰਨ ਸਿੰਘ ਪਾਂਧੀ
905-789-6670

# ਨਹੀਂ ਲੱਭਣੇ ਲਾਲ ਗੁਆਚੇ...

ਡਾਕਟਰ ਹਰਬੰਸ ਸਿੰਘ ਸੰਸਾਰ ਦੀ ਭੀੜ ਵਿਚ ਸਭ ਤੋਂ ਅਨੋਖਾ, ਨਿਆਰਾ, ਪਿਆਰਾ ਤੇ ਹੁਸੀਨ ਵਿਅਕਤੀ ਸੀ। ਜਿੱਥੇ ਬਹਿੰਦਾ, ਖੜ੍ਹਦਾ ਜਾਂ ਬੋਲਦਾ, ਰੌਣਕਾਂ ਦੀਆਂ ਝੜੀਆਂ ਲੱਗ ਜਾਂਦੀਆਂ ਸਨ। ਉਸ ਦੀਆਂ ਤੋਰਾਂ ਤੇ ਤੱਕਾਂ ਵਿਚ, ਸੂਰਤ ਤੇ ਸੀਰਤ ਵਿਚ ਮਿਕਨਾਤੀਸੀ ਖਿੱਚ ਸੀ। ਉਹ ਬਹੁਤ ਰਲੇਵਾਂ, ਮਿਲਾਪੜਾ, ਸੁਚੇਤ ਤੇ ਸਹਿਯੋਗੀ ਭਾਵਨਾ ਦਾ ਭਰ ਵਗਦਾ ਦਰਿਆ ਸੀ। ਤੁਰੇ ਜਾਂਦਿਆਂ ਨੂੰ ਮੋਹ ਲੈਂਦਾ ਸੀ। ਉਹ ਬਹੁ-ਪੱਖੀ ਵਿੱਦਿਆ ਤੇ ਕਈ ਹੁਨਰਾਂ ਦਾ ਮਾਹਰ, ਉੱਦਮੀ, ਉਤਸ਼ਾਹੀ ਤੇ ਮਿਹਨਤੀ ਰੁਚੀਆਂ ਦਾ ਮਾਲਕ ਸੀ। ਉਹਦੇ ਬੋਲਾਂ ਵਿਚ ਹਾਸੇ ਛਣਕਦੇ, ਸਮਾਜਿਕ, ਵਿਗਿਆਨਕ ਤੇ ਯਥਾਰਥੀ ਲੋਕਧਾਰਾ ਦੀ ਮਹਿਕ ਹੁੰਦੀ। ਚੋਟੀ ਦੇ ਲੇਖਕਾਂ, ਵਿਗਿਆਨੀਆਂ ਤੇ ਬੁੱਧੀਜੀਵੀ ਮਹਿਫਲਾਂ ਵਿਚ ਆਪਣੀ ਸੁਲਝੀ ਤੇ ਸ੍ਰੇਸ਼ਟ ਵਿਚਾਰਧਾਰਾ ਨਾਲ਼ ਬੋਹੜ ਵਾਂਗ ਛਾ ਜਾਂਦਾ ਸੀ।

ਡਾ. ਹਰਬੰਸ ਦੀ ਬੋਲ ਬਾਣੀ ਤੇ ਵਰਤਣ ਵਿਹਾਰ ਵਿਚ ਮੋਹ ਲੈਣ ਵਾਲਾ ਅਜਿਹਾ ਕੌਤਕੀ ਤੇ ਚੁੰਬਕੀ ਗੁਣ ਸੀ ਕਿ ਉਹ ਪਹਿਲੀ ਮਿਲਣੀ ਵਿਚ ਤੇ ਪਹਿਲੀ ਨਜ਼ਰੇ ਆਪਣੇ ਪਿਆਰ ਦੀਆਂ ਪੁਸ਼ਪ ਕੜੀਆਂ ਨਾਲ ਜਕੜ ਲੈਂਦਾ ?ਤੇ ਵਿਅਕਤੀ ਦੀ ਹਿਰਦੇ ਦੀ ਸੇਜ 'ਤੇ ਆਪਣੇ ਮੋਹ ਮਾਣ ਦੀ ਪੀਹੜੀ ਡਾਹ ਕੇ ਬਹਿ ਜਾਂਦਾ ਸੀ। ਇਸੇ ਕਾਰਣ ਉਸ ਦੀ ਮਿੱਤਰਤਾ ਦੀ ਡੋਰੀ ਰੀਝਾਂ ਨਾਲ਼ ਸਿੰਗਾਰੀ, ਮਨਮੋਹਕ ਤੇ ਵਿਸ਼ਾਲ ਹੁੰਦੀ ਗਈ:

ਮੋਗਾ ਸ਼ਹਿਰ ਵਿਚ ਭਾਵੇਂ ਬਹੁਤ ਸਾਰੇ ਘਰਾਂ ਤੇ ਦੁਕਾਨਦਾਰਾਂ ਉਸ ਦੀ ਰੂਹਾਨੀ ਸਾਂਝ ਸੀ ਪਰ ਅਜੋਕੀ ਫੌਜੀ ਮਾਰਕੀਟ ਦੇ ਮਾਲਕ ਮੁਹਕਮ ਸਿੰਘ ਹੀਰਾ ਬਰਾੜ ਉਸ ਦਾ ਜਿਗਰੀ ਯਾਰ ਸੀ। ਭਾਰਤ ਭਰ ਵਿਚ ਅਰਬਾਂ ਖਰਬਾਂ ਦੀ ਸੰਪਤੀ ਦੇ ਮਾਲਕ, ਬਾਘਾਪੁਰਾਣਾ ਦੇ ਮਹਾਨ ਸੰਤ ਗੁਰਮੇਲ ਸਿੰਘ ਨਾਲ਼ ਰੁਮਾਂਚਿਕ ਤੇ ਅੰਦਰੂਨੀ ਸਾਂਝਾਂ ਸਨ। ਪੰਜਾਬੀ ਦੇ ਮਹਾਨ ਚਿੰਤਕ ਤੇ ਨਾਵਲਿਸਟ ਗੁਰਦਿਆਲ ਸਿੰਘ ਉਸ ਦੇ ਪਰਮ ਮਿੱਤਰਾਂ ਵਿਚੋਂ ਸਨ।

ਸਭ ਤੋਂ ਵੱਧ ਉਸ ਦੇ ਮਿੱਤਰਾਂ ਵਿਚੋਂ ਸਨ- ਮੋਗੇ ਤੋਂ ਗੁਰਦਰਸ਼ਨ ਸਿੰਘ ਤੇ ਜ਼ਿਲਾ ਜਾਲੰਧਰ ਤੋਂ ਗੁਰਬਚਨ ਸਿੰਘ ਨਿੱਝਰ। ਗੁਰਦਰਸ਼ਨ ਸਿੰਘ ਬਾਡਰ ਸਕਿਉਰਿਟੀ ਫੋਰਸ ਵਿਚ ਐਸ. ਐਸ. ਪੀ. ਰੈਂਕ 'ਤੇ ਗੰਗਾਨਗਰ ਸੀ ਤਾਇਨਾਤ ਸੀ ਅਤੇ ਗੁਰਬਚਨ ਸਿੰਘ ਕੋਟਕਪੂਰੇ ਰੇਲਵੇ ਵਿਚ ਸਟੇਸ਼ਨ ਮਾਸਟਰ ਸੀ। ਇਹ ਤਿੱਖੜੀ ਕਦੇ ਐਸ. ਐਸ. ਪੀ. ਗੁਰਦਰਸ਼ਨ ਸਿੰਘ ਕੋਲ ਗੰਗਾ ਨਗਰ ਹੁੰਦੀ, ਕਦੇ ਜ਼ਿਲਾ ਜਾਲੰਧਰ ਦੇ ਪਿੰਡ ਨਿਝਰ, ਜਾਂ ਕਦੇ ਡਾ. ਹਰਬੰਸ ਸਿੰਘ ਕੋਲ ਕੋਟਕਪੂਰੇ ਹੁੰਦੀ। ਤਿੰਨੋਂ ਇੱਕੋ ਜਿਹੇ ਉੱਚੇ ਕੱਦਾਂ ਵਾਲੇ, ਸੁਹਣੀਆਂ ਸੂਰਤਾਂ ਵਾਲੇ, ਆਪੋ ਆਪਣੇ ਕਿੱਤੇ ਦੇ ਸਿਕੰਦਰ ਤੇ ਮਨੁੱਖਤਾ ਦੇ ਹੁਸੀਨ ਨਾਇਕ ਸਨ। ਇਹ ਤਿੱਕੜੀ ਜਿੱਥੋਂ ਦੀ ਲੰਘ ਜਾਂਦੀ, ਉੱਥੋਂ ਦੀਆਂ ਗਲੀਆਂ ਦੇ ਕੱਖ ਵੀ ਸਿਰ ਚੁੱਕ ਚੁੱਕ ਵਿਹਦੇ ਸਨ।

ਪੰਜਾਬ ਦਾ ਪ੍ਰਸਿੱਧ ਕਾਂਗਰਸੀ ਲੀਡਰ ਅਵਤਾਰ ਸਿੰਘ ਬਰਾੜ ਗਿਆਨੀ ਜ਼ੈਲ ਸਿੰਘ ਦੀ ਹਿੱਕ ਦਾ ਵਾਲ। ਉਹ ਜ਼ਿਲਾ ਫਰੀਦਕੋਟ ਕਾਂਗਰਸ ਦਾ ਪ੍ਰਧਾਨ ਤੇ ਪਿੱਛੋਂ ਬੇਅੰਤ ਸਿੰਘ ਦੀ ਵਜ਼ਾਰਤ ਵਿਚ ਵਿਦਿਆ ਮੰਤਰੀ ਬਣਿਆਂ ਉਹ ਹਰਬੰਸ ਦਾ ਜਿਗਰੀ ਯਾਰ ਸੀ। ਦੋਨੋ ਮਿੱਤਰ ਸ਼ਿਸ਼ਟਾਚਾਰੀ ਬਹੁ ਵਚਨੀ ਬੋਲ ਬਾਣੀ ਦਾ ਦਿਖਾਵਾ ਨਹੀਂ ਸੀ ਕਰਦੇ; ਦੋਹਾਂ ਦੀ ਤੂੰ ਤੇਰਾ ਵਰਗੀ ਬੋਲ ਬਾਣੀ ਦੀ ਸਾਂਝ ਸੀ। ਮੈਂ ਅਧਿਆਪਕ ਸੀ ਤੇ ਮੇਰੇ ਮਨ ਵਿਚ ਆਪਣੇ ਮਨ ਚਾਹੇ ਸਕੂਲ ਵਿਚ ਬਦਲੀ ਕਰਾਉਣ ਦੀ ਬਹੁਤ ਤਿੱਖੀ ਤਾਂਘ ਸੀ। ਹਰਬੰਸ ਨੂੰ ਮੇਰੀ ਇਸ ਤਾਂਘ ਦਾ ਪਤਾ ਲੱਗਾ। ਉਸ ਦੀ ਆਦਤ ਸੀ, ਉਹ ਜਿਸ ਗੱਲ ਮਗਰ ਪੈ ਜਾਏ, ਕਰ ਕੇ ਹਟਦਾ ਸੀ। ਮੇਰੀ ਬਦਲੀ ਕਰਾਉਣ ਵੱਲ ਪੈ ਗਿਆ। ਪਰ ਇਹ ਬਦਲੀਆਂ ਦੇ ਦਿਨ ਨਹੀਂ ਸੀ, ਨਵੰਬਰ ਦਾ ਮਹੀਨਾ ਸੀ, ਬਦਲੀਆਂ ਬੰਦ ਸਨ। ਜ਼ਿਲਾ ਸਿਖਿਆ ਅਫਸਰ ਫਰੀਦਕੋਟ ਤੋਂ ਲੈ ਕੇ ਸੀ. ਓ. ਨਾਭਾ ਤੱਕ ਕੇਸ ਮੁਕੰਮਲ ਕਰਨ ਦੇ ਸੌ ਝੰਜਟ ਸਨ। ਪਰ ਫਿਰ ਵੀ ਹਰਬੰਸ ਨੇ ਮੇਰੀ ਬਦਲੀ ਲਈ ਆਪਣੇ ਯਾਰ ਅਵਤਾਰ ਬਰਾੜ ਦੇ ਅਜਿਹੇ ਪੇਚ ਕੱਸੇ, ਅਜਿਹੀ ਪਾਣ ਚਾੜ੍ਹੀ ਕਿ ਬਰਾੜ ਨੇ ਆਪਣੇ ਸਿਰ ਤੋੜ ਯਤਨਾਂ ਦੁਅਰਾ ਅਸੰਭਵ ਨੂੰ ਸੰਭਵ ਤੇ ਅਨਹੋਣੀ ਨੂੰ ਹੋਣੀ ਵਿਚ ਬਦਲਨ ਵਿਚ ਕੁਝ ਵੀ ਸਮਾ ਨਾ ਲਾਇਆ। ਦਫਤਰੀ ਬਾਬੂਆਂ ਦੇ ਲਾਰਾ ਲਾਊ ਮਹੀਨਿਆਂ ਦਾ ਕੰਮ ਕੇਵਲ ਦੋ ਦਿਨਾ ਵਿਚ ਸਿਰੇ ਚਾੜ੍ਹ ਦਿੱਤਾ। ਸਵੇਰੇ ਗਿਆ ਦੂਜੇ ਦਿਨ ਮੇਰੀ ਬਦਲੀ ਦੇ ਆਡਰ ਮੈਨੂੰ ਫੜਾ ਦਿੱਤੇ। ਮੇਰੇ ਲਈ ਇਹ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਮੈਂ ਧੰਨ ਧੰਨ ਹੋ ਗਿਆ ਸੀ।



Dr.Harbhans Singh

ਡਾ. ਹਰਬੰਸ ਸਿੰਘ ਦਾ ਪਿਤਾ ਰਾਮ ਸਿੰਘ, ਮਾਤਾ ਜੈ ਕੌਰ ਦੇ ਘਰ ਮਿਤੀ 04 ਅਪ੍ਰੈਲ 1938 ਨੂੰ ਜ਼ਿਲਾ ਮੋਗਾ ਦੇ ਪਿੰਡ ਇੰਦਰਗੜ੍ਹ ਵਿਚ ਜਨਮ ਹੋਇਆ। ਧਰਮਕੋਟ ਵਾਸੀ ਪਿਤਾ ਹਰੀ ਸਿੰਘ ਮਾਤਾ ਸ਼ਾਮ ਕੌਰ ਦੀ ਪੁੱਤਰੀ ਜਸਵੀਰ ਕੌਰ ਨਾਲ਼ ਸ਼ਾਦੀ ਹੋਈ। ਇਨ੍ਹਾਂ ਦੇ ਘਰ ਤਿੰਨ ਪਿਆਰੀਆਂ ਪੁੱਤਰੀਆਂ ਨੇ ਜਨਮ ਲਿਆ: ਮਨਦੀਪ ਕੌਰ_ਐਡਮਿੰਟਨ, ਕਨੇਡਾਜ਼, ਪਰਮਜੀਤ ਕੌਰ_ਚੰਦੀਗੜ੍ਹਜ਼ ਤੇ ਰਾਜਿੰਦਰ ਕੌਰ ਬਰਨਾਲਾਜ਼। ਪੁੱਤਰ: ਗੁਰਮੇਲ ਸਿੰਘ ਹੈ। ਹਰਬੰਸ ਸਿੰਘ ਦੀ ਸੁਘੜ ਸੁਜਾਨ ਇਕਲੋਤੀ ਨੋਂਹ-ਪੁੱਤਰੀ ਬਲਜੀਤ ਕੌਰ, ਇੱਕ ਪੋਤਰਾ ਅਭੀਜੀਤ ਸਿੰਘ ਤੇ ਪੋਤਰੀ ਸਿਮਰਨ ਕੌਰ ਹੈ।

ਦੁਨਿਆਵੀ ਸਕੀਰੀ ਪੱਖੋਂ ਹਰਬੰਸ ਮੇਰਾ ਸਾਢੂ ??, ਪਰ ਉਹ ਮੇਰਾ ਹੋਰ ਵੀ ਬਹੁਤ ਕੁਝ ਸੀ। ਜ਼ਿੰਦਗੀ ਦੀਆਂ ਉਲ੍ਝੀਆਂ ਲਿਟਾਂ ਨੂੰ ਉਸ ਨੇ ਆਪਣੇ ਹੱਥੀਂ ਵਾਹਿਆ, ਸੁਆਰਿਆ ਤੇ ਆਪਣਾ ਸਿਰ ਆਪ ਗੁੰਦਿਆ ਹੈ। ਉਸ ਦੀ ਜ਼ਿੰਦਗੀ ਦੇ ਵਿਸਥਾਰ ਨੂੰ ਦੇਖਦਿਆਂ ਲਗਦਾ ਹੈ ਜਿਵੇਂ ਧਰਤੀ ਦਾ ਇਹ ਟੋਟਾ ਉਸ ਲਈ ਛੋਟਾ ਹੋਵੇ ਤੇ ਉਸ ਦੀਆਂ ਸੋਚਾਂ ਦੀ ਉਡਾਰੀ ਬਹੁਤ ਵੱਡੀ ਤੇ ਵਿਸ਼ਾਲ ਹੋਵੇ। ਉਸ ਦੇ ਪੈਰ ਚੱਕਰ ਹੀ ਅਜਿਹਾ ਸੀ, ਉਹ ਇੱਕ ਥਾਂ ਟਿਕ ਕੇ ਬਹਿਣ ਵਾਲ਼ਾ ਨਹੀਂ ਸੀ ਨਾ ਹੀ ਉਹ ਕਿਸੇ ਕਾਰੋਬਾਰ ਦੇ ਇੱਕੋ ਕਿੱਲੇ ਨਾਲ਼ ਬੱਝੇ ਰਹਿਣ ਵਾਲਾ ਸੀ। ਭਗਤ ਕਬੀਰ ਵਾਂਗ ਐਸੇ ਘਰ ਹਮ ਬਹੁਤ ਬਸਾਏ। ਜਬ ਹਮ ਰਾਮ ਗਰਭ ਮਹਿ ਆਏ ਵਾਂਗ ਉਸ ਨੇ ਬਾਰ ਬਾਰ ਆਪਣੇ ਟਿਕਾਣੇ ਤੇ ਆਪਣੇ ਕਾਰੋਬਾਰ ਬਦਲੇ।

ਉਹ ਪੀਰਾਂ, ਫਕੀਰਾਂ ਤੇ ਦਰਵੇਸ਼ਾਂ ਵਾਂਗ ਕੱਖਾਂ ਕਾਨਿਆਂ ਦੀ ਕੁੱਲੀ ਵਿਚ ਵੀ ਬਾਦਸ਼ਾਹਾਂ ਵਾਂਗ ਰਹਿ ਸਕਦਾ ਸੀ। ਗੰਢੇ ਤੇ ਅਚਾਰ ਨਾਲ਼ ਰੁੱਖੀ ਮਿੱਸੀ ਖਾ ਕੇ ਵੀ ਛੱਤੀ ਪ੍ਰਕਾਰ ਦੇ ਭੋਜਨ ਦੇ ਡਕਾਰ ਲੈ ਸਕਦਾ ਸੀ। ਕਿਸੇ ਦੇ ਉੱਚੇ ਮਹਿਲ, ਮਹਿੰਗੀਆਂ ਕਾਰਾਂ ਤੇ ਬਹੁ-ਭਾਂਤੇ ਪਦਾਰਥਾਂ ਨਾਲ ਉਸ ਨੂੰ ਭੋਰਾ ਵੀ ਮਲਾਲ ਨਹੀਂ ਸੀ। ਹੀਨ ਭਾਵਨਾ ਤਾਂ ਉਸ ਦੇ ਨੇੜੇ ਤੇੜੇ ਨਹੀਂ ਸੀ। ਪਰ ਕਿਸੇ ਦੇ ਕੰਮ ਆਉਣ ਤੇ ਵਿਗੜੀ ਸੁਆਰਨ ਲਈ ਜ਼ਿੰਦਗੀ ਦੇ ਵੱਡੇ ਤੋਂ ਵੱਡੇ ਖਤਰੇ ਸਹੇੜ ਸਕਦਾ ਸੀ। ਕਿਸੇ ਦੀ ਚੰਗਿਆਈ ਜਾਂ ਕੋਈ ਹੁਨਰ ਦੇਖ ਕੇ ਚੁੱਪ ਰਹਿਣ ਜਾਂ ਦੜ ਵੱਟਣ ਦਾ ਆਦੀ ਨਹੀਂ ਸੀ; ਸਗੋਂ ਵਡਿਆਈ ਤੇ ਪਰਸੰਸਾ ਦਾ ਕੋਈ ਮੌਕਾ ਜਾਣ ਨਹੀਂ ਸੀ ਦਿੰਦਾ। ਆਪਣੇ ਪਰਸੰਸਕ ਬੋਲਾਂ ਦੁਆਰਾ ਨਿਹਾਲ ਕਰ ਦਿੰਦਾ ਸੀ। ਅਜਿਹੀ ਸੁੱਚੀ ਤੇ ਪਵਿੱਤਰ ਭਾਵਨਾ ਸੀ ਉਸ ਦੀ।

ਡਾ. ਹਰਬੰਸ ਸਿੰਘ ਨੇ ਆਪਣੀ ਸੁਖੀ ਤੇ ਖ਼ੁਸ਼ਹਾਲ ਜ਼ਿੰਦਗੀ ਜੋ ਘੋਰ ਸੰਘਰਸ਼ ਕੀਤੇ ਤੇ ਸਖਤ ਮਿਹਨਤ ਕੀਤੀ ਉਸ ਦਾ ਵਿਸਥਾਰ ਬੇਅੰਤ ਜੋਖਮ ਭਰਿਆ, ਔਕੜਾਂ ਤੇ ਕਠਨਾਈਆਂ ਭਰਿਆ ਹੈ। ਉਹ ਜਿਸ ਵੀ ਕਿੱਤੇ ਵਿੱਚ ਪਿਆ, ਉਸ ਦੀ ਧੁਰ ਆਤਮਾ ਤੱਕ ਰਸਾਈ ਕੀਤੀ। ਜ਼ਿੰਦਗੀ ਦੇ ਅਰੰਭ ਵਿਚ ਮਸ਼ੀਨਰੀ ਦੇ ਕੰਮਾਂ ਵਿਚ ਲੰਮਾ ਸਮਾਂ ਕਠੋਰ ਮਿਹਨਤ ਤੇ ਕਮਾਈ ਕੀਤੀ।

ਜੀਵਨ ਵਿਚ ਕਈ ਵਾਰ ਕੁਝ ਅਜਿਹੀਆਂ ਅਣਸੁਖਾਵੀਆਂ, ਦੁੱਖ ਭਰੀਆਂ ਤੇ ਬੇਹੱਦ ਕੌੜੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ; ਜੋ ਸੋਚੀਆਂ ਵਿਚਾਰੀਆਂ ਨਹੀਂ ਹੁੰਦੀਆਂ। ਜਿਨ੍ਹਾ ਕਰ ਕੇ ਬੰਦੇ ਦਾ ਦਿਲ ਟੁੱਟ ਜਾਂਦਾ ਹੈ, ਮਾਨਸਕ ਰੋਗ ਸਹੇੜ ਲੈਂਦਾ ਤੇ ਮੰਜਾ ਮੱਲ ਲੈਂਦਾ ਹੈ। ਪਰ ਡਾ. ਹਰਬੰਸ ਸਿੰਘ ਘੋਰ ਔਕੜਾਂ, ਸੰਕਟਾਂ ਤੇ ਮੁਸੀਬਤਾਂ ਵਿਚ ਵੀ ਦਿਲ ਛੱਡਣ ਤੇ ਹੌਸਲਾ ਹਾਰਨ ਵਾਲਾ ਨਹੀਂ ਸੀ। ਡਾ. ਹਰਬੰਸ ਦੀ ਜ਼ਿੰਦਗੀ ਵਿਚ ਇੱਕ ਅਜਿਹਾ ਸਮਾ ਵੀ ਆਇਆ ਕਿ ਉਸ ਦੀਆਂ ਜਾਨ ਤੋਂ ਪਿਆਰੀਆਂ ਤਿੰਨ ਧੀਆਂ, ਤਿੰਨੋ ਵਾਰੀ ਵਾਰੀ ਵਿਧਵਾ ਹੋ ਗਈਆਂ। ਪਿੱਛੋਂ ਚੰਦੀਗੜ੍ਹ ਵਾਲੀ ਵਿਧਵਾ ਲੜਕੀ ਦੀ ਸੜਕੀ ਹਾਦਸੇ ਵਿਚ ਮਿਰਤੂ ਹੋ ਗਈ। ਅਜਿਹੇ ਸਮੇ ਉਸ ਦੇ ਦੁੱਖਾਂ ਦਾ ਕੋਈ ਪਾਰਾਵਾਰ ਨਹੀਂ ਸੀ। ਘਰ ਵਿਚ ਸੋਗੀ ਮਾਹੌਲ। ਉੱਤੋਂ ਉਸ ਦੇ ਸਰੀਰ ਨੂੰ ਪਤਾ ਨਹੀਂ ਕੀ ਰੋਗ ਲੱਗਾ, ਉਸ ਦਾ ਸਾਰਾ ਸਰੀਰ ਬੁਰੀ ਤਰ੍ਹਾਂ ਸੁੱਜ ਗਿਆ। ਬੇਚੈਨੀ ਤੇ ਭਟਕਣਾ ਵਿਚ ਨਾ ਪਿਆ ਜਾਵੇ, ਨਾ ਬੈਠਾ ਜਾਵੇ, ਨਾ ਖਾਧਾ ਪੀਤਾ ਜਾਵੇ। ਬਚਣ ਦੀ ਉਮੀਦ ਵੀ ਜਾਂਦੀ ਰਹੀ। ਪਰ ਦੁੱਖਾਂ ਮਾਰੇ ਅਜਿਹੇ ਹਾਲਾਤ ਵਿਚ ਵੀ ਉਸ ਨੇ ਹੌਸਲਾ ਨਹੀਂ ਹਾਰਿਆ, ਦ੍ਰਿੜਤਾ ਤੇ ਦਲੇਰੀ ਦਾ ਪੱਲਾ ਨਹੀਂ ਛੱਡਿਆ। ਕੁੱਕਨੂਸ ਵਾਂਗ ਉਹ ਆਪਣੀ ਰਾਖ 'ਚੋਂ ਮੁੜ ਮੁੜ ਉੱਠਣ ਤੇ ਉੱਡਣ ਵਾਲੇ ਕਿਰਦਾਰ ਦਾ ਮਾਲਕ ਸੀ। ਉਸ ਨੇ ਆਪਣੀ ਸਿਹਤ ਦੀ ਸੰਭਾਲ ਕੀਤੀ, ਪਰਵਾਰ ਦੀ ਮੁੜ ਉਸਾਰੀ ਕੀਤੀ, ਲੜਕੀਆਂ ਮੁੜ ਸੈੱਟ ਕੀਤੀਆਂ। ਪਹਿਲਾਂ ਵਾਂਗ ਪਰਵਾਰ ਖੁਸ਼ਹਾਲੀ ਦੇ ਪਰਾਂ 'ਤੇ ਮੁੜ ਉਡਾਰੀ ਮਾਰਨ ਜੋਗਾ ਕਰਨ ਵਿਚ ਸਫਲਤਾ ਹਾਸਲ ਕੀਤੀ।

ਸਭ ਤੋਂ ਪਹਿਲਾਂ ਉਸ ਨੇ ਧਰਮਕੋਟ ਨੇੜੇ ਜ਼ਿਲਾ ਮੋਗਾ ਦੇ ਆਪਣੇ ਜਨਮ ਨਗਰ ਇੰਦਰਗੜ੍ਹ ਦੇ ਕੱਚੇ ਘਰਾਂ ਤੇ ਤੰਗ ਗਲ਼ੀਆਂ ਵਿਚੋਂ ਉੱਠ ਕੇ ਧਰਮਕੋਟ ਜ਼ੀਰਾ ਰੋਡ 'ਤੇ ਆਪਣੇ ਘਰ ਦੀ ਉਸਾਰੀ ਕੀਤੀ। ਉੱਥੇ ਹੀ ਕਾਰਾਂ ਦੀ ਮੁਰੰਮਤ ਦਾ ਕਾਰੋਬਾਰ ਅਰੰਭਿਆ। ਛੇਤੀ ਹੀ ਇਹ ਭਾਗਸ਼ਾਲੀ ਟਿਕਾਣਾ ਰੌਣਕਾਂ ਦਾ ਕੇਂਦਰ ਬਣ ਗਿਆ। ਪਰ ਉਹ ਇੱਕ ਥਾਂ ਟਿਕ ਕੇ ਰਹਿਣ ਵਾਲਾ ਕਿੱਥੇ ਸੀ? ਇੱਥੇ ਵੀ ਬਹੁਤਾ ਚਿਰ ਨਾ ਰਿਹਾ। ਸਭ ਕੁਝ ਵੇਚ ਵੱਟ ਕੇ ਆਪਣਾ ਵਸੇਬਾ ਤੇ ਕਾਰੋਬਾਰ ਕੋਟਕਪੂਰੇ ਲੈ ਗਿਆ।

ਕੋਟਕਪੂਰੇ ਫਰੀਦਕੋਟ ਰੋਡ 'ਤੇ ਉਸ ਨੇ ਆਪਣੇ ਕਾਰੋਬਾਰ ਦਾ ਤੇ ਘਰ ਦਾ ਬਹੁਤ ਮਿਹਨਤ ਤੇ ਰੀਝਾਂ ਨਾਲ਼ ਵਿਸਥਾਰ ਕੀਤਾ। ਬਹੁਤ ਤਹਿਜ਼ੀਬ ਵਾਲਾ ਘਰ ਤੇ ਆਦਰਸ਼ਕ ਸੁਪਨਿਆਂ ਦੀ ਵਿਸ਼ਾਲ ਵਰਕਸ਼ਾਪ ਦਾ ਨਿਰਮਾਣ ਕੀਤਾ। ਉਸ ਦਾ ਇਹ ਟਿਕਾਣਾ ਰੌਣਕਾਂ ਤੇ ਮਹਿਫਲਾਂ ਦਾ ਕੇਂਦਰ ਬਣ ਗਿਆ। ਉਸ ਦੀ ਚੜ੍ਹਾਈ ਦੀਆਂ ਘਰ ਘਰ ਗੱਲਾਂ ਹੁੰਦੀਆਂ ਸਨ। ਇੱਥੇ ਉਸ ਨੇ ਲੰਮਾ ਸਮਾ ਸਖਤ ਮਿਹਨਤ ਕੀਤੀ, ਕਮਾਈ ਕੀਤੀ, ਪਰਾਪਰਟੀ ਦਾ ਵੀ ਵਿਸਥਾਰ ਕੀਤਾ। ਫਿਰ ਪਹਿਲਾ ਘਰ ਵੇਚ ਕੇ ਗੋਬਿੰਦ ਨਗਰ ਵਿਚ ਨਵਾਂ ਤੇ ਵਿਸ਼ਾਲ ਘਰ ਬਣਾਇਆ।

ਫਿਰ ਡਾਕਟਰੀ ਵਿਗਿਆਨ ਵੱਲ ਰੁਚੀ ਹੋ ਗਈ। ਕਾਰਾਂ ਦਾ ਕੰਮ ਛੱਡ ਕੇ ਡਾਕਟਰੀ ਧੰਦੇ ਮਗਰ ਪੈ ਗਿਆ। ਆਯੁਰਵੈਦਕ ਦੀ ਥਿਉਰੀ ਤੇ ਆਕਿਊਪਰੈਸ਼ਰ ਦੀ ਖੋਜ ਵਿਚ ਆਪਣੇ ਜੀਵਨ ਦੀ ਸਾਰੀ ਸ਼ਕਤੀ ਝੋਕ ਦਿੱਤੀ, ਕਠੋਰ ਮਿਹਨਤ ਕੀਤੀ ਅਤੇ ਇਸ ਵਿਚ ਸਿਰੇ ਦਾ ਮਾਹਰ ਡਾਕਟਰ ਬਣਿਆ। ਆਕਿਊਪਰੈਸ਼ਰ ਅਜਿਹੀ ਕੋਮਲ ਤੇ ਸੂਖਮ ਵਿਧੀ ਹੈ; ਜਿਸ ਦੁਆਰਾ ਬਗੈਰ ਕਿਸੇ ਦਵਾ ਦਾਰੂ ਤੋਂ, ਆਪਣੀਆਂ ਉਂਗਲਾਂ ਦੇ ਪੋਟਿਆਂ ਦੀ ਟੋਹ ਤੇ ਛੋਹ ਨਾਲ਼ ਸਰੀਰ ਦੇ ਤਮਾਮ ਰੋਗ ਦੂਰ ਕੀਤੇ ਜਾਂਦੇ ਹਨ। ਇਸ ਵਿਧੀ ਦਾ ਸਿਰੇ ਦਾ ਮਾਹਰ ਸੀ ਉਹ। ਕੋਟਕਪੂਰੇ, ਦਿੱਲੀ ਜਾਂ ਸਾਡੇ ਕੋਲ ਕਨੇਡਾ ਆਇਆ, ਹਰ ਥਾਂ ਉਸ ਦੇ ਚਾਹੁੰਣ ਵਾਲੇ ਮਰੀਜ਼ਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਸਨ, ਵਾਰੀ ਨਹੀਂ ਸੀ ਆਉਂਦੀ।

ਫਿਰ ਉਸ ਦੀਆਂ ਸੋਚਾਂ ਸਕੀਮਾਂ ਨੂੰ ਕੋਟਕਪੂਰਾ ਸ਼ਹਿਰ ਛੋਟਾ ਲੱਗਾ। ਸ਼ਾਸਤਰੀ ਨਗਰ ਦਿੱਲੀ ਉਸ ਦੇ ਸਰਬੰਧੀ ਜਾਗੀਰ ਸਿੰਘ ਦੀ ਲੜਕੀ ਬਲਵਿੰਦਰ ਕੌਰ ਰਹਿੰਦੀ ਸੀ। ਉਸ ਦੀ ਡਬਲ ਛੱਤੀ ਵਿਸ਼ਾਲ ਕੋਠੀ ਸੀ। ਕੋਟਕਪੂਰਾ ਛੱਡ ਕੇ ਉਸ ਨੇ ਬਲਵਿੰਦਰ ਕੌਰ ਕੋਲ਼ ਦਿੱਲੀ ਜਾ ਡੇਰੇ ਲਾਏ। ਇੱਥੇ ਇਸ ਦੀ ਸ਼ਫ਼ਾ ਦੇ, ਇਸ ਦੇ ਹੁਨਰ ਤੇ ਡਾਕਟਰੀ ਵਿਗਿਆਨ ਦੇ ਦੂਰ ਦੂਰ ਤੱਕ ਡੰਕੇ ਵੱਜ ਗਏ।

ਭਾਈ ਕੀ ਸਮਾਧ ਵਾਲੇ ਨਾਨਕਸਰੀ ਬਾਬਾ ਜੀ ਗੁਰਦੇਵ ਜੀ ਦਾ ਦਿੱਲੀ ਪਹਾੜ ਗੰਜ ਬਹੁਤ ਵੱਡਾ ਠਾਠ ਸੀ। ਉਨ੍ਹਾਂ ਦੇ ਭਾਰਤ ਤੋਂ ਇਲਾਵਾ ਹੋਰ ਵੀ ਕਈ ਦੇਸ਼ਾਂ ਵਿਚ ਅਜਿਹੇ ਠਾਠ ਸਨ। ਹਰ ਥਾਂ ਸ਼ਰਧਾਲੂਆਂ ਦੀ ਭੀੜ ਜੁੜਦੀ ਸੀ। ਡਾ. ਹਰਬੰਸ ਸਿੰਘ ਦੀ ਮਸ਼ਹੂਰੀ ਦੀ ਮਹਿਕ ਬਾਬਾ ਜੀ ਦੇ ਦਰਬਾਰ ਤੱਕ ਪਹੁੰਚੀ। ਉਨ੍ਹਾਂ ਨੂੰ ਅਜਿਹੇ ਗੁਣੀ ਦੀ ਲੋੜ ਸੀ। ਉਨ੍ਹਾਂ ਇਸ ਨੂੰ ਆਪਣੇ ਨਾਲ਼ ਜੋੜਨ ਦੇ ਯਤਨ ਕੀਤੇ। ਉਨ੍ਹਾਂ ਦੀ ਇੱਛਾ ਸੀ ਕਿ ਡਾਕਟਰ ਹਰਬੰਸ ਸਿੰਘ ਦੇਸ਼ ਵਿਦੇਸ਼ਾਂ ਵਿਚ ਉਨ੍ਹਾਂ ਦੇ ਨਾਲ਼ ਰਹੇ। ਇਸ ਨਾਲ ਬਾਬਾ ਜੀ ਦੀ ਮਹਿਮਾ ਦਾ ਹੋਰ ਵਿਸਥਾਰ ਹੁੰਦਾ ਸੀ। ਜਿੱਥੇ ਮਾਨਸਿਕ ਅਰੋਗਤਾ ਲਈ ਬਾਬਾ ਜੀ ਪਰਵਚਨ ਕਰਦੇ ਸਨ, ਉੱਥੇ ਤਨ ਦੀ ਅਰੋਗਤਾ ਲਈ ਡਾਕਟਰ ਹਰਬੰਸ ਸਿੰਘ ਦੀ ਡਾਕਟਰੀ ਸੇਵਾ ਬਹੁਤ ਵੱਡੇ ਅਰਥ ਰਖਦੀ ਸੀ। ਨਾਲੇ ਠਾਠ ਵਿਚ ਬਹੁ ਭਾਂਤੀ ਬੇਅੰਤ ਸੁਖ ਸਹੂਲਤਾਂ ਦੇ ਨਾਲ਼ ਮਾਇਆ ਦੇ ਵੀ ਬੇਅੰਤ ਖੁੱਲ੍ਹੇ ਗੱਫੇ ਸਨ। ਦੇਸ ਵਿਦੇਸ਼ਾ ਦੀ ਮੁਫਤ ਦੀ ਸੈਰ। ਸਧਾਰਣ ਸੋਚ ਵਾਲੇ ਵਿਅਕਤੀ ਲਈ ਅਜਿਹਾ ਮੌਕਾ ਕਰਮਾ ਨਾਲ਼ ਮਿਲਦਾ ਹੈ। ਪਰ ਹਰਬੰਸ ਸਿੰਘ ਦੀ ਗੱਲ ਹੋਰ ਹੈ। ਜੇ ਕਿਸੇ ਵਿਅਕਤੀ ਜਾਂ ਸੰਸਥਾ ਨਾਲ਼ ਡਾਕਟਰ ਹਰਬੰਸ ਸਿੰਘ ਦੀ ਵਿਚਾਰਧਾਰਾ ਮੇਲ ਨਹੀਂ ਸੀ ਕਰਦੀ, ਉਹ ਉਸ ਨਾਲ ਮੇਲ ਮਿਲਾਪ ਤਾਂ ਕੀ ਉਸ ਨਾਲ਼ ਅੱਖ ਤੱਕ ਨਹੀਂ ਸੀ ਮਿਲਾਉਂਦਾ। ਬਾਬਾਵਾਦ ਦਾ ਜਲੌਅ ਉਸ ਨੂੰ ਉੱਕਾ ਪਸੰਦ ਨਹੀਂ ਸੀ। ਇਸ ਲਈ ਉਸ ਨੇ ਬਾਬਾ ਜੀ ਦੇ ਠਾਠ ਤੋਂ ਕਿਨਾਰਾ ਕਰ ਲਿਆ।

ਸ਼ਾਸਤਰੀ ਨਗਰ ਦਿੱਲੀ ਰਹਿੰਦਿਆਂ ਬਲਵਿੰਦਰ ਕੌਰ ਦੇ ਘਰ ਬਹੁਤ ਸਾਰੇ ਇਸ ਦੇ ਮਰੀਜ਼ਾਂ ਵਿਚੋਂ ਇਸ ਦੇ ਸੰਪਰਕ ਵਿਚ ਇੱਕ ਨਿਰਾਸ, ਉਦਾਸ ਤੇ ਦੁਖਿਆਰੀ ਅਪਾਹਜ ਲੜਕੀ ਆਈ- ਨਿਰਵੈਰ ਕੌਰ। ਨਿਰੀ ਤਰਸ ਦੀ ਪਾਤਰ। ਉਸ ਦੀ ਜ਼ਿੰਦਗੀ ਦਾ ਕੋਈ ਸਹਾਰਾ ਨਹੀਂ ਸੀ, ਨਾਂ ਮਾਪੇ ਨਾਂ ਕੋਈ ਹੋਰ ਸੰਗੀ ਸਾਥੀ। ਉਸ ਦੇ ਸਰੀਰ ਦਾ ਲੱਕੋਂ ਹੇਠਲਾ ਹਿੱਸਾ ਅਸਲੋਂ ਨਕਾਰਾ ਸੀ। ਤੁਰ ਫਿਰ ਨਹੀਂ ਸੀ ਸਕਦੀ। ਦਿੱਲੀ ਟੈਗੋਰ ਗਾਰਡਨ ਕੋਲ ਉਹ ਆਪਣੇ ਉਦਾਸ ਘਰ ਇਕੱਲੀ ਲਾਚਾਰ ਜ਼ਿੰਦਗੀ ਨੂੰ ਧੱਕਾ ਦੇ ਰਹੀ ਸੀ। ਡਾ. ਹਰਬੰਸ ਦੇ ਇਲਾਜ ਨਾਲ਼ ਨਿਰਵੈਰ ਦੀਆਂ ਲੱਤਾਂ ਭਾਵੇਂ ਤੁਰਨ ਜੋਗੀਆਂ ਨਾਂ ਹੋ ਸੱਕੀਆਂ ਪਰ ਸਰੀਰ ਦੇ ਬਾਕੀ ਰੋਗ ਦੂਰ ਹੋ ਗਏ ਅਤੇ ਉਹ ਧੁਰ ਅੰਦਰੋਂ ਇਸ ਦੀ ਪੱਕੀ ਮੁਰੀਦ ਬਣ ਗਈ।

ਬਹੁਤ ਤਰਲਿਆਂ ਨਾਲ਼ ਡਾਕਟਰ ਹਰਬੰਸ ਨੂੰ ਉਹ ਆਪਣੇ ਘਰ ਲਿਜਾਣ ਅਤੇ ਉੱਥੇ ਉਸ ਦਾ ਪੱਕਾ ਟਿਕਾਣਾ ਕਰਾਉਣ ਵਿਚ ਸਫਲ ਹੋ ਗਈ। ਉਸ ਨੂੰ ਡਾਕਟਰ ਹਰਬੰਸ ਸਿੰਘ ਤੇ ਉਸ ਦੀ ਪਤਨੀ ਜਸਵੀਰ ਕੌਰ ਵਰਗੇ ਮਮਤਾ ਮਾਰੇ ਰਹਿਮ ਦਿਲ ਮਾਂ ਪਿਓ ਵਰਗਾ ਆਸਰਾ ਮਸਾ ਮਿਲਿਆ ਸੀ। ਨਿਰਵੈਰ ਦੇ ਅਸਲੋਂ ਉਦਾਸ ਘਰ ਵਿੱਚ ਹਰਬੰਸ ਦੇ ਡਾਕਟਰੀ ਕਿੱਤੇ ਦੀਆਂ ਤੇ ਮਰੀਜ਼ਾਂ ਦੀਆਂ ਭੀੜਾਂ ਜੁੜਨ ਲੱਗ ਲਈਆਂ, ਰੌਣਕਾਂ ਨਾਲ਼ ਘਰ ਭਰਿਆ ਰਹਿੰਦਾ। ਉਸ ਦੀ ਨਿਰਾਸ, ਉਦਾਸ ਜ਼ਿੰਦਗੀ ਵਿਚ ਚਾਅ ਤੇ ਉਤਸ਼ਾਹ, ਖ਼ੁਸ਼ੀਆਂ ਤੇ ਖੇੜੇ ਦੇ ਫੁੱਲ ਖਿੜ ਗਏ। ਉਸ ਨੂੰ ਜਿਉਣਾ ਚੰਗਾ ਚੰਗਾ ਲਗਦਾ।

ਉਧਰ ਜਿਵੇਂ ਪਾਕਸਤਾਨ ਬਣਨ ਸਮੇ ਭਗਤ ਪੂਰਨ ਸਿੰਘ ਇੱਕ ਅਪਾਹਜ ਤੇ ਅਨਾਥ ਬੱਚੇ ਪਿਆਰਾ ਸਿੰਘ ਨੂੰ ਆਪਣੇ 'ਤੇ ਕੰਧੇੜੇ 'ਤੇ ਚੁੱਕ ਕੇ ਨਨਕਾਣਾ ਸਾਹਿਬ ਤੋਂ ਅੰਮ੍ਰਿਤਸਰ ਲਿਆਇਆ ਤੇ ਸਾਰੀ ਉਮਰ ਆਪਣੇ ਪਿੰਗਲਵਾੜੇ ਵਿਚ ਉਸ ਦੀ ਪੁੱਤਾਂ ਵਾਂਗ ਪਾਲਣਾ ਕੀਤੀ, ਠੀਕ ਉਸੇ ਤਰ੍ਹਾਂ ਡਾ. ਹਰਬੰਸ ਸਿੰਘ ਆਪਣੀ ਨਿਰਵੈਰ ਨੂੰ ਮਮਤਾ ਮਾਰੇ ਬਾਬਲ ਵਾਂਗ ਆਪਣੇ ਕੰਧਾੜੇ 'ਤੇ ਚੁੱਕ ਕੇ ਲਈ ਫਿਰਦਾ ਰਿਹਾ, ਸੇਵਾ ਤੇ ਸਹਾਇਤਾ ਕਰਦਾ ਰਿਹਾ। ਉਸ ਦੀ ਹਰ ਇੱਛਾ ਜਾਂ ਖਾਹਸ਼ ਪੂਰੀ ਕਰਨ ਦਾ ਉਸ ਦਾ ਮਿਸ਼ਨ ਬਣ ਗਿਆ।

ਉੱਧਰ ਨਿਰਵੈਰ ਨੇ ਦਿੱਲੀ ਵਾਲੀ ਆਪਣੇ ਰਿਹਾਇਸ਼ੀ ਘਰ ਵਾਲੀ ਪਰਾਪਰਟੀ ਡਾ. ਹਰਬੰਸ ਸਿੰਘ ਦੇ ਨਾਂ ਕਰਨ ਦਾ ਫੈਸਲਾ ਕਰ ਲਿਆ ਪਰ ਰੱਜੀ ਰੂਹ, ਸੰਤੁਸ਼ਟ ਤੇ ਮਹਾਨ ਮਨੁੱਖ ਡਾ. ਹਰਬੰਸ ਸਿੰਘ ਨੇ ਉਸ ਦੀ ਇਸ ਸਕੀਮ ਨੂੰ ਬਹੁਤ ਰੁਖਾਈ ਤੇ ਸਖਤੀ ਨਾਲ਼ ਉਸ ਨੂੰ ਰੋਕ ਹੀ ਨਹੀਂ ਦਿੱਤਾ; ਸਗੋਂ ਅੱਗੋਂ ਤੋਂ ਇਸ ਬਾਰੇ ਸੋਚਣ ਤੱਕ ਦੀ ਵੀ ਪੱਕੀ ਮਨਾਹੀ ਕਰ ਦਿੱਤੀ। ਫਿਰ ਵੀ ਨਿਰਵੈਰ ਰੁਕੀ ਨਹੀਂ। ਉਸ ਨੇ ਡਾ. ਹਰਬੰਸ ਸਿੰਘ ਦੀ ਮਰਜੀ ਤੋਂ ਬਗੈਰ, ਉਸ ਤੋਂ ਚੋਰੀ ਆਪਣੀ ਲੱਖਾਂ ਦੀ ਪਰਾਪਰਟੀ ਡਾ. ਹਰਬੰਸ ਸਿੰਘ ਦੇ ਨਾਂ ਕਰ ਦਿਤੀ? ਇਸ ਤਰ੍ਹਾਂ ਨਿਰਵੈਰ ਕੌਰ ਨੇ ਇਹ ਅਨੋਖੀ ਕੁਰਬਾਨੀ ਦੀ ਅਤੇ ਪਵਿੱਤਰ ਪਿਆਰ ਦੀ ਖ਼ੁਸ਼ਬੂਦਾਰ ਮਿਸਾਲ ਕਾਇਮ ਕਰ ਦਿੱਤੀ।

ਡਾ. ਹਰਬੰਸ ਸਿੰਘ ਦੀ ਸੁਹਣੀ, ਸਚਿਆਰੀ, ਪਿਆਰੀ ਤੇ ਲਾਇਕ ਪੋਤਰੀ ਸਿਮਰਨ ਦਾ 6 ਦਸੰਬਰ ਦਾ ਲੁਧਿਆਣੇ ਵਿਆਹ ਸੀ। ਹਰਬੰਸ ਤੇ ਜਸਵੀਰ ਦਿੱਲਿਓਂ ਕੋਟਕਪੂਰੇ ਆ ਗਏ। ਸੁੱਖੀਂ ਸਾਂਦੀਂ ਸ਼ਗਨਾ ਭਰੇ ਵਿਆਹ ਦੀਆਂ ਰਸਮਾਂ ਹੋਈਆਂ। 17 ਦਸੰਬਰ ਨੂੰ ਘਰ ਵਿਚ ਮਾਮੂਲੀ ਬੁਖਾਰ ਹੋਇਆ। ਪਹਿਲਾਂ ਘਰ ਵਿਚ ਓਹੜ ਪੋਹੜ ਕਰਦੇ ਰਹੇ, ਫਿਰ ਕੋਟਕਪੂਰੇ ਸਰਕਾਰੀ ਹਸਪਤਾਲ ਗਏ। ਉਨ੍ਹਾਂ ਤੁਰੰਤ ਸਰਕਾਰੀ ਹਸਪਤਾਲ ਫਰੀਦਕੋਟ ਰੈਫਰ ਕਰ ਦਿੱਤਾ। ਉਨ੍ਹਾਂ ਪਾਜਿਟਵ ਡਿਕਲੇਅਰ ਕਰ ਦਿੱਤਾ। ਪਾਜਿਟਵ ਦਾ ਮਤਲਬ ਸੀ, ਕਰੋਨਾ ਦਾ ਹੋਣਾ, ਕਰੋਨਾ ਦਾ ਹੋਣਾ ਮੌਤ ਦਾ ਹੋਣਾ ਸੀ। ਇਲਾਜ ਸ਼ੁਰੂ, ਪਰ ਕਿੱਥੇ? ਭਾਵੀ ਦੇ ਕਹਿਰ ਦਾ ਪਤਾ ਨਹੀਂ ਸੀ। ਹੁਣ ਕੀ ਹੋ ਸਕਦਾ ਸੀ? ਦਿਲ ਦੀਆਂ ਦਿਲ ਵਿਚ ਰਹਿ ਗਈਆਂ। ਡਾਕਟਰ ਹਰਬੰਸ ਸਿੰਘ ਸੁਹਣੀ, ਸਚਿਆਰੀ ਤੇ ਪਿਆਰੀ ਰੂਹ ਦਾ ਸ਼ਿੰਗਾਰ, ਕੋਮਲ ਤੇ ਮਧੁਰ ਨਗਮਿਆਂ ਦੀ ਗੁੰਜਾਰ, ਪਵਿੱਤਰ ਕਿਰਦਾਰ ਤੇ ਠੀਕ ਅਰਥਾਂ ਵਿਚ ਰੰਗੀਨ ਸੁਪਨਿਆਂ ਦਾ ਸਰਦਾਰ ਸੀ। ਇਹ ਲਿਖਦਿਆਂ ਕਲੇਜਾ ਪਾਟਦਾ ਹੈ ਕਿ ਹੁਣ ਉਹ ਸਾਡੇ ਵਿਚਕਾਰ ਨਹੀਂ ਰਿਹਾ। ਇਹ ਪਿਆਰੀ ਹਸਤੀ 8 ਜਨਵਰੀ 2021 ਨੂੰ ਕੋਟਕਪੂਰੇ ਪਰਲੋਕ ਸਿਧਾਰ ਗਈ।

**ਨਹੀਂ ਲੱਭਣੇ ਲਾਲ ਗੁਆਚੇ,**
**ਮਿੱਟੀ ਨਾ ਫਰੋਲ ਜੋਗੀਆ।**

# Basic Information on Infections

**Rajwinder Dhaliwal**

In Today's Education, I would like to provide some general information on infections. The most interesting point in regards to infections is that they can be prevented or least reduced. If you have any concerns or doubts, always get more information from your family physician.

**What is an infection?**

Infection is a condition in which the human body is invaded by a microorganism that starts to grow within the body. These microorganisms are not normally present within the body. Every one of us has experienced an infection at one or another point in our lives. What are the different types of microorganisms?

A microorganism is a tiny living thing that cannot be seen with eyes. However, we can visualize them using a microscope. They are present all around us. Some of them are beneficial, while others can cause serious harm. There are different types of microorganisms, and common ones are as follows:

- Bacteria
- Virus
- Fungi
- Parasite

**What areas of the body can be infected?**

Any area of the body can be infected. The commonly infected areas include throat, nose, ear, stomach, while seriously infected areas can be heart, lungs or brain. An infection is named according to the part of the body involved or type of organism or combination of both or something completely different, as shown in the examples below.

- Meningitis - an infection of the meninges, a part of the brain.
- Gastroenteritis - an infection of gastric (stomach) and colon
- Pneumonia - infection of lungs
- TB - an infection of any body organ caused by mycobacterium tuberculosis
- Amebiasis - a stomach infection caused by Entamoeba histolytica (parasite)
- Covid-19 - nose, throat, ear infection caused by a virus known as Covid-19.

**How can a microorganism get inside the human body?**

There are different ways used by microorganisms to get inside the body, and some of them are via skin pores, nose, ears, and genitals. The infection can travel from one organ to another within the body.

**How can a microorganism transfer from one person to another?**

The microorganisms can be transferred by various routes such as:

- Droplet transmission - occurs when droplets containing microbes from an infected person are deposited on a healthy person. This can happen via sneezing, coughing, or talking.
- Contact Transmission - occurs with direct contact between infected and a healthy individual through bites, body fluids, open-wounds.
- Airborne Transmission - occurs when droplets are left in the environment (surfaces, items) by an infected person, and inhaled by a healthy individual.
- Ingestion Transmission - occurs when a healthy person eats contaminated food or water.
- Vector-Borne Transmission - occurs when a vector such as mosquitoes, ticks, or rodents are involved in the process. For example, mosquitoes bite an infected person, followed by the growth of microorganisms inside the mosquitoes, who bite a healthy individual transferring the microbes.




**What are the signs and symptoms of an infection?**

There is a wide range of signs and symptoms of an infection, from mild to serious. Some individuals may not show any signs and symptoms of an infection, but they can still transfer to other people. The signs and symptoms include:

- Fever
- Cough
- Running nose
- Headache
- Ear pain
- Sore throat
- Burning during urinating
- Pain of the involved organ
- Bleeding in the urine
- diarrhea
- Vomiting and nausea
- Swelling and red discoloration of the involved area.
- Breathing difficulties
- Death

**What is the treatment of infections?**

Some infections do not require any treatment, whereas some might need basic supportive treatments such as pain killer or breathing assistance. Many bacterial infections need antibiotics course, which is usually about a week's duration. The virus can be self-eliminating or require antiviral. Some infections are treated with more than one medication or antibiotics.

**Is there a way to prevent infections?**

Yes, there many ways to reduce the incidence of infections. These include:

- Hand care - washing hands with soap and warm water for more than 20 seconds. Ensure all parts of hands are cleaning includes nails, space between fingers. Also, clean hands with sanitizers.
- Do not sneeze or cough on the open surfaces but instead use your arm to cover your mouth and nose
- Any tissue part used to clean body secretions such as nasal discharge must be disposed of immediately.
- All surfaces or environments should be cleaned regularly with antiseptics, especially in the healthcare setting.
- Ensure foods and water are in good condition and cooked properly.
- Complete the antibiotics course as recommended by your physician
- Use of personal protective equipment namely, mask, goggles, gown, gloves
- Isolation - have minimum to no contact with an infected person.
- Immunizations - ensure you and your children are up to date for vaccinations.

References: WHO, Medscape,

# Government afraid of women's participation in Kisan Morcha: Navsharan

## Medha Patekar participated at Tikri Morcha

New Delhi : The Supreme Court is well aware that women are an integral part of the Kisan Morcha. But the remarks to send women home clearly show that the Modi government is afraid of the massive participation of women in the masses and wants to keep half of the country's population back at home. These views were expressed by eminent social activist Dr. Navsharan while addressing a large gathering of thousands of women from Punjab and Haryana at the BKU Ekta Ugrahan Pandal at Tikri Border. She said that the BJP government wantes to deny the right of women to participate in the mass struggle and accountability through the courts. But women will not allow this right to be lost under any circumstances.

Leading social activist Medha Patekar, who was here specially on the occasion of Women's Farmers' Day celebrated at the invitation of all the organizations involved in the ongoing struggle against black farming laws, said that apart from the agricultural sector, the country's natural resources including water, forests, education, electricity and railways, are being expeditiously handed over to corporate houses by the Modi government at the name of globalization, liberalization and privatization. Expressing satisfaction over the huge participation of women, she said that this struggle has gone beyond the farmers to the masses.

Harinder Kaur Bindu, leader of the women's wing of the BKU Ekta Ugrahan, said that the raging power of women against the Modi government will not let the domestic and foreign corporates and the imperialist alliance to succeed in their malign intent.

State President Joginder Singh Ugrahan in his persuasive speech said that the statement made by the imperialist financial institution 'International Monetary Fund' in favor of black agriculture laws exposed the close alliance between the BJP government, corporate houses and the rogue alliance of imperialist financial institutions. He expressed that the farmers are not only protesting against the Modi government but also against the imperialist financial institutions like the World Trade Organization and IMF so it was imperative to bring the masses to the forefront of the struggle.

Paramjit Kaur Pithon, a woman leader, announced that the effigies of the International Monetary Fund (IMF) and the World Trade Organization (WTO) would be blown up on January 19 in the ongoing agitation at Tikri. She said that the struggle would continue till the demands of repeal of black laws and procurement of MSP of all crops across the country as well as implementation of public distribution system were met.

Akhil Bharti Mahila Suraksha Manch Haryana leader Shammi Ilhawat, Principal Usha from Gurgaon, Poonam from Hisar and Pooja from Rohtak besides farmer leader Shingara Singh Mann, BKU Ekta Ugrahan women's wing leader Kamal Nial, Kuldeep Kaur were present on the occasion. Kothaguru, Bachittar Kaur and Paramjit Kaur Samura also addressed the gathering.

The spokespersons unanimously appealed for complete peace in the tractor march to be held on January 26. The team of 'Suchetak Theater Mohali' under the direction of Anita Shabdish performed the play "Je Hun Vi Na Bole" which made the audience realize that there only alternative left is to struggle.

# ਪੈਰੋਂ ਉਖੜਿਆ, ਮੁੜ ਟਿੱਕਿਆ ਕਿਸਾਨ ਅੰਦੋਲਨ, ਸਿਰਜੇਗਾ ਨਵੇਂ ਦਿਸਹੱਦੇ

ਡੰਗ ਅਤੇ ਚੋਭਾਂ



ਗੁਰਮੀਤ ਸਿੰਘ ਪਲਾਹੀ
98158-02070



ਉੱਤਰ ਪ੍ਰਦੇਸ਼ ਦੇ ਲਾਡਲੇ ਕਿਸਾਨ ਨੇਤਾ ਰਕੇਸ਼ ਟਿਕੈਤ ਨੇ ਕਿਸਾਨ ਅੰਦੋਲਨ ਮੁੜ ਟਿਕਾ ਦਿੱਤਾ ਹੈ। ਸਰਕਾਰ ਦਾ ਤਸ਼ੱਦਦ ਅਤੇ ਦਮਨਕਾਰੀ ਨੀਤੀਆਂ ਗਾਜ਼ੀਪੁਰ ਬਾਰਡਰ 'ਤੇ ਬੈਠੇ ਕਿਸਾਨਾਂ ਦਾ ਕੁਝ ਵੀ ਵਿਗਾੜ ਨਹੀਂ ਸਕੀਆਂ। ਸਾਈਕਲ ਸਿੱਖਣ ਦੀ ਧੁੰਨ 'ਚ ਨਿਕਲੇ ਬਾਲਕ ਦੇ ਵਾਰ-ਵਾਰ ਡਿੱਗ ਕੇ, ਮੁੜ ਉੱਠ ਕੇ ਸਾਈਕਲ ਰਫ਼ਤਾਰ ਨਾਲ ਚਲਾਉਣ ਵਾਂਗਰ, ਕਿਸਾਨ ਮੋਰਚਾ ਮੁੜ ਲੀਹੇ ਪੈ ਗਿਆ ਹੈ। ਟਿਕੈਤ ਦੀ ਕੀਤੀ ਹੋਈ ਇਕ ਭਾਵੁਕ ਅਪੀਲ ਅਤੇ ਅੱਖਾਂ 'ਚੋਂ ਵਗੇ ਅੱਥਰੂ ਅਤੇ ਫਿਰ ਮਾਰੀ ਹੋਈ ਬੜਕ ਨੇ ਕਿਸਾਨਾਂ 'ਚ ਨਵੀਂ ਰੂਹ ਫੂਕ ਦਿੱਤੀ। ਟਿਕੈਤ ਦੇ ਸ਼ਬਦ ਸਮਝਣ ਵਾਲੇ ਹਨ ਕਿ ਕਿਸਾਨ ਅੱਤਵਾਦੀ ਨਹੀਂ, ਕਿਸਾਨ ਖਾਲਿਸਤਾਨੀ ਨਹੀਂ, ਕਿਸਾਨ ਵੱਖਵਾਦੀ ਨਹੀਂ, ਪੰਜਾਬੀ ਕਿਸਾਨਾਂ ਨੂੰ ਸਿਰਫ਼ ਸਿੱਖ ਗਰਦਾਨਕੇ ਅਤੇ ਖਾਲਿਸਤਾਨੀ ਹੋਣ ਦਾ ਸਰਕਾਰੀ ਖਿਤਾਬ ਦੇ ਕੇ ਸਿੱਖਾਂ ਦੀਆਂ ਦੇਸ਼ ਲਈ ਦਿੱਤੀਆਂ ਕੁਰਬਾਨੀਆਂ ਉੱਤੇ ਹਾਕਮ ਮਿੱਟੀ ਨਹੀਂ ਪਾ ਸਕਦਾ।

26 ਜਨਵਰੀ 2021 ਦੀ ਕਿਸਾਨ ਪਰੇਡ ਇੱਕ ਪ੍ਰਭਾਵਸ਼ਾਲੀ ਪਰੇਡ ਸਾਬਤ ਹੋਈ। ਇਸ ਪਰੇਡ ਵਿੱਚ ਕੁਝ ਲੋਕਾਂ ਮਨ ਦੀਆਂ ਕੀਤੀਆਂ, ਇਸ ਨੂੰ ਕੁਰਾਹੇ ਪਾਉਣ ਦਾ ਯਤਨ ਕੀਤਾ, ਲੋਕਾਂ ਦੇ ਜਜ਼ਬਾਤ ਭੜਕਾ ਕੇ ਇਕ ਇਹੋ ਜਿਹਾ 'ਕਾਰਾ' ਕਰਨ ਦਾ ਯਤਨ ਹੋਇਆ, ਜਿਹੋ ਜਿਹਾ ਕਾਰਾ ਸਰਕਾਰ ਕਿਸਾਨ ਅੰਦੋਲਨ ਦੇ ਸ਼ੁਰੂਆਤੀ ਦੌਰ 'ਤੇ ਕਰਨਾ, ਕਰਵਾਉਣਾ ਚਾਹੁੰਦੀ ਸੀ। ਸਰਕਾਰ ਨੇ ਪਹਿਲਾਂ ਦਿੱਲੀ ਦੀਆਂ ਬਰੂਹਾਂ ਵੱਲ ਆਏ ਬੈਠੇ ਕਿਸਾਨਾਂ ਨੂੰ ਰੋਕਣ ਲਈ ਸਖ਼ਤੀ ਵਰਤੀ, ਅੱਥਰੂ ਗੈਸ ਦੇ ਗੋਲੇ ਛੱਡੇ। ਅੰਦੋਲਨ ਸ਼ਾਂਤਮਈ ਚਲਿਆ। ਕਿਸਾਨਾਂ ਦੇ ਪੈਰ ਰੁਕੇ ਨਾ। ਅੰਦੋਲਨ ਕਿਸਾਨ ਅੰਦੋਲਨ ਨਾ ਰਿਹਾ, ਜਨ ਅੰਦੋਲਨ ਬਣ ਗਿਆ। ਹਰ ਵਰਗ, ਹਰ ਧਰਮ, ਹਰ ਫ਼ਿਰਕੇ, ਹਰ ਸੂਬੇ ਦੇ ਲੋਕ ਕਿਸਾਨ, ਕਿਰਤੀ, ਮਜ਼ਦੂਰ, ਮੁਲਾਜ਼ਮ, ਬੁੱਧੀਜੀਵੀ, ਸਾਬਕਾ ਅਫ਼ਸਰ, ਗਾਇਕ, ਗੀਤਕਾਰ, ਲੇਖਕ, ਸਮਾਜਿਕ ਕਾਰਕੁੰਨ, ਔਰਤਾਂ, ਮਰਦ, ਨੌਜਵਾਨ, ਬੱਚੇ ਇਸ 'ਚ ਸ਼ਾਮਲ ਹੋਏ। ਸਰਕਾਰ ਨੂੰ ਹੱਥਾਂ-ਪੈਰਾਂ ਦੀ ਪਈ। ਇਸ ਅੰਦੋਲਨ ਨੂੰ ਬਦਨਾਮ ਕਰਨ ਖ਼ਾਤਰ ਸਰਕਾਰ ਨੇ 'ਗੋਦੀ ਮੀਡੀਆ' ਰਾਹੀਂ ਭਿਅੰਕਰ ਪ੍ਰਚਾਰ ਕੀਤਾ। ਦੇਸ਼ ਦੀ ਉੱਚ ਅਦਾਲਤ ਵਿੱਚ ਇਸ ਅੰਦੋਲਨ ਨੂੰ ਰੋਕਣ ਅਤੇ ਕਰੋਨਾ ਵਾਇਰਸ ਦੇ ਫੈਲਣ ਦਾ ਡਰ ਦੇ ਕੇ ਸਰਹੱਦਾਂ ਖਾਲੀ ਕਰਨ ਦੀ ਗੁਹਾਰ ਲਾਈ, ਉਵੇਂ ਹੀ ਜਿਵੇਂ 'ਨਾਗਰਿਕਤਾ ਕਾਨੂੰਨ' ਸੰਬਧੀ ਸ਼ਹੀਨ ਬਾਗ 'ਚ 92 ਸਾਲਾ ਦਾਦੀ ਬਿਲਕਸ ਬਾਨੋ ਦੀ ਅਗਵਾਈ 'ਚ ਲੜੇ ਜਾ ਰਹੇ ਮੁਸਲਿਮ ਭਾਈਚਾਰੇ ਵੱਲੋਂ ਅੰਦੋਲਨ ਨੂੰ ਖਤਮ ਕਰਨ ਲਈ ਸੁਪਰੀਮ ਕੋਰਟ 'ਚ ਰਿੱਟ ਪਾਈ ਗਈ ਸੀ। ਸੁਪਰੀਮ ਕੋਰਟ ਦੇ ਇਹ ਕਹਿਣ 'ਤੇ ਕਿ ਸ਼ਾਂਤਮਈ ਧਰਨਾ ਕਰਨਾ ਹਰ ਨਾਗਰਿਕ ਦਾ ਅਧਿਕਾਰ ਹੈ। ਸ਼ਹੀਨ ਬਾਗ ਦਾ ਮੋਰਚਾ ਵੀ ਡਟਿਆ ਰਿਹਾ ਅਤੇ ਹੁਣ ਕਿਸਾਨ ਅੰਦੋਲਨ ਵੀ ਸ਼ਾਂਤਮਈ ਢੰਗ ਨਾਲ ਖੜਾ ਰਿਹਾ।

ਜਿਵੇਂ ਸ਼ਹੀਨ ਬਾਗ ਮੋਰਚੇ ਨੂੰ ਖਤਮ ਕਰਾਉਣ ਲਈ ਵਰਗ ਵਿਸ਼ੇਸ਼ ਉੱਤੇ, ਇੱਕ ਹੋਰ ਵਰਗ ਵਿਸੇਸ਼ ਵੱਲੋਂ ਹਮਲੇ ਕਰਵਾ ਕੇ ਉਥੇ ਦੰਗੇ ਕਰਵਾਏ ਗਏ, ਦਿੱਲੀ ਪੁਲਿਸ ਮੂਕ ਦਰਸ਼ਕ ਬਣੀ ਰਹੀ। ਇਹਨਾਂ ਸ਼ਹੀਨ ਬਾਗ ਦੇ ਦੰਗਿਆਂ ਵਿੱਚ 38 ਲੋਕ ਮਾਰੇ ਗਏ ਅਤੇ ਇਹ ਅੰਦੋਲਨ ਸਰਕਾਰ ਦੇ ਤਸ਼ੱਦਦ, ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੀ ਭੇਂਟ ਚੜ ਗਿਆ। ਸ਼ਹੀਨ ਬਾਗ ਮੋਰਚਾ ਲੋਕਾਂ ਨੂੰ ਚੁੱਕਣਾ ਪਿਆ ਭਾਵੇਂ ਕਿ ਇਸ ਮੋਰਚੇ ਨੂੰ ਲੋਕਾਂ ਵੱਲੋਂ ਭਰਪੂਰ ਸਮਰਥਨ ਮਿਲ ਰਿਹਾ ਸੀ।

ਬਿਲਕੁਲ ਉਸੇ ਤਰਾਂ 26 ਜਨਵਰੀ 2021 ਨੂੰ ਕਿਸਾਨ ਮੋਰਚੇ 'ਚ ਸੇਂਧ ਲਾ ਕੇ, ਸੁਰਾਖ਼ ਪਾ ਕੇ, ਕੁਝ ਲੋਕਾਂ ਨੂੰ ਆਪਣੇ ਢੰਗ ਨਾਲ ਵਰਤ ਕੇ, ਇਕ ਵਰਗ ਵਿਸ਼ੇਸ਼ ਨੂੰ ਬਦਨਾਮ ਕਰਨ ਦੇ ਛੜਯੰਤਰ ਤੋਂ ਬਾਅਦ ਕਿਸਾਨਾਂ ਦੇ ਸੰਘਰਸ਼ ਵਾਲੇ ਬਾਰਡਰਾਂ ਉੱਤੇ ਕੁਝ ਲੋਕਾਂ ਵੱਲੋਂ ਉਸੇ ਤਰਜ਼ ਉੱਤੇ ਹਮਲੇ ਕੀਤੇ ਜਾ ਰਹੇ ਹਨ, ਪੱਥਰਬਾਜ਼ੀ ਕੀਤੀ ਜਾ ਰਹੀ ਹੈ, ਜਿਸ ਤਰਜ਼ ਦੀ ਪੱਥਰਬਾਜ਼ੀ ਅਤੇ ਹੁਲੜਬਾਜ਼ੀ ਸ਼ਹੀਨ ਬਾਗ ਵਿੱਚ ਵੇਖਣ ਨੂੰ ਮਿਲੀ ਸੀ। ਭਾਵ ਸਰਕਾਰ ਬਿਲਕੁਲ ਉਹਨਾਂ ਹਥਕੰਡਿਆਂ ਰਾਹੀਂ, ਕਿਸਾਨ ਅੰਦੋਲਨ ਖਤਮ ਕਰਨਾ ਚਾਹੁੰਦੀ ਹੈ, ਜਿਹੜੇ ਹੱਥਕੰਡੇ ਵਰਤ ਕੇ ਸ਼ਹੀਨ ਬਾਗ ਮੋਰਚੇ ਨੂੰ ਖਤਮ ਕੀਤਾ ਗਿਆ ਸੀ।

ਸਰਕਾਰ ਵੱਲੋਂ ਅੰਤਰਰਾਸ਼ਟਰੀ ਦਬਾਅ ਅਧੀਨ, ਆਪਣੀ ਸਾਖ਼ ਬਚਾਉਣ ਲਈ ਕਿਸਾਨਾਂ ਨਾਲ ਗਿਆਰਾਂ ਵੇਰ ਗੱਲਬਾਤ ਕੀਤੀ, ਪਰ ਘੜੀ ਨੀਤੀ ਅਨੁਸਾਰ ਲਟਕਾਅ ਦੀ ਸਥਿਤੀ ਸਰਕਾਰ ਨੇ ਜਾਰੀ ਰੱਖੀ। ਕੋਈ ਫੈਸਲਾ ਕਰਨ ਵੱਲ ਕਦਮ ਨਾ ਵਧਾਏ। ਆਪਣੇ ਅੜੀਅਲ ਰਵੱਈਏ ਨੂੰ ਕਾਇਮ ਰੱਖਦਿਆਂ, ਕਿਸਾਨੀ ਦੇ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਲਈ ਕਾਨੂੰਨ ਪਾਸ ਕਰਨ ਵੱਲ ਇਕ ਕਦਮ ਵੀ ਅੱਗੇ ਨਹੀਂ ਵਧਾਇਆ, ਸਗੋਂ ਸਿਰਫ਼ ਤਜਵੀਜ਼ਾਂ ਪੇਸ਼ ਕਰਕੇ ਡੰਗ ਟਪਾਈ ਕੀਤੀ ਅਤੇ ਸਮਾਂ ਆਉਣ ਉੱਤੇ ਕਿਸਾਨਾਂ ਨੂੰ ਬਦਨਾਮ ਕਰਕੇ, ਕਿਸਾਨਾਂ ਨੂੰ ਖਲਨਾਇਕ ਵਜੋਂ ਪੇਸ਼ ਕਰਨ ਦਾ ਦੇਸ਼ਵਿਆਪੀ ਭੰਡੀ ਪ੍ਰਚਾਰ ਕਰਨਾ ਆਰੰਭਿਆ। ਕਿਸਾਨਾਂ ਦਾ ਸ਼ਾਂਤਮਈ ਅੰਦੋਲਨ ਜਾਰੀ ਰਿਹਾ। ਕਿਸਾਨ ਅੰਦੋਲਨ ਦੇ ਮਹਾਂਨਾਇਕ ਰਕੇਸ਼ ਟਿਕੈਤ ਦੇ ਸ਼ਬਦ ਇਸ ਸਮੇਂ ਯਾਦ ਕਰਨ ਵਾਲੇ ਹਨ, "ਅਸੀਂ ਨਾ ਹਿੰਸਾ ਕੀਤੀ ਹੈ ਨਾ ਕਰਾਂਗੇ, ਜਿਹਨਾਂ ਲੋਕਾਂ ਨੇ ਹਿੰਸਾ ਕੀਤੀ ਹੈ ਉਹ ਸਰਕਾਰ ਦੇ ਹੀ ਬੰਦੇ ਸਨ।"

ਕਿਸਾਨ ਅੰਦੋਲਨ ਇਸ ਸਦੀ ਦਾ ਵੱਡਾ ਅੰਦੋਲਨ ਹੈ, ਜਿਸਨੂੰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਆਰੰਭਿਆ। ਇਸ ਅੰਦੋਲਨ ਨੂੰ ਹਰਿਆਣਾ, ਰਾਜਸਥਾਨ, ਉੱਤਰੀ ਯੂ.ਪੀ. ਅਤੇ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ਵੱਲੋਂ ਭਰਪੂਰ ਸਹਿਯੋਗ ਪ੍ਰਾਪਤ ਹੋਇਆ। ਪੰਜਾਬ, ਛਤੀਸਗੜ੍ਹ, ਰਾਜਸਥਾਨ, ਪੱਛਮੀ ਬੰਗਾਲ ਦੀਆਂ ਵਿਧਾਨ ਸਭਾਵਾਂ ਖੇਤੀ ਕਾਨੂੰਨਾਂ ਦੇ ਵਿਰੁੱਧ ਬਿੱਲ ਪਾਸ ਕੀਤੇ ਭਾਵੇਂ ਕਿ ਭਾਜਪਾ ਇਹਨਾਂ ਬਿੱਲਾਂ ਦੇ ਹੱਕ 'ਚ ਰਹੀ। ਕਿਸਾਨ ਸੰਘਰਸ਼ ਦੇ ਹੱਕ ਵਿਚ ਦੇਸ਼ ਦੀਆਂ ਮੁੱਖ ਵਿਰੋਧੀ ਪਾਰਟੀਆਂ ਨੇ ਬਜਟ ਸੈਸ਼ਨ ਦਾ ਬਾਈਕਾਟ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਕਿਸਾਨ ਅੰਦੋਲਨ ਦੇ ਸੰਬੰਧ 'ਚ ਪਿਛਲੇ ਛੇ ਮਹੀਨਿਆਂ ਤੋਂ ਇਕ ਵੀ ਸ਼ਬਦ ਨਹੀਂ ਸਨ ਬੋਲੇ, ਉਨਾਂ ਨੂੰ ਸਰਕਾਰ ਵੱਲੋਂ ਸੱਦੀ ਲੋਕ ਸਭਾ ਦੀ ਕਾਰਵਾਈ ਚਲਾਉਣ ਲਈ ਮੀਟਿੰਗ ਵਿੱਚ ਇਹ ਐਲਾਨ ਕਰਨਾ ਪਿਆ ਕਿ ਸਰਕਾਰ ਖੇਤੀ ਕਾਨੂੰਨਾਂ ਦੇ ਅਮਲ 'ਤੇ 18 ਮਹੀਨਿਆਂ ਲਈ ਰੋਕ ਲਾਉਣ ਦੀ ਤਜਵੀਜ਼ ਉੱਤੇ ਅਜੇ ਵੀ ਬਰਕਰਾਰ ਹੈ ਅਤੇ ਗੱਲਬਾਤ ਰਾਹੀਂ ਹੱਲ ਕੱਢਣ ਦੀ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਪਰ ਦੂਜੇ ਪਾਸੇ ਟਰੈਕਟਰ ਪਰੇਡ ਹਿੰਸਾ ਲਈ ਮਾਮਲੇ ਦਰਜ ਕੀਤੇ ਗਏ ਹਨ ਅਤੇ 84 ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਾ ਹੈ। ਕਿਸਾਨ ਜਥੇਬੰਦੀਆਂ ਦੇ ਮੁੱਖ ਨੇਤਾਵਾਂ ਉੱਤੇ ਕੇਸ ਵੀ ਦਰਜ ਹੋਏ ਹਨ ਅਤੇ ਉਹਨਾਂ ਨੂੰ ਨੋਟਿਸ ਵੀ ਜਾਰੀ ਹੋਏ ਹਨ। ਕਿਸਾਨ ਜਥੇਬੰਦੀਆਂ ਜੋ ਅੰਦੋਲਨ ਨੂੰ ਸ਼ਾਂਤਮਈ ਢੰਗ ਨਾਲ ਚਲਾ ਰਹੀਆਂ ਹਨ, ਉਨਾਂ ਦੇ ਨੇਤਾਵਾਂ ਵੱਲੋਂ ਦੂਜੀ ਕਤਾਰ ਦੇ ਨੇਤਾਵਾਂ ਨੂੰ ਉਸ ਹਾਲਤ ਵਿਚ ਅਗਵਾਈ ਦੇਣ ਦਾ ਨਿਰਣਾ ਲਿਆ ਹੈ, ਜਦੋਂ ਉਹਨਾਂ ਨੂੰ ਇਸ ਅੰਦੋਲਨ ਦੌਰਾਨ ਗ੍ਰਿਫ਼ਤਾਰ ਕਰ ਲਿਆ ਜਾਵੇ ਭਾਵ ਕਿਸਾਨ ਏਜੰਸੀਆਂ ਸਰਕਾਰੀ ਤਸ਼ੱਦਦ ਦੇ ਬਾਵਜੂਦ ਵੀ ਅੰਦੋਲਨ ਜਾਰੀ ਰੱਖਣ ਲਈ ਦ੍ਰਿੜ ਹਨ ਅਤੇ ਇਸੇ ਕਰਕੇ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦਾ ਜੋਸ਼ ਅਤੇ ਉਤਸ਼ਾਹ ਵਧਿਆ ਹੈ। 30 ਜਨਵਰੀ 2021 ਨੂੰ ਕਿਸਾਨ ਨੇਤਾਵਾਂ ਨੇ ਸਦਭਾਵਨਾ ਦਿਵਸ ਮਨਾਉਂਦਿਆਂ ਭੁੱਖ ਹੜਤਾਲ ਕੀਤੀ। ਸਰਾਕਰੀ ਦਮਨਕਾਰੀ ਨੀਤੀਆਂ ਦੀ ਹੱਦ ਉਦੋਂ ਵੇਖਣ ਨੂੰ ਮਿਲੀ ਜਦੋਂ ਸਿੰਘੂ, ਗਾਜੀਪੁਰ ਤੇ ਟਿਕਰੀ ਸਰਹੱਦ ਸਮੇਤ ਨੇੜਲੇ ਇਲਾਕਿਆਂ 'ਚ 48 ਘੰਟੇ ਲਈ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਅਤੇ ਇਹਨਾਂ ਬਾਰਡਰਾਂ ਉੱਤੇ ਬਿਜਲੀ, ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ। ਜਿਸ ਦਾ ਟਾਕਰਾ ਕਰਨ ਲਈ ਕਿਸਾਨਾਂ ਵੱਲੋਂ ਸੋਲਰ ਲਾਈਟਾਂ ਲਗਵਾ ਕੇ ਰੌਸ਼ਨੀ ਦਾ ਪ੍ਰਬੰਧ ਕਰਨ ਦੀਆਂ ਖ਼ਬਰਾਂ ਮਿਲੀਆਂ।

ਕਿਸਾਨ ਅੰਦੋਲਨ ਦੀ ਸੰਘੀ ਘੁੱਟਣ ਲਈ, ਪੰਜਾਬ ਦੀ ਆਰਥਿਕਤਾ ਨੂੰ ਸੱਟ ਮਾਰਨ ਲਈ, ਕੇਂਦਰ ਦੀ ਸਰਕਾਰ ਲਗਾਤਾਰ ਹੱਥਕੰਡੇ ਵਰਤ ਰਹੀ ਹੈ। ਪਹਿਲਾਂ ਪੰਜਾਬ ਦਾ ਜੀ.ਐਸ.ਟੀ. ਦਾ ਹਿੱਸਾ ਸਰਕਾਰ ਨੇ ਰੋਕਿਆ, ਫਿਰ ਪੰਜਾਬ ਦਾ ਪੇਂਡੂ ਵਿਕਾਸ ਫੰਡ ਨੂੰ ਬੰਦ ਕਰ ਦਿੱਤਾ ਗਿਆ। ਪੰਜਾਬ ਦੇ ਆੜ੍ਹਤੀਆਂ ਉੱਤੇ ਸੀ.ਬੀ.ਆਈ. ਅਤੇ ਹੋਰ ਏਜੰਸੀਆਂ ਨੇ ਛਾਪੇ ਮਾਰੇ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਅੰਦੋਲਨ 'ਚ ਸ਼ਾਮਲ ਕਈ ਲੋਕਾਂ ਨੂੰ ਨੋਟਿਸ ਜਾਰੀ ਕੀਤੇ, ਜਿਸ ਨੂੰ ਕਿਸਾਨਾਂ ਇਕ ਵੱਡੀ ਧਮਕੀ ਸਮਝਿਆ ਅਤੇ ਇਨਾਂ ਧਮਕੀਆਂ ਦੇ ਸੰਬੰਧ 'ਚ ਇਕਮੁੱਠਤਾ ਵਿਖਾਈ।

ਬਿਨਾਂ ਸ਼ੱਕ ਕਿਸਾਨਾਂ ਦੀਆਂ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚਾ ਦੇ ਨਾਮ ਉੱਤੇ ਇਕੱਠੀਆਂ ਹੋ ਕੇ ਸਰਕਾਰ ਨਾਲ ਦਸਤਪੰਜਾ ਲਾ ਰਹੀਆਂ ਹਨ ਅਤੇ ਹਰ ਉਸ ਗ਼ੈਰ ਲੋਕਤੰਤਰਿਕ ਹਮਲੇ ਦਾ ਜਵਾਬ ਦੇ ਰਹੀਆਂ ਹਨ, ਜਿਹੜਾ ਉਹਨਾਂ ਦੇ ਅੰਦੋਲਨ ਨੂੰ ਸੱਟ ਮਾਰਦਾ ਹੈ। ਇਹਦਾ ਜਥੇਬੰਦੀਆਂ ਨੇ ਪੂਰੀ ਸੂਝ-ਬੂਝ ਨਾਲ ਦੇਸ਼ ਦੀ ਕਿਸੇ ਵੀ ਸਿਆਸੀ ਧਿਰ ਨੂੰ ਇਹ ਅੰਦੋਲਨ ਹਥਿਆਉਣ ਦਾ ਮੌਕਾ ਨਹੀਂ ਦਿੱਤਾ ਅਤੇ ਆਪਣੀਆਂ ਲਗਾਈਆਂ ਸਟੇਜ਼ਾਂ ਉੱਤੇ ਕਿਸੇ ਵੀ ਸਿਆਸੀ ਨੇਤਾ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ। ਪਰ ਦੇਸ਼ ਦੀਆਂ ਵੱਡੀਆਂ ਵਿਰੋਧੀ ਸਿਆਸੀ ਧਿਰਾਂ ਕਿਸਾਨ ਅੰਦੋਲਨ ਦੇ ਹੱਕ ਵਿੱਚ ਖੜੀਆਂ ਵਿਖਾਈ ਦੇ ਰਹੀਆਂ ਹਨ ਅਤੇ ਆਪਣੇ ਕਾਰਕੁੰਨਾਂ ਨੂੰ ਇਸ ਅੰਦੋਲਨ 'ਚ ਭਾਗ ਲੈਣ ਲਈ ਭੇਜ ਰਹੀਆਂ ਹਨ ਤਾਂਕਿ ਆਪਹੁਦਰੇ ਢੰਗ ਨਾਲ ਪਾਸ ਕੀਤੇ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਿਸ ਕਰਾਉਣ ਲਈ ਕਿਸਾਨਾਂ ਦਾ ਪੂਰਨ ਸਮਰਥਨ ਕੀਤਾ ਜਾ ਸਕੇ। ਬਿਲਕੁਲ ਇਸੇ ਕਿਸਮ ਦਾ ਭਰਪੂਰ ਸਮਰਥਨ ਵਿਦੇਸ਼ ਵਸਦੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵੱਲੋਂ ਮਿਲ ਰਿਹਾ ਹੈ, ਜਿਨਾਂ ਨੇ ਉਥੇ ਵਸਦੇ ਭਾਰਤ ਵਾਸੀਆਂ ਦੇ ਸਹਿਯੋਗ ਨਾਲ ਕਿਸਾਨਾਂ ਦੇ ਹੱਕ 'ਚ ਲਾਮਬੰਦੀ ਹੀ ਨਹੀਂ ਕੀਤੀ, ਸਗੋਂ ਵਿਦੇਸ਼ੀ ਸਰਕਾਰਾਂ, ਜਿਨਾਂ 'ਚ ਉਹਨਾਂ ਦਾ ਵਿਸ਼ੇਸ਼ ਪ੍ਰਭਾਵ ਹੈ, ਤੋਂ ਕਿਸਾਨ ਅੰਦੋਲਨ ਦੇ ਹੱਕ 'ਚ ਹਮਾਇਤ ਹਾਸਲ ਕੀਤੀ। ਕੈਨੇਡਾ ਦੇ ਪ੍ਰਧਾਨ ਮੰਤਰੀ ਭਾਰਤੀ ਕਿਸਾਨ ਅੰਦੋਲਨ ਦੇ ਹੱਕ 'ਚ ਨਿਤਰਿਆ। ਬਰਤਾਨੀਆਂ ਦੇ 40 ਮੈਂਬਰ ਪਾਰਲੀਮੈਂਟ ਕਿਸਾਨ ਅੰਦੋਲਨ ਦੇ ਹੱਕ 'ਚ ਖੜੇ। ਉਨਾਂ ਆਪਣੇ ਪ੍ਰਧਾਨ ਮੰਤਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਸਮੇਂ ਆਉਣ ਤੋ ਰੋਕਿਆ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਭਾਵੇਂ ਕਰੋਨਾ ਵਾਇਰਸ ਦੇ ਵੱਧ ਰਹੇ ਪ੍ਰਕੋਪ ਦਾ ਬਹਾਨਾ ਬਣਾ ਕੇ ਹੀ ਸਹੀ, ਪਰ 26 ਜਨਵਰੀ 2021 ਨੂੰ ਮੁੱਖ ਮਹਿਮਾਨ ਦੇ ਤੌਰ 'ਤੇ ਗਣਤੰਤਰ ਪਰੇਡ 'ਚ ਸ਼ਾਮਲ ਨਾ ਹੋਏ।

ਕਿਸਾਨ ਅੰਦੋਲਨ ਕਾਰਨ ਕਿਸਾਨਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਉਹ 65 ਦਿਨਾਂ ਤੋਂ ਆਪਣੇ ਘਰਾਂ ਤੋਂ ਦੂਰ ਬੈਠੇ ਹਨ। ਲਗਭਗ ਪੌਣੇ ਦੋ ਸੌ ਕਿਸਾਨ ਇਸ ਅੰਦੋਲਨ 'ਚ ਸ਼ਹੀਦੀ ਪਾ ਚੁੱਕੇ ਹਨ। ਕਿਸਾਨਾਂ 'ਤੇ ਕਰਜ਼ੇ ਦੀਆਂ ਪੰਡਾਂ ਭਾਰੀ ਹੋ ਰਹੀਆਂ ਹਨ। ਟਰੈਕਟਰ ਪਰੇਡ 'ਚ ਅਰਬਾਂ ਰੁਪਏ ਕਿਸਾਨਾਂ ਦੀ ਜੇਬੋਂ ਖਰਚ ਹੋਏ ਹਨ। ਨਿੱਤ ਦਿਹਾੜੇ ਕਰੋੜਾਂ ਰੁਪਏ ਲੰਗਰ, ਹੋਰ ਪ੍ਰਬੰਧਾਂ ਉੱਤੇ ਖਰਚ ਹੋ ਰਹੇ ਹਨ। ਇਹ ਸਭ ਕੁਝ ਕੇਂਦਰ ਸਰਕਾਰ ਦੇ ਜਿੱਦੀ ਰਵੱਈਏ ਅਤੇ ਧੰਨ ਕੁਬੇਰਾਂ ਨੂੰ ਕਿਸਾਨਾਂ ਦੀ ਜ਼ਮੀਨ ਹਥਿਆਉਣ ਦੀ ਸਾਜ਼ਿਸ਼ ਦੇ ਵਿਰੋਧ 'ਚ ਹੋ ਰਿਹਾ ਹੈ। ਖਾਸ ਕਰਕੇ ਪੰਜਾਬ ਦਾ ਕਿਸਾਨ ਪਿਛਲੇ ਲੰਮੇ ਸਮੇਂ ਤੋਂ 'ਘਾਟੇ ਦੀ ਖੇਤੀ' ਤੋਂ ਪੀੜਤ ਹੈ। ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਮਜਬੂਰਨ ਮੱਧਵਰਗੀ ਕਿਸਾਨ ਆਪਣੇ ਬੱਚਿਆਂ ਨੂੰ ਪ੍ਰਵਾਸ ਦੇ ਰਾਹ ਤੋਰਨ ਲਈ ਮਜ਼ਬੂਰ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕਿਸਾਨਾਂ ਨੇ ਏਕਤਾ ਦਾ ਸਬੂਤ ਦਿੰਦਿਆਂ, ਕਾਲੇ ਖੇਤੀ ਕਾਨੂੰਨਾਂ ਦੀ ਸੱਚਾਈ ਸਮਝਦਿਆਂ, ਆਪਣੀ ਹੋਂਦ ਦੀ ਲੜਾਈ ਲੜਨ ਲਈ ਬੀੜਾ ਚੁੱਕਿਆ ਹੈ।

ਅੱਜ ਨਹੀਂ ਤੇ ਕੱਲ ਕਿਸਾਨਾਂ ਦੀ ਦ੍ਰਿੜਤਾ, ਦਲੇਰੀ ਉਹਨਾਂ ਦੀ ਸਿਦਕਦਿਲੀ ਉਹਨਾਂ ਨੂੰ ਜਿੱਤ ਵੱਲ ਲੈ ਕੇ ਜਾਏਗੀ ਅਤੇ ਉਹ ਸਾਰੇ ਦਾਗ਼ ਉਸੇ ਤਰਾਂ ਧੋ ਦੇਵੇਗੀ, ਜਿਹੜੇ ਸਾਜ਼ਿਸ਼ਨ ਅੰਦੋਲਨ ਉੱਤੇ ਜ਼ਬਰਦਸਤੀ ਥੋਪੇ ਜਾ ਰਹੇ ਹਨ, ਜਿਵੇਂ ਪੰਜਾਬ ਦੇ ਕਿਸਾਨਾਂ, ਨੌਜਵਾਨਾਂ ਨੇ ਦੇਸ਼ ਦੇ ਕਿਸਾਨ ਅੰਦੋਲਨ 'ਚ ਭਾਰਤੀਆਂ ਦੀ ਅਗਵਾਈ ਕਰਕੇ ਨਸ਼ੱਈ ਹੋਣ, ਨਾ-ਕੰਮ ਕਰਨ ਵਾਲੇ (ਨਿਕੰਮੇ) ਹੋਣ ਦੇ ਦਾਗ਼ ਧੋ ਦਿੱਤੇ ਹਨ।






# Skyview BLINDS & SHADES

Quality Never Lies





For all your window and wall covering needs contact

(587) 496-9783 | (403) 714-0416

info@skyviewshades.ca | www.skyviewshades.ca

Unit# 129, 10985 38 St NE Calgary, AB, T3N1E7

---

Al Karim TRAVEL & TOURS



# ALKARIM TRAVEL & TOURS

## Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

## 403-454-8011

VILLAGE SQ. MALL #123, 2640-52 STREET N.E. CALGARY, AB

Email : info@alkarimtraveltours.com

www.alkarimtraveltours.com

---

NEW SERVICE BY CARE INC

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

---

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

PROFESSIONAL CONSTRUCTION LTD.

Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

# HMP CUSTOM CABINETS LTD.

Specialist in : Custom Kitchen, Bars, Washroom Vanity, Closet & All Commercial Mill Work




Bay 11 2316 27 Ave. NE, Calgary Ph. : 403-701-4947

# TAX & ACCOUNTING

- Personal, Business & Corporate Tax
- Book Keeping & Accounting Service
- RSEP & Education Saving Plan (Get Goverment Grants upto 40%)
- RRSP, TFSA & RDSP
- Payroll & HST Service
- Business & GST Registration

E-FILE

Special Discounts for Groups & Seniors

K.S.C. General SERVICES

I will help you understand the product and provide trusted service to choose the product that fits your needs and life style. Give me a call for all your personal and business needs.

Kirpal Cheema

647-763-4862

www.kirpalcheema.com

INSURANCE
- Life Insurance (Permanent, Universal or Term)
- Disability & Critical Insurance (Money Back)
- Long Term Care Insurance
- Health, Dental & Drug Benefits
- Visitor & Super Visa Insurance (Monthly & Money Back Plan)
- Group Life, Health, Dental & Drug Plans

# BLUE BIRD IMMIGRATION CONSULTING INC

BLUE BIRD IMMIGRATION CONSULTING INC

iccrc IMMIGRATION CONSULTANTS OF CANADA REGULATORY COUNCIL | crcic CONSEIL DE RÉGLEMENTATION DES CONSULTANTS EN IMMIGRATION DU CANADA

Jaspreet Kaur Gill

ICCRC Member CAPIC Member

Commissioner for Oaths (Alberta)

- Family Sponsorship • Citizenship Application
- PR Card Application • Super Visa • Visitor Visa
- Sponsorship Letters • Express Entry & Skilled Worker

405-4656 Westwinds Dr NE Calgary Alberta T3J 3Z5

Ph.: 403-453-6575 | bluebirdimm@gmail.com

# SHAHI MEAT • INDIAN FOOD

SHAHI FLAVOURS TRUST IN TASTE

Unit 4130, 4310 104 Ave NE, Calgary, AB | 403.274.2600

Kawal Dhillon 403-918-0600

www.shahiflavours.ca Takeout & Catering

Sabi Singh 403-690-9980

# YPA REALTY

Tarn Ghatorra

REALTOR® | YPA Realty Inc.

Ph: (604) 781-1600

Email: realtortarn@gmail.com

yparealty.com

Bus: (604) 502 1000 | Fax: (604) 503 8888

201 - 13049 76th Ave., Surrey, BC V3W 2V7

# AK Kitchen Cabinet Ltd.

We build your imaginations

Office : (403) 234-9233 | Fax : (403) 234-9220

We are hiring workers

Ahmad 403-615-7086 | Umar 403-629-4824 | Anwar 403-463-0786

#2, 3530 32 Street NE, T1Y 6G7

Akkichencabinet@hotmail.com

# GOOD EARTH BUILDERS

MANI BASHIR

Project Manager (Director)

- Custom build home
- Home renovation
- Basement & Garage

mani@goodearthbuilders.ca

www.GoodEarthbuilders.ca

1-403-992-8476 | 1-800-448-4565

# SAVANNA Market Dental

Dr. Amerjot Kler | Dr. Kam Sahota | Dr. Aman Cheema

202/204 9036 St NE

Calgary, Alberta T3J 2E3

403-590-4888

www.savannamarketdental.com

# PUNJABI SWEETS House & Restaurant

All Kinds of Sweets

Non-Veg & Vegi Food

Take out

We do catering also

Fast & Best Friendly Service

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Open 7 Days a Week

403-293-5252

Bay 113 216 Saddle Towne Cir, N.E. T3J 0C9



CELL: 403-619-5949

MAND TIRES LTD

403-619-5949

UNBEATABLE TIRE PRICES
USED TIRES
MOUNTING AND ROTATIONS
FLAT REPAIRS

MAND TIRES LTD

TRUCK AND TRAILER TIRES
Calgary

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® REALTOR® REAL ESTATE BOARD

Taranjit "T. J." Mand
Real Estate Associate

Max Value Reality Ltd.



Amandeep Gill
Financial Security Advisor
offering Life, Health,
Group Insurance and Investments

Desjardins
Financial Security®
Independent Network

FINANCIAL SERVICES

- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7

Office : 403-455-1720
Cell : 403-919-6962
amandeep.gill@dfsin.ca

Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals

Customer satisfaction is our pride!

VIDEO
Video film with single, double & multiple camera system (Broadcast Quality)

PHOTOGRAPHY
Digital Photography (Coloured, black and white) digital enhancement

MUSIC
DJ, Lighting, screen Projector live sound etc.

403-835-2762
or
29 DREAM

Special Packages Available For All Occasions

(37326)

PERFECT
Furnace & Duct Cleaning Ltd.
Install new Furnace air Conditioning garage heater Furnace repair water tank



Truck mounted unit with High Power Vacuum & 200 Psi







We Clean :
- Ducts Cleaning
- Furnaces
- Hot Water Tanks
- Dryer Vents
- Carpet Cleaning
- Humidifiers Installation
- Hot water Tank Installation
- Gas Fire Place & Air Conditions

We Install New Furnace, Hot water Tank & Air Condition

ਅਸੀਂ ਡਕਟ ਕਲੀਨਿੰਗ, ਫਰਨੇਸ, ਹੌਟ ਵਾਟਰ ਟੈਂਕ, ਗੈਸ ਫਾਇਰ ਪਲੇਸ ਅਤੇ ਏਅਰ ਕੰਡੀਸ਼ਨ, ਹਿਊਮਡੀਫਾਇਰ, ਡਰਾਇਰ ਦੇ ਵੈਂਟ ਅਤੇ ਕਾਰਪੈਂਟ ਕਲੀਨ ਕਰਦੇ ਹਾਂ।

For service call :
Piara Dhillon : 403-401-0710
Gurwinder Dhillon : 403-771-2748

# ਬਰੈਂਪਟਨ ਕੈਨੇਡਾ ਵਿੱਚ 26 ਜਨਵਰੀ ਕਿਸਾਨ ਪਰੇਡ ਹਮਾਇਤ ਕਾਰ ਰੈਲੀ




ਬਰੈਂਪਟਨ (ਸਟਾਫ ਰਿਪੋਰਟਰ) ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 26 ਜਨਵਰੀ ਨੂੰ ਬਰੈਂਪਟਨ ਵਿੱਚ ਬਰਫੀਲੇ ਤੁਫਾਨਨੂੰ ਚੀਰਦੇ ਹੋਏ ਕਾਰ ਰੈਲੀ ਕੱਢੀ ਗਈ ਜੋ ਬਰੈਂਪਟਨ ਸੌਕਰ ਸੈਂਟਰ ਤੋਂ ਹਾਈਵੇ 10 ਤੇ ਭਾਰਤੀ ਪਾਸਪੋਰਟ ਦਫਤਰ ਤੱਕਲਿਜਾਈ ਗਈ। ਕਾਰਾਂ ਉੱਪਰ ਕਿਸਾਨੀ ਸੰਘਰਸ ਦੇ ਝੰਡੇ, ਭਾਰਤ ਦੇ ਕੌਮੀ ਝੰਡੇ ਅਤੇ ਕੈਨੇਡਾ ਦੇ ਝੰਡੇ ਝੂੱਲ ਰਹੇ ਸਨ ਅਤੇਕਾਰਾਂ ਨੂੰ ਮੁੱਖ ਕਿਸਾਨੀ ਮੰਗਾਂ ਦੇ ਪੋਸਟਰਾਂ ਨਾਲ ਸ਼ਿੰਗਾਰਿਆ ਹੋਇਆ ਸੀ। ਇਸ ਵਿੱਚ ਵੱਡੀ ਗਿਣਤੀ ਲੋਕਾਂ ਨੇ ਕੋਵਿਡ ਦੇਲਾਕ ਡਾਉਨ ਦੀਆਂ ਸਖਤ ਹਦਾਇਤਾਂ ਤਹਿਤ ਕਾਰਾਂ ਵਿੱਚ ਬੈਠਕੇ ਹੀ ਹਿੱਸਾ ਲਿਆ, ਸਭ ਤੋਂ ਅੱਗੇ ਆਪਣੇ ਟ੍ਰੈਕਟਰ ਨਾਲਇਕ ਸਥਾਨਕ ਪੰਜਾਬੀ ਮੂਲ ਦਾ ਕਿਸਾਨ ਸੀ। ਇਸ ਰੈਲੀ ਦਾ ਸਾਂਝਾ ਸੱਦਾ "ਸਰੋਕਾਰਾਂ ਦੀ ਅਵਾਜ", "ਦਿਸਾ", "ਸਿਰਜਣਹਾਰੀਆਂ", "ਪਰਵਾਸੀ ਪੰਜਾਬੀ ਪੈਨਸਨਰਜ ਵੈਲਫੇਅਰ


Sahar Communications

SAHAR COMMUNICATIONS
SMART SECURITY SERVICES

Smart Security Systems

Alarm Systems
HD 4K CCTV Camera
Home Automation & Home Theatre



- ਸੀਸੀਟੀਵੀ ਸਕਿਊਰਿਟੀ ਕੈਮਰਾ ਸਿਸਟਮ ਲਗਾਉਣ ਲਈ ਸਾਡੇ ਨਾਲ ਸੰਪਰਕ ਕਰੋ।
- ਆਪਣੇ ਘਰ ਵਿਚ ਮੋਨੀਟਰਿੰਗ ਅਲਾਰਮ ਲਗਾਓ ਤੇ Insurance discount ਪਾਓ
- ਅਲਾਰਮ ਸਿਸਟਮ - ਮੋਨੀਟਰਿੰਗ (ਸ਼ੁਰੂ 0.50 Cents ਪ੍ਰਤੀ ਦਿਨ)
- ਨਵੇਂ ਘਰਾਂ ਲਈ ਸਕਿਊਰਿਟੀ, ਆਡਿਓ, ਹੋਮ ਥੀਏਟਰ, ਹੋਮ ਆਟੋਮਿਸ਼ਨ ਵਾਇਰਿੰਗ ਆਦਿ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

Bay 10 4101 19 St NE Calgary
info@saharservices.com | www.saharservices.com
403-695-3939





Star Jewellers Ltd.
Specialist in 22KT Gold
We Specialize In :
- Make to Order - Buy Old Gold - 22 KT Exquisite Jewellery
- Repair Broken Jewellery - All Other Special Occasion Gifts and Wears
We have moved from SE to NE
*Buy *Sell *Repair
Serving From Last 20 Years
ਵਿਆਹ ਸ਼ਾਦੀਆਂ ਜਾਂ ਕਿਸੇ ਵੀ ਮੌਕੇ ਲਈ ਗਹਿਣੇ ਖਰੀਦਣਾ ਜਾਂ ਰਿਪੇਅਰ ਕਰਵਾਉਣਾ ਚਾਹੁੰਦੇ ਹੋ ਤਾਂ ਅੱਜ ਹੀ ਸਟਾਰ ਜਿਊਲਰ 'ਤੇ ਵਧੀਆ ਡਿਜ਼ਾਇਨਾਂ ਲਈ
ਹਰੀਮਤ ਸਿੰਘ ਜਾਂ ਜਸਪ੍ਰੀਤ ਸਿੰਘ ਸੰਪਰਕ ਕਰੋ
OPEN 7 DAYS A WEEK
Harmit Singh or Jaspreet Singh
Ph. 403-235-4409
Cityscape Landing Plaza Unit 1118, 4310 - 104 Ave NE Calgary, Alberta





SUKHI PAINTING & DECO LTD.
FREE ESTIMATE BEST DEALS
GUARANTEED WORK :
Residential & Commercial *Painting *Interior * Exterior * Stucco * Pressure Washing
ਰੈਜ਼ੀਡੈਂਸ਼ੀਅਲ, ਕਮਰਸ਼ੀਅਲ, ਅੰਦਰ ਜਾਂ ਬਾਹਰ ਸਟੱਕੋ ਪੇਂਟ ਅਤੇ ਪ੍ਰੈਸ਼ਰ ਵਾਸ਼ ਕਿਸੇ ਵੀ ਤਰ੍ਹਾਂ ਦਾ ਪੇਂਟ ਕਰਵਾਉਣਾ ਹੋਵੇ ਤਾਂ ਸੁੱਖੀ ਪੇਂਟ ਅਤੇ ਡੇਕੋਰੇਸ਼ਨ ਵਾਲਿਆਂ ਨੂੰ ਯਾਦ ਰੱਖੋ।
Foy your Painting, We are just a call away!
ਸੁੱਖੀ/SUKHI : Cell : 403-630-9005 | Fax : 403-730-6351
Unit 6 - 3600 21 St NE Calgary, AB, T2E 6V6 sukhipainting@gmail.com



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5





Dr. Baltej Parhar, Chiropractor
Tired of living in pain? Relying on pain medications to get you through the day ? Always getting the same answers or treatments with no results?
Dr. Parhar Strives to ensure his patients are pain-free and able to move again so they can get back to work and doing the things they love. Call and book your consultation today!
* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes
ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।
403-389-2541 Email : baltajparhar@hotemail.com

ਐਸੋਸੀਏਸਨ ਓਂਟੇਰੀਓ", " ਵੈਸਟ ਕਲੱਬ ਜੀਟੀਏਸੀਪੀਸੀ", "ਐਮ ਐਲ ਸੀ ਪੀ", "ਅਲਾਇੰਸ ਆਫ ਪ੍ਰਗਰੈਸਿਵ ਕੈਨੇਡੀਅਨਜ", "ਇੰਡੋ ਕੈਨੇਡੀਅਨ ਵਰਕਰਜਐਸੋਸੀਏਸਨ" ਅਤੇ "ਪ੍ਰੋਫੈਸਰ ਮੋਹਨ ਸਿੰਘ ਫਾਊਂਡੇਸਨ, ਕੈਨੇਡਾ" ਵੱਲੋਂ ਦਿੱਤਾ ਗਿਆ ਸੀ। ਭਾਰਤੀ ਪਾਸਪੋਰਟ ਦਫਤਰ ਦੇਸਾਹਮਣੇ ਇਕ ਰੈਲੀ ਵੀ ਕੀਤੀ ਗਈ ਜਿਸ ਵਿੱਚ ਕੋਵਿਡ ਦੀਆ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਗਈ। ਇਸਰੈਲੀ ਨੂੰ ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਕਾਮਰੇਡ ਮਲਕੀਤ ਸਿੰਘ, ਜਗੀਰ ਸੁੰਘ ਕਾਹਲੋਂ, ਡਾ: ਹਰਦੀਪ ਸਿੰਘ, ਸਮਸਾਦ ਇਲਾਹੀ, ਹਰਜਸਪ੍ਰੀਤ ਕੌਰ ਗਿੱਲ, ਹਰਪਰਮੀਂਦਰ ਗਦਰੀ, ਕਾਮਰੇਡ ਫਲਿਪ ਆਦਿ ਨੇ ਸੰਬੋਧਨ ਕਰਦੇ ਹੋਏਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਿਸਾਨ ਵਿਰੋਧੀ ਪਾਸ ਕੀਤੇ ਗਏ ਤਿੰਨੇ ਕਾਲੇ ਕਾਨੂੰਨ ਤੁਰੰਤ ਰੱਦ ਕੀਤੇ ਜਾਣ, ਬੁਲਾਰਿਆਂ ਵੱਲੋਂ ਕਿਸਾਨ ਸੰਘਰਸ ਵਿਰੋਧੀ ਸਾਜਿਸਾਂ ਕਰਨ ਵਾਲੀ ਭਾਰਤ ਸਰਕਾਰ ਦੀਆਂ ਏਜੰਸੀਆਂ ਅਤੇ ਲਾਲ ਕਿਲੇਤੇ ਹੁੱਲੜਬਾਜੀ ਕਰਨ ਅਤੇ ਖਾਲਸਈ ਨਿਸਾਨ ਦੀ ਬੇਅਦਬੀ ਕਰਨ ਵਾਲੇ ਬੁੱਕਲ ਦੇ ਸੱਪਾਂ ਦੀ ਕਾਰਵਾਈ ਦੀ ਨਿਖੇਧੀਕੀਤੀ ਗਈ। ਜਾਬਤੇ ਵਿੱਚ ਰਹਿ ਕੇ ਅਤੇ ਬਰਫੀਲਾ ਤੁਫਾਨ ਸਹਿ ਕੇ ਕੀਤੀ ਗਈ ਰੈਲੀ ਇਤਿਹਾਸਕ ਹੋ ਨਿਬੇੜੀ ਜਿੱਥੇਸੰਘਰਸ ਕਰ ਰਹੇ ਕਿਸਾਨਾਂ ਨਾਲ ਹਰ ਪਲ ਖੜਨ ਦਾ ਅਹਿਦ ਕੀਤਾ ਗਿਆ ।

---

## ਖ਼ਤਰਨਾਕ ਚੁਣੌਤੀਆਂ ਦੀ ਦਸਤਕ (ਸ਼ਫ਼ਾ 1 ਦੀ ਬਾਕੀ)

ਲੱਗਿਆ ਹੋਇਆ ਸੀ। ਹਰ ਕੋਈ ਇਸੇ ਚਿੰਤਾ ਵਿਚ ਸੀ ਕਿ ਅੱਗੇ ਜਾ ਕੇ ਇਸ ਮਹਾਂ ਮਾਰਚ ਵਿਚ ਸ਼ਾਮਲ ਹੋਣ ਦਾ ਮੌਕਾ ਨਾ ਖੁੰਝ ਜਾਵੇ। ਫਿਰ ਵੀ, ਕੋਈ ਅੱਗੇ ਵਧਣ ਲਈ ਇਕ ਦੂਜੇ ਦੇ ਪੈਰ ਨਹੀਂ ਮਿੱਧ ਰਿਹਾ ਸੀ, ਹਰ ਕੋਈ ਤਹੱਮਲ ਨਾਲ ਆਪਣੀ ਵਾਰੀ ਦੀ ਇੰਤਜ਼ਾਰ ਵਿਚ ਸੀ। ਸਰਕਾਰੀ ਪਰੇਡ ਦੀ ਜਾਅਲੀ ਸ਼ਾਨ ਸਮਾਂਤਰ ਪਰੇਡ ਦੀ ਚਰਚਾ ਨੇ ਹੀ ਫਿੱਕੀ ਪਾ ਦਿੱਤੀ ਸੀ। ਇਸ ਨੇ ਸਿਖ਼ਰਾਂ ਛੂਹ ਕੇ ਇਕ ਅਸਲੋਂ ਹੀ ਨਿਵੇਕਲਾ ਮੰਜ਼ਰ ਪੇਸ਼ ਕਰਨਾ ਸੀ, ਜਿਸ ਉੱਪਰ ਕੌਮਾਂਤਰੀ ਮੀਡੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਇਸ ਮੌਕੇ ਖੇਤੀਬਾੜੀ, ਸ਼ਾਨਾਮੱਤੇ ਇਤਿਹਾਸਕ ਵਿਰਸੇ, ਸਾਰੇ ਧਰਮਾਂ ਦੇ ਲੋਕਾਂ ਦੀ ਏਕਤਾ ਆਦਿ ਦੀਆਂ ਝਾਕੀਆਂ ਨੇ ਦੇਸ਼-ਬਦੇਸ਼ ਦੇ ਲੋਕਾਂ ਉੱਪਰ ਬਹੁਤ ਡੂੰਘਾ ਪ੍ਰਭਾਵ ਪਾਉਣਾ ਸੀ ਅਤੇ ਇਹ ਭਗਵੇਂ ਫਾਸ਼ੀਵਾਦੀ ਗੈਂਗ ਦੇ ਪਾਟਕ ਪਾਊ ਪ੍ਰੋਜੈਕਟ ਉੱਪਰ ਵਦਾਣੀ ਸੱਟ ਸਾਬਤ ਹੋਣਾ ਸੀ। ਲੇਕਿਨ, ਆਰ.ਐੱਸ.ਐੱਸ.-ਭਾਜਪਾ ਸਰਕਾਰ ਦੀ ਘਿਣਾਉਣੀ ਸਾਜ਼ਿਸ਼ ਕਾਰਨ ਦੁਨੀਆ ਇਹ ਸਿਖ਼ਰਲਾ ਨਜ਼ਾਰਾ ਦੇਖਣ ਤੋਂ ਵਾਂਝੀ ਰਹਿ ਗਈ ਜਿਸ ਨੇ ਇਸ ਮਹਾਂ ਸੰਗਰਾਮ ਨੂੰ ਢਾਹ ਲਾਉਣ ਲਈ ਆਪਣੀ ਪੂਰੀ ਤਾਕਤ ਝੋਕੀ ਹੋਈ ਹੈ। ਦੀਪ ਸਿੱਧੂ ਗੈਂਗ ਇਕ ਕਿਸਾਨ ਜਥੇਬੰਦੀ ਅਤੇ ਕੁਛ ਹੋਰ ਧੜਿਆਂ ਦੀ ਮਦਦ ਨਾਲ ਇਸ ਮਹਾਂ ਮਾਰਚ ਨੂੰ ਲੀਹੋਂ ਲਾਹ ਕੇ ਤਾਰਪੀਡੋ ਕਰਨ 'ਚ ਕਾਮਯਾਬ ਹੋ ਗਿਆ।

ਪੂਰੀ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਦੀਪ ਸਿੱਧੂ ਗੈਂਗ ਨੂੰ ਟਰੈਕਟਰ ਪਰੇਡ ਦੇ ਮਿੱਥੇ ਵਕਤ ਤੋਂ ਘੰਟੇ ਪਹਿਲਾਂ ਹੀ ਤੈਅਸ਼ੁਦਾ ਰੂਟ ਦੀ ਉਲੰਘਣਾ ਕਰਕੇ ਲਾਲ ਕਿਲ੍ਹੇ ਵੱਲ ਲਿਜਾਇਆ ਗਿਆ ਅਤੇ ਉੱਥੇ ਬੇਰੋਕ-ਟੋਕ ਕੇਸਰੀ ਨਿਸ਼ਾਨ ਲਗਾ ਦਿੱਤਾ ਗਿਆ। ਉਸ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਦੀਆਂ ਕਮੀਆਂ ਦਾ ਫ਼ਾਇਦਾ ਉਠਾ ਕੇ ਰਾਤ ਨੂੰ ਸਟੇਜ ਉੱਪਰ ਕਬਜ਼ਾ ਕਰਕੇ ਸਿੱਖ ਨੌਜਵਾਨਾਂ ਦੇ ਜਜ਼ਬਾਤਾਂ ਨੂੰ ਬਾਖ਼ੂਬੀ ਭੜਕਾਇਆ ਅਤੇ ਅਗਲੇ ਦਿਨ ਉਹਨਾਂ ਨੂੰ ਆਪਣੇ ਮਨਸੂਬਿਆਂ ਲਈ ਵਰਤਣ 'ਚ ਕਾਮਯਾਬ ਹੋ ਗਿਆ। ਨੌਜਵਾਨਾਂ ਨੂੰ ਸੱਤਾ ਦੇ ਬੁਲਡੋਜ਼ਰ ਅੱਗੇ ਸੁੱਟ ਕੇ ਆਪ ਭੱਜ ਕੇ ਮਹਿਫ਼ੂਜ਼ ਟਿਕਾਣੇ 'ਤੇ ਜਾ ਲੁਕਿਆ। ਹੁਣ ਆਮ ਕਿਸਾਨ ਵੀ ਇਹ ਗੱਲ ਸਮਝ ਚੁੱਕੇ ਹਨ ਕਿ ਦੀਪ ਸਿੱਧੂ ਨੂੰ ਸੰਘ ਬਰਗੇਡ ਅਤੇ ਹੋਰ ਤਾਕਤਾਂ ਵੱਲੋਂ ਸੰਘਰਸ਼ ਨੂੰ ਢਾਹ ਲਾਉਣ ਲਈ ਉਚੇਚੇ ਤੌਰ 'ਤੇ ਲਗਾਇਆ ਗਿਆ ਸੀ। ਜੇ ਪਲ ਕੁ ਲਈ ਇਹ ਵੀ ਮੰਨ ਲਿਆ ਜਾਵੇ ਕਿ ਉਹ ਆਰ.ਐੱਸ.ਐੱਸ.-ਬੀਜੇਪੀ ਦਾ ਏਜੰਟ ਨਹੀਂ, ਜਿਵੇਂ ਕੁਛ ਹਿੱਸੇ ਪੇਸ਼ ਕਰਨ ਦੀ ਸਿਰਤੋੜ ਵਾਹ ਲਾ ਰਹੇ ਹਨ, ਫਿਰ ਵੀ ਉਸ ਦੀ ਇਸ ਕਾਰਵਾਈ ਨੇ ਇਹ ਤਾਂ ਸਾਬਤ ਕਰ ਹੀ ਦਿੱਤਾ ਹੈ ਕਿ ਉਹ ਪੂਰੀ ਤਰ੍ਹਾਂ ਨਖਿੱਧ ਸ਼ਖ਼ਸ ਹੈ ਜਿਸ ਵਿਚ ਸੰਘਰਸ਼ ਨੂੰ ਅਗਵਾਈ ਦੇਣ ਦੀ ਮੁੱਢਲੀ ਕਾਬਲੀਅਤ ਵੀ ਨਹੀਂ ਹੈ। ਪੰਧੇਰ-ਪੰਨੂ ਧੜੇ ਦੇ ਆਗੂਆਂ ਨੇ ਫਾਸ਼ੀਵਾਦੀ ਹਕੂਮਤ ਦੇ ਹੱਥਾਂ ਵਿਚ ਖੇਡ ਕੇ ਨਾ ਸਿਰਫ਼ ਸੰਘਰਸ਼ ਨੂੰ ਢਾਹ ਲਾਈ ਹੈ ਸਗੋਂ ਉਹਨਾਂ ਦੀ ਵੱਖਰੇ ਰਹਿ ਕੇ ਬਾਕੀਆਂ ਨਾਲੋਂ ਖ਼ੁਦ ਨੂੰ ਵੱਧ ਲੜਾਕੂ ਸਾਬਤ ਕਰਨ ਦੀ ਅੰਨ੍ਹੀ ਧੁੱਸ 'ਚੋਂ ਇਹਨਾਂ ਆਗੂਆਂ ਨੇ ਆਪਣੀ ਲੀਡਰਸ਼ਿਪ ਦੀ ਭਰੋਸੇਯੋਗਤਾ ਵੀ ਗੁਆ ਲਈ ਹੈ। ਇਹਨਾਂ ਸਭ ਨੇ ਰਲ ਕੇ ਹਕੂਮਤ ਨੂੰ ਸੰਘਰਸ਼ ਬਾਰੇ ਆਮ ਲੋਕਾਂ ਅੰਦਰ ਭੁਲੇਖੇ ਖੜ੍ਹਾ ਕਰਨ ਦਾ ਮੌਕਾ ਦੇ ਦਿੱਤਾ ਹੈ ਜਿਸ ਦੀ ਉਹ ਲੰਮੇ ਸਮੇਂ ਤੋਂ ਭਾਲ ਵਿਚ ਸਨ। ਕਿੱਥੇ ਕੌਮਾਂਤਰੀ ਮੀਡੀਆ ਨੇ ਲੱਖਾਂ ਟਰੈਕਟਰਾਂ ਦੇ ਮਾਰਚ ਦੇ ਬੇਮਿਸਾਲ ਦ੍ਰਿਸ਼ ਦਿਖਾਉਣੇ ਸਨ ਅਤੇ ਬੇਮਿਸਾਲ ਸੰਘਰਸ਼ ਦਾ ਸੰਦੇਸ਼ ਕੁਲ ਆਲਮ ਤੱਕ ਪਹੁੰਚਣਾ ਸੀ, ਇਸ ਦੀ ਬਜਾਏ ਹਕੂਮਤ ਇਸ ਨੂੰ ਲੀਹੋਂ ਲਾਹ ਕੇ ਕਿਸਾਨ ਸੰਘਰਸ਼ ਦੇ ਹਿੰਸਕ ਹੋਣ ਦੀ ਝੂਠੀ ਕਹਾਣੀ ਪ੍ਰਚਾਰਨ ਅਤੇ ਵਕਤੀ ਘਚੋਲਾ ਪਾਉਣ 'ਚ ਕਾਮਯਾਬ ਹੋ ਗਈ।

ਇਹ ਸੰਘਰਸ਼ ਲਈ ਬਹੁਤ ਵੱਡੀ ਸੱਟ ਹੈ, ਇਸ ਦੇ ਬਾਵਜੂਦ ਸੰਘਰਸ਼ਸ਼ੀਲ ਕਾਫ਼ਲਿਆਂ ਦੇ ਹੌਸਲੇ ਬੁਲੰਦ ਹਨ ਅਤੇ ਉਹ ਮੁੜ ਸਟੇਟ ਦੇ ਜਾਬਰ ਹਮਲੇ ਦਾ ਟਾਕਰਾ ਕਰਨ ਲਈ ਤਿਆਰੀਆਂ 'ਚ ਜੁੱਟ ਗਏ ਹਨ। ਇਸ ਵਕਤੀ ਪਛਾੜ ਦਾ ਵਿਸ਼ਲੇਸ਼ਣ ਕਰਦਿਆਂ ਇਹ ਹਕੀਕਤ ਨਜ਼ਰਅੰਦਾਜ਼ ਨਹੀਂ ਕੀਤੀ ਜਾਣੀ ਚਾਹੀਦੀ ਕਿ ਇਸ ਬੇਮਿਸਾਲ ਸੰਘਰਸ਼ ਦਾ ਮੱਥਾ ਕਿੰਨੀ ਖ਼ਤਰਨਾਕ ਫਾਸ਼ੀਵਾਦੀ ਤਾਕਤ ਨਾਲ ਲੱਗਿਆ ਹੋਇਆ ਹੈ। ਭਾਰਤ ਦੀ ਪੂਰੀ ਸਟੇਟ ਮਸ਼ੀਨਰੀ, ਆਰ.ਐੱਸ.ਐੱਸ.-ਬੀਜੇਪੀ ਦਾ ਪੂਰਾ ਤੰਤਰ, ਕਾਰਪੋਰੇਟ ਲਾਣਾ ਅਤੇ ਗੋਦੀ ਮੀਡੀਆ ਮਿਲ ਕੇ ਸੰਘਰਸ਼ ਨੂੰ ਤੋੜਣ ਲਈ ਦਿਨ-ਰਾਤ ਸਰਗਰਮ ਹੈ। ਪਾਰਲੀਮੈਂਟਰੀ ਵਿਰੋਧੀ-ਧਿਰ ਵੀ ਕੋਈ ਠੋਸ ਵਿਰੋਧ ਕਰਨ ਦੀ ਹਾਲਤ ਵਿਚ ਨਹੀਂ ਹੈ। ਇਹ ਸ਼ਬਦੀ ਚਾਂਦਮਾਰੀ ਵਿਚ ਮਸਰੂਫ਼ ਰਹਿ ਕੇ ਸੱਤਾ ਲਈ ਭਰੋਸੇਯੋਗ ਸਹਿਯੋਗੀ ਸਾਬਤ ਹੋ ਰਹੀ ਹੈ।

ਟਰੈਕਟਰ ਪਰੇਡ ਆਪਣੇ ਅੰਜਾਮ 'ਤੇ ਨਾ ਪਹੁੰਚ ਸਕਣ ਕਾਰਨ ਆਮ ਲੋਕ ਨਿਰਾਸ਼ ਜ਼ਰੂਰ ਹੋਏ, ਲੇਕਿਨ ਇਹ ਨਿਰਾਸ਼ਾ ਆਰਜ਼ੀ ਸੀ। ਦਰਅਸਲ, ਪਰੇਡ ਦਾ ਕਾਫ਼ੀ ਹਿਸਾ ਤਾਂ ਪਹਿਲਾਂ ਹੀ ਨੇਪਰੇ ਚੜ੍ਹ ਚੁੱਕਾ ਸੀ ਜਦ ਲੱਖਾਂ ਟਰੈਕਟਰ ਗੜਗੱਜ ਪਾਉਂਦੇ ਦਿੱਲੀ ਜਾ ਪਹੁੰਚੇ। ਹੰਕਾਰੇ ਹੋਏ ਭਗਵੇਂ ਹੁਕਮਰਾਨ ਅੰਦਰੋਂ ਬੁਰੀ ਤਰ੍ਹਾਂ ਡਰੇ ਹੋਏ ਸਨ। ਉਹਨਾਂ ਦਾ ਅਸਲ ਡਰ ਇਹ ਸੀ ਕਿ ਟਰੈਕਟਰ ਪਰੇਡ ਦੀ ਕਾਮਯਾਬੀ ਨਾ ਸਿਰਫ਼ ਸੰਘਰਸ਼ ਨੂੰ ਹੋਰ ਹੁਲਾਰਾ ਦੇਵੇਗੀ ਸਗੋਂ ਦਿੱਲੀ ਦੇ ਆਮ ਲੋਕਾਂ ਵਿਚ ਸੰਘਰਸ਼ ਨਾਲ ਹਮਦਰਦੀ ਵਧੇਗੀ। ਬਹੁਤ ਸਾਰੇ ਥਾਈਂ ਦਿੱਲੀ ਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਕੀਤੇ ਗਏ ਸਵਾਗਤ ਇਸ ਸੱਚੀ ਹਮਦਰਦੀ ਦਾ ਮੂੰਹਜ਼ੋਰ ਇਜ਼ਹਾਰ ਸੀ।

26 ਜਨਵਰੀ ਤੋਂ ਲੈ ਕੇ ਆਰ.ਐੱਸ.ਐੱਸ.-ਬੀਜੇਪੀ ਲਗਾਤਾਰ ਘਿਣਾਉਣੀਆਂ ਹਰਕਤਾਂ 'ਤੇ ਉੱਤਰੀ ਹੋਈ ਹੈ। ਆਮ ਲੋਕਾਂ ਦੇ ਨਾਂਅ ਹੇਠ ਆਪਣੇ ਤਿਰੰਗਿਆਂ ਵਾਲੇ ਗੁੰਡਾ ਗਰੋਹ ਲਿਆ ਕੇ ਮੋਰਚਿਆਂ ਉੱਪਰ ਹਮਲੇ ਕਰਵਾਏ ਜਾ ਰਹੇ ਹਨ। ਇਹ ਫਾਸ਼ੀਵਾਦੀ ਸੰਘੀਆਂ ਦਾ ਲੋਕ ਸੰਘਰਸ਼ਾਂ ਨੂੰ ਦਬਾਉਣ ਦਾ ਸਿੱਕੇਬੰਦ ਦਹਿਸ਼ਤਵਾਦੀ ਤਰੀਕਾ ਹੈ। ਪਿਛਲੇ ਸਾਲਾਂ 'ਚ ਜੇ.ਐੱਨ.ਯੂ., ਜਾਮੀਆ ਮਿਲੀਆ, ਬਨਾਰਸ ਹਿੰਦੂ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ਾਂ ਅਤੇ ਸ਼ਾਹੀਨ ਬਾਗ਼ ਦੇ ਮੋਰਚਿਆਂ ਨੂੰ ਤੋੜਨ ਲਈ ਇਸੇ ਤਰ੍ਹਾਂ ਪਹਿਲਾਂ ਸੜਕਾਂ ਜਾਮ ਰਹਿਣ ਕਾਰਨ ਆਮ ਲੋਕਾਂ ਨੂੰ ਮੁਸ਼ਕਲ ਆਉਣ ਦਾ ਹੋ-ਹੱਲਾ ਮਚਾਇਆ ਗਿਆ, ਆਰ.ਐੱਸ.ਐੱਸ. ਦੀਆਂ ਜਥੇਬੰਦੀਆਂ ਵੱਲੋਂ ਪੁਲਿਸ ਨੂੰ ਜਾਮ ਖੁੱਲਵਾਉਣ ਦੇ ਭੜਕਾਊ ਅਲਟੀਮੇਟਮ ਦਿੱਤੇ ਗਏ ਅਤੇ ਫਿਰ ਹਥਿਆਰਾਂ ਨਾਲ ਲੈਸ ਗੁੰਡਾ ਗਰੋਹ ਅਤੇ ਪੁਲਿਸ ਦੀ ਥੋਕ ਨਫ਼ਰੀ ਭੇਜ ਕੇ ਖ਼ੂਨੀ ਹਮਲੇ ਕੀਤੇ ਗਏ। ਇਸੇ ਨਮੂਨੇ 'ਤੇ ਹੁਣ ਗਾਜ਼ੀਪੁਰ, ਸਿੰਘੂ ਅਤੇ ਟੀਕਰੀ ਹੱਦਾਂ ਉੱਪਰ ਜੁੜੇ ਇਕੱਠਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਗਾਜ਼ੀਪੁਰ ਹੱਦ ਉੱਪਰ ਪੁਲਿਸ ਅਤੇ ਸੰਘ ਬਰਗੇਡ ਦੇ ਸਾਂਝੇ ਹਮਲੇ ਨੂੰ ਰਾਕੇਸ਼ ਟਕੈਤ ਦੀ ਅਗਵਾਈ 'ਚ ਕਿਸਾਨਾਂ ਦੇ ਜ਼ਬਰਦਸਤ ਵਿਰੋਧ ਨੇ ਨਾਕਾਮ ਬਣਾ ਦਿੱਤਾ। ਰਾਕੇਸ਼ ਟਕੈਤ ਦੀ ਭਾਵੁਕ ਅਪੀਲ ਨੇ ਮੋਰਚੇ ਵਿਚ ਨਵੀਂ ਰੂਹ ਫੂਕ ਦਿੱਤੀ ਅਤੇ ਰਾਤੋ-ਰਾਤ ਦਹਿ-ਹਜ਼ਾਰਾਂ ਕਿਸਾਨ ਸੰਘਰਸ਼ ਦੀ ਹਮਾਇਤ 'ਚ ਪਹੁੰਚ ਗਏ।

ਫਿਰ ਸਿੰਘੂ ਹੱਦ ਉੱਪਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਮੋਰਚੇ ਨੂੰ ਖ਼ਤਮ ਕਰਾਉਣ ਲਈ ਵੱਡਾ ਹਮਲਾ ਕੀਤਾ ਗਿਆ। ਪੁਲਿਸ ਅਤੇ ਸੰਘ ਦੇ ਗਰੋਹਾਂ ਨੇ ਪੈਟਰੋਲ ਬੰਬ ਅਤੇ ਹੋਰ ਘਾਤਕ ਹਥਿਆਰਾਂ ਦੀ ਸਰੇਆਮ ਵਰਤੋਂ ਕੀਤੀ। ਹਾਜ਼ਰ ਲੋਕਾਂ ਨੇ ਸ਼ਾਂਤਮਈ ਵਿਰੋਧ ਨਾਲ ਇਸ ਨੂੰ ਪਛਾੜਿਆ। ਮੀਡੀਆ ਕੈਮਰਿਆਂ ਦੇ ਬਾਵਜੂਦ ਪੁਲਿਸ ਅਤੇ ਸੰਘ ਦੇ ਗੁੰਡਿਆਂ ਵੱਲੋਂ ਆਮ ਨਿਹੱਥੇ ਕਿਸਾਨਾਂ ਨੂੰ ਬੇਕਿਰਕੀ ਨਾਲ ਕੁੱਟ ਕੁੱਟ ਕੇ ਲਹੂ-ਲੁਹਾਣ ਕਰ ਦਿੱਤਾ ਗਿਆ। ਔਰਤਾਂ ਦੇ ਰੈਣ-ਬਸੇਰੇ ਤੋੜ ਦਿੱਤੇ ਗਏ। ਬਹੁਤ ਸਾਰੇ ਲੋਕਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਬਹੁਤ ਸਾਰੇ ਨੌਜਵਾਨ ਲਾਪਤਾ ਹਨ। ਕਈਆਂ ਨੂੰ ਪੁਲਿਸ ਨੇ ਸੜਕਾਂ ਤੋਂ ਚੁੱਕ ਕੇ ਝੂਠੇ ਕੇਸ ਪਾ ਕੇ ਜੇਲ੍ਹ ਵਿਚ ਡੱਕ ਦਿੱਤਾ ਹੈ। ਯੂ.ਏ.ਪੀ.ਏ. ਤਹਿਤ ਪਰਚੇ ਦਰਜ ਕਰਨ ਦੀਆਂ ਰਿਪੋਰਟਾਂ ਆ ਰਹੀਆਂ ਹਨ। ਦੋ ਪ੍ਰਤੀਬੱਧ ਪੱਤਰਕਾਰਾਂ ਮਨਦੀਪ ਪੂਨੀਆ ਅਤੇ ਧਰਮਿੰਦਰ ਸਿੰਘ ਨੂੰ ਵੀ ਪੁਲਿਸ ਨੇ 30 ਜਨਵਰੀ ਦੀ ਸ਼ਾਮ ਨੂੰ ਗ੍ਰਿਫ਼ਤਾਰ ਕਰ ਲਿਆ ਜੋ ਸਿੰਘੂ ਵਿਖੇ ਸਰਕਾਰੀ ਦਹਿਸ਼ਤਵਾਦੀ ਹਮਲੇ ਦੀ ਰਿਪੋਰਟਿੰਗ ਕਰ ਰਹੇ ਸਨ। ਇਹ 'ਦੁਨੀਆ ਦਾ ਸਭ ਤੋਂ ਬੜਾ ਲੋਕਤੰਤਰ' ਕਹਾਉਣ ਵਾਲੇ ਰਾਜ ਦਾ ਖ਼ੂਨੀ ਚਿਹਰਾ ਹੈ, ਜਿੱਥੇ ਦਹਿਸ਼ਤਵਾਦੀ ਗੁੰਡੇ ਅਤੇ ਕਾਤਿਲ ਰਾਜ ਮਸ਼ੀਨਰੀ ਦੀ ਸੁਰੱਖਿਆ ਛੱਤਰੀ ਹੇਠ ਤਿਰੰਗੇ ਝੰਡੇ ਦੀ ਓਟ 'ਚ ਨਿਹੱਥੇ ਪੁਰਅਮਨ ਲੋਕਾਂ ਉੱਪਰ ਖ਼ੂਨੀ ਹਮਲੇ ਕਰਨ ਲਈ ਨਾ ਸਿਰਫ਼ ਆਜ਼ਾਦ ਹਨ ਸਗੋਂ ਕਾਨੂੰਨ ਦਾ ਰਾਜ ਲਾਗੂ ਕਰਨ ਲਈ ਬਣਾਈ ਪੁਲਿਸ ਉਹਨਾਂ ਨਾਲ ਮਿਲ ਕੇ ਸੱਤਾ ਦੇ ਏਜੰਡੇ ਅਨੁਸਾਰ ਹਿੰਸਕ ਹਮਲਿਆਂ ਨੂੰ ਬੇਖ਼ੌਫ਼ ਹੋ ਕੇ ਅੰਜਾਮ ਦਿੰਦੀ ਹੈ। ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਨਿਆਂਪਸੰਦ ਅਨੁਸ਼ਾਸਿਤ ਲੋਕਾਂ ਨੂੰ ਹਿੰਸਕ ਦੱਸਿਆ ਜਾ ਰਿਹਾ ਹੈ ਜਦਕਿ ਪੁਲਿਸ ਨਾਲ ਮਿਲ ਕੇ ਖੁੱਲ੍ਹੇਆਮ ਕਾਨੂੰਨ ਨੂੰ ਹੱਥ ਵਿਚ ਲੈਣ ਵਾਲੇ ਦਹਿਸ਼ਤੀ ਗਰੋਹ ਤਿਰੰਗੇ ਚੁੱਕ ਕੇ ਅਮਨ-ਕਾਨੂੰਨ ਅਤੇ ਦੇਸ਼ਭਗਤੀ ਦੇ ਠੇਕੇਦਾਰ ਬਣੇ ਹੋਏ ਹਨ। ਰਾਜ ਢਾਂਚਾ ਪੂਰੀ ਤਰ੍ਹਾਂ ਲੋਕ ਦੁਸ਼ਮਣ ਚਿਹਰਾ ਦਿਖਾ ਰਿਹਾ ਹੈ। ਪੁਲਿਸ-ਫ਼ੌਜ ਅਤੇ ਨਿਆਂ ਪ੍ਰਣਾਲੀ ਸਮੇਤ ਹਰ ਸੰਸਥਾ ਉੱਪਰ ਆਰ.ਐੱਸ.ਐੱਸ. ਦਾ ਕੰਟਰੋਲ ਹੈ ਅਤੇ ਇਹ ਰਾਜ ਢਾਂਚੇ ਨੂੰ ਆਪਣੇ ਏਜੰਡੇ ਅਨੁਸਾਰ ਵਰਤ ਰਹੀ ਹੈ। ਹਿੰਸਾ ਦੀ ਜਾਂਚ ਵਿਚ ਯੂ.ਏ.ਪੀ.ਏ. ਅਤੇ ਰਾਜਧ੍ਰੋਹ ਵਰਗੇ ਕਾਲੇ ਕਾਨੂੰਨ ਸ਼ਾਮਲ ਕੀਤੇ ਗਏ ਹਨ ਤਾਂ ਜੁ ਸੰਘਰਸ਼ਸ਼ੀਲਾਂ ਨੂੰ ਵੱਧ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਸਾੜਿਆ ਜਾ ਸਕੇ।

ਸਰਕਾਰੀ ਅਤੇ ਭਗਵਾਂ ਦਹਿਸ਼ਤਵਾਦ ਸਿਰਫ਼ ਜਿਸਮਾਨੀ ਹਮਲਿਆਂ ਤੱਕ ਸੀਮਤ ਨਹੀਂ ਹੈ। ਗਾਜ਼ੀਪੁਰ ਮੋਰਚੇ ਦੀ ਬਿਜਲੀ ਅਤੇ ਪਾਣੀ ਦੀ ਸਪਲਾਈ ਵੀ ਬੰਦ ਕਰ ਦਿੱਤੀ ਗਈ ਹੈ, ਸਿੰਘੂ-ਗਾਜ਼ੀਪੁਰ ਅਤੇ ਟੀਕਰੀ ਵਿਚ ਇੰਟਰਨੈੱਟ ਸੇਵਾਵਾਂ ਬੰਦ ਕਰਕੇ ਲੋਕਾਂ ਦਾ ਸੰਚਾਰ ਦਾ ਮੁੱਢਲਾ ਹੱਕ ਵੀ ਖੋਹ ਲਿਆ ਗਿਆ ਹੈ। ਹਰਿਆਣਾ ਸਰਕਾਰ ਵੱਲੋਂ 18 ਜ਼ਿਲ੍ਹਿਆਂ ਵਿਚ ਇੰਟਰਨੈੱਟ ਅਤੇ ਐੱਸ.ਐੱਮ.ਐੱਸ. ਸੇਵਾਵਾਂ ਬੰਦ ਕੀਤੀਆਂ ਗਈਆਂ ਹਨ। ਇਹਨਾਂ ਹਾਲਾਤ ਵਿਚ ਰਾਜ ਢਾਂਚੇ ਨੂੰ ਵਿਸ਼ਾਲ ਲੋਕ ਰਾਇ ਤੋਂ ਸਿਵਾਏ ਜਵਾਬਦੇਹ ਬਣਾਉਣਾ ਸੰਭਵ ਨਹੀਂ ਹੈ।

ਕਾਰਪੋਰੇਟ-ਹਿੰਦੂਤਵਵਾਦੀ ਨਿਜ਼ਾਮ ਵੱਲੋਂ ਲੋਕ ਮਾਰੂ ਨੀਤੀਆਂ ਦੇ ਰੂਪ 'ਚ ਜਿੰਨਾ ਖ਼ਤਰਨਾਕ ਹਮਲਾ ਵਿੱਢਿਆ ਗਿਆ ਹੈ, ਤਸੱਲੀ ਵਾਲੀ ਗੱਲ ਇਹ ਹੈ ਕਿ ਖ਼ਤਰੇ ਨੂੰ ਅਵਾਮ ਨੇ ਸਮਝ ਲਿਆ ਹੈ। ਇਹੀ ਵਜ੍ਹਾ ਹੈ ਕਿ ਗਾਜ਼ੀਪੁਰ ਅਤੇ ਸਿੰਘੂ ਮੋਰਚਿਆਂ ਉੱਪਰ ਖ਼ੂਨੀ ਹਮਲਿਆਂ ਨਾਲ ਲੋਕ ਭੈਭੀਤ ਨਹੀਂ ਹੋਏ, ਇਸ ਨੇ ਉਹਨਾਂ ਦੀ ਦ੍ਰਿੜਤਾ ਸਗੋਂ ਮਜ਼ਬੂਤ ਕਰ ਦਿੱਤੀ ਹੈ। ਉਹਨਾਂ ਦੀ ਜ਼ਮੀਰ ਝੰਜੋੜੀ ਗਈ। ਘਰਾਂ ਨੂੰ ਪਰਤ ਰਹੀਆਂ ਟਰਾਲੀਆਂ ਵੀ ਮੁੜ ਦਿੱਲੀ ਨੂੰ ਜਾਣੀਆਂ ਸ਼ੁਰੂ ਹੋ ਗਈਆਂ ਹਨ। ਪਿੰਡਾਂ ਵਿਚ ਨਵੇਂ ਜੋਸ਼ ਨਾਲ ਮਤੇ ਪਾ ਕੇ ਦਿੱਲੀ 'ਚ ਡੱਟੇ ਕਾਫ਼ਲਿਆਂ ਵਿਚ ਸ਼ਾਮਲ ਹੋਣ ਦੇ ਐਲਾਨ ਹੋ ਰਹੇ ਹਨ। ਸਹਿਜੇ-ਸਹਿਜੇ ਪਛਾੜ ਦਾ ਆਮ ਲੋਕਾਂ ਉੱਪਰ ਨਾਂਹਪੱਖੀ ਅਸਰ ਖ਼ਤਮ ਹੋ ਰਿਹਾ ਹੈ, ਜੂਝ ਮਰਨ ਦਾ ਚਾਅ ਮੁੜ ਅੰਗੜਾਈ ਲੈ ਰਿਹਾ ਹੈ। ਇੰਟਰਨੈੱਟ ਬੰਦ ਹੋਣ ਕਾਰਨ ਗੋਦੀ ਮੀਡੀਆ ਦੇ ਸੰਘਰਸ਼ ਨੂੰ ਬਦਨਾਮ ਕਰਨ ਦੇ ਕੂੜ ਪ੍ਰਚਾਰ ਦਾ ਮੁਕਾਬਲਾ ਕਰਨ ਲਈ ਵਾਰ-ਵਾਰ ਵਿਸ਼ੇਸ਼ ਪ੍ਰਚਾਰ ਮੁਹਿੰਮਾਂ ਚਲਾਉਣ ਦੀ ਜ਼ਰੂਰਤ ਹੈ। ਜੋ ਸਿਰਫ਼ ਵਾਪਸ ਮੁੜ ਰਹੇ ਟਰੈਕਟਰ ਦਿਖਾ ਰਿਹਾ ਹਨ, ਜਦ ਕਿ ਸੱਜਰੇ ਉਤਸ਼ਾਹ ਨਾਲ ਦਿੱਲੀ ਨੂੰ ਜਾ ਰਹੇ ਕਾਫ਼ਲਿਆਂ ਦੀ ਤਸਵੀਰ ਬਾਰੇ ਇਹ ਪੂਰੀ ਤਰ੍ਹਾਂ ਖ਼ਾਮੋਸ਼ ਹੈ। ਲੋਕ ਧਿਰ ਨੂੰ ਸੱਤਾ ਦੇ ਮੁਕਾਬਲੇ ਆਪਣਾ ਆਈ.ਟੀ. ਸੈੱਲ ਮਜ਼ਬੂਤ ਕਰਕੇ ਸਰਕਾਰੀ ਹੱਥਠੋਕਾ ਮੀਡੀਆ ਦੀਆਂ ਚਾਲਾਂ ਨੂੰ ਨਾਕਾਮ ਬਣਾਉਣਾ ਚਾਹੀਦਾ ਹੈ। ਸੰਘਰਸ਼ ਦੀ ਅਸਲ ਤਸਵੀਰ ਆਮ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ।

ਇਹ ਸੰਘਰਸ਼ ਦਾ ਬਹੁਤ ਹੀ ਨਾਜ਼ੁਕ ਅਤੇ ਬੇਹੱਦ ਅਹਿਮ ਪੜਾਅ ਹੈ। ਜਾਗਰੂਕ ਨੌਜਵਾਨ ਅਕਸਰ ਕਹਿੰਦੇ ਦੇਖੇ ਜਾ ਸਕਦੇ ਹਨ ਕਿ ਪਹਿਲਾਂ ਤਾਂ ਸੰਘਰਸ਼ ਇਕ ਮੇਲੇ ਵਰਗਾ ਸੀ, ਅਸਲ ਸੰਘਰਸ਼ ਤਾਂ ਹੁਣ ਸ਼ੁਰੂ ਹੋਇਆ ਹੈ। ਵਿਆਪਕ ਲੋਕ ਵਿਰੋਧ ਦੇ ਮੱਦੇਨਜ਼ਰ ਭਗਵੇਂ ਹੁਕਮਰਾਨ ਇਕ ਵਾਰ ਪਿੱਛੇ ਜ਼ਰੂਰ ਧੱਕੇ ਗਏ ਹਨ। ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਘਿਣਾਉਣੇ ਅਤੇ ਵਧੇਰੇ ਖ਼ਤਰਨਾਕ ਹਮਲਿਆਂ ਦਾ ਖ਼ਤਰਾ ਮੰਡਰਾ ਰਿਹਾ ਹੈ। ਹੁਣ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਸੰਘਰਸ਼ ਦੇ 'ਗ਼ੱਦਾਰਾਂ' ਨੂੰ ਭੰਡਣ ਦੀ ਸਵੈ-ਸੰਤੁਸ਼ਟੀ ਦੀ ਬਜਾਏ ਸੰਘਰਸ਼ ਨੂੰ ਹੋਰ ਟਿਕਾਊ ਅਤੇ ਪ੍ਰਭਾਵਸ਼ਾਲੀ ਬਣਾਉਣ ਉੱਪਰ ਆਪਣੀ ਤਾਕਤ ਕੇਂਦਰਤ ਕਰਨੀ ਚਾਹੀਦੀ ਹੈ ਤਾਂ ਜੁ ਹੈਂਕੜਬਾਜ਼ ਸਰਕਾਰ ਉੱਪਰ ਸੰਘਰਸ਼ ਦਾ ਦਬਾਓ ਐਨਾ ਵਧਾਇਆ ਜਾ ਸਕੇ ਕਿ ਇਹ ਝੁਕਣ ਲਈ ਮਜਬੂਰ ਹੋ ਜਾਵੇ। ਗ੍ਰਿਫ਼ਤਾਰ ਨੌਜਵਾਨਾਂ ਦੀ ਰਿਹਾਈ ਅਤੇ ਬੇਕਸੂਰਾਂ ਉੱਪਰ ਤਸ਼ੱਦਦ ਦਾ ਵਿਰੋਧ ਇਕ ਬਹੁਤ ਹੀ ਮਹੱਤਵਪੂਰਨ ਮੁੱਦਾ ਹੈ। ਸੰਘਰਸ਼ ਦੇ ਮੋਹਰੀ ਆਗੂਆਂ ਨੂੰ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ।

## ਸੰਗਰਾਮੀ ਸਾਥੀ ਹੋਮਸਟੈਡ ਕਲੱਬ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਗਿੱਲ ਦੀ ਵਿਛੋੜਾ

ਬੜੇ ਹੀ ਦੁਖੀ ਹਿਰਦੇ ਨਾਲ ਇਹ ਖਬਰ ਸਾਂਝੀ ਕੀਤੀ ਜਾਂਦੀ ਹੈ ਕਿ ਕੈਨੇਡਾ ਦੀ ਪ੍ਰੋਗਰੈਸਿਵ ਲਹਿਰ ਦੇ ਸਰਗਰਮ ਮੈਂਬਰ ਹੋਮਸਟੈਡ ਸੀਨੀਅਰ ਕਲੱਬ ਬਰੈਂਪਟਨ ਦੇ ਸਾਬਕਾ ਪ੍ਰਧਾਨ ਸਾਥੀ ਜਰਨੈਲ ਸਿੰਘ ਗਿੱਲ, ਕਰੋਨਾ ਦੀ ਨਾਮੁਰਾਦ ਬਿਮਾਰੀ ਨਾਲ ਜੂਝਦੇ 28 ਜਨਵਰੀ 2021 ਨੂੰ ਇਸ ਸੰਸਾਰ ਨੂੰ ਸਦਾ ਸਦਾ ਲਈ ਅਲਵਿਦਾ ਕਹਿ ਗਏ ਹਨ। ਕੈਨੇਡਾ ਦੀ ਅਗਾਂਹਵੱਧੂ ਲਹਿਰ ਦੇ ਹਮਰਾਹੀ ਸ੍ਰ ਜਰਨੈਲ ਸਿੰਘ ਲੁਧਿਆਣਾ ਦੇ ਪਿੰਡ ਮੋਹੀ ਵਿਖੇ ਦਿਸੰਬਰ 8, 1951 ਨੂੰ ਪੈਦਾ ਹੋਏ। 69 ਸਾਲਾਂ ਦੇ ਜੀਵਨ ਦੌਰਾਨ ਉਹ ਹਰ ਸਮਾਜਿਕ ਵਿਤਕਰੇ ਦੇ ਖਿਲਾਫ ਹਰ ਲਹਿਰ ਦੇ ਹਮਦਰਦ ਰਹੇ। ਸ੍ਰ. ਜਰਨੈਲ ਸਿੰਘ ਭਾਰਤੀ ਜਲ ਸੈਨਾ ਦੇ ਦੇਸ ਭਗਤ ਬਹਾਦੁਰ ਸਿਪਾਹੀ ਦੀ ਸੇਵਾ ਨਿਭਾ ਕੇ ਸੇਵਾ ਮੁਕਤੀ ਤੋਂ ਬਾਦ ਘਰ ਆਏ ਸਨ। ਨੇਵੀ ਅਤੇ ਬਾਅਦ ਵਿੱਚ ਸਿੱਪੀਂਗ ਕੰਪਨੀਆਂ ਵਿੱਚ ਇੱਕ ਬਹੁਤ ਹੀ ਹੋਣਹਾਰ ਮਕੈਨੀਕਲ ਟਰੇਡ ਦੇ ਗੋਤਾਖੋਰ ਦੇ ਤੌਰ 'ਤੇ ਮਸਹੂਰ ਸਨ। ਆਪਣੀ ਜ਼ਿੰਦਗੀ ਨੂੰ ਪੂਰੇ ਅਨੁਸਾਸ਼ਨ ਵਿੱਚ ਰੱਖਣ ਦੇ ਆਦੀ ਸਨ। ਆਪਣੇ ਸਾਥੀਆਂ ਵਿੱਚ ਬਹੁਤ ਹੀ ਹਸਮੁੱਖ ਸਹਿਜ ਸੁਭਾਅ ਦੀ ਸ਼ਖਸੀਅਤ ਦੇ ਮਾਲਿਕ ਸਨ ਸਾਡੇ ਜਰਨੈਲ। ਸ੍ਰ ਜਰਨੈਲ ਸਿੰਘ ਨਿੱਜੀ ਜਿੰਦਗੀ ਵਿੱਚ ਜਿੱਥੇ ਬਹੁਤ ਹੀ ਚੰਗੇ ਇਨਸਾਨ ਸਨ ਓਥੇ ਸਮਾਜ ਵਿੱਚ ਚੱਲ ਰਹੀ ਕਾਣੀ ਵੰਡ ਨੂੰ ਵੀ ਬਾਖੂਬੀ ਸਮਝਦੇ ਸਨ। ਸ੍ਰ ਜਰਨੈਲ ਸਿੰਘ ਜਮਾਤੀ ਸੰਘਰਸ ਨੂੰ ਵੀ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਬਰੈਂਪਟਨ ਵਿੱਚ ਸੰਸਥਾ ਦੇ ਸਹੀਦ ਭਗਤ ਸਿੰਘ ਦਾ ਸਹੀਦੀ ਦਿਵਸ ਸਮਾਗਮ ਹੋਵੇ ਤੇ ਭਾਵੇਂ ਸਹੀਦ ਕਰਤਾਰ ਸਿੰਘ ਸਰਾਭਾ, ਸਹੀਦ ਊਧਮ ਸਿੰਘ ਜੀ ਦਾ ਸ਼ਹੀਦੀ ਸਮਾਗਮ ਦੇ ਪ੍ਰਬੰਧਾਂ ਵਿੱਚ ਵੀ ਵਧ ਚੜ੍ਹ ਕੇ ਆਪਣਾ ਰੋਲ ਨਿਭਾਉਂਦੇ ਸਨ। ਹਰ ਧੱਕੜਸਾਹੀ ਖਿਲਾਫ ਚੱਟਾਨ ਵਾਂਗ ਖੜੇ ਰਹਿੰਦੇ ਸਨ। ਕਿਸੇ ਵੀ ਲੋਕ ਪੱਖੀ ਘੋਲ ਵਿੱਚ ਭਾਵੇਂ ਉਹ ਬਰੈਂਪਟਨ ਵਿੱਚ ਹਸਪਤਾਲ ਦੀ ਮੰਗ ਦਾ ਘੋਲ ਹੋਵੇ ਤੇ ਭਾਵੇਂ ਯੂਨੀਵਰਸਿਟੀ ਦਾ ਘੋਲ ਹੋਵੇ ਜਾਂ ਮਈ ਦਿਵਸ (ਮਜਦੂਰ ਦਿਹਾੜਾ) ਆਪਣਾ ਨਾਂ ਅੱਗੇ ਹੋ ਕੇ ਦਰਜ ਕਰਵਾਉਂਦੇ ਸਨ। ਬਹੁਤ ਹੀ ਵੱਡਾ ਘਾਟਾ ਹੈ ਸਾਡੇ ਲਈ, ਅਗਾਂਹਵੱਧੂ ਵਿਚਾਰਾਂ ਲਈ ਅਤੇ ਹਰ ਕਿਸਮ ਦੀ ਲੁੱਟ ਖਿਲਾਫ ਲੜਨ ਵਾਲਾ ਯੋਧਾ ਸੀ ਸਾਥੀ ਜਰਨੈਲ ਸਿੰਘ ਗਿੱਲ। ਸਾਂਝੇ ਕਿਸਾਨ



ਮੋਰਚੇ ਦੇ ਹਰ ਸੱਦੇ ਲਈ ਕੈਨੇਡਾ ਵਿੱਚ ਹਰ ਸਰਗਰਮੀ ਵਿੱਚ ਸ਼ਾਮਲ ਹੋ ਰਹੇ ਸਨ ਜਰਨੈਲ ਜੀ। 27 ਦਸੰਬਰ ਦੀ ਕੈਨੇਡਾ ਕੌਂਸਲਿਟ ਸਾਹਮਣੇ ਹੋਣ ਵਾਲੇ ਰੋਸ ਮਾਰਚ ਦੇ ਵੀ ਮੋਹਰੀ ਸਨ। ਸਾਥੀ ਜਰਨੈਲ ਭਾਰਤ ਦੇ ਮੌਜੂਦਾ ਕਿਸਾਨ ਸੰਘਰਸ਼ ਬਾਰੇ ਵੀ ਸਿਰਫ ਹਮਾਇਤੀ ਹੀ ਨਹੀਂ ਸਗੋਂ ਪੂਰਨ ਜਿੱਤ ਲਈ ਵਿਸਵਾਸ ਰੱਖਦੇ ਸਨ। ਉਨ੍ਹਾਂ ਦੇ ਵਚਨ ਸਨ ਕਿ ਜਦੋਂ ਕਿਸਾਨ ਅੰਦੋਲਨ ਜਿੱਤ ਕੇ ਪਰਤਣਗੇ ਤਾਂ ਅਸੀਂ ਸ਼ਹੀਦ ਬਾਬਾ ਬੰਦਾ ਸਿੰਘ ਬਹਾਦੁਰ ਜੀ ਦੀ ਯਾਦ ਨੂੰ ਸਮਰਪਿਤ ਬਰੈਂਪਟਨ ਵਿੱਚ ਫਤਿਹ ਦਿਵਸ ਮਨਾਵਾਂਗੇ। ਅਲਾਇੰਸ ਆਫ ਪ੍ਰੋਗਰੈਸਿਵ ਕੈਨੇਡਿਅਨ ਦੇ ਕੋਆਰਡੀਨੇਟਰ ਸਮਸਾਦ ਈਲਾਹੀ ਅਤੇ ਹਰਪਰਮਿੰਦਰ ਗਦਰੀ ਅਤੇ ਹੋਮਸਟੈਡ ਸੀਨੀਅਰ ਕਲੱਬ ਬਰੈਂਪਟਨ ਵੱਲੋਂ ਬਹੁਤ ਹੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੀ ਇਸ ਅਚਾਨਕ ਮੌਤ ਨਾਲ ਹੋਣ ਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ ਅਤੇ ਸਮਾਜ ਨੂੰ ਵੀ ਇੱਕ ਲੋਕ ਪੱਖੀ ਸਮਾਜ ਸੇਵਕ ਦੇ ਵਿੱਛੜਨ ਤੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਸਾਥੀ ਮਹਿੰਦਰ ਬਿੰਦਰ ਨੇ ਦੁੱਖ ਦਾ ਪ੍ਰਗਟਾਵਾ ਕਰਦੇ ਦੱਸਿਆ ਕਿ ਕੈਨੇਡਾ ਵਿੱਚ ਅਤੇ ਪੰਜਾਬ ਦੇ ਲੁਧਿਆਣਾ ਵਿੱਚ ਵੀ ਆਪਣੇ ਪਿੰਡ ਮੋਹੀ ਜਾਕੇ ਵੀ ਹਰ ਸ਼ੋਸ਼ਲ ਪ੍ਰੋਗਰਾਮ ਤੇ ਲੋਕ ਭਲਾਈ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਹੁੰਦੇ ਸਨ। ਜਰਨੈਲ ਨੇ ਤਾਂ ਹੁਣ ਨਹੀਂ ਮੁੜਨਾ, ਪਰ ਉਸ ਨਾਲ ਬਿਤਾਇਆ ਸੋਹਣਾ ਸਮਾਂ ਹਮੇਸ਼ਾਂ ਸਾਡੇ ਚੇਤਿਆਂ ਵਿਚ ਜਿਉਂਦਾ ਰਹੇਗਾ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਵੱਲੋਂ ਹਰਬੰਸ ਸਿੰਘ ਅਤੇ ਡਾ. ਹਰਦੀਪ ਸਿੰਘ ਨੇ ਵੀ ਜਰਨੈਲ ਸਿੰਘ ਦੇ ਵਿਛੋੜੇ ਨੂੰ ਬਹੁਤ ਵੱਡਾ ਘਾਟਾ ਦੱਸਿਆ ਅਤੇ ਕਿਹਾ ਕਿ ਸਾਥੀ ਜਰਨੈਲ ਸਿੰਘ ਗਿੱਲ ਸਮਾਜ ਦੀ ਹਰ ਕਿਸਮ ਦੀ ਲੁੱਟ ਖਿਲਾਫ ਲੜ੍ਹਣ ਵਾਲਾ ਯੋਧਾ ਸੀ। ਉਨ੍ਹਾਂ ਦੇ ਸਪੁੱਤਰ ਕੁਲਜਿੰਦਰ ਸਿੰਘ ਗਿੱਲ ਅਤੇ ਜੱਗੀ ਗਿੱਲ ਨੇ ਦੱਸਿਆ ਕਿ ਜਰਨੈਲ ਸਿੰਘ ਜੀ ਦਾ ਸਸਕਾਰ ਫਰਵਰੀ 3 ਬੁੱਧਵਾਰ 9:30 ਸਵੇਰੇ ਹੋਵੇਗਾ ਅਤੇ ਅੰਤਿਮ ਅਰਦਾਸ ਦਿਨ ਬੁੱਧਵਾਰ ਨੂੰ 11:30 ਵਜੇ ਸਵੇਰੇ ਫਰਵਰੀ 3, 2021 ਨੂੰ ਗੁਰਦਵਾਰਾ ਸਿੱਖ ਸੰਗਤ, 32 ਰੀਗਨ ਰੋਡ, ਬਰੈਂਪਟਨ ਵਿਖੇ ਹੋਵੇਗੀ ਪਰ ਕੋਵਿਡ ਪਾਬੰਦੀ ਕਰਕੇ ਇਕੱਠ ਦੀ ਸੀਮਤਾਈ ਦੀ ਮਜਬੂਰੀ ਕਰਕੇ ਖੁੱਲਾ ਸੱਦਾ ਨਹੀਂ ਦਿੱਤਾ ਜਾ ਸਕਦਾ ਹੈ। ਸਾਥੀ ਜਰਨੈਲ ਤੁਹਾਡੀ ਜ਼ਿੰਦਗੀ, ਤੁਹਾਡੀ ਸੋਚ, ਤੁਹਾਡੇ ਸੁਪਨਿਆਂ ਨੂੰ ਸਲਾਮ ਅਲਵਿਦਾ ਸਾਥੀ ਜਰਨੈਲ।

# ਕਾਰਪੋਰੇਟੀ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਇਸਤਰੀਆਂ ਦੀ ਸ਼ਮੂਲੀਅਤ



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91-98725-44738
001-403-285-4208




ਦਿੱਲੀ ਦੇ ਕਠੋਰ ਦਿਲ ਅਤੇ ਅਨਿਆਏ ਨੂੰ ਪਾਲਣ ਵਾਲੇ ਹਾਕਮਾਂ ਦੇ ਕਹਿਰ ਦਾ ਕਰੋਪ ਝੇਲ ਰਹੇ ਕਿਸਾਨ 20 ਨਵੰਬਰ, 2020 ਤੋਂ ਹੱਡ ਚੀਰਵੀਂ ਠੰਡ ਬਿਨਾਂ ਕਿਸੇ ਕੁਦਰਤੀ ਓਟ, ਪੁਰ-ਅਮਨ ਸਮੇਤ ਸੈਂਕੜੇ ਇਸਤਰੀਆਂ, ਬੱਚਿਆਂ ਅਤੇ ਬਜ਼ੁਰਗਾਂ ਨਾਲ ਦਿੱਲੀ ਦੇ ਚੁਫੇਰੇ ਡੇਰੇ ਲਾ ਕੇ ਧਰਨਿਆਂ ਤੇ ਬੈਠੇ ਹੋਏ ਹਨ। ਸਾਰੇ ਦੇਸ਼ ਅੰਦਰ ਸਮੁੱਚੀ ਕਿਸਾਨੀ ਅਤੇ ਇਨਸਾਫ਼ ਤੇ ਜਮਹੂਰੀਅਤ ਪਸੰਦ ਲੋਕ ਕਿਸਾਨਾਂ ਦੀਆਂ ਮੰਗਾਂ ਦੀ ਹਮਾਇਤ 'ਚ ਗੁਹਾਰਾਂ ਲਾ ਰਹੇ ਹਨ ! ਆਜਾਦੀ ਤੋਂ ਬਾਅਦ ਇਸ ਵੇਲੇ ਖੇਤੀ ਕਨੂੰਨਾਂ ਅੰਦਰ ਕਿਸਾਨ ਵਿਰੋਧੀ ਹਾਕਮਾਂ ਦੀ ਧੱਕੇਸ਼ਾਹੀ ਰਾਹੀਂ ਪਾਸ ਕੀਤੇ ਤਿੰਨ ਕਾਲੇ ਕਨੂੰਨਾਂ ਦੇ ਵਿਰੋਧ ਵਿੱਚ ਉਪਜਿਆ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਇਹ ਮਾਨਸ ਕਿਸਾਨੀ ਰੋਹ ਅਤੇ ਹਾਹਾਕਾਰ ਦੇ ਬਾਵਜੂਦ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ ਹੈ। ਹਾਕਮਾਂ ਦੀਆਂ ਫੁੱਟ ਪਾਊ ਚਾਲਾਂ, ਮੋਦੀ ਤੇ ਹਾਕਮੀ ਮੀਡੀਆ ਦੀਆਂ ਕੁਚਾਲਾਂ, ਹਰ ਪੈਂਤੜੇ ਨੂੰ ਅਸਫਲ ਹੁੰਦਿਆ ਦੇਖ ਕੇ ਨਿਮੋਸ਼ੀ ਦੀ ਸ਼ਿਕਾਰ ਹੋਈ ਸਰਕਾਰ ਹੁਣ ਸੁਪਰੀਮ ਕੋਰਟ ਨੂੰ ਵਰਤ ਕੇ ਖ਼ੁੱਦ ਭੰਬਲ ਭੂਸੇ ਪਈ ਹੋਈ ਮੋਦੀ ਸਰਕਾਰ, 'ਚੱਪਣੀ 'ਚ ਪਾਣੀ ਪਾ ਕੇ ਨੱਕ ਡੋਬ ਕੇ ਮਰਨ ਵਾਲੀ ਦਸ਼ਾ 'ਚ ਦਿਸ ਰਹੀ ਹੈ।' ਕੁਲ ਹਿੰਦ ਦਾ ਇਹ ਕਿਸਾਨੀ ਸਮਾਜਕ ਅੰਦੋਲਨ ਆਪਣੀ ਚਾਲ, ਨੈਤਿਕਤਾ ਅਤੇ ਬੌਧਿਕ ਸੱਭਿਆਚਾਰ ਦੇ ਬਲ-ਬੂਤੇ ਸ਼ਾਂਤਮਈ ਤੇ ਜਮਹੂਰੀ ਢੰਗ ਨਾਲ ਹਾਕਮਾਂ ਦੇ ਤਾਨਾਸ਼ਾਹੀ ਕਾਰਪੋਰੇਟੀ ਪੱਖੀ ਚਾਲਾਂ ਦਾ ਟਾਕਰਾ ਕਰਨ ਲਈ ਅੱਗੇ ਵੱਧ ਰਿਹਾ ਹੈ। ਇਸ ਦੀ ਸਫ਼ਲਤਾ ਦਾ ਰਾਜ ਕਿਰਤੀ ਜਮਾਤ ਅਤੇ ਵੱਡੀ ਗਿਣਤੀ ਵਿੱਚ ਇਸਤਰੀ-ਵਰਗ ਦੀ ਸ਼ਮੂਲੀਅਤ ਤੇ ਸਾਂਝਾ ਮੋਰਚਾ ਹੋਣਾ ?

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਵੀ ਆਜਾਦੀ ਦੇ ਮੁਕਤੀ ਅੰਦੋਲਨ ਅੰਦਰ ਦੇਸ਼ ਵਾਸੀਆਂ ਨੂੰ ਸਾਮਰਾਜੀ ਬਸਤੀਵਾਦੀ ਗੋਰਿਆਂ ਹੱਥੋਂ ਅਕਿਹ ਜ਼ੁਲਮਾਂ, ਅੱਤਿਆਚਾਰਾਂ ਦਾ ਜ਼ਲੀਲ ਹੋਣਾ ਪਿਆ ਸੀ। ਸਗੋਂ ਉਨ੍ਹਾਂ ਨਾਲ ਹਿੱਸਾ ਲੈਣ ਲਈ ਇਸਤਰੀ -ਵਰਗ ਦੇ ਇਕ ਵੱਡੇ ਸਮੂਹ ਨੂੰ ਵੀ ਇਨ੍ਹਾਂ ਅੰਦੋਲਨਾਂ ਅੰਦਰ ਅੱਤਿਆਚਾਰਾਂ ਦਾ ਵੀ ਸ਼ਿਕਾਰ ਹੋਣਾ ਪਿਆ ਸੀ। ਅੱਜ! ਭਾਵੇਂ ਹਜ਼ਾਰਾਂ ਇਸਤਰੀਆਂ ਇਸ ਕੁਲ ਹਿੰਦ ਕਿਸਾਨ ਅੰਦੋਲਨ ਅੰਦਰ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਇਸ ਦੁਨੀਆਂ ਦੇ ਸਭ ਤੋਂ ਵੱਡੇ ਕਿਸਾਨ ਧਰਨੇ ਅੰਦਰ ਜੋ ਦਿੱਲੀ ਚਲ ਰਿਹਾ ਹੈ, ਦਾ ਸਾਥ ਦੇ ਰਹੀਆਂ ਹਨ। ਇਹ ਵੀਰਾਂਗਣਾ ਆਪਣੇ ਸਾਰੇ ਦੁੱਖ-ਸੁੱਖ ਛੱਡ ਕੇ ਇਸ ਅੰਦੋਲਨ ਅੰਦਰ ਘਰੋਂ-ਬੇਘਰ ਹੋ ਕੇ ਪੂਰੇ ਸਿਰੜ ਨਾਲ ਅੰਦੋਲਨ ਦੀ ਸਫ਼ਲਤਾ ਲਈ ਪੂਰਾ-ਪੂਰਾ ਯੋਗਦਾਨ ਪਾ ਰਹੀਆਂ ਹਨ। ਦੇਸ਼ ਦੀ ਅੱਧੀ ਆਬਾਦੀ ਜਦੋਂ ਉਹ ਵੀ ਸਮਾਜਕ ਸੰਘਰਸ਼ਾਂ ਵਿੱਚ ਆਪਣੀ ਨੈਤਿਕਤਾ ਦੇ ਬਲ ਆਪਣੇ ਹੱਕਾਂ ਅਤੇ ਸਮਾਜਕ ਪ੍ਰੀਵਰਤਨ ਵਿੱਚ ਹਿੱਸੇਦਾਰ ਬਣ ਜਾਣਗੀਆਂ ਤਾਂ ਦੇਸ਼ ਅੰਦਰ ਲੁੱਟ-ਖਸੁਟ ਕਰਨ ਵਾਲੀਆਂ ਤਾਕਤਾਂ ਦਾ ਨੀਤੀ ਤੇ ਨੀਤ ਪੱਖੋਂ ਵੀ ਖਾਤਮਾ ਹੋ ਜਾਵੇਗਾ ?

ਕੌਮੀ ਅਤੇ ਜਮਹੂਰੀ ਅੰਦੋਲਨਾਂ 'ਚ ਪੰਜਾਬੀ ਇਸਤਰੀਆਂ ਦੀ ਸ਼ਮੂਲੀਅਤ ਅਤੇ ਜਨਤਕ ਹਿੱਸੇਦਾਰੀ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ।

ਕੂਕਾ ਲਹਿਰ 1864-1874 : 1857 ਦੀ ਪਹਿਲੀ ਆਜ਼ਾਦੀ ਦੀ ਜੰਗ ਦੇ ਦਬਾਏ ਜਾਣ ਬਾਦ, 'ਬਸਤੀਵਾਦੀ ਗੋਰੀ ਸਰਕਾਰ ਦੇ ਵਿਰੁੱਧ ਕੂਕਾ-ਲਹਿਰ ਦਾ ਬਹੁਤ ਵੱਡਾ ਇਤਿਹਾਸਕ ਰੋਲ ਹੈ। ਗੋਰੀ ਸਰਕਾਰ ਦਾ ਮੁਕੰਮਲ ਬਾਈਕਾਟ, ਬਰਾਬਰ ਦਾ ਸਵਦੇਸ਼ੀ ਰਾਜਤੰਤਰ ਅਤੇ ਸਮਾਜ-ਸੁਧਾਰ ਰਾਹੀਂ ਪੰਜਾਬੀਆਂ ਅੰਦਰ ਆਜ਼ਾਦੀ ਦੀ ਚਿਣਗ ਪੈਦਾ ਕਰਨੀ ਬਸਤੀਵਾਦੀਆਂ ਵਿਰੁੱਧ ਇਕ ਵੱਡਾ ਚੈਲੰਜ ਸੀ। ਇਸ ਲਹਿਰ ਵਿੱਚ ਇਸਤਰੀਆਂ ਦਾ ਸ਼ਾਮਲ ਹੋਣਾ ਇਕ ਵੱਡੀ ਤਬਦੀਲੀ ਦਾ ਆਧਾਰ ਵੀ ਨਜ਼ਰ ਆਉਂਦਾ ਹੈ, ਭਾਵੇਂ ਇਹ ਧਾਰਮਿਕ ਪੱਖੋਂ ਹੀ ਸੀ। ਬੀਬੀ ਹੁਕਮੀ, ਮਾਈ ਇੰਦ ਕੌਰ ਹੰਡਿਆਇਆ (ਸੰਗਰੂਰ), ਬੀਬੀ ਖੇਮ ਕੌਰ ਦਿੱਤਪੁਰ (ਸੰਗਰੂਰ) ਵੱਲੋਂ ਇਸ ਲਹਿਰ ਵਿੱਚ ਸ਼ਾਮਲ ਹੋਣਾ ਅਤੇ ਕੈਦ ਕੱਟਣੀ ਪੰਜਾਬ ਅੰਦਰ ਇਸਤਰੀ ਵਰਗ 'ਚ ਆਈ ਗੁਣਆਤਮਿਕ ਤਬਦੀਲੀ ਦੀ ਪਹਿਲੀ ਕਿਰਨ ਸੀ। ਉਸ ਵੇਲੇ ਅੰਮ੍ਰਿਤਸਰ ਤੇ ਹੁਸ਼ਿਆਰਪੁਰ ਦੀ ਕੂਕਾ ਲਹਿਰ ਦੇ ਕੰਮਕਾਜ ਨੂੰ ਚਲਾਉਣ ਲਈ ਬੀਬੀ ਹੁਕਮੀ ਪੁਤਰੀ ਰਤਨ ਸਿੰਘ ਨੂੰ ਪਹਿਲੀ ਇਸਤਰੀ ਸੂਬਾ ਬਣਾ ਕੇ ਰਾਜਨੀਤਕ ਮਾਨਤਾ ਮਿਲੀ ਸੀ। ਕੂਕਾ ਲਹਿਰ ਅੰਦਰ ਇਸਤਰੀ ਨੂੰ ਬਰਾਬਰਤਾ ਦਾ ਰੁਤਬਾ ਦੇਣ ਦਾ ਪੰਜਾਬ ਅੰਦਰ ਇਹ ਪਹਿਲਾ ਯਤਨ ਸੀ।

**1885-1947:** ਕਾਂਗਰਸ ਪਾਰਟੀ ਦਾ ਭਾਰਤ ਦੇ ਕੌਮੀ ਅੰਦੋਲਨਾਂ ਵਿੱਚ ਵੱਡਾ ਯੋਗਦਾਨ ਰਿਹਾ ਹੈ। ਪਾਰਟੀ ਵੱਲੋਂ ਚਲਾਏ ਅੰਦੋਲਨਾਂ ਅੰਦਰ ਹਰ ਭਾਰਤੀ ਨੇ ਹਿੱਸਾ ਲਿਆ। ਆਜ਼ਾਦੀ ਲਈ ਦਿਨੋ ਦਿਨ ਵੱਧਦੀ ਤਾਂਘ ਨੇ ਹਰ ਵਰਗ ਦੇ ਲੋਕਾਂ ਨੂੰ ਕੌਮੀ ਅੰਦੋਲਨਾਂ ਵੱਲ ਖਿਚਿਆ। ਪੰਜਾਬ ਅੰਦਰ ਵੀ ਕਾਂਗਰਸ ਪਾਰਟੀ ਦਾ ਜਿਉ ਜਿਉਂ ਪ੍ਰਭਾਵ ਵੱਧਦਾ ਗਿਆ, ਕੌਮੀ ਲਹਿਰਾਂ ਵੀ ਮਜ਼ਬੂਤ ਹੁੰਦੀਆਂ ਗਈਆਂ। ਭਾਵੇਂ ਪਹਿਲਾ ਪਹਿਲਾ ਪੜ੍ਹੇ ਲਿਖੇ ਅਤੇ ਉੱਚ ਵਰਗ 'ਚ ਆਏ ਲੋਕਾਂ ਨੇ ਕਾਂਗਰਸ ਪਾਰਟੀ 'ਚ ਸ਼ਮੂਲੀਅਤ ਕੀਤੀ, ਪਰ ! ਹੌਲੀ-ਹੌਲੀ ਸ਼ਹਿਰੀ ਵਰਗ ਵੀ ਇਸ ਦੇ ਨੇੜੇ ਹੁੰਦਾ ਗਿਆ। ਪੰਜਾਬ ਅੰਦਰ ਕਿਸਾਨੀ ਸੰਕਟ ਅਤੇ ਗਰੀਬੀ ਗੁਰਬਤ ਕਾਰਨ ਪੇਂਡੂ ਖੇਤਰਾਂ ਅੰਦਰ ਵੀ ਸਿਆਸੀ ਜਾਗਰੂਕਤਾ ਦਾ ਉਭਾਰ ਪਨਪਿਆ। 1901-1907 ਤੱਕ ਭਾਰਤ ਮਾਤਾ ਸੁਸਾਇਟੀ, ਪੱਗੜੀ ਸੰਭਾਲ ਓ ਜੱਟਾ ਚਲਾਈ ਲਹਿਰ ਜਿਸ ਦੀ ਅਗਵਾਈ ਲਾਲਾ ਲਾਜਪਤ ਰਾਏ, ਸ: ਅਜੀਤ ਸਿੰਘ ਅਤੇ ਲਾਲਾ ਬਾਂਕੇ ਬਿਹਾਰੀ ਲਾਲ ਵੱਲੋ ਸ਼ੁਰੂ ਕੀਤੀ ਕੀਤੀ, ਨੇ ਪੰਜਾਬ ਅੰਦਰ ਸਵਦੇਸ਼ੀ ਲਹਿਰ ਨੂੰ ਜਨਮ ਦਿੱਤਾ। ਇਸ ਲਹਿਰ ਤੋਂ ਪ੍ਰਭਾਵਤ ਹੋ ਕੇ ਪੰਜਾਬ ਅੰਦਰ ਵੀ ਚਿਣਗ ਪੈਦਾ ਹੋਈ। ਬੀਬੀ ਗੁਰਚਰਨ ਕੌਰ ਮਾਨਤਲਾਈ, ਚੰਦਰਾਂਵਤੀ ਚਰਖੀ ਦਾਦਰੀ, ਡਾ: ਪ੍ਰਕਾਸ਼ ਕੌਰ, ਸ਼੍ਰੀਮਤੀ ਪ੍ਰਸੰਨੀ ਦੇਵੀ, ਸ਼੍ਰੀ ਮਤੀ ਸ਼ੰਨੋਦੇਵੀ, ਸ਼੍ਰੀਮਤੀ ਲੇਖਵਤੀ, ਲੱਜਾ ਵਰਮਾ ਆਦਿ ਆਗੂ ਇਸਤਰੀਆਂ ਕਾਂਗਰਸ ਪਾਰਟੀ ਦੀ ਦੇਣ ਹਨ। ਜੋ ਭਾਵੇਂ ਸੁਧਾਰਵਾਦੀ, ਨਾਰੀਵਾਦੀ ਅਤੇ ਕਾਂਗਰਸ ਦੀਆਂ ਨੀਤੀਆਂ ਤੱਕ ਹੀ ਸੀਮਤ ਸਨ। ਆਜ਼ਾਦੀ ਬਾਦ ਉਨ੍ਹਾਂ ਦਾ ਇਸਤਰੀ ਮੁਕਤੀ ਦੀ ਥਾਂ, ਰਾਜਸਤਾ ਦਾ ਸੁਖ ਭੋਗਣਾ ਅਤੇ ਰਾਜਸਤਾ 'ਤੇ ਹਾਕਮ ਜਮਾਤ ਦੀਆਂ ਨੀਤੀਆਂ ਨੂੰ ਲਾਗੂ ਕਰਾਉਣਾ ਇਨ੍ਹਾਂ ਦਾ ਨਿਸ਼ਾਨਾ ਰਿਹਾ।

ਹੋਮ ਰੂਲ ਜੰਗ (1905-1919) ਇਹ ਉਹ ਸਮਾਂ ਸੀ ਜਦੋਂ 1905 'ਚ ਪਹਿਲਾ ਰੂਸੀ ਇਨਕਲਾਬ ਫੇਲ੍ਹ ਹੋਣ ਬਾਦ ਲੈਨਿਨ ਦੀ ਅਗਵਾਈ ਵਿੱਚ ਬਾਲਸ਼ਵਿਕ ਪਾਰਟੀ ਵੱਲੋਂ 1917 ਨੂੰ ਮੁਕੰਮਲ ਮਹਾਨ ਅਕਤੂਬਰ ਇਨਕਲਾਬ ਪ੍ਰਾਪਤ ਕਰ ਲਿਆ। ਗਾਂਧੀ ਜੋ ਭਾਰਤ ਅੰਦਰ ਦੱਖਣੀ ਅਫਰੀਕਾਂ ਤੋਂ ਆ ਕੇ ਦੇਸ਼ ਦੇ ਕੌਮੀ ਮੰਚ 'ਤੇ ਅੱਗੇ ਆਏ ਸਨ, ਵੱਲੋਂ ਹੋਮ ਰੂਲ ਜੰਗ ਦੀ ਸ਼ੁਰੂਆਤ ਕੀਤੀ। ਗੋਰੀ ਸਰਕਾਰ ਨੇ ਲੋਕਾਂ ਤੇ ਅੱਤਿਆਚਾਰ ਸ਼ੁਰੂ ਕਰ ਦਿੱਤੇ। ਇਸ ਅੰਦੋਲਨ ਵਿੱਚ ਸ਼ਹਿਰੀ ਪੰਜਾਬਣਾਂ ਨੇ ਹਿੱਸਾ ਲਿਆ।

ਗਦਰ ਪਾਰਟੀ ਅਤੇ ਲਹਿਰ (1914 -15) ਦੇਸ਼ ਨੂੰ ਆਜ਼ਾਦ ਕਰਾਉਣ ਲਈ 1857 ਦੇ ਬਾਦ ਇਹ ਪਹਿਲਾ ਹਥਿਆਰਬੰਦ ਆਜ਼ਾਦੀ ਲਈ ਅੰਦੋਲਨ ਸੀ ਜੋ ਸਿਰੇ ਨਹੀਂ ਚੜ੍ਹ ਸਕਿਆ। ਪਰ ! ਇਹ ਅੰਦੋਲਨ ਸਾਡੇ ਲਈ ਦੇਸ਼ ਦੀ ਆਜ਼ਾਦੀ ਲਈ ਮਰ ਮਿਟਣ ਦੀ ਤਾਂਘ, ਧਰਮ ਨਿਰਪੱਖਤਾ ਅਤੇ ਬਰਾਬਰਤਾ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਇੱਕ ਵੱਡਾ ਸਵਾਲ ਛੱਡ ਗਿਆ ਜੋ ਅੱਜੇ ਅਧੂਰਾ ਹੈ ? ਇਸ ਲਹਿਰ ਵਿੱਚ ਬੀਬੀ ਗੁਲਾਬ ਕੌਰ ਵੱਲੋਂ ਪਾਇਆ ਯੋਗਦਾਨ ਇਸਤਰੀ ਵਰਗ ਲਈ ਇੱਕ ਪ੍ਰੇਰਣਾ ਸਰੋਤ ਹੈ।

**ਰੋਲਟ ਐਕਟ (1919):** ਪਹਿਲੀ ਸੰਸਾਰ ਜੰਗ ਬਾਦ ਟੁਟਿਆ ਭੱਜਿਆ ਬਸਤੀਵਾਦੀ ਸਾਮਰਾਜ ਭਾਰਤੀਆਂ ਨਾਲ ਕੀਤੇ ਵਾਅਦਿਆਂ ਤੋਂ ਪਿੱਛੇ ਹੱਟ ਗਿਆ। ਆਜ਼ਾਦੀ ਦੀ ਥਾਂ ਰੋਲਟ ਐਕਟ ਪਰੋਸ ਕੇ ਕਾਂਗਰਸ ਨੂੰ ਦੇ ਦਿੱਤਾ ਗਿਆ। ਲੋਕਾਂ 'ਚ ਬੇਚੈਨੀ ਫੈਲਣੀ ਲਾਜ਼ਮੀ ਸੀ। ਪੰਜਾਬ ਅੰਦਰ ਇਸ ਐਕਟ ਵਿਰੁੱਧ ਬਹੁਤ ਵੱਡਾ ਲੋਕ ਰੋਹ ਪੈਦਾ ਹੋ ਗਿਆ। ਇਸ ਨੂੰ ਦਬਾਉਣ ਲਈ ਪੰਜਾਬੀਆਂ 'ਤੇ ਹਰ ਤਰ੍ਹਾਂ ਦਾ ਤੱਸ਼ਦਦ ਦੇ ਹੱਥਕੰਡੇ ਵਰਤੇ ਗਏ।

**13 ਅਪ੍ਰੈਲ 1919 ਜਲ੍ਹਿਆਂ ਵਾਲਾ ਬਾਗ ਦਾ ਸਾਕਾ:** ਰੋਲਟ ਐਕਟ ਪੁਰ ਅਮਨ ਲੋਕਾਂ ਤੇ ਗੋਲੀ ਚਲਾਕੇ ਸੈਂਕੜੇ ਪੰਜਾਬੀ ਸਿੱਖ, ਹਿੰਦੂ, ਮੁਸਲਮਾਨ, ਇਸਤਰੀਆਂ ਅਤੇ ਬੱਚੇ ਸ਼ਹੀਦ ਕਰ ਦਿੱਤੇ। ਦੁਨੀਆਂ ਅੰਦਰ ਬਰਬਰਤਾ ਅਤੇ ਅਣ-ਮਨੁੱਖੀ ਕਾਰੇ ਦੀ ਇਹ ਇਕ ਕਾਲੇ ਇਤਿਹਾਸ ਦੀ ਤਸਵੀਰ ਸੀ। ਇਸ ਖ਼ੂਨੀ ਸਾਕੇ ਵਿਰੁੱਧ ਨਿਡਰਤਾ ਨਾਲ ਬਿਆਨ ਦੇਣ ਵਾਲੀ ਮਾਤਾ ਅਤਰ ਕੌਰ, ਸ਼੍ਰੀਮਤੀ ਰਤਨਾ ਦੇਵੀ ਦੇ ਬਿਆਨ, 'ਗੋਰੀ ਸਰਕਾਰ ਦੀ ਕਾਇਰਤਾ, ਜ਼ੁਲਮਾਂ ਦੀ ਕਹਾਣੀ ਅਤੇ ਅਨਿਆਏ ਵਿਰੁੱਧ ਸਚਾਈ ਦੀ ਤਸਵੀਰ ਪੇਸ਼ ਕਰਦੇ ਹਨ।

**ਗੁਰਦੁਆਰਾ ਸੁਧਾਰ ਲਹਿਰ (1919-1925):** ਗੁਰਦੁਆਰਿਆਂ ਦੇ ਸੁਧਾਰ ਲਈ ਚਲੀ ਇਸ ਲਹਿਰ ਅੰਦਰ ਮਰਦਾਂ ਦਾ ਸਾਥ ਵੀ ਇਸਤਰੀਆਂ ਨੇ ਦਿੱਤਾ। ਇਹ ਲਹਿਰ ਜੋ ਅੰਗਰੇਜ਼ਾਂ ਦੇ ਪਿਠੂ ਕੁਕਰਮੀ ਮਹੰਤਾਂ ਵਿਰੁੱਧ ਸੀ, ਦਾ ਰੂਪ ਅੱਗੋਂ ਜਾ ਕੇ ਸਾਮੰਤਵਾਦ ਅਤੇ ਸਾਮਰਾਜ ਵਿਰੋਧੀ ਬਣ ਗਿਆ। ਇਸ ਮੋਰਚੇ ਵਿੱਚ ਸ਼੍ਰੀਮਤੀ ਹਰ ਕੌਰ, ਮਾਨ ਕੌਰ, ਦਾਨ ਕੌਰ, ਰਾਮ ਕੌਰ, ਸੰਤ ਕੌਰ ਆਦਿ ਜੋ ਮਾਨਸਾ, ਬਰਨਾਲਾ ਅਤੇ ਅੰਬਾਲਾ ਦੀਆਂ ਸਨ ਅੰਬਾਲਾ ਜੇਲ੍ਹ 'ਚ ਕੈਦ ਰਹੀਆਂ, ਇਸੇ ਤਰ੍ਹਾਂ ਠੀਕਰੀਵਾਲਾ, ਜੈਤੋ ਅਤੇ ਹੋਰ ਕਈ ਥਾਵਾਂ 'ਤੇ ਜੱਥਿਆ 'ਚ ਸ਼ਾਮਿਲ ਇਸਤਰੀਆਂ ਨੂੰ ਵੀ ਪੁਲੀਸ ਤਸ਼ੱਦਦ ਅਤੇ ਕੈਦਾਂ ਕੱਟਣੀਆਂ ਪਈਆਂ। ਬਿਸ਼ਨ ਕੌਰ ਕਾਉਂਕੇ, ਬੀਬੀ ਧਨ ਕੌਰ, ਭਗਵਾਨ ਕੌਰ, ਹਰਨਾਮ ਕੌਰ, ਧਰਮ ਕੌਰ, ਈਸ਼ਰ ਕੌਰ, ਆਦਿ ਵੀਰਾਂਗਣਾਂ ਜਿਥੇ ਮੋਰਚਿਆਂ 'ਚ ਸ਼ਾਮਲ ਹੋਈਆਂ ਅਤੇ ਉਨ੍ਹਾਂ ਨੇ ਸਜ਼ਾਵਾਂ ਵੀ ਕੱਟੀਆਂ।

ਨਾ-ਮਿਲਵਰਤਨ ਲਹਿਰ (1921) ਗਾਂਧੀ ਵਲੋਂ ਚਲਾਈ ਨਾ ਮਿਲਵਰਤਨ ਲਹਿਰ ਦਾ ਸਾਰੇ ਭਾਰਤ ਅੰਦਰ ਕਾਫੀ ਪ੍ਰਭਾਵ ਪਿਆ। ਕਿਉਂਕਿ ਭਾਰਤੀ ਜਲ੍ਹਿਆਂ-ਵਾਲਾ ਬਾਗ ਦੇ ਸਾਕੇ ਅਤੇ ਗਾਂਧੀ ਦੇ ਸਮਝੌਤਾਵਾਦੀ ਪੈਂਤੜੇ ਵੱਜੋਂ, ਜਿਥੇ ਗਾਂਧੀ ਦੇ ਵਿਚਾਰਾਂ ਤੋਂ ਦੁਖੀ ਸਨ, ਉਨ੍ਹਾਂ ਦਾ ਰੋਹ ਗੋਰੀ ਸਰਕਾਰ ਵਿਰੁੱਧ ਤੇਜ਼ ਹੋ ਰਿਹਾ ਸੀ। 'ਨਾ-ਮਿਲਵਰਤਨ ਲਹਿਰ' ਅਤੇ 'ਖਿਲਾਫ਼ਤ ਅੰਦੋਲਨ' ਦੇ ਇੱਕਠੇ ਚੱਲਣ ਕਾਰਨ ਸਾਰੇ ਭਾਰਤ ਅੰਦਰ ਲੋਕ ਸੜਕਾਂ 'ਤੇ ਉਤਰ ਆਏ। ਇਸਤਰੀਆਂ ਵੀ ਪਿੱਛੇ ਨਹੀਂ ਰਹੀਆਂ। ਮੁਹੰਮਦ ਅਲੀ ਅਤੇ ਸ਼ੌਕਤ ਅਲੀ ਦੀ ਅੰਮੀ ਬਾਈ (ਅੰਮਾਂ) ਅਬੀਦਾ-ਬੇਗਮ ਨੇ ਇਨ੍ਹਾਂ ਅੰਦੋਲਨਾਂ ਦੀ ਅਗਵਾਈ ਕੀਤੀ। ਇਸ ਲਹਿਰ ਵਿੱਚ ਰਾਜਕੁਮਾਰੀ ਅੰਮ੍ਰਿਤ ਕੌਰ, ਬੀਬੀ ਅਮਨ ਕੌਰ, ਲੇਖਵਤੀ ਜੈਨ ਵੱਲੋਂ ਪਾਇਆ ਯੋਗਦਾਨ ਵੀ ਸਲਾਹੁਣ ਯੋਗ ਹੈ। ਕਰਤਾਰ ਦੇਵੀ (ਬਠਿੰਡਾ) ਵੀ ਕਾਫੀ ਸਰਗਰਮ ਰਹੀ।

ਕੋਠਾਲਾ ਮੋਰਚਾ (1927) ਮਲੇਰਕੋਟਲਾ ਦੇ ਨਵਾਬ ਵਿਰੁੱਧ ਚੱਲੇ ਇਕ ਕਿਸਾਨ ਮੋਰਚੇ ਅੰਦਰ ਪੁਲੀਸ ਵੱਲੋਂ ਚਲਾਈ ਗੋਲੀ ਦੌਰਾਨ ਸ਼ਹੀਦ ਹੋਏ 14 ਲੋਕਾਂ ਵਿੱਚ ਇਸਤਰੀਆਂ ਤੇ ਬੱਚੇ ਵੀ ਸ਼ਾਮਲ ਹਨ।

**ਕਿਰਤੀ ਮਾਸਕ ਪੱਤਰ:** ਇਹ ਪਰਚਾ 1926 ਵਿੱਚ ਸ਼ੁਰੂ ਕੀਤਾ ਜੋ 1931 ਤੋਂ ਮਜ਼ਦੂਰਾਂ ਕਿਸਾਨਾਂ ਪੱਖੀ ਪਰਚੇ ਅੰਦਰ ਕਿਸਾਨਾਂ, ਮਜ਼ਦੂਰਾਂ, ਇਸਤਰੀਆਂ ਅਤੇ ਕੌਮੀ-ਕੌਮਾਂਤਰੀ ਖਬਰਾਂ ਤੋਂ ਬਿਨ੍ਹਾਂ ਮਾਰਕਸਵਾਦੀ ਸਿੱਖਿਆ ਵੀ ਛਾਪੀ ਜਾਂਦੀ ਸੀ। ਇਸ ਦਾ ਪੰਜਾਬ ਦੀ ਨੌਜਵਾਨ ਪੀੜ੍ਹੀ ਤੇ ਕਾਫੀ ਪ੍ਰਭਾਵ ਪਿਆ।

**ਨੌਜਵਾਨ ਭਾਰਤ ਸਭਾ ਅਤੇ ਹਿੰਦੋਸਤਾਨ ਸੋਸ਼ਲਿਸ਼ਟ ਰੀਪਬਲੀਕਨ ਐਸੋਸੀਏਸ਼ਨ:** ਇਨ੍ਹਾਂ ਜੱਥੇਬੰਦੀਆਂ ਦਾ ਗਠਨ ਪੰਜਾਬ ਅਤੇ ਬਨਾਰਸ ਵਿਖੇ ਕੀਤਾ ਗਿਆ। ਪੰਜਾਬ ਅੰਦਰ ਇਨਕਲਾਬੀ ਵਿਚਾਰਾਂ ਅਤੇ ਸਰਗਰਮੀਆਂ ਨੂੰ ਅੱਗੇ ਵਧਾਉਣ ਲਈ ਇਨ੍ਹਾਂ ਜੱਥੇਬੰਦੀਆਂ ਦਾ ਉਘਾ ਰੋਲ ਰਿਹਾ ਹੈ ਸ਼ਹੀਦ ਭਗਤ ਸਿੰਘ, ਭਗਵਤੀ ਚਰਨ ਵੋਹਰਾ, ਕਾਮ.ਰਾਮਚੰਦਰ, ਧੰਨਵੰਤਰੀ, ਸੁਖਦੇਵ ਸੋਢੀ, ਪਿੰਡੀ ਦਾਸ, ਰਾਮ ਕ੍ਰਿਸ਼ਨ, ਸਚਿੰਦਰ ਨਾਥ ਸਨਿਆਨ, ਚੰਦਰ ਸ਼ੇਖਰ ਆਦਿ ਇਨ੍ਹਾਂ ਲਹਿਰਾਂ ਦੇ ਉਘੇ ਆਗੂ ਸਨ। "ਦੁਰਗਾਵਤੀ ਇਨਕਲਾਬਣ" ਇਕ ਮਹਾਨ ਇਸਤਰੀ ਸੀ ਜਿਸ ਨੇ ਇਨ੍ਹਾਂ ਲਹਿਰਾਂ 'ਚ ਬੜੀ ਸਿਦਕ- ਦਿੱਲੀ ਨਾਲ ਯੋਗਦਾਨ ਪਾਇਆ। ਭਗਵਤੀ ਚਰਨ ਵੋਹਰਾਂ ਦੀ ਉਹ ਜੀਵਨ ਸਾਥਣ ਸੀ, 'ਜਿਹੜਾਂ ਬੰਬ ਬਣਾਉਂਦਾ ਰਾਵੀ ਕੰਢੇ ਬੰਬ ਫੱਟਣ ਨਾਲ ਸ਼ਹੀਦ ਹੋ ਗਿਆ ਸੀ। ਬੀਬੀ ਵਿਦਿਆਵਤੀ ਭਗਤ ਸਿੰਘ ਦੇ ਮਾਤਾ ਜੀ, 'ਵੱਲੋਂ ਇਸ ਲਹਿਰ ਦੌਰਾਨ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਆਲ ਪੰਜਾਬ ਸਟੂਡੈਂਟਸ ਕਾਨਫ੍ਰੰਸ (1929) ਪੰਜਾਬ ਅੰਦਰ ਜਦੋਂ ਆਲ ਪੰਜਾਬ ਸਟੂਡੈਂਟ ਕਾਨਫਰੰਸ ਦਸੰਬਰ 1929 ਨੂੰ ਹੋਈ, ਜਿਸ ਦੀ ਪ੍ਰਧਾਨਗੀ ਸੁਭਾਸ਼ ਚੰਦਰ ਬੋਸ ਨੇ ਕੀਤੀ ਸੀ। ਇਸ ਕਾਨਫਰੰਸ ਦੀ ਤਿਆਰ ਲਈ ਮਨਮੋਹਨੀ ਸਹਿਗਲ ਦਾ ਉੱਘਾ ਰੋਲ ਸੀ। ਪਹਿਲੀ ਵਾਰੀ ਨੌਜਵਾਨ ਲੜਕੀਆਂ ਖੁਲ੍ਹ ਕੇ ਖੁਲ੍ਹੀ ਰਾਜਸੀ ਫਿਜ਼ਾ ਅੰਦਰ ਦਾਖਲ ਹੋਈਆਂ।

ਸਿਵਲ ਨਾ ਫੁਰਮਾਨੀ ਲਹਿਰ (1929) ਇਹ ਲਹਿਰ 6 ਅਪ੍ਰੈਲ 1930 ਨੂੰ ਸਾਰੇ ਭਾਰਤ ਅੰਦਰ ਸ਼ੁਰੂ ਕੀਤੀ ਗਈ। ਪੰਜਾਬ ਅੰਦਰ ਸ਼੍ਰੀਮਤੀ ਪੁਸ਼ਪਾ ਗੁਜਰਾਲ ਦੀ ਅਗਵਾਈ ਵਿੱਚ ਸ਼ਹਿਰੀ ਹਲਕਿਆਂ ਅੰਦਰ ਇਸਤਰੀਆਂ ਇਸ ਲਹਿਰ 'ਚ ਸ਼ਾਮਿਲ ਹੋਈਆਂ ਅਤੇ ਗ੍ਰਿਫਤਾਰੀਆਂ ਵੀ ਦਿੱਤੀਆਂ। ਬਸੰਤ ਕੌਰ ਪਿੰਡ ਅਕਲੀਆਂ ਬਠਿੰਡਾ ਨੇ ਵੀ ਇਸ ਲਹਿਰ ਵਿੱਚ ਹਿੱਸਾ ਲਿਆ।

**ਪੰਜਾਬ ਅੰਦਰ ਕਿਸਾਨੀ ਮੋਰਚੇ:** ਲਾਹੌਰ ਮੋਰਚਾ (1939) ਜੋ ਬੰਦੋਬਸਤ ਦੇ ਨਾਂ ਹੇਠ ਸਰਕਾਰ ਵੱਲੋਂ ਕਿਸਾਨਾਂ ਤੇ ਅਥਾਹ ਬੋਝ ਪਾਇਆ ਗਿਆ ਸੀ, ਜਿਸ ਵਿਰੁੱਧ ਇਕ ਕਿਸਾਨੀ ਰੋਹ ਪੈਦਾ ਹੋਇਆ। ਸ਼੍ਰੀਮਤੀ ਤੇਜ਼ ਕੌਰ ਭੰਗਾਲੀ ਇਕ ਇਸਤਰੀਆਂ ਦਾ ਜੱਥਾ ਲੈ ਕੇ ਗ੍ਰਿਫਤਾਰ ਹੋਈ। ਜੱਥਿਆਂ ਤੇ ਹੋਈ ਲਾਠੀ ਚਾਰਜ ਦੌਰਾਨ ਇੰਦਰ, ਨਰੈਣ ਕੌਰ, ਉਤਮ ਕੌਰ, ਸਖਤ ਜ਼ਖ਼ਮੀ ਹੋ ਗਈਆਂ। ਬਹੁਤ ਸਾਰੀਆਂ ਇਸਤਰੀ ਵਰਕਰਾਂ ਬੀਬੀ ਉਤਮ ਕੌਰ, ਬੇਅੰਤ ਕੌਰ ਅਤੇ ਭਾਗਣ 'ਤੇ ਬੇ-ਤਿਹਾਸ਼ਾ ਅਤਿੱਆਚਾਰ ਕੀਤਾ ਗਿਆ। ਇਸ ਮੋਰਚੇ ਦੌਰਾਨ ਜੇਲ ਅੰਦਰ ਸਾਥੀ ਯੋਗਰਾਜ (ਹੁਸ਼ਿਆਰਪੁਰ) ਦਾ ਅੱਠ ਮਹੀਨਿਆਂ ਦਾ ਬੱਚਾ ਅਤੇ ਇਕ ਇਸਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਕਿਸਾਨ ਅੰਦਲੋਨਾਂ, ਮੋਰਚਿਆਂ, ਮੁਜਾਰਾ ਲਹਿਰਾਂ ਦੌਰਾਨ ਅਨੇਕਾਂ ਇਸਤਰੀਆਂ ਜਿਥੇ ਪੁਲੀਸ ਅੱਤਿਆਚਾਰਾਂ ਦਾ ਸ਼ਿਕਾਰ ਹੋਈਆਂ, ਉਥੇ ਬਹੁਤ ਸਾਰੀਆਂ ਆਰਥਿਕ ਤੰਗੀਆਂ ਤਰੁਸ਼ੀਆਂ ਨੂੰ ਵੀ ਉਨ੍ਹਾਂ ਨੇ ਖਿੜੇ ਮੱਥੇ ਹੰਢਾਇਆ। ਬੀਬੀ ਵੀਰਾ ਵੀ ਕਾਫੀ ਸਰਗਰਮ ਰਹੀ ਜੋ ਬਾਬਾ ਸੋਹਣ ਸਿੰਘ ਭਕਨਾ ਦੀ ਧਰਮ-ਪੁੱਤਰੀ ਸੀ।

ਦੂਸਰੀ ਸੰਸਾਰ ਜੰਗ, ਕਿਰਤੀ ਪਾਰਟੀ ਦੀਆਂ ਸਰਗਗਰਮੀਆਂ 1939-1945 ਤੱਕ ਦੇ ਸਮੇਂ ਦੌਰਾਨ ਜੋ ਅੰਦੋਲਨ ਚਲੇ ਉਨ੍ਹਾਂ ਵਿੱਚ ਬੀਬੀ ਕਰਤਾਰ ਕੌਰ ਤਲਵੰਡੀ (ਜੰਡਿਆਲਾ) ਅੰਮ੍ਰਿਤਸਰ, ਵਰਿਆਮ ਕੌਰ ਅਤੇ ਸੰਤੀ ਨਾਨੋ ਨੰਗਲ (ਗੁਰਦਾਸਪੁਰ) ਵੱਲੋਂ ਪਾਏ ਯੋਗਦਾਨ ਅਤੇ ਸਰਗਰਮੀਆਂ ਕਾਰਨ ਇਸਤਰੀਆਂ ਅੰਦਰ ਆਈ ਜਾਗਰਿਤੀ ਇਸ ਦਾ ਪ੍ਰਮਾਣ ਪ੍ਰਗਟ ਕਰਦਾ ਹੈ। ਗੁਰਬਚਨ ਕੌਰ (1943- ਕੁਲ ਹਿੰਦ ਕਾਨਫ੍ਰੰਸ ਭਕਨਾ) ਪਿੰਡ ਹਵੇਲੀ ਲੱਧੇਵਾਲ, ਅੰਮ੍ਰਿਤਸਰ ਨੇ ਹਰਸਾ-ਛੀਨ ਮੋਰਚੇ ਦੌਰਾਨ ਫਿਰੋਜਪੁਰ ਵਿਖੇ ਕੈਦ ਕੱਟੀ।

**ਭਾਰਤ ਛੱਡੋ ਅੰਦੋਲਨ (1942) :** ਇਸ ਅੰਦੋਲਨ ਅੰਦਰ ਪੰਜਾਬ ਦੇ ਹਰ ਸ਼ਹਿਰ ਕਸਬੇ ਅੰਦਰ ਕਾਂਗਰਸ ਪਾਰਟੀ ਦੇ ਅੰਦੋਲਨਾਂ ਵਿੱਚ ਪੰਜਾਬੀ ਇਸਤਰੀਆਂ ਨੇ ਵੱਡਾ ਯੋਗਦਾਨ ਪਾਇਆ। ਸ਼੍ਰੀਮਤੀ ਪੁਸ਼ਪਾਵਤੀ, ਬੀਬੀ ਬੁਧੋਵੰਤੀ, ਹਰਨਾਮ ਕੌਰ, ਛੰਨੋਂ ਦੇਵੀ, ਇਸ ਅੰਦੋਲਨ 'ਚ ਕੈਦ ਕੱਟਣ ਵਾਲੀਆਂ ਪੰਜਾਬਣਾਂ ਸਨ। ਸ਼੍ਰੀਮਤੀ ਸੀਤਾ ਦੇਵੀ ਪਤਨੀ ਸ਼ਬੀਲ ਦਾਸ (ਪ੍ਰਿੰ:) ਨੇ ਲੰਬੀ ਕੈਦ ਕੱਟੀ।

**ਆਜ਼ਾਦ ਹਿੰਦ ਫੌਜ (1943-1945):** ਆਜ਼ਾਦ ਹਿੰਦ ਫੌਜ ਵਿੱਚ ਸਭ ਤੋਂ ਵੱਧ ਗਿਣਤੀ ਪੰਜਾਬੀਆਂ ਦੀ ਹੋਣ ਕਰਕੇ ਪੰਜਾਬਣਾਂ ਦਾ ਯੋਗਦਾਨ ਵੀ ਵੱਡਮੁੱਲਾ ਸੀ। ਗੁਰਉਪਦੇਸ਼ ਕੌਰ ਅੱਕਾਂਵਾਲੀ (ਬਠਿੰਡਾ) ਨੇ ਸਿੰਘਾਪੁਰ ਦੀ ਧਰਤੀ 'ਤੇ ਅਤੇ ਬੀਬੀ ਨਿਹਾਲ ਕੌਰ ਨੇ ਆਪਣੇ ਪਤੀ ਨਾਲ ਆਈ.ਐਨ.ਏ ਦੀਆਂ ਸਰਗਰਮੀਆਂ ਵਿੱਚ ਪੂਰੀ ਸ਼ਿਦਤ ਨਾਲ ਹਿੱਸਾ ਲਿਆ।

**ਰਿਆਸਤੀ ਪਰਜਾ ਮੰਡਲ ਲਹਿਰਾਂ (1928-1948):** ਇਨ੍ਹਾਂ ਲਹਿਰਾਂ ਅੰਦਰ ਜਮੀਨੀ ਮਾਲਕੀ ਦੇ ਅਧਿਕਾਰਾਂ ਲਈ ਚਲੇ ਅੰਦੋਲਨਾਂ 'ਚ ਸ਼੍ਰੀਮਤੀ ਗੁਰਦਿਆਲ ਕੌਰ (ਧੰਨ ਸਿੰਘ ਵਾਲਾ), ਆਸੋ, ਅਜਮੇਰ ਕੌਰ, ਰਾਜ ਕੌਰ, ਚੰਦ ਕੌਰ ਆਦਿ ਜ਼ਿਲ੍ਹਾ ਬਠਿੰਡਾ ਵੱਲੋਂ ਪਟਿਆਲਾ ਵਿਖੇ ਕੈਦਾਂ ਕੱਟੀਆਂ। ਬੀਬੀ ਭਗਵਾਨ ਕੌਰ ਤਾਮਕੋਟ, ਬੀਬੀ ਨਿਹਾਲ ਕੌਰ ਬਹਿਮਣ ਦੀਵਾਨੇ, ਬਸੰਤ ਕੌਰ ਬਖਸ਼ੀਵਾਲਾ

ਆਦਿ ਵੱਲੋਂ ਵੀ ਇਨ੍ਹਾਂ ਮੋਰਚਿਆਂ 'ਚ ਸਜ਼ਾਵਾਂ ਭੁਗਤਣ ਵਾਲੀਆਂ ਵੀਰਾਂਗਣਾ ਸਨ। ਬੀਬੀ ਸਰਲਾ ਸ਼ਰਮਾ (ਹਿਮਾਚਲ), ਉੱਮਤ-ਅਸ ਸਲਾਮ ਤੇ ਕੁਸ਼ਲ ਗਰਗ ਪਟਿਆਲਾ, ਪਿੰਡ ਧੂਤ ਕਲਾਂ ਦੀਆਂ ਬੀਬੀਆਂ (ਹੁਸ਼ਿਆਰਪੁਰ), ਈਸ਼ਰ ਕੌਰ ਛਾਹੜ, ਕਰਤਾਰ ਕੌਰ, ਬੀਰ ਖੁਰਦ, ਕਰਤਾਰ ਕੌਰ, ਨਰਾਇਣ ਗੜ੍ਹ, ਪ੍ਰਸਿਨ ਕੌਰ ਖਿਆਲਾ ਖੁਰਦ, ਹਰਨਾਮ ਕੌਰ ਭੱਠਲ, ਧਰਮ ਕੌਰ ਲੌਂਗੋਵਾਲ, ਭਗਵਾਨ ਕੌਰ ਨਰੂਆਣਾ, ਸ਼੍ਰੀਮਤੀ ਫਰੈਂਡਾ ਬੇਦੀ ਅਤੇ ਹੋਰ ਬਹੁਤ ਸਾਰੀਆਂ ਇਸਤਰੀਆਂ ਨੇ ਇਨ੍ਹਾਂ ਲਹਿਰਾਂ 'ਚ ਹਿੱਸਾ ਲਿਆ, ਜੋ ਪੁਲੀਸ ਤਸ਼ੱਦਦ ਦੀਆਂ ਸ਼ਿਕਾਰ ਹੋਈਆਂ ਤੇ ਕੈਦਾਂ ਕੱਟੀਆਂ।

**ਆਜ਼ਾਦੀ ਤੋਂ ਬਾਅਦ ਚੱਲੀਆਂ ਲਹਿਰਾਂ:** ਮੁਜਾਰਾ ਲਹਿਰ 1948-51 ਜੋ ਰਜਵਾੜਾਂ ਸ਼ਾਹੀ ਵਿਰੁੱਧ ਮੁਜਾਰਿਆਂ ਦਾ ਮਾਲਕੀ ਲਈ ਸੰਘਰਸ਼ ਸੀ। ਇਸ ਅੰਦੋਲਨ ਵਿੱਚ ਮੁਜਾਰਿਆਂ ਦੇ ਨਾਲ ਉਨ੍ਹਾਂ ਦੇ ਪ੍ਰਵਾਰਾਂ ਦਾ ਵੀ ਵੱਡਾ ਯੋਗਦਾਨ ਹੈ। ਪਿੰਡ ਬਖੋਰਾਂ ਕਲਾ, ਰੇਤ ਗੜ੍ਹੀਏ, ਦਲੇਲ ਸਿੰਘ ਵਾਲਾ ਆਦਿ ਪਿੰਡਾਂ ਅੰਦਰ ਗੈਰ-ਮੁਰਸੀ ਮੁਜਾਰੇ ਕਿਸਾਨਾਂ ਵੱਲੋਂ ਬੇਦਖਲੀ ਵਿਰੁੱਧ, 'ਇਕ ਲੰਬਾ ਸਿਰੜੀ ਅਤੇ ਹਥਿਆਰ ਬੰਦ ਘੋਲ ਸੀ। ਇਸ ਘੋਲ ਵਿੱਚ ਧੰਨੋ ਬਖੋਰਾ, ਕਰਤਾਰ ਕੌਰ ਦਲੇਲ ਸਿੰਘ ਵਾਲਾ, ਹਰਨਾਮ ਕੌਰ ਸਤੀਕੇ, ਸ਼ਾਮੋ ਨਰਾਇਣਗੜ੍ਹ ਵਲੋਂ ਪਾਏ ਯੋਗਦਾਨ, ਦਿਖਾਇਆ ਹੌਸਲਾ ਤੇ ਕੁਰਬਾਨੀ ਨੇ ਪੰਜਾਬੀ ਇਸਤਰੀਆਂ ਅੰਦਰ ਇਕ ਨਵੀਂ ਰੂਹ ਫੂਕੀ ਸੀ।

**ਖੁਸ਼-ਹੈਸੀਅਤ ਮੋਰਚਾ 1957:** ਖੁਸ਼ ਹੈਸੀਅਤ ਟੈਕਸ ਵਿਰੁੱਧ ਚਲੇ ਅੰਦੋਲਨ ਦੌਰਾਨ ਇਸਤਰੀਆਂ ਵੀ ਯੋਗਦਾਨ ਪਾਉਣ ਤੋਂ ਪਿਛੇ ਨਹੀਂ ਰਹੀਆਂ। ਐਤੀਆਣਾ (ਲੁਧਿਆਣਾ) ਦੀਆਂ ਸ਼ਹੀਦ ਬੀਬੀਆਂ-ਚੰਦ ਕੌਰ, ਬਚਨੀ ਅਤੇ ਨਰੂੜ (ਕਪੂਰਥਲਾ) ਦੀਆਂ ਸ਼ਹੀਦ ਬੀਬੀਆਂ ਦੀ ਸ਼ਹਾਦਤ ਨੇ ਇਸਤਰੀ ਵਰਗ ਅੰਦਰ ਇਕ ਨਵੀਂ ਚੇਤਨਾ ਪੈਦਾ ਕੀਤੀ। ਪੰਜਾਬ ਦੇ ਕਈ ਥਾਵਾਂ ਤੇ ਹੋਇਆ ਪੁਲੀਸ ਤਸ਼ੱਦਦ ਵੀ ਲਹਿਰ ਨੂੰ ਦਬਾਅ ਨਹੀਂ ਸਕਿਆ। ਬੀਬੀ ਪ੍ਰੀਤਮ ਕੌਰ ਜੀਵਨ ਸਾਥਣ ਕਾਮ: ਹਰਕਿਸ਼ਨ ਸਿੰਘ ਸੁਰਜੀਤ ਅਤੇ ਬੀਬੀ ਪ੍ਰੀਤਮ ਕੌਰ ਜੀਵਨ ਸਾਥਣ ਗੁਰਬਖ਼ਸ਼ ਸਿੰਘ ਅੱਟਾ ਜਲੰਧਰ ਦਾ ਯੋਗਦਾਨ ਵਰਣਨਯੋਗ ਹੈ।

**ਬੱਸ ਕਰਾਇਆ ਅੰਦੋਲਨ 1980-81:** ਦਰਬਾਰਾ ਸਿੰਘ ਦੀ ਸਰਕਾਰ ਵੱਲੋਂ ਬੱਸਾਂ ਕਿਰਾਇਆਂ 'ਚ ਕੀਤੇ ਵਾਧੇ ਵਿਰੁੱਧ ਸਾਰੇ ਪੰਜਾਬ ਅੰਦਰ ਅੰਦੋਲਨ ਵਿਢਿਆ ਗਿਆ। ਦਸੂਹਾ ਇਸ ਅੰਦੋਲਨ ਦਾ ਕੇਂਦਰ ਸੀ। ਪੰਜਾਬ ਅਸੰਬਲੀ ਘਿਰਾਉ ਲਈ ਪੁਲੀਸ ਦੀ ਸਖਤੀ ਅਤੇ ਰੋਕਾਂ ਦੇ ਬਾਵਜੂਦ ਵੀ ਇਕ ਵੱਡਾ ਇਸਤਰੀ ਜੱਥਾ ਜਿਸ ਦੀ ਅਗਵਾਈ ਰਾਜਿੰਦਰ ਕੌਰ ਚੋਹਕਾ ਕਰ ਰਹੀ ਸੀ, ਵੱਲੋਂ ਘਿਰਾਉ ਕਰਕੇ ਪੰਜਾਬ ਅਸੰਬਲੀ ਦਾ ਅਜਲਾਸ ਹੋਣ ਤੋਂ ਕਾਫੀ ਚਿਰ ਰੋਕ ਰੱਖਿਆ।

ਪੰਜਾਬ ਅੰਦਰ ਦਹਿਸ਼ਤਗਰਦੀ ਦੌਰਾਨ ਜਨਵਾਦੀ ਇਸਤਰੀ ਸਭਾ ਪੰਜਾਬ ਨੇ ਫਿਰਕੂ ਏਕਤਾ ਅਤੇ ਸਦਭਾਵਨਾ ਲਹਿਰਾਂ ਦੌਰਾਨ ਪੂਰੀ ਸ਼ਿਦਤ ਨਾਲ ਹਿੱਸਾ ਲਿਆ।

ਉਪਰੋਕਤ ਦਿੱਤੇ ਸੰਖੇਪ ਅੰਦੋਲਨਾਂ 'ਚ ਭਾਵੇਂ! ਪੰਜਾਬ ਅੰਦਰ ਇਸਤਰੀ ਵਰਗ ਦੀ ਸ਼ਮੂਲੀਅਤ ਭਾਰੂ ਨਹੀਂ ਸੀ। ਪਰ ਇਕ ਜਮੂਹਰੀ ਅਤੇ ਜਨਤਕ ਅਧਾਰਿਤ ਇਸਤਰੀ ਲਹਿਰ ਦੇ ਅੱਗੇ ਵੱਧਣ ਦੇ ਸੁਨਹਿਰੀ ਮੌਕੇ ਜ਼ਰੂਰ ਪੈਦਾ ਹੋ ਗਏ।

**ਪੰਜਾਬ ਅੰਦਰ ਜਮਹੂਰੀ ਅਤੇ ਜਨਤਕ ਅਧਾਰ ਵਾਲੀ ਇਸਤਰੀ ਜੱਥੇਬੰਦੀ ਦਾ ਜਨਮ:** ਪੰਜਾਬ ਅੰਦਰ ਇਸਤਰੀ ਵਰਗ, 'ਕਿਸੇ ਨਾ ਕਿਸੇ ਰੂਪ ਅੰਦਰ, '19-ਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ 20-ਵੀਂ ਦੇ ਚੌਥੇ ਦਹਾਕੇ ਤੱਕ, ਕਿਸਾਨਾਂ, ਕਿਰਤੀਆਂ, ਨੌਜਵਾਨਾਂ ਅਤੇ ਕੌਮੀ ਅੰਦੋਲਨਾਂ ਤੋਂ ਬਿਨਾਂ, 'ਨੌਜਵਾਨ ਸਭਾ, ਕਿਰਤੀ-ਕਿਸਾਨ ਪਾਰਟੀ, ਕਮਿਊਨਿਸਟ ਪਾਰਟੀ, ਫਾਰਵਰਡ ਬਲਾਕ, ਇਨਕਲਾਬੀ ਗਰੁੱਪਾਂ ਅਤੇ ਹੋਰ ਕਈ ਜਮਹੂਰੀ ਜੱਥੇਬੰਦੀਆਂ ਅੰਦਰ ਸਰਗਰਮੀ ਨਾਲ ਹਿੱਸਾ ਪਾਉਂਦਾ ਰਿਹਾ ਹੈ। ਜੱਥੇਬੰਦੀਆਂ ਅਤੇ ਕਾਰਕੁਨਾਂ ਤੱਕ ਸੁਨੇਹੇ ਭੇਜਣ, ਰਿਹਾਇਸ਼ ਦਾ ਪ੍ਰਬੰਧ ਅਤੇ ਪੁਲੀਸ ਘੇਰਿਆਂ ਵਿੱਚੋਂ ਆਗੂ ਨੂੰ ਹਿਫ਼ਾਜਤੀ ਤਰੀਕੇ ਨਾਲ ਸੁਰੱਖਿਆ ਥਾਵਾਂ ਤੇ ਪਹੁੰਚਾਉਣ ਦੇ ਬਹਾਦਰੀ ਵਾਲੇ ਕਾਰਨਾਮੇ ਵੀ ਇਤਿਹਾਸ ਦੇ ਪੰਨਿਆਂ ਤੇ ਨਾਂ ਇਨ੍ਹਾਂ ਵੀਰਾਂਗਣਾ ਦੇ ਲਿਖੇ ਹੋਏ ਹਨ।

ਸ਼ਹੀਦ ਭਗਤ ਸਿੰਘ ਨੂੰ ਲਾਹੌਰ ਤੋਂ ਕਲਕੱਤੇ ਪਹੁੰਚਾਉਣ 'ਚ, 'ਬੀਬੀ ਦੁਰਗਾ ਦੇਵੀ ਵੱਲੋਂ ਦਿਖਾਈ ਬਹਾਦਰੀ, ਗਦਰ ਪਾਰਟੀ ਦੀ ਬੀਬੀ ਗੁਲਾਬ ਕੌਰ ਵੱਲੋਂ ਮਫ਼ਰੂਰ ਗਦਰੀਆਂ ਨੂੰ ਸੁਨੇਹੇ, ਸਮਾਨ ਅਤੇ ਹਥਿਆਰ ਪਹੁੰਚਾਉਣੇ ਅਤੇ ਬੀਬੀ ਰਘਵੀਰ ਕੌਰ ਵੱਲੋਂ ਕਿਸਾਨੀ ਮੋਰਚਿਆਂ 'ਚ ਮੋਹਰਲੀਆਂ ਕਤਾਰਾਂ 'ਚ ਸ਼ਾਮਲ ਹੋ ਕੇ ਗੋਰੀ ਸਰਕਾਰ ਅਤੇ ਜਗੀਰਦਾਰਾਂ ਨੂੰ ਲਲਕਾਰਨਾ, ਕੀਤੀਆਂ ਕੁਰਬਾਨੀਆਂ, ਇਨ੍ਹਾਂ ਵੀਰਾਂਗਣਾ ਦੇ ਕਾਰਨਮੇ ਅਤੇ ਲਹਿਰਾਂ 'ਚ ਪਏ ਯੋਗਦਾਨ ਸਦਾ ਯਾਦ ਰਹਿਣਗੇ। ਬੀਬੀ ਰਘਵੀਰ ਕੌਰ ਕਮਿਊਨਿਸਟ ਪਾਰਟੀ ਵੱਲੋਂ 1937 ਨੂੰ ਅੰਮ੍ਰਿਤਸਰ ਜਿਲੇ 'ਚ ਐਮ.ਐਲ.ਏ. ਚੁਣੀ ਜਾਣ ਵਾਲੀ ਆਜ਼ਾਦੀ ਤੋਂ ਪਹਿਲੀ ਕਮਿਊਨਿਸਟ ਆਗੂ ਸੀ। ਉਹ ਇਕ ਦਲੇਰ ਇਸਤਰੀ ਆਗੂ ਸੀ।

ਪੰਜਾਬ ਅੰਦਰ ਇਸਤਰੀ ਜਮਹੂਰੀ ਜਨ-ਅੰਦੋਲਨ ਭਾਵੇਂ ਅੱਜੇ ਤੱਕ ਪੂਰੀ ਤਰ੍ਹਾਂ ਵਿਕਸਤ ਨਹੀ ਸੀ ਹੋ ਸੱਕਿਆ, ਪਰ ਇਸਤਰੀ ਅੰਦੋਲਨ, 'ਰਾਜ ਅੰਦਰ ਅਨੇਕ ਤਰ੍ਹਾਂ ਦੇ ਵਿਚਾਰਧਾਰਕ ਪ੍ਰਵਿਰਤੀਆਂ ਨਾਲ ਜੁੜ ਕੇ ਹੋਂਦ ਵਿੱਚ ਜ਼ਰੂਰ ਆਏ। ਪੰਜਾਬ ਅੰਦਰ ਅੰਦੋਲਨ ਲਿੰਗਕ-ਅਸਮਾਨਤਾਂ ਅਤੇ ਨਾਬਰਾਬਰੀ ਵਰਗੇ ਮੁੱਦਿਆਂ ਨਾਲ ਜੁੜ ਕੇ ਪਨਪੇ ਜ਼ਰੂਰ, ਪਰ! ਸਾਮੰਤਵਾਦੀ ਰੋਕਾਂ,ਅੰਧ-ਵਿਸ਼ਵਾਸ ਅਤੇ ਜਮਹੂਰੀ ਲਹਿਰਾਂ ਦੇ ਕੰਮਜ਼ੋਰ ਹੋਣ ਕਾਰਣ,' ਪੰਜਾਬ ਅੰਦਰ ਇਸਤਰੀ ਸੰਗਠਨ ਅਤੇ ਜਮਹੂਰੀ ਅੰਦੋਲਨ ਬਹੁਤ ਪਛੜਕੇ ਹੋਂਦ ਵਿੱਚ ਆਇਆ। ਮਈ,1940 ਦੌਰਾਨ ਪੰਜਾਬ ਅੰਦੋਲਨ ਸਰਕਾਰੀ ਜ਼ਬਰ ਅਤੇ ਸਖ਼ਤੀ ਦਾ ਦੌਰ ਪੂਰੇ ਜੋਬਨ ਤੇ ਸੀ। ਪੰਜਾਬ ਦੀ ਖੱਬੀ ਧਿਰ ਭਾਵੇਂ ਸੀ.ਪੀ.ਆਈ, ਜੋ ਆਫੀਸ਼ੀਅਲ ਪਾਰਟੀ ਸੀ, ਕਿਰਤੀ ਪਾਰਟੀ ਜੋ ਪੰਜਾਬ ਅੰਦਰ ਵੱਧ ਪ੍ਰਭਾਵ ਰੱਖਦੀ ਸੀ, ਪਰ ਕੇਂਦਰ 'ਚ ਮਾਨਤਾ ਪ੍ਰਾਪਤ ਨਹੀ ਸੀ। ਇਸੇ ਦੌਰਾਨ ਹੀ ਇਸਤਰੀ ਵਰਗ ਨੂੰ ਲਾਮਬੰਦ ਕਰਨ ਲਈ ਕਿਰਤੀ-ਪਾਰਟੀ ਵੱਲੋਂ ਉਪਰਾਲਾ ਕੀਤਾ ਜਾਂਦਾ ਗਿਆ। ਲਾਹੌਰ ਅੰਦਰ ਸ਼ਕੁੰਤਲਾ ਸ਼ਾਰਦਾ, ਜੋ ਇੱਕ ਖੱਬੇ ਪੱਖੀ ਸੋਚ ਰੱਖਣ ਵਾਲੀ ਇਸਤਰੀ ਕਾਰਕੁੰਨ ਸੀ। ਜੋ ਪਹਿਲਾਂ ਹੀ ਲੋਕਾਂ ਅੰਦਰ ਵਿਚਰਦੀ ਹੋਣ ਕਰਕੇ ਇੱਕ ਜਾਣ-ਪਛਾਣ ਵਾਲੀ ਕਾਰਕੁਨ ਅਤੇ ਆਗੂ ਵਜੋਂ ਪ੍ਰਵਾਨਤ ਸੀ। ਕਿਰਤੀ ਪਾਰਟੀ ਵੱਲੋਂ ਉਸ ਰਾਹੀ ਇੱਕ ਇਸਤਰੀ ਸੈਲ ਸਥਾਪਤ ਕੀਤਾ ਗਿਆ। ਇਸ ਸੈਲ ਵਿੱਚ ਸੁਸ਼ੀਲ ਕੁਮਾਰੀ ਦੀ ਸ਼ਮੂਲੀਅਤ ਹੋਣ ਕਰਕੇ ਮਜ਼ਬੂਤੀ ਆਈ। ਉਹ ਕਿਸਾਨ ਆਗੂ ਵੀ ਸੀ ਅਤੇ ਕਈ ਸੱਤਿਆਗ੍ਰਿਹਾਂ ਦੌਰਾਨ ਜੇਲ੍ਹਾਂ 'ਚ ਜਾ ਚੁੱਕੀ ਸੀ, ਉਸ ਦੀ ਅਗਵਾਈ ਵਿੱਚ ਇਸਤਰੀਆਂ ਨੂੰ ਸੰਗਠਤ ਕਰਨ ਦੀ ਰਾਹ ਪੱਧਰਾ ਹੋ ਗਿਆ। ਗੁਰਦਾਸਪੁਰ ਤੋਂ ਤਿੰਨ-ਚਾਰ ਇਸਤਰੀਆਂ-ਹਰਜੀਤ ਕੌਰ, ਵਰਿਆਮ ਕੌਰ, ਕਿਸਾਨ ਸਭਾ 'ਚ ਕੰਮ ਕਰਦੀਆ ਸਨ, 'ਉਹ ਵੀ ਇਨ੍ਹਾ ਨਾਲ ਸ਼ਾਮਲ ਹੋ ਗਈਆ। ਗੁਰਦਾਸਪੁਰ ਤੋਂ ਬਿਨਾਂ ਮਦਨ-ਚੂਹੜ ਚੱਕ, ਇੰਦੀ-ਦਾਉਸਰ, ਲਾਜਵੰਤੀ - ਕੱਕਰੀ, ਅੰਮ੍ਰਿਤਸਰ ਜ਼ਿਲੇ ਵਿੱਚ ਸਰਲਾ, ਕਾਂਗੜਾ ਤੋ ਸੁਸ਼ੀਲ ਕੁਮਾਰੀ ਅਤੇ ਬਾਅਦ ਵਿੱਚ ਊਸ਼ਾ ਨੇ ਮਿਲਕੇ ਇਸਤਰੀ ਸਰਗਰਮੀਆਂ ਨੂੰ ਅੱਗੇ ਵਧਾਇਆ। ਜ਼ਿਲਾ ਸ਼ੇਖੂਪੁਰਾ 'ਬੀਬੀ ਜੋਗਿੰਦਰ ਕੌਰ ਮਾਨ ਵੀ ਇਨ੍ਹਾਂ ਨਾਲ ਸ਼ਾਮਿਲ ਹੋ ਗਈ ਜਿਨ੍ਹਾਂ ਨੇ ਮਿਲ ਕੇ ਪੰਜਾਬ ਅੰਦਰ ਇਸਤਰੀ ਸੰਗਠਨ ਨੂੰ ਕਾਇਮ ਕਰਨ ਲਈ ਮੋਹਰੀ ਰੋਲ ਅਦਾ ਕੀਤਾ।

22-ਫਰਵਰੀ 1942 ਨੂੰ ਲਾਹੌਰ ਸ਼ਹਿਰ ਅੰਦਰ ਪਹਿਲੀ ਇਸਤਰੀ ਜਥੇਬੰਦੀ "ਪ੍ਰੋਗਰੈਸਿਵ ਵੋਮੈਨ ਕਾਨਫਰੰਸ" ਸੰਗਠਤ ਕੀਤੀ ਗਈ। ਕੈਂਬਲ ਪੁਰ ਜੇਲ੍ਹ ਅੰਦਰ ਕਿਰਤੀ-ਕਿਸਾਨ ਪਾਰਟੀ ਵੱਲੋਂ ਪੰਜਾਬ ਅੰਦਰ ਇਸਤਰੀ ਵਿੰਗ ਸਥਾਪਿਤ ਕਰਨ ਦਾ ਜੋ ਫੈਸਲਾ ਲਿਆ ਗਿਆ ਸੀ, ' ਉਸ ਤਹਿਤ ਬੀਬੀ ਰਘਬੀਰ ਕੌਰ ਐਮ ਐਲ .ਏ ਨੂੰ ਪ੍ਰਧਾਨ,ਸੀਤਾ ਦੇਵੀ ਕਾਂਗਰਸ ਅਤੇ ਬਾਜੀ ਰਸ਼ੀਦ ਬੇਗਮ (ਮੁਸਲਿਮ ਲੀਗ) ਨੂੰ ਉਪਪ੍ਰਧਾਨ ਅਤੇ ਸੁਸ਼ੀਲ ਕੁਮਾਰੀ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਚੋਣ ਬਾਅਦ ਇਸਤਰੀ ਸਭਾ ਦੀ 2000 ਮੈਂਬਰ-ਸ਼ਿਪ ਕੀਤੀ ਗਈ। ਫਿਰੋਜ਼ਪੁਰ, ਸੇਖੂਪੁਰਾਂ, ਗੁਰਦਾਸਪੁਰ ਤੇ ਕਾਂਗੜਾ ਅੰਦਰ ਜਿਲ੍ਹਾ ਕਮੇਟੀਆਂ ਦਾ ਗਠਨ ਕੀਤਾ ਗਿਆ। ਪਰ ਛੇਤੀ ਹੀ ਭਾਰਤ ਦੀ ਵੰਡ ਹੋਣ ਕਾਰਨ, 'ਇਸਤਰੀ ਜੱਥੇਬੰਦੀ ਵੀ ਅਗਸਤ 1947 ਬਾਅਦ ਖੇਰੂੰ-ਖੇਰੂ ਹੋ ਗਈ। ਇਸਤੋਂ ਬਿਨਾਂ



ਪੰਜਾਬ ਅੰਦਰ ਚਲੀਆ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀ, ਨੌਜਵਾਨਾਂ ਦੀਆ ਲਹਿਰਾਂ ਅਤੇ ਬਸਤੀਵਾਦੀ ਹਾਕਮਾਂ ਦੇ ਤਸ਼ਦੱਦ ਵਿਰੁੱਧ ਚਲੇ ਅੰਦੋਲਨਾਂ ਵਿੱਚ ਵੀ ਇਸਤਰੀਆਂ ਹਿੱਸਾ ਲੈਂਦੀਆ ਰਹੀਆਂ ਸਨ। ਪਹਿਲਾਂ-ਪਹਿਲਾਂ ਪੰਜਾਬ ਅੰਦਰ ਸ਼ਹਿਰੀ ਖੇਤਰਾਂ 'ਚ, ਰਾਜਸੀ ਪ੍ਰਵਾਰਾਂ, ਉੱਚ ਵਰਗ 'ਚ ਪੜ੍ਹੀਆਂ ਲਿਖੀਆਂ ਇਸਤਰੀਆ ਨੇ ਹੀ ਕੌਮੀ ਅੰਦੋਲਨਾਂ ਵਿੱਚ ਹਿੱਸਾ ਲਿਆ। ਹੌਲੀ-ਹੌਲੀ ਜਿਉਂ-ਜਿਉਂ ਜਾਗਰਿਤੀ, ਗਿਆਨ ਅਤੇ ਜਨਤਕ ਅੰਦੋਲਨ ਤੇਜ਼ ਹੁੰਦੇ ਗਏ, ਪੰਜਾਬੀ ਇਸਤਰੀਆਂ ਖਾਸ ਕਰਕੇ ਜੋ ਕਿਸਾਨ ਵਰਗ ਵਿੱਚੋਂ, ਅੱਗੇ ਆਈਆਂ, ਅਤੇ ਇਨ੍ਹਾਂ ਵਰਗੀ -ਅੰਦੋਲਨਾ 'ਚ ਸ਼ਾਮਲ ਹੁੰਦੀਆ ਗਈਆਂ। 1942 ਤੋਂ ਬਾਅਦ ਹੀ ਇਸਤਰੀ ਜੱਥੇਬੰਦੀ ਨੇ ਇਸਤਰੀਆਂ ਦੇ ਮਸਲੇ ਲੈ ਕੇ,' ਜਮਹੂਰੀ ਢੰਗ ਅਤੇ ਜਮਹੂਰੀ ਸੋਚ ਨਾਲ ਇਸਤਰੀ ਵਰਗ ਨੂੰ ਲਾਮਬੰਦ ਕਰਨ ਲਈ ਉਪਰਾਲੇ ਸ਼ੁਰੂ ਕੀਤੇ।ਆਜ਼ਾਦੀ ਤੋਂ ਪਹਿਲਾਂ ਦਾ ਇਸਤਰੀ ਸੰਗਠਨ ,ਜੋ ਜਨਤਕ ਅਧਾਰਿਤ ਸੀ, '22 ਫਰਵਰੀ 1942 ਨੂੰ "ਪ੍ਰੋਗਰੈਸਿਵ ਵੋਮੈਨ ਕਾਨਫਰੰਸ" ਦੇ ਨਾਂ ਹੇਠ ਲਾਹੌਰ ਵਿਖੇ ਹੋਂਦ ਵਿੱਚ ਆਇਆ ਸੀ।

1947 ਨੂੰ ਭਾਰਤ ਅਤੇ ਪਾਕਿਸਤਾਨ ਦੇ ਹੋਂਦ ਵਿੱਚ ਆਉਣ ਨਾਲ ਜਿੱਥੇ ਲੋਕ ਫਿਰਕੂ ਭਾਈਚਾਰਿਆਂ ਅੰਦਰ ਵੰਡੇ ਗਏ, ਪੰਜਾਬ ਅੰਦਰ ਦੋਨੋਂ ਪਾਸੇ ਹੋਈ ਫਿਰਕੂ ਕੱਟ-ਵੱਢ ਨੇ ਸਭ ਤੋਂ ਵੱਧ ਨੁਕਸਾਨ ਕੀਤਾ ਜਮਹੂਰੀ ਲਹਿਰਾਂ ਦਾ? ਜਿਸ ਦਾ ਅਸਰ ਪੰਜਾਬ ਇਸਤਰੀ ਲਹਿਰ ਤੇ ਪੈਣਾ ਵੀ ਲਾਜ਼ਮੀ ਸੀ ਸ਼ੀ.ਪੀ.ਆਈ. ਵੱਲੋਂ ਪਹਿਲ ਕਦਮੀ ਕਰਕੇ ਮੁੜ ਪੰਜਾਬ ਅੰਦਰ, 'ਪੰਜਾਬ ਇਸਤਰੀ ਸਭਾ ਨੂੰ 'ਉਪਰੋਂ ਆਏ ਕੌਮੀ ਭਾਰਤੀ ਇਸਤਰੀ ਫੈਡਰੈਸ਼ਨ" ਦੇ ਸੱਦੇ ਤੇ 'ਗਠਿਤ ਕਰਕੇ ਸਰਗਰਮ ਕੀਤਾ ਗਿਆ। ਇਸ ਦੀਆ ਆਗੂ ਸਨ, 'ਵਿਮਲਾ ਡਾਂਗ, ਉਰਮਿਲਾ ਆਨੰਦ, ਕੈਲਾਸ਼ਵਤੀ, ਉਸ਼ਮਾ ਰੇਖੀ, ਬੀਰ ਕਲਸੀ, ਸ਼ੀਲਾ ਦੀਦੀ, ਸੁਸ਼ੀਲਾ ਚੈਨ, ਹਾਕਮਦੇਵੀ, ਆਦਿ ਨੇ ਮੁੜ ਸਭਾ ਦੀਆਂ ਸਰਗਰਮੀਆਂ ਸਾਂਝੇ ਪੰਜਾਬ ਅੰਦਰ ਸ਼ੁਰੂ ਕਰ ਦਿੱਤੀਆਂ। 1964 ਦੇ ਪਾਰਟੀ ਅੰਦਰ ਆਏ ਵਿਚਾਰਕ ਮਤ -ਭੇਦ ਕਾਰਨ, 'ਪੰਜਾਬ ਇਸਤਰੀ ਸਭਾ ਦੀ ਸਮੁੱਚੀ ਲੀਡਰਸ਼ਿਪ ਸੀ.ਪੀ.ਆਈ. ਨਾਲ ਸਹਿਮਤ ਹੋਣ ਕਰਕੇ, 'ਪੰਜਾਬ ਯੂਨਿਟ ਕੌਮੀ ਭਾਰਤੀ ਇਸਤਰੀ ਫੈਡਰੇਸ਼ਨ ਨਾਲ ਜੁੜਿਆ ਰਿਹਾ, ਜਿਹੜਾ ਕਾਂਗਰਸ ਨਾਲ ਭਾਈਵਾਲੀ ਲਾਈਨ ਤੇ ਚਲ ਰਿਹਾ ਸੀ। ਇਸ ਲਈ "ਪੰਜਾਬ ਅੰਦਰ ਜਮਹੂਹੀ ਜਨਤਕ ਅਧਾਰਿਤ ਵਾਲੀ ਜਨਵਾਦੀ ਇਸਤਰੀ ਸਭਾ" ਨੂੰ ਉਸਾਰਨ ਲਈ ਬਾਅਦ ਵਿੱਚ ਯਤਨ ਅਰੰਭੇ ਗਏ। ਖਾਸ ਕਰਕੇ ਹੁਸ਼ਿਆਰਪੁਰ ਜ਼ਿਲੇ ਅੰਦਰ 1974 ਬਾਅਦ ਰਜਿੰਦਰ ਕੌਰ ਚੋਹਕਾ ਦੀ ਅਗਵਾਈ ਵਿੱਚ ਸਭਾ ਦੀ ਉਸਾਰੀ ਲਈ ਪਹਿਲ ਕਦਮੀ ਕੀਤੀ ਗਈ।

ਪੰਜਾਬ ਅੰਦਰ ਰਾਜਿੰਦਰ ਕੌਰ ਚੋਹਕਾ ਦੀ ਅਗਵਾਈ ਵਿੱਚ ਨਿਰਮਲਾ ਕੁਮਾਰੀ, ਸ਼ਮਿੰਦਰ ਕੌਰ ਲੌਂਗੋਵਾਲ, ਸੁਰਜੀਤ ਕੁਮਾਰੀ, ਗੁਰਮੇਜ਼ ਕੌਰ, ਆਸ਼ਾ ਰਾਣੀ ਆਦਿ ਪਾਰਟੀ ਦੀਆ ਇਸਤਰੀ ਮੈਬਰਾਂ ਦੀ ਟੀਮ ਨੇ ਫਿਲੌਰ ਵਿਖੇ 1980 ਨੂੰ ਪਹਿਲੀ ਕਨਵੈਨਸ਼ਨ ਕਰਕੇ, 'ਪੰਜਾਬ ਜਨਵਾਦੀ ਇਸਤਰੀ ਸਭਾ ਦੇ ਗਠਨ ਦਾ ਬੀੜਾ ਚੁਕਿਆ। ਪੰਜਾਬ ਅੰਦਰ ਰਾਜਿੰਦਰ ਕੌਰ ਚੋਹਕਾ ਦੀ ਅਗਵਾਈ ਵਿੱਚ ਹੌਲੀ ਹੌਲੀ ਸੰਗਠਨ ਨੂੰ ਅੱਗੇ ਵਧਾਇਆ ਗਿਆ ਅਤੇ ਰਾਜ ਅੰਦਰ ਸਭਾ ਦੀਆਂ ਸਰਗਰਮੀਆਂ ਤੇਜ ਹੋਣ ਕਾਰਨ ਪ੍ਰਭਾਵ ਵਧਿਆ। 10-12 ਮਾਰਚ, 1981 ਦੀ "ਐਡਵਾ" ਦੀ ਪਹਿਲੀ ਕੌਮੀ ਕਾਨਫ੍ਰੰਸ ਮਦਰਾਸ ਕਰਨ ਉਪਰੰਤ,' ਪੰਜਾਬ ਜਨਵਾਦੀ ਇਸਤਰੀ ਸਭਾ, "ਕੁਲ ਹਿੰਦ ਜਨਵਾਦੀ ਇਸਤਰੀ ਸਭਾ" ਦੀ ਇਕ ਬ੍ਰਾਂਚ ਵੱਜੋਂ ਸਰਗਰਮ ਹੋ ਗਈ। ਇਥੇ ਇਹ ਵਰਨਣ ਕਰਨਾ ਲਾਜ਼ਮੀ ਹੈ, 'ਕਿ ਪੰਜਾਬ ਅੰਦਰ ਦਹਿਸ਼ਤਗਰਦੀ ਦੇ ਕਾਲੇ ਦੌਰ ਦੌਰਾਨ ਜਨਵਾਦੀ ਇਸਤਰੀ ਸਭਾ ਪੰਜਾਬ, 'ਨੇ ਪੰਜਾਬੀਆਂ ਦੀ ਏਕਤਾ ਲਈ, ਇਸਤਰੀ ਮੰਗਾਂ ਅਤੇ ਜਮਹੂਰੀ ਅੰਦੋਲਨਾਂ ਵਿੱਚ ਪੂਰੀ ਸ਼ਿਦਤ ਨਾਲ ਯੋਗਦਾਨ ਪਾ ਕੇ ਸਭਾ ਨੂੰ ਜਨਤਕ ਅਧਾਰ ਵਾਲੀ ਬਣਾਉਣ ਦੇ ਉਪਰਾਲੇ ਅਰੰਭੇ ਸੀ। 1980-81 ਦੇ ਪੰਜਾਬ ਅੰਦਰ ਬੱਸ ਕਰਾਇਆ-ਅੰਦੋਲਨ ਦੌਰਾਨ ਪੰਜਾਬ ਅਸੰਬਲੀ ਘਿਰਾਓ ਵੇਲੇ, ਜਿਸ ਨੇ ਅਸੰਬਲੀ ਦੀ ਕਾਰਵਾਈ ਸ਼ੁਰੂ ਹੋਣੋ ਰੋਕ ਦਿੱਤੀ ਸੀ। ਘਿਰਾਓ ਵੇਲੇ ਪਹਿਲੀ ਕਤਾਰ 'ਚ ਸ਼ਾਮਲ ਇਸਤਰੀ ਸਭਾ ਦੀਆਂ ਕਾਰਕੁਨਾਂ ਸਨ, ਜਿਨ੍ਹਾਂ ਨੇ ਅਸੰਬਲੀ ਦਾ ਰਾਹ ਰੋਕਿਆ ਸੀ, ਜਿਸ ਦੀ ਅਗਵਾਈ ਰਾਜਿੰਦਰ ਕੌਰ ਚੋਹਕਾ ਨੇ ਕੀਤੀ ਸੀ। ਹੌਲੀ ਹੌਲੀ ਜਨਵਾਦੀ ਇਸਤਰੀ ਸਭਾ ਨੂੰ ਸੂਬਾਈ ਜੱਥੇਬੰਦਕ ਰੂਪ ਦੇਣ ਲਈ ਬਕਾਇਦਾ ਸਾਰੇ ਜ਼ਿਲ੍ਹਿਆਂ ਅੰਦਰ ਸਰਗਰਮੀਆਂ ਸ਼ੁਰੂ ਕਰਨ ਲਈ ਰਾਜਿੰਦਰ ਕੌਰ ਚੋਹਕਾ ਤੇ ਉਸ ਦੀ ਟੀਮ ਨੇ ਪੂਰੀ ਨਿਸ਼ਟਾ ਨਾਲ ਕੰਮ ਕੀਤਾ। ਸਭਾ ਨੂੰ ਜਨਤਕ-ਰੂਪ ਦੇਣ ਲਈ ਜਮਹੂਰੀ ਪ੍ਰਕਿਰਿਆ ਨੂੰ ਤੇਜ ਕੀਤਾ ਗਿਆ। ਸਭਾ ਦਾ ਘੇਰਾ ਵਿਸ਼ਾਲ ਹੋਇਆ, ਪਰ! ਹਲਾਤਾਂ ਨੇ ਸਾਥ ਨਹੀਂ ਦਿੱਤਾ। ਬਹੁਤ ਸਾਰੇ ਉਤਰਾਵਾਂ ਅਤੇ ਚੜ੍ਹਾਵਾਂ ਬਾਦ, 'ਮੌਜੂਦਾ ਜਨਵਾਦੀ ਇਸਤਰੀ ਸਭਾ ਦੇ ਰੂ-ਬਰੂ ਲੀਡਰਸ਼ਿਪ ਵੱਲੋਂ ਸਭਾ ਨੂੰ ਅੱਗੇ ਵਧਾਉਣ ਲਈ ਯਤਨ ਹੋ ਰਹੇ ਹਨ।

"ਅੱਜ ਫਿਰ ਇਸਤਰੀ ਵਰਗ ਦੇਸ਼ ਦੀ ਸਮੁੱਚੀ ਕਿਸਾਨੀ ਦੇ ਸੰਗ ਦਿੱਲੀ ਦੇ ਕਿੰਗਰਿਆਂ ਨੂੰ ਘੇਰਾ-ਘੱਤੀ ਬੈਠੇ ਲੱਖਾਂ ਕਿਸਾਨ ਮਰਦ ਤੇ ਇਸਤਰੀਆਂ ਜਿਨ੍ਹਾਂ ਨੇ ਆਪਣੀ ਨੈਤਿਕਤਾ ਖੁਦ ਸਿਰਜੀ ਹੈ ਸੰਘਰਸ਼ਸ਼ੀਲ ਹੈ। ਬੜੇ ਸਬਰ ਤੇ ਹੌਸਲਿਆ ਨਾਲ ਸਹਿਣਸ਼ੀਲ ਰਹਿੰਦਿਆ, ਪੂਰੀ ਸੇਵਾ-ਭਾਵਨਾ ਤੇ ਕੁਰਬਾਨੀ ਨਾਲ ਆਪਣੀ ਕਿਰਤ ਨਾਲ ਪੈਦਾ ਕੀਤੇ ਅੰਨ ਜਿਸ ਨੇ ਸਾਡੇ ਰਗਾਂ ਅੰਦਰ ਲਾਲ-ਖੂਨ ਪੈਦਾ ਕੀਤਾ ਹੈ ਅਡੋਲ ਰਹਿ ਕੇ ਹਾਕਮਾਂ ਦੇ ਕਠੋਰ ਤੋਂ ਕਠੋਰ ਤਸੀਹੇ ਸਹਿਣ ਨੂੰ ਤਿਆਰ ਹਨ। ਇਸਤਰੀਆਂ ਜਿਨ੍ਹਾਂ ਨੇ ਬਿਨ੍ਹਾਂ ਅੰਨ ਖਾਧਿਆ, ਬੂੰਦ ਪਾਣੀ ਤੇ ਰਹਿ ਕੇ ਚੱਕੀਆਂ ਪੀਸੀਆਂ, ਆਪਣੇ ਬੱਚਿਆਂ ਦੇ ਟੋਟੇ-ਟੋਟੇ ਕਰਾਏ, ਪਰ !ਸੀ ਨਹੀਂ ਕੀਤਾ ਅਤੇ ਈਨ ਨਹੀਂ ਮੰਨੀ, ਉਹ ਵਿਰਾਸਤ ਅੱਜੇ ਕਾਇਮ ਹੈ। ਸ਼ਹਾਦਤਾ ਵਾਲਾ ਜਿਨਾ ਦਾ ਇਤਿਹਾਸ ਕਾਇਮ ਹੈ, ਉਨ੍ਹਾਂ ਨੂੰ ਪੱਕਾ ਯਕੀਨ ਹੈ, 'ਕਿ ਅਸੀਂ ਜਿਤਾਂਗੀਆਂ ! ਹਾਕਮਾਂ ਨੂੰ ਹਾਰ ਮੰਨਣੀ ਪੈਣੀ ਹੈ, ਇਸ ਲਈ ਭਾਰਤ ਹੀ ਨਹੀਂ, ਸਾਰੇ ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਿੱਤ ਸੱਚ ਦੀ ਹੁੰਦੀ ਹੈ!! ਹਾਰ ਸਦਾ ਤਾਨਾਸ਼ਾਹਾਂ ਦੀ ਹੁੰਦੀ ਹੈ!!!

ਦੇਸ਼ ਅੰਦਰ ਬਸਤੀਵਾਦ ਵਿਰੁਧ ਮੁਕਤੀ ਅੰਦੋਲਨ ਤੋਂ ਲੈਕੇ ਆਜਾਦੀ ਬਾਅਦ ਸਮਾਜਕ ਤਬਦੀਲੀ ਲਈ ਚਲ ਰਹੇ ਸਾਰੇ ਅੰਦੋਲਲਾਂ ਅੰਦਰ, ਇਸਤਰੀ-ਵਰਗ ਨੇ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਹੈ ਤੇ ਹਿੱਸਾ ਲੈ ਰਹੀ ਹੈ। ਪਰ ! ਅੱਜੇ ਵੀ ਦੇਸ਼ ਦੀ ਰਾਜਸਤਾ ਦੇ ਸਮਾਜਕ, ਆਰਥਿਕ ਅਤੇ ਸਭਿਆਚਾਰ ਦੀਆਂ ਵਲਗਣਾਂ ਅੰਦਰ ਇਸਤਰੀ ਪ੍ਰਤੀ ਮਾਨਸਿਕਤਾ ਅਤੇ ਪੈਤ੍ਰਿਕ ਸੋਚ ਵਾਲੀ ਗੁਲਾਮੀ ਨੂੰ ਚੱਕਨਾ-ਚੂਰ ਕਰਨ ਲਈ ਹੋਰ ਸਮਾਂ ਲੱਗੇਗਾ ? ਚੇਤਨਾ, ਜੱਥੇਬੰਦਕ ਸੋਚ ਅਤੇ ਸੰਘਰਸ਼ ਹੀ ਇਸਤਰੀ ਦੀ ਬੰਦ-ਖਲਾਸੀ ਦਾ ਅਗਲਾ ਨਵਾਂ ਪੰਧ ਹੋਵੇਗਾ !



ਸੰਜੇ ਪਰਾਤੇ
ਅਨੁਵਾਦ: ਬੂਟਾ ਸਿੰਘ

# ਭਾਰਤੀ ਮੀਡੀਆ ਲਈ ਅੱਗੇ ਵਧਣ ਦਾ ਰਾਹ

*[ਇਹ ਕਾਰਵਾਂ ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਵਿਨੋਦ ਕੇ ਜੋਸ ਦੇ 21 ਅਗਸਤ ਨੂੰ ਦਿੱਤੇ ਭਾਸ਼ਣ ਦਾ ਸੰਪਾਦਤ ਕੀਤਾ ਰੂਪ ਹੈ ਜੋ ਉਹਨਾਂ ਨੇ ਬੈਂਗਲੂਰੂ ਦੀ ਕ੍ਰਾਈਸਟ ਯੂਨੀਵਰਸਿਟੀ ਵਿਖੇ ਆਯੋਜਿਤ 2020 ਮੀਡੀਆ ਮਿਲਣੀ ਵਾਸਤੇ ਨੌਜਵਾਨ ਪੱਤਰਕਾਰਾਂ ਅਤੇ ਸਿੱਖਿਆ ਵਿਗਿਆਨੀਆਂ ਨੂੰ ਮੁਖ਼ਾਤਿਬ ਹੋ ਕੇ ਦਿੱਤਾ ਸੀ ਜਿਸ ਵਿਚ ਉਹਨਾਂ ਖੋਜੀ ਪੱਤਰਕਾਰੀ ਦੀ ਭੂਮਿਕਾ ਬਾਰੇ ਬਹੁਤ ਹੀ ਮਹੱਤਵਪੂਰਨ ਸਵਾਲਾਂ ਉੱਪਰ ਚਰਚਾ ਕੀਤੀ ਸੀ। ਉਸ ਲੰਮੇ ਭਾਸ਼ਣ ਦਾ ਅਨੁਵਾਦ ਕਾਰਵਾਂ ਮੈਗਜ਼ੀਨ ਦੇ ਧੰਨਵਾਦ ਸਹਿਤ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ - ਸੰਪਾਦਕ]*

ਅਨੁਵਾਦ : ਬੂਟਾ ਸਿੰਘ

2019 ਦੇ ਸ਼ੁਰੂ 'ਚ ਦਿੱਲੀ ਦੇ ਇਕ ਮੇਨਸਟ੍ਰੀਮ ਮੀਡੀਆ ਦੇ ਚੀਫ਼ ਐਡੀਟਰ ਨੇ ਮੈਨੂੰ ਦੁਪਹਿਰ ਦੇ ਖਾਣੇ ਦਾ ਸੱਦਾ ਦਿੱਤਾ। ਚੱਲੋ ਉਹਨਾਂ ਨੂੰ ਟੀਕੇ ਟੀਕੇ ਜੀ ਕਹਿ ਲੈਂਦੇ ਹਾਂ। ਜੋ ਲੋਕ ਮੀਡੀਆ ਨਾਲ ਜੁੜੇ ਹਨ ਉਹਨਾਂ ਨੂੰ ਪਤਾ ਹੋਵੇਗਾ ਕਿ ਟੀਕੇ ਦਾ ਇਸਤੇਮਾਲ ਸੰਪਾਦਨ ਦੇ ਸਮੇਂ ਹੁੰਦਾ ਹੈ ਅਤੇ ਇਸ ਦਾ ਭਾਵ ਹੁੰਦਾ ਹੈ ਟੂ ਕਮ (ਆਉਣ ਵਾਲਾ ਹੈ)। ਅੰਗਰੇਜ਼ੀ ਮੀਡੀਆ ਵਿਚ ਟੀਕੇ ਦਾ ਇਸਤੇਮਾਲ ਅਜੇ ਵੀ ਕੀਤਾ ਜਾਂਦਾ ਹੈ। ਇਹ ਉਸ ਸਥਾਨ 'ਤੇ ਲਗਾਇਆ ਜਾਂਦਾ ਹੈ ਜੋ ਉਦੋਂ ਤੱਕ ਖਾਲੀ ਹੁੰਦੀ ਹੈ ਜਦ ਤੱਕ ਹੋਰ ਸਮੱਗਰੀ ਜਾਂ ਸਟੀਕ ਜਾਣਕਾਰੀ ਉੱਥੇ ਭਰ ਨਹੀਂ ਦਿੱਤੀ ਜਾਂਦੀ। ਅੰਗਰੇਜ਼ੀ ਭਾਸ਼ਾ ਵਿਚ ਇਹ ਪੁਰਾਣਾ ਦੋ ਅੱਖ਼ਰਾਂ ਦਾ ਸ਼ਬਦ ਆਮ ਹੈ ਅਤੇ ਪਰੂਫ਼ ਲਾਉਂਦੇ ਸਮੇਂ ਸੌਖਿਆਂ ਹੀ ਪਕੜ 'ਚ ਆ ਜਾਂਦਾ ਹੈ। "ਜੀ" ਹਿੰਦੀ ਅਤੇ ਪੰਜਾਬੀ ਵਿਚ ਵਰਤਿਆ ਜਾਣ ਵਾਲਾ ਆਦਰਸੂਚਕ ਸ਼ਬਦ ਹੈ ਜੋ ਔਰਤ ਅਤੇ ਮਰਦ ਦੋਨਾਂ ਈ ਵਰਤਿਆ ਜਾਂਦਾ ਹੈ। ਸੋ ਖਾਣੇ ਦੌਰਾਨ ਟੀਕੇ ਟੀਕੇ ਜੀ ਨੇ ਮੈਨੂੰ ਦੱਸਿਆ ਕਿ ਨਰਿੰਦਰ ਮੋਦੀ ਰਾਜ ਵਿਚ ਉਸ ਨੂੰ ਦਬਾਓ ਹੇਠ ਰਹਿਣਾ ਪੈ ਰਿਹਾ ਹੈ।

ਉਹਨਾਂ ਨੇ ਮੈਨੂੰ ਇਕ ਫ਼ੋਨ ਕਾਲ ਬਾਰੇ ਦੱਸਿਆ ਜੋ ਉਹਨਾਂ ਨੂੰ ਕਾਰਵਾਂ ਦੀ ਇਕ ਸਟੋਰੀ ਦੇ ਪ੍ਰਕਾਸ਼ਨ ਤੋਂ ਬਾਦ ਆਈ ਸੀ। "ਪ੍ਰਧਾਨ ਜੀ ਤੁਹਾਡੇ ਨਾਲ ਗੱਲ ਕਰਨਗੇ", ਫ਼ੋਨ ਦੇ ਦੂਜੇ ਪਾਸਿਓਂ ਉਹਨਾਂ ਦੇ ਕੰਨੀਂ ਆਵਾਜ਼ ਪਈ ਸੀ। ਸੰਪਾਦਕ ਹੈਰਾਨ ਸੀ ਕਿ ਇਹ ਪ੍ਰਧਾਨ ਜੀ ਕੌਣ ਹੋਏ। ਕੀ ਇਹ ਕੋਈ ਮਜ਼ਾਕ ਹੈ? ਲੇਕਿਨ ਉਦੋਂ ਹੀ ਹੋਰ ਆਵਾਜ਼ ਉਹਨਾਂ ਦੇ ਕੰਨੀਂ ਪਈ, "ਮੈਂ ਅਮਿਤ ਸ਼ਾਹ ਬੋਲ ਰਿਹਾਂ।"

ਉਸ ਸਮੇਂ ਸ਼ਾਹ ਭਾਰਤੀ ਜਨਤਾ ਪਾਰਟੀ ਦਾ ਕੌਮੀ ਪ੍ਰਧਾਨ ਸੀ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਭਾਰਤ ਦਾ ਦੂਜਾ ਸਭ ਤੋਂ ਬੜਾ ਸ਼ਕਤੀਸ਼ਾਲੀ ਵਿਅਕਤੀ ਸੀ। 2014 'ਚ ਉਹਨਾਂ ਦੀ ਪਾਰਟੀ ਦੀ ਸਰਕਾਰ ਬਣ ਚੁੱਕੀ ਸੀ। ਉਸ ਨੇ ਸੰਪਾਦਕ ਨੂੰ ਦੱਸਿਆ ਕਿ ਕਾਰਵਾਂ ਵੱਲੋਂ ਪ੍ਰਕਾਸ਼ਿਤ ਇਕ ਬੜੀ ਜਾਂਚ ਦੇ ਸੰਬੰਧ 'ਚ ਜੋ ਪ੍ਰੈੱਸ ਕਾਨਫਰੰਸ ਵਿਰੋਧੀ-ਧਿਰ ਦੇ ਆਗੂ ਕਰਨ ਵਾਲੇ ਹਨ ਉਸ ਨੂੰ ਕਵਰ ਨਾ ਕੀਤਾ ਜਾਵੇ। ਮੈਂ ਟੀਕੇ ਟੀਕੇ ਜੀ ਨੂੰ ਪੁੱਛਿਆ ਕਿ ਕੀ ਉਹਨਾਂ ਨੇ ਕਾਰਵਾਂ ਵਿਚ ਖ਼ਬਰ ਛਪਣ ਤੋਂ ਬਾਦ ਆਪਣੇ ਅਖ਼ਬਾਰ ਵਿਚ ਇਹ ਸਟੋਰੀ ਚਲਾਈ ਸੀ। ਉਹਨਾਂ ਨੇ ਕਿਹਾ, "ਅਰੇ ਭੁੱਲ ਜਾਓ। ਇਹ ਅਸੰਭਵ ਸੀ।"

ਆਮ ਤੌਰ 'ਤੇ ਹੁੰਦਾ ਇਹ ਹੈ ਕਿ ਵਿਰੋਧੀ-ਧਿਰ ਪਾਰਟੀਆਂ ਜੇ ਕਿਸੇ ਬੜੀ ਖ਼ਬਰ ਉੱਪਰ ਕੋਈ ਰਾਜਨੀਤਕ ਪ੍ਰਤੀਕਰਮ ਦਿੰਦੀਆਂ ਹਨ ਤਾਂ ਉਸ ਦੇ ਨਾਲ ਉਹ ਖ਼ਬਰ ਛਾਪਣੀ ਸੌਖੀ ਹੋ ਜਾਂਦੀ ਹੈ ਲੇਕਿਨ ਸੰਪਾਦਕ ਜੀ ਨੂੰ ਕਾਲ ਆਈ ਸੀ ਕਿ ਉਹ ਵਿਰੋਧੀ-ਧਿਰ ਦੀ ਪ੍ਰੈੱਸ ਕਾਨਫਰੰਸ ਵੀ ਕਵਰ ਨਾ ਕਰਨ। ਟੀਕੇ ਟੀਕੇ ਜੀ ਨੇ ਮੈਨੂੰ ਦੱਸਿਆ ਕਿ ਉਹਨਾਂ ਨੇ ਬੜੇ ਸਨਮਾਨਜਨਕ ਤਰੀਕੇ ਨਾਲ ਇੰਞ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਸਾਹਿਬ ਨੂੰ ਕਹਿ ਦਿੱਤਾ ਕਿ ਉਹਨਾਂ ਦੇ ਲਈ ਵਿਰੋਧੀ-ਧਿਰ ਦੀ ਪ੍ਰੈੱਸ ਕਾਨਫਰੰਸ ਦੀ ਖ਼ਬਰ ਨਾ ਛਾਪਣਾ ਅਸੰਭਵ ਹੈ। ਉਦੋਂ ਆਮ ਚੋਣਾਂ ਹੋਣ 'ਚ ਥੋੜ੍ਹਾ ਹੀ ਸਮਾਂ ਬਾਕੀ ਸੀ।

"ਪ੍ਰੈੱਸ ਕਾਨਫਰੰਸ 'ਚ ਕੁਛ ਵੀ ਨਵਾਂ ਨਹੀਂ ਹੈ" ਪ੍ਰਧਾਨ ਨੇ ਦੂਜੇ ਪਾਸਿਓਂ ਕਿਹਾ, "ਇਹਨਾਂ ਸਾਰੇ ਮਾਮਲਿਆਂ ਉੱਪਰ ਚਰਚਾ ਹੋ ਚੁੱਕੀ ਹੈ ਅਤੇ ਇਹਨਾਂ ਨੂੰ ਖਾਰਜ ਕੀਤਾ ਜਾ ਚੁੱਕਾ ਹੈ। ਇਸ ਨੂੰ ਕਵਰ ਕਰਨ ਦੀ ਤੁਹਾਨੂੰ ਕੋਈ ਜ਼ਰੂਰਤ ਨਹੀਂ ਹੈ।"

ਅਗਲੇ ਦਿਨ ਟੀਕੇ ਟੀਕੇ ਜੀ ਨੇ ਖ਼ਬਰ ਤਾਂ ਛਾਪੀ ਲੇਕਿਨ ਇਕ ਸੰਖੇਪ ਤੱਥ ਦੇ ਰੂਪ 'ਚ। ਲੇਕਿਨ ਉਹ ਫ਼ੋਨ ਕਾਲ ਤਾਂ ਧਮਕੀਨੁਮਾ ਲਹਿਜ਼ੇ 'ਚ ਸੀ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਇਕ ਰਾਜਨੀਤਕ ਬੰਦੇ ਕੋਲ ਐਨਾ ਹੌਸਲਾ ਹੈ ਕਿ ਭਾਰਤ ਦੇ ਇਕ ਐਸੇ ਸੰਪਾਦਕ ਨੂੰ, ਜਿਸ ਦੇ ਮਤਹਿਤ ਇਕ ਹਜ਼ਾਰ ਤੋਂ ਜ਼ਿਆਦਾ ਪੱਤਰਕਾਰ ਕੰਮ ਕਰਦੇ ਹਨ, ਇਹ ਦੱਸੇ ਕਿ ਖ਼ਬਰ ਦਿੱਤੇ ਜਾਣ ਲਾਇਕ ਨਹੀਂ ਹੈ। ਇੱਥੇ ਪ੍ਰਧਾਨ ਜੀ ਸੰਪਾਦਕ ਦੇ ਵੀ ਸੰਪਾਦਕ ਵਾਂਗ ਵਿਹਾਰ ਕਰ ਰਹੇ ਸਨ।

ਮੈਨੂੰ ਭਾਰਤ ਦੇ ਦੂਜੇ ਸਭ ਤੋਂ ਸ਼ਕਤੀਸ਼ਾਲੀ ਬੰਦੇ ਨਾਲ ਹੋਏ ਟੀਕੇ ਟੀਕੇ ਜੀ ਦੇ ਐਨਕਾਊਂਟਰ ਦੀ ਕਹਾਣੀ ਸੁਣਨ 'ਚ ਮਜ਼ਾ ਆ ਰਿਹਾ ਸੀ ਕਿਉਂਕਿ ਇਸ ਨਾਲ ਸਾਡੇ ਦੌਰ ਦੀਆਂ ਕੁਛ ਬੜੀਆਂ ਖ਼ਬਰਾਂ ਉੱਪਰ ਰਵਾਇਤੀ ਜਾਂ ਲੀਗੇਸੀ ਮੀਡੀਆ ਦੀ ਖ਼ਾਮੋਸ਼ੀ ਨੂੰ ਸਮਝਿਆ ਜਾ ਸਕਦਾ ਹੈ। ਯਕੀਨਨ, ਭਾਰਤੀ ਮੀਡੀਆ ਨੇ ਇਤਿਹਾਸਕ ਰੂਪ 'ਚ ਉਹਨਾਂ ਸਦਾ ਬਹਾਰ ਮਾਮਲਿਆਂ 'ਚ ਇਕ ਕਲਾਸਿਕ ਖ਼ਾਮੋਸ਼ੀ ਵਰਤੀ ਹੈ ਜਿਹਨਾਂ ਨਾਲ ਆਗੂਆਂ ਨੂੰ ਪ੍ਰੇਸ਼ਾਨੀ ਹੁੰਦੀ ਹੈ। ਕੁਛ ਮਾਮਲਿਆਂ ਦੀ ਗੱਲ ਕਰਾਂ ਤਾਂ ਉਹਨਾਂ ਵਿਚ ਭਾਰਤੀਆਂ ਵਿਚ ਵਧ ਰਹੀ ਨਾਬਰਾਬਰੀ, ਹੇਠਲੀਆਂ ਜਾਤੀਆਂ ਦੇ ਸਮੂਹ ਅਤੇ ਕਬੀਲਿਆਂ ਉੱਪਰ ਹੋ ਰਹੇ ਜ਼ੁਲਮ, ਧਾਰਮਿਕ ਅਤੇ ਨਸਲੀ ਘੱਟਗਿਣਤੀਆਂ ਉੱਪਰ ਹਿੰਸਾ, ਖੇਤੀ ਸੰਕਟ, ਬੜੀਆਂ ਖਣਨ ਕਾਰਪੋਰੇਸ਼ਨਾਂ ਵੱਲੋਂ ਭਾਰਤ ਦੇ ਭਰਪੂਰ ਪੌਣਪਾਣੀ ਦੀ ਤਬਾਹੀ, ਵੱਟੇ ਖ਼ਾਤੇ ਪਾਇਆ ਕਰਜਾ, ਜੋ ਸਾਡੀ ਵਿਵਸਥਾ ਨੇ ਖ਼ੁਸ਼ੀ ਖ਼ੁਸ਼ੀ ਬੜੇ ਘਰਾਣਿਆਂ ਨੂੰ ਸੌਂਪ ਦਿੱਤਾ ਹੈ ਅਤੇ ਨਿਆਂ ਪ੍ਰਣਾਲੀ ਦੀ ਸੜਿਆਂਦ ਵਰਗੇ ਮੁੱਦੇ ਸ਼ਾਮਲ ਹਨ।

ਇੱਧਰ-ਉੱਧਰ ਛਪੀਆਂ ਕੁਛ ਬਾਈ-ਲਾਈਨਾਂ ਨੂੰ ਛੱਡ ਦੇਈਏ ਤਾਂ ਇਹਨਾਂ ਮਾਮਲਿਆਂ ਉੱਪਰ ਭਾਰਤੀ ਮੁੱਖਧਾਰਾ ਮੀਡੀਆ 'ਚ ਸ਼ਾਇਦ ਹੀ ਕਦੇ ਇਕਰੂਪਤਾ ਰਹੀ ਹੈ। ਜੇ ਹਾਲਾਤ ਐਸੇ ਹਨ ਤਾਂ ਇਸ ਮੀਡੀਆ ਤੋਂ ਜਨਤਾ ਲਈ ਬਿਰਤਾਂਤ ਸੈੱਟ ਕਰਨ ਦੀ ਉਮੀਦ ਕਰਨਾ ਬੇਮਾਇਨੇ ਹੈ। ਇਸ ਕਲਾਸਿਕ ਖ਼ਾਮੋਸ਼ੀ ਦੀ ਵਜਾ ਜਾਤਪਾਤ, ਮਾਲਕੀ, ਲਿੰਗ ਵਿਤਕਰਾ, ਅਗਿਆਨਤਾ ਅਤੇ ਉਦਾਸੀਨਤਾ ਵਰਗੇ ਕਾਰਕ ਹਨ ਜੋ 2014 'ਚ ਨਰਿੰਦਰ ਮੋਦੀ ਦੇ ਦਿੱਲੀ ਆਉਣ ਤੋਂ ਬਾਦ ਹੋਰ ਮਜ਼ਬੂਤ ਹੋ ਗਏ ਹਨ।

ਟੀਕੇ ਟੀਕੇ ਜੀ ਦੇ ਪ੍ਰਧਾਨ ਜੀ ਨਾਲ ਐਨਕਾਊਂਟਰ ਨੇ ਮੈਨੂੰ ਇਹ ਵੀ ਸਮਝਾਇਆ ਕਿ ਇਹਨਾਂ ਸਾਲਾਂ 'ਚ ਕਾਰਵਾਂ ਵੱਲੋਂ ਕੀਤੀਆਂ ਗਈਆਂ ਬੜੀਆਂ ਜਾਂਚ-ਪੜਤਾਲਾਂ ਨੂੰ ਰਵਾਇਤੀ ਮੀਡੀਆ ਨੇ ਅੱਗੇ ਕਿਉਂ ਨਹੀਂ ਵਧਾਇਆ। ਇਹਨਾਂ ਵਿਚ ਜੱਜ ਬੀ.ਐੱਚ. ਲੋਇਆ ਦੀ ਮੌਤ ਦਾ ਮਾਮਲਾ ਵੀ ਹੈ ਜੋ ਸੋਹਰਾਬੂਦੀਨ ਸ਼ੇਖ਼ ਫਰਜੀ ਮੁਕਾਬਲਾ ਮਾਮਲੇ ਦੀ ਸੁਣਵਾਈ ਕਰ ਰਹੇ ਸਨ। ਉਸ ਕੇਸ ਵਿਚ ਪ੍ਰਧਾਨ ਜੀ ਮੁੱਖ ਮੁਲਜ਼ਮ ਸਨ। ਇਸ ਤੋਂ ਇਲਾਵਾ, ਰਾਫ਼ਾਲ ਰੱਖਿਆ ਸਮਝੌਤਾ, ਸ਼ਾਹ ਦੇ ਫਰਜ਼ੰਦ ਦੀ ਕੰਪਨੀ ਦਾ ਵੱਧਦਾ ਕਾਰੋਬਾਰ, ਕੌਮੀ ਸੁਰੱਖਿਆ ਸਲਾਹਕਾਰ ਦੇ ਫਰਜ਼ੰਦ ਦੀ ਕੰਪਨੀ, ਜੋ ਟੈਕਸ ਹੈਵਨ ਕੇਮੈਨ ਆਈਲੈਂਡ ਤੋਂ ਚਲਾਈ ਜਾ ਰਹੀ ਹੈ ਅਤੇ ਹੋਰ ਰਿਪੋਰਟਾਂ ਵੀ। ਜੇ ਪ੍ਰਧਾਨ ਜੀ ਨੇ ਟੀਕੇ ਟੀਕੇ ਜੀ ਨੂੰ ਇਕ ਵਾਰ ਫ਼ੋਨ ਕੀਤਾ ਸੀ ਤਾਂ ਸੰਭਵ ਹੈ ਪ੍ਰਧਾਨ ਜੀ ਨੇ ਉਹਨਾਂ ਨੂੰ ਕਈ ਵਾਰ ਫ਼ੋਨ ਕੀਤਾ ਹੋਵੇਗਾ। ਟੀਕੇ ਟੀਕੇ ਜੀ ਨੂੰ ਫ਼ੋਨ ਆਇਆ ਸੀ, ਤਾਂ ਇਹ ਸੰਭਵ ਹੈ ਕਿ ਹੋਰ ਸੰਪਾਦਕਾਂ ਅਤੇ ਮਾਲਕਾਂ ਨੂੰ ਵੀ ਐਸੇ ਫ਼ੋਨ ਆਏ ਹੋਣਗੇ।

ਭਾਰਤੀ ਮੀਡੀਆ ਨੇ ਬੀਤੇ 'ਚ ਜਿਵੇਂ ਕੰਮ ਕੀਤਾ ਸੀ ਕਾਰਵਾਂ ਦੀਆਂ ਪੜਤਾਲਾਂ ਵਿਚ ਉਸ ਦਾ ਪ੍ਰਭਾਵ ਸੀ। 1980 'ਚ ਜਦ ਦ ਹਿੰਦੂ ਅਖ਼ਬਾਰ ਨੇ ਬੋਫ਼ੋਰਸ ਮਾਮਲੇ ਦਾ ਖ਼ੁਲਾਸਾ ਕੀਤਾ ਸੀ ਤਾਂ ਇਸ ਖ਼ਬਰ ਦੇ ਨਵੇਂ ਪੱਖਾਂ ਨੂੰ ਸਾਹਮਣੇ ਲਿਆਉਣ ਲਈ ਇੰਡੀਅਨ ਐਕਸਪ੍ਰੈੱਸ ਅਤੇ ਹੋਰ ਮੀਡੀਆ ਘਰਾਣਿਆਂ ਦੇ ਪੱਤਰਕਾਰਾਂ ਵਿਚ ਮੁਕਾਬਲੇਬਾਜ਼ੀ ਸ਼ੁਰੂ ਹੋ ਗਈ ਸੀ। ਸੰਨ 2000 'ਚ ਜਦ ਤਹਿਲਕਾ ਨੇ ਸੱਤਾਧਾਰੀ ਅਟੱਲ ਬਿਹਾਰੀ ਵਾਜਪਾਈ ਸਰਕਾਰ ਦੇ ਆਗੂਆਂ ਦਾ ਸਟਿੰਗ ਅਪਰੇਸ਼ਨ ਕੀਤਾ ਸੀ ਤਾਂ ਕੌਮੀ ਮੀਡੀਆ ਨੇ ਇਸ ਘਟਨਾ ਦੇ ਸਾਰੇ ਪੱਖ ਕਵਰ ਕੀਤੇ। ਹਰੇਕ ਨਿਊਜ਼ ਮੀਡੀਆ ਨੇ ਆਪਣੇ ਸਭ ਤੋਂ ਮਾਹਰ ਖੋਜੀ ਪੱਤਰਕਾਰਾਂ ਨੂੰ ਮਨਮੋਹਨ ਸਿੰਘ ਸਰਕਾਰ ਦੇ ਭ੍ਰਿਸ਼ਟਾਚਾਰਾਂ ਦਾ ਖ਼ੁਲਾਸਾ ਕਰਨ 'ਚ ਲਗਾ ਦਿੱਤਾ ਸੀ। ਇਹ ਸਭ ਪੱਤਰਕਾਰੀ ਦੀਆਂ ਸੁਖਾਵੀਂਆਂ ਯਾਦਾਂ ਹਨ ਲੇਕਿਨ ਇਹਨਾਂ ਨੂੰ ਐਸੇ ਲੈਂਡ ਮਾਰਕ ਨਹੀਂ ਮੰਨਿਆ ਜਾ ਸਕਦਾ ਜਿਹਨਾਂ ਵਿਚ ਪ੍ਰੈੱਸ ਨੇ ਸ਼ਕਤੀਸ਼ਾਲੀ ਰਾਜ ਨੇਤਾਵਾਂ ਦੀਆਂ ਗੋਡਣੀਆਂ ਲਗਾ ਦਿੱਤੀਆਂ ਹੋਣ।

ਭਾਰਤੀ ਮੀਡੀਆ ਨੇ ਹੁਣ ਤੱਕ ਵਾਟਰਗੇਟ ਵਰਗਾ ਖ਼ੁਲਾਸਾ ਨਹੀਂ ਕੀਤਾ ਹੈ ਜਿਸ ਨੇ ਅਮਰੀਕਾ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ ਸੀ। ਜਾਂ ਇਸ ਦੇ ਇਤਿਹਾਸ ਵਿਚ ਉਸ ਤਰਾਂ ਦੇ ਪਲ ਵੀ ਨਹੀਂ ਹਨ ਜਿਹਨਾਂ ਵਿਚ ਪੈਂਟਾਗਾਨ ਪੇਪਰਜ਼ ਵਰਗਾ ਕੋਈ ਖ਼ੁਲਾਸਾ ਕੀਤਾ ਗਿਆ ਹੋਵੇ ਜਿਸ ਵਿਚ ਰਾਜ ਨੇਤਾਵਾਂ ਅਤੇ ਪ੍ਰੈੱਸ ਦਰਮਿਆਨ ਤਕਰਾਰ ਹੋਇਆ ਹੋਵੇ ਅਤੇ ਆਖ਼ਿਰਕਾਰ ਨਿਆਂਪਾਲਿਕਾ ਨੇ ਪੱਤਰਕਾਰਾਂ ਦੇ ਉਸ ਅਧਿਕਾਰ ਨੂੰ ਮਹਿਫ਼ੂਜ਼ ਕੀਤਾ ਹੋਵੇ ਜਿਸ ਵਿਚ ਉਹ ਸੱਤਾਧਾਰੀਆਂ ਦੀਆਂ ਐਸੀਆਂ ਗੇਮਾਂ ਨੂੰ ਉਜਾਗਰ ਕਰਦੇ ਹੋਣ, ਜਿਹਨਾਂ ਨੂੰ ਆਗੂ ਗੁਪਤ ਰੱਖਣਾ ਚਾਹੁੰਦੇ ਹੋਣ।

ਭਾਰਤੀ ਪੱਤਰਕਾਰੀ 'ਚ ਐਸੇ ਮੀਲ-ਪੱਥਰ ਘੱਟ ਹੀ ਰਹੇ ਹਨ ਜਿਸ ਵਿਚ ਇਸ ਨੇ ਜਾਬਰ ਆਗੂਆਂ, ਭ੍ਰਿਸ਼ਟ ਅਤੇ ਬੋਦੇ ਹੋ ਚੁੱਕੇ ਪ੍ਰਬੰਧ ਨਾਲ ਮੱਥਾ ਲਾਇਆ ਹੋਵੇ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਲੜਾਈ ਫ਼ੈਸਲਾਕੁੰਨ ਰੂਪ 'ਚ ਜਿੱਤ ਲਈ ਗਈ ਹੋਵੇ। ਇਹਨਾਂ ਹਾਲਾਤ 'ਚ ਅੱਜ ਦੇ ਬਹੁਗਿਣਤੀਵਾਦੀ ਆਗੂਆਂ ਨੂੰ ਇਹ ਸਵੈਵਿਸ਼ਵਾਸ ਹੋ ਗਿਆ ਹੈ ਕਿ ਉਹ ਰਵਾਇਤੀ ਨਿਊਜ਼ ਜਥੇਬੰਦੀਆਂ ਨੂੰ ਕੰਟਰੋਲ ਕਰ ਲੈਣਗੇ।

ਲਿਹਾਜ਼ਾ ਜੋ ਅਸੀਂ ਅੱਜ ਦੇਖ ਰਹੇ ਹਾਂ ਉਹ ਪੱਤਰਕਾਰੀ ਦਾ ਮੁਲੰਮਾ ਚੜ੍ਹਿਆ ਦੌਰ ਹੈ ਜਿੱਥੇ ਭਾਰਤੀ ਰਵਾਇਤੀ ਨਿਊਜ਼ ਸੰਸਥਾਵਾਂ ਸੱਤਾ ਤੋਂ ਜਵਾਬਦੇਹੀ ਮੰਗਣ ਤੋਂ ਕੰਨੀ ਕਤਰਾਉਂਦੀਆਂ ਹਨ, ਜਦਕਿ ਐਸਾ ਕਰਨਾ ਲੋਕਤੰਤਰ ਵਿਚ ਪ੍ਰੈੱਸ ਦੇ ਲਈ ਇਤਿਹਾਸਕ ਭੂਮਿਕਾ ਹੈ। ਕੁਛ ਰਵਾਇਤੀ ਨਿਊਜ਼ ਸੰਸਥਾਵਾਂ ਪੰਚਿੰਗ ਬੀਲੋਅ ਦੇਅਰਰ ਵੇਟ (ਆਪਣੀ ਹੁਨਰਮੰਦੀ ਦੀ ਤੁਲਨਾ 'ਚ ਬੇਹੂਦਗੀ ਪ੍ਰੋਸਣ) ਦੀ ਕਲਾ ਵਿਚ ਮਾਹਿਰ ਹੋ ਗਈਆਂ ਹਨ ਅਤੇ ਬਾਕੀ ਸਟੇਟ ਦੇ ਬਿਰਤਾਂਤ ਨੂੰ ਅੱਗੇ ਵਧਾਉਣ 'ਚ ਉਸ ਦੇ ਸਹਾਇਕ ਬਣ ਗਏ ਹਨ। ਤਾਂ ਫਿਰ ਨੌਜਵਾਨ ਪੱਤਰਕਾਰ ਪੱਤਰਕਾਰੀ ਕਿਸ ਤੋਂ ਸਿੱਖਣਗੇ?

ਇਕ ਪੱਤਰਕਾਰ ਆਪਣੇ ਕੰਮ ਨੂੰ ਤਿੰਨ ਤਰਾਂ ਬਿਆਨ ਕਰ ਸਕਦਾ ਹੈ। ਉਹ ਕਹਿ ਸਕਦਾ ਹੈ ਕਿ ਇਹ ਉਸ ਦੀ ਨੌਕਰੀ ਹੈ, ਉਸ ਦਾ ਪੇਸ਼ਾ ਹੈ ਜਾਂ ਉਸ ਦੀ ਪ੍ਰੇਰਣਾ ਹੈ। ਅਤੇ ਇਹੀ ਉਹ ਪਹਿਲੂ ਹੈ ਜੋ ਸੱਤਾ ਦੇ ਨਾਲ ਪੱਤਰਕਾਰ ਦੇ ਰਿਸ਼ਤੇ ਨੂੰ ਤੈਅ ਕਰਦਾ ਹੈ। ਪੱਤਰਕਾਰ, ਪ੍ਰੈੱਸ ਅਤੇ ਨਿਰਪੱਖ ਅਤੇ ਸੁਤੰਤਰ ਪੱਤਰਕਾਰੀ ਦਾ ਈਕੋਸਿਸਟਮ ਵਿਵਸਥਾ ਦੀ ਮਨਮਾਨੀ ਦੇ ਖ਼ਿਲਾਫ਼ ਉਦੋਂ ਜ਼ਿਆਦਾ ਮਜ਼ਬੂਤੀ ਨਾਲ ਖੜ੍ਹਾ ਰਹਿ ਸਕਦਾ ਹੈ ਜਦ ਉਹ ਪੱਤਰਕਾਰੀ ਨੂੰ ਪ੍ਰੇਰਣਾ ਦੀ ਤਰਾਂ ਪ੍ਰੇਰਣਾ ਦੇ ਤੌਰ 'ਤੇ ਲੈਂਦਾ ਹੈ। ਇਸ ਨੂੰ ਇਕ ਗ੍ਰਾਫ਼ ਬਣਾ ਕੇ ਦੇਖ ਸਕਣਾ ਵੀ ਲਗਭਗ ਸੰਭਵ ਹੈ। ਜਿੰਨਾ ਜ਼ਿਆਦਾ ਇਕ ਪੱਤਰਕਾਰ ਆਪਣੇ ਕੰਮ ਨੂੰ ਪ੍ਰੇਰਣਾ ਮੰਨੇਗਾ ਉਨਾ ਹੀ ਉਹ ਸੱਤਾਧਾਰੀਆਂ ਦੇ ਬਿਰਤਾਂਤ ਨੂੰ ਚੁਣੌਤੀ ਦੇਵੇਗਾ। ਜਦ ਪੱਤਰਕਾਰੀ ਨੌਕਰੀ ਦੇ ਰੂਪ 'ਚ ਹੁੰਦੀ ਹੈ ਤਾਂ ਪੱਤਰਕਾਰ ਨੂੰ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕੀ ਕਰਦਾ ਹੈ। ਉਦੋਂ ਉਹ ਬਿਰਤਾਂਤ ਦੇ ਪਾਏ ਪੂਰਨਿਆਂ 'ਤੇ ਚੱਲਦਾ ਹੈ ਅਤੇ ਉਸ ਬਿਰਤਾਂਤ 'ਚ ਸਹਿਯੋਗੀ ਦੀ ਭੂਮਿਕਾ ਵੀ ਨਿਭਾ ਸਕਦਾ ਹੈ। ਅਤੇ ਜਿੱਥੇ ਪੱਤਰਕਾਰੀ ਨੂੰ ਪੇਸ਼ਾ ਸਮਝਿਆ ਜਾਂਦਾ ਹੈ ਉੱਥੇ ਪੱਤਰਕਾਰ ਦੋਨੋਂ ਹੀ ਦਿਸ਼ਾਵਾਂ 'ਚ ਜਾ ਸਕਦਾ ਹੈ। ਆਪਣੇ ਸਰਬੋਤਮ ਰੂਪ 'ਚ ਪੱਤਰਕਾਰੀ ਉਦੋਂ ਹੁੰਦੀ ਹੈ ਜਦ ਉਹ ਪ੍ਰੇਰਣਾ ਹੁੰਦੀ ਹੈ। ਇਹ ਜਦ ਇਕ ਨੌਕਰੀ ਹੁੰਦੀ ਹੈ ਤਾਂ ਇਹ ਉਸਦਾ ਸਭ ਤੋਂ ਭੈੜਾ ਰੂਪ ਹੁੰਦਾ ਹੈ।

ਜੇ ਅਸੀਂ ਲੋਕ ਸੰਵੇਦਨਾ ਉੱਪਰ ਗ਼ੌਰ ਕਰੀਏ ਅਤੇ ਨਾਲ ਹੀ ਆਜ਼ਾਦੀ ਤੋਂ ਬਾਦ ਭਾਰਤੀ ਪੱਤਰਕਾਰੀ ਦੇ ਕੰਮ ਦੀ ਸਮੀਖਿਆ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਮੀਡੀਆ ਮੋਟੇ ਤੌਰ 'ਤੇ ਪਹਿਲੇ ਅਤੇ ਦੂਜੇ ਖੇਤਰ ਵਿਚ ਆਉਂਦਾ ਹੈ। ਭਾਰਤ ਵਿਚ ਪੱਤਰਕਾਰੀ ਜ਼ਿਆਦਾ ਸਮਾਂ ਨੌਕਰੀ ਅਤੇ ਪੇਸ਼ੇ ਦੇ ਦਾਇਰੇ ਵਿਚ ਘੁੰਮਦੀ ਰਹਿੰਦੀ ਹੈ। ਇਸ ਵਰਤਾਰੇ ਨੂੰ ਇਤਿਹਾਸਕ ਤੱਥਾਂ ਨਾਲ ਕੁਛ ਹੱਦ ਤੱਕ ਸਮਝਿਆ ਜਾ ਸਕਦਾ ਹੈ। ਭਾਰਤ ਦੇ ਹਰਮਨਪਿਆਰੇ ਆਜ਼ਾਦੀ ਘੁਲਾਟੀਆਂ ਵਿੱਚੋਂ ਲਗਭਗ 70ਫ਼ੀ ਸਦੀ ਪੱਤਰਕਾਰ ਸਨ। ਆਜ਼ਾਦੀ ਲਈ ਉਹਨਾਂ ਦੀ ਰੀਝ ਨੇ ਉਹਨਾਂ ਨੂੰ ਲਿਖਣ ਅਤੇ ਪ੍ਰਕਾਸ਼ਨ ਦੀ ਤਰਫ਼ ਮੋੜਿਆ। ਲੇਕਿਨ ਜੋ ਅਖ਼ਬਾਰ ਉਹਨਾਂ ਨੇ ਸ਼ੁਰੂ ਕੀਤੇ, ਆਜ਼ਾਦੀ ਤੋਂ ਬਾਦ ਉਹ ਬੜੇ ਕਾਰੋਬਾਰੀਆਂ ਦੇ ਕਬਜ਼ੇ ਵਿਚ ਆ ਗਏ ਜਿਹਨਾਂ ਦੇ ਲਈ ਮੀਡੀਆ ਪੂੰਜੀ-ਨਿਵੇਸ਼ ਸੀ ਅਤੇ ਪੱਤਰਕਾਰਾਂ ਨੂੰ ਫ਼ੈਸਲਾ ਲੈਣ ਦੇ ਕੰਮ ਤੋਂ ਪਰਾਂ ਕਰ ਦਿੱਤਾ ਗਿਆ। ਅੱਜ ਭਾਰਤ ਦਾ ਜ਼ਿਆਦਾਤਰ ਮੀਡੀਆ ਤੇਲ, ਟੈਲੀਕਾਮ, ਖਣਨ, ਸੀਮੈਂਟ, ਸੂਦਖ਼ੋਰਾਂ, ਰੱਖਿਆ ਵਿਚੋਲਿਆਂ ਅਤੇ ਆਗੂਆਂ ਦੀ ਮਾਲਕੀ ਹੈ ਅਤੇ ਇਸ ਵਿਚ ਜ਼ਿਆਦਾਤਰ ਮਰਦ ਹਨ। ਇਸ ਦੌਰਾਨ ਆਜ਼ਾਦੀ ਤੋਂ ਬਾਦ ਅੰਗਰੇਜ਼ਾਂ ਵੱਲੋਂ ਚਲਾਏ ਜਾ ਅਖ਼ਬਾਰ ਭਾਰਤ ਦੇ ਸਰਦੇ-ਪੁੱਜਦੇ ਕਾਰੋਬਾਰੀਆਂ ਨੇ ਖ਼ਰੀਦ ਲਏ ਜੋ ਬੜੇ ਹੰਕਾਰ ਨਾਲ ਕਹਿੰਦੇ ਹਨ ਕਿ ਉਹ ਅਖ਼ਬਾਰ ਦਾ ਕਾਰੋਬਾਰ ਨਹੀਂ ਸਗੋਂ ਇਸ਼ਤਿਹਾਰਬਾਜ਼ੀ ਦਾ ਕਾਰੋਬਾਰ ਕਰਦੇ ਹਨ।

ਜ਼ਿਆਦਾਤਰ ਅਭਿਲਾਸ਼ੀ ਨੌਜਵਾਨ ਪੱਤਰਕਾਰਾਂ ਨੂੰ ਸਮਝ ਨਹੀਂ ਆ ਰਿਹਾ ਕਿ ਭਾਰਤੀ ਨਿਊਜ਼ ਰੂਮ 'ਚ ਵੜਨ ਦਾ ਫਿਰ ਕੀ ਲਾਭ ਹੈ। ਇਹਨਾਂ ਤਮਾਮ ਆਲੋਚਨਾਵਾਂ ਦੇ ਬਾਵਜੂਦ ਮੈਂ ਨੌਜਵਾਨਾਂ ਨੂੰ ਅਪੀਲ ਕਰਦਾ ਹੈ ਕਿ ਮੌਕਾ ਮਿਲਣ 'ਤੇ ਉਹ ਭਾਰਤੀ ਨਿਊਜ਼ ਸੰਸਥਾ 'ਚ ਕੰਮ ਜ਼ਰੂਰ ਕਰਨ। ਪਿਛਲੇ ਸਾਲ ਪੱਤਰਕਾਰੀ ਸਕੂਲ ਦੇ ਕਾਨਵੋਕੇਸ਼ਨ ਸਮਾਰੋਹ 'ਚ ਮੈਂ ਜੋ ਭਾਸ਼ਣ ਦਿੱਤਾ ਸੀ ਉਸ ਵਿਚ ਮੈਂ ਇਸ ਗੱਲ ਉੱਪਰ ਚਰਚਾ ਕੀਤੀ ਸੀ ਕਿ ਨਿਊਜ਼ ਰੂਮ 'ਚ ਦਾਖ਼ਲ ਹੋਣ ਨੂੰ ਕਿਉਂ ਇਕ ਮੌਕੇ ਦੇ ਰੂਪ 'ਚ ਦੇਖਿਆ ਜਾਣਾ ਚਾਹੀਦਾ ਹੈ। ਇੱਥੇ ਆ ਕੇ ਤੁਸੀਂ ਪੱਤਰਕਾਰੀ ਦੇ ਕੰਮ ਦੀਆਂ ਪੰਜ ਬੁਨਿਆਦਾਂ ਨੂੰ ਸਮਝ ਸਕਦੇ ਹੋ - ਖ਼ਬਰ ਸੁੰਘਣ ਦੀ ਸ਼ਕਤੀ, ਦਰੁਸਤ ਮੁਲਾਂਕਣ, ਨੈਤਿਕ ਦਲੇਰੀ, ਵਿਸ਼ੇ ਉੱਪਰ ਪਕੜ ਅਤੇ ਲਿਖਣ ਦੀ ਮੁਹਾਰਤ।

ਇਹ ਜ਼ਰੂਰੀ ਹੈ ਕਿ ਇਕ ਪੱਤਰਕਾਰ ਇਹਨਾਂ ਖੇਤਰਾਂ ਵਿਚ ਮੁਹਾਰਤ ਹਾਸਲ ਕਰੇ ਅਤੇ ਜੇ ਉਹ ਪੱਤਰਕਾਰ ਐਸਾ ਖਣਨ, ਤੇਲ ਅਤੇ ਟੈਲੀਕਾਮ ਵਪਾਰੀਆਂ ਦੀ ਤਨਖ਼ਾਹ ਉੱਪਰ ਕਰ ਸਕਦਾ ਹੈ ਤਾਂ ਉਸ ਨੂੰ ਗੁਰੇਜ਼ ਨਹੀਂ ਹੋਣਾ ਚਾਹੀਦਾ। ਦੇਖੋ ਸੰਪਾਦਕੀ ਸਮਝੌਤਾ ਪੂਰੇ ਮੀਡੀਆ ਢਾਂਚੇ 'ਚ ਫੈਲਿਆ ਰੋਗ ਹੈ: ਕੋਈ ਨਿਊਜ਼ ਰੂਮ 40 ਫ਼ੀ ਸਦੀ ਬੀਮਾਰ ਹੈ, ਤੇ ਕੋਈ 50 ਫ਼ੀ ਸਦੀ ਅਤੇ ਬਾਕੀ ਵੀ ਇਸੇ ਤਰਾਂ ਹਨ। ਲੇਕਿਨ ਇਕ ਪੱਤਰਕਾਰ ਕਿਸੇ ਬੀਮਾਰ ਜਗਾ 'ਚ ਕੰਮ ਕਰ ਸਕਦਾ ਹੈ, ਉਸ ਨੂੰ ਬਦਲਣ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਜਦ ਤੱਕ ਉਹ ਉੱਥੇ ਮੌਜੂਦ ਹੈ ਉਸ ਦੇ ਅੰਦਰ ਰਹਿ ਕੇ ਇਕ ਚੰਗੀ ਲੜਾਈ ਲੜ ਸਕਦਾ ਹੈ।

ਲੇਕਿਨ ਅੱਜ ਮੈਂ ਇਕ ਹੋਰ ਗੱਲ ਵੱਲ ਧਿਆਨ ਦਿਵਾਉਣਾ ਚਾਹਾਂਗਾ। ਫਿਰ ਕੀ ਹੋਵੇਗਾ ਜੇ ਕਿਸੇ ਪੱਤਰਕਾਰ ਨੇ ਪੰਜਾਂ ਬੁਨਿਆਦਾਂ ਉੱਪਰ ਮੁਹਾਰਤ ਤਾਂ ਹਾਸਲ ਕਰ ਲਈ ਹੋਵੇ ਅਤੇ ਇਕ ਚੰਗੀ ਲੜਾਈ ਵੀ ਲੜੀ ਹੋਵੇ ਲੇਕਿਨ ਉਹ ਹੁਣ ਇਸ ਨੂੰ ਹੋਰ ਨਹੀਂ ਝੱਲ ਸਕਦਾ? ਤਾਂ ਕੀ ਉਸ ਨੂੰ ਮੀਡੀਆ ਕੰਪਨੀਆਂ ਦੇ ਮਾਲਕ ਕਾਰੋਬਾਰੀਆਂ ਦੇ ਹਿਤਾਂ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ? ਅਤੇ ਫਿਰ ਕੀ ਹੋਵੇਗਾ ਜੇ ਉਹ ਪੱਤਰਕਾਰ ਨਿਊਜ਼ ਰੂਮ 'ਚ ਦਾਖ਼ਲ ਹੋਣ ਦੇ ਬਾਵਜੂਦ ਇਸ ਕੰਮ ਦੇ ਵੱਖ-ਵੱਖ ਪਾਸਾਰਾਂ ਉੱਪਰ ਮੁਹਾਰਤ ਹਾਸਲ ਕਰਨ ਤੱਕ ਉੱਥੇ ਟਿਕ ਨਹੀਂ ਪਾਉਂਦਾ? ਅਤੇ ਫਿਰ ਕੀ ਹੋਵੇਗਾ ਜਦ ਉਸ ਨੂੰ ਕਿਸੇ ਫੈਂਸੀ ਨਿਊਜ਼ ਸੰਸਥਾ ਵਿਚ ਜਾਣਾ ਹੀ ਨਸੀਬ ਨਹੀਂ ਹੁੰਦਾ?

ਐਸੇ ਪੱਤਰਕਾਰ ਸੋਚਦੇ ਹੋਣਗੇ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ? ਮੇਰੇ ਕੋਲ ਉਹਨਾਂ ਲਈ ਕੁਛ ਸੁਝਾਅ ਹਨ। ਕਈ ਪੱਧਰਾਂ 'ਤੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਜਾਪਦਾ ਹੈ ਲੇਕਿਨ ਇਕ ਹਾਂਪੱਖੀ ਪਹਿਲੂ ਇਹ ਹੈ ਕਿ ਜਦ ਇਕ ਰਾਸ਼ਟਰ ਦੀ ਜ਼ਿੰਦਗੀ-ਮੌਤ ਦਾ ਸੰਘਰਸ਼ ਤਿੱਖਾ ਹੋ ਰਿਹਾ ਹੁੰਦਾ ਹੈ ਤਾਂ ਉਸ ਵਕਤ ਪੱਤਰਕਾਰੀ ਵਰਗੀ ਸੰਸਥਾ ਦੀ ਭੂਮਿਕਾ ਪਹਿਲਾ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ। ਫਿਰ ਇਹ ਸਹੀ ਹੋਵੇਗਾ ਕਿ ਅੱਜ ਦੇ ਹਾਲਾਤ ਨੂੰ ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ ਸਮਝ ਲਿਆ ਜਾਵੇ। ਜਦ ਇਕ ਪਾਸੇ ਫਾਸ਼ੀਵਾਦੀ ਤਾਕਤਾਂ ਤੇਜ਼ੀ ਨਾਲ ਇਕ ਨਿਆਂਪੂਰਨ ਸਮਾਜ ਦੀ ਰੀਝ ਦਾ ਗਲਾ ਘੁੱਟ ਰਹੀਆਂ ਹੁੰਦੀਆਂ ਹਨ ਤਾਂ ਦੂਜੇ ਪਾਸੇ ਸਮਾਜੀ ਉੱਥਲ-ਪੁੱਥਲ ਵੀ ਪੈਦਾ ਹੋ ਰਹੀ ਹੁੰਦੀ ਹੈ। ਉਹ ਤੁਰੰਤ ਨਜ਼ਰ ਨਹੀਂ ਆਉਂਦੀ ਲੇਕਿਨ ਉਹ ਇਕ ਸਮਾਜੀ ਤਾਕਤ ਦੇ ਰੂਪ 'ਚ ਨਿਸ਼ਚੇ ਹੀ ਪੈਦਾ ਹੋਵੇਗੀ ਅਤੇ ਫਾਸ਼ੀਵਾਦੀ ਤਾਕਤਾਂ ਨਾਲ ਲੋਹਾ ਲਵੇਗੀ। ਇਸ ਲਈ ਅਭਿਲਾਸ਼ੀ ਨੌਜਵਾਨ ਪੱਤਰਕਾਰਾਂ ਨੂੰ ਇਹਨਾਂ ਦਿਨਾਂ ਨੂੰ ਪੱਤਰਕਾਰੀ ਦੀ ਵਰਕਸ਼ਾਪ ਦੀ ਤਰਾਂ ਦੇਖਣਾ ਚਾਹੀਦਾ ਹੈ ਜਿਸ ਵਿਚ ਉਹ ਆਪਣੇ ਲਈ ਬੀਜ ਬੀਜਣਗੇ ਅਤੇ ਬਾਦ ਵਿਚ ਫ਼ਸਲ ਕੱਟਣ ਦਾ ਵਕਤ ਵੀ ਆਵੇਗਾ।



ਪੱਤਰਕਾਰੀ ਨੂੰ ਮਾਡਲਾਂ ਦੀ ਤਲਾਸ਼ ਹੈ। ਕਾਰੋਬਾਰੀਆਂ ਦੀ ਮਾਲਕੀ ਤੋਂ ਬਾਹਰ ਦੀ ਪੱਤਰਕਾਰੀ ਵਸੀਲਿਆਂ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਇਸ਼ਤਿਹਾਰ ਜਾਂ ਨਿਯਮਤ ਵਿਕਰੀ ਵਰਗੇ ਪੁਰਾਣੇ ਮਾਡਲਾਂ ਨੇ ਬਹੁਤ ਪਹਿਲਾਂ ਹੀ ਕੰਮ ਕਰਨਾ ਬੰਦ ਕਰ ਦਿੱਤਾ ਹੈ ਅਤੇ ਜਿਸ ਵਕਤ ਮੈਂ ਤੁਹਾਨੂੰ ਮੁਖ਼ਾਤਿਬ ਹਾਂ, ਠੀਕ ਉਸੇ ਵਕਤ ਵੈਂਚਰ ਕੈਪੀਟਲ ਜਾਂ ਸਰਮਾਏ ਨਾਲ ਸੰਚਾਲਿਤ ਮੀਡੀਆ ਮਾਡਲ ਬਿਖਰ ਰਿਹਾ ਹੈ। ਜੋ ਕੰਮ ਪਹਿਲਾਂ ਕਾਰੋਬਾਰੀਆਂ ਜਾਂ ਪ੍ਰਬੰਧਕਾਂ ਦਾ ਮੰਨਿਆ ਜਾਂਦਾ ਸੀ ਉਹ ਹੁਣ ਪੱਤਰਕਾਰਾਂ ਦੇ ਹਿੱਸੇ ਆ ਗਿਆ ਹੈ। ਅਤੇ ਇਹ ਵੀ ਸਹੀ ਹੈ ਕਿ ਜਦ ਘਰ ਜਲਦਾ ਹੈ ਤਾਂ ਉਸ ਨੂੰ ਬਚਾਉਣ ਦੀ ਜ਼ਿੰਮੇਵਾਰੀ ਸਾਰਿਆਂ ਦੀ ਹੁੰਦੀ ਹੈ। ਭਾਰਤ ਵਿਚ ਕਾਰਪੋਰੇਟ ਵੱਲੋਂ ਸੰਚਾਲਿਤ ਮੀਡੀਆ ਮਾਡਲ ਫੇਲ ਹੋ ਗਿਆ ਹੈ ਕਿਉਂਕਿ ਸਰਕਾਰ ਉਸ ਨੂੰ ਸੌਖਿਆਂ ਹੀ ਆਪਣੇ ਮੁਤਾਬਿਕ ਚਲਾ ਸਕਦੀ ਹੈ। ਪਰਿਵਾਰਾਂ ਵੱਲੋਂ ਚਲਾਈਆਂ ਜਾ ਰਹੀਆਂ ਜ਼ਿਆਦਾਤਰ ਮੀਡੀਆ ਕੰਪਨੀਆਂ, ਜਿਹਨਾਂ ਦਾ ਪੱਤਰਕਾਰੀ ਨਾਲ ਸ਼ਾਇਦ ਹੀ ਕੋਈ ਲੈਣਾ-ਦੇਣਾ ਹੈ ਅਤੇ ਉਹ ਸਿਰਫ਼ ਰਾਜਨੀਤਕ ਬਦਲਾ ਲੈਣ ਜਾਂ ਇਸ਼ਤਿਹਾਰਾਂ ਦੀ ਕਮਾਈ ਨਾਲ ਚੱਲ ਰਹੀਆਂ ਹਨ, ਦਾ ਵੀ ਇਹੀ ਹਸ਼ਰ ਹੋ ਰਿਹਾ ਹੈ। ਦੁਨੀਆ ਭਰ ਵਿਚ ਵੈਂਚਰ ਕੈਪੀਟਲ ਨਾਲ ਸੰਚਾਲਿਤ ਮੀਡੀਆ ਮਾਡਲ ਫੇਲ ਹੋ ਗਿਆ ਹੈ। ਇਸ ਤਰਾਂ ਦੇ ਬੜੇ ਸਰਮਾਏ ਨਾਲ ਚੱਲਣ ਵਾਲੇ ਬਜਫੀਡ, ਹਫਪੋਸਟ ਅਤੇ ਵਾਈਸ ਦੇ ਤਜ਼ਰਬੇ ਨਾਲ ਇਹ ਸਾਬਤ ਹੋ ਗਿਆ ਹੈ ਕਿ ਸੱਟਾ ਪੂੰਜੀ ਦੇ ਨਿਵੇਸ਼ ਨਾਲ ਮਿਆਰੀ ਪੱਤਰਕਾਰੀ ਨਹੀਂ ਹੋ ਸਕਦੀ।

ਫ਼ਿਲਹਾਲ ਮੈਨੂੰ ਨਹੀਂ ਪਤਾ ਕਿ ਮੀਡੀਆ ਦੇ ਲਈ ਕਿਹੜਾ ਮਾਡਲ ਕੰਮ ਕਰੇਗਾ ਲੇਕਿਨ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੱਤਰਕਾਰੀ, ਜੋ ਪ੍ਰੋਜੈਕਟ ਡੈਮੋਕਰੇਸੀ ਦਾ ਹਿੱਸਾ ਹੈ, ਦਾ ਮਾਡਲ ਲੋਕਾਂ ਨੂੰ ਕੇਂਦਰ ਵਿਚ ਰੱਖ ਕੇ ਬਣਨਾ ਚਾਹੀਦਾ ਹੈ। ਮਿਆਰੀ ਪੱਤਰਕਾਰੀ ਨੂੰ ਬਚਾਈ ਰੱਖਣ ਲਈ ਅਵਾਮ ਤੋਂ ਪੈਸਾ ਲੈਣ ਤੋਂ ਸਿਵਾਏ ਹੋਰ ਕੋਈ ਬਦਲ ਨਹੀਂ ਹੈ। ਇਕ ਤਰਾਂ ਨਾਲ ਜੋ ਨਵੇਂ ਮਾਡਲ ਹਨ, ਉਹ ਪੁਰਾਣੇ ਮਾਡਲ ਹੀ ਹਨ। ਮਿਸਾਲ ਵਜੋਂ, ਦ ਗਾਰਡੀਅਨ ਨੂੰ ਲੈ ਲਓ, ਜੋ ਕਿਰਤੀਆਂ ਦੇ ਅਖ਼ਬਾਰ ਦੇ ਰੂਪ 'ਚ 200 ਸਾਲ ਪਹਿਲਾਂ ਐਨ ਉਸੇ ਤਰਾਂ ਸ਼ੁਰੂ ਹੋਇਆ ਸੀ ਜਿਵੇਂ ਭਾਰਤ ਦੀ ਜੰਗੇ-ਆਜ਼ਾਦੀ ਦੇ ਵਕਤ ਬਹੁਤ ਸਾਰੇ ਰਸਾਲੇ ਅਤੇ ਅਖ਼ਬਾਰ ਸ਼ੁਰੂ ਹੋਏ ਸਨ।

ਅੱਜ ਸਬਸਕ੍ਰਿਪਸ਼ਨ ਜਾਂ ਚੰਦੇ ਨਾਲ ਚੱਲਣ ਵਾਲਾ ਪੁਰਾਣਾ ਮਾਡਲ ਮਜ਼ਬੂਤੀ ਨਾਲ ਮੁੜ ਸਥਾਪਤ ਹੋ ਰਿਹਾ ਹੈ। ਨਿਊਯਾਰਕ ਟਾਈਮਜ਼ ਦੀ ਮਿਸਾਲ ਹੀ ਲੈ ਲਓ। ਪਿਛਲੇ ਸਾਲ ਇਸ ਨੇ 1400 ਲੱਖ ਡਾਲਰ ਦਾ ਲਾਭ ਕਮਾਇਆ ਜੋ ਉਸ ਦੀ ਜਬਰਦਸਤ ਕਾਮਯਾਬ ਚੰਦਾ ਮੁਹਿੰਮ ਦਾ ਨਤੀਜਾ ਸੀ। ਉਸ ਨੇ ਕੋਰੋਨਾ ਦੌਰਾਨ, ਦੂਜੀ ਤਿਮਾਹੀ 'ਚ ਇਸ ਸਾਲ ਸਭ ਤੋਂ ਜ਼ਿਆਦਾ ਚੰਦੇ ਪ੍ਰਾਪਤ ਕੀਤੇ ਹਨ ਅਤੇ ਤਿੰਨ ਮਹੀਨਿਆਂ 'ਚ ਛੇ ਲੱਖ ਨਵੇਂ ਡਿਜੀਟਲ ਗਾਹਕ ਜੋੜੇ ਹਨ। ਉਹ ਲੋਕਾਂ ਤੋਂ ਹਫ਼ਤਾਵਾਰ 14 ਰੁਪਏ ਤੱਕ ਲੈ ਰਿਹਾ ਹੈ। ਇਹ ਨਿਊਯਾਰਕ ਟਾਈਮਜ਼ ਦੇ ਲਈ ਕਾਰਆਮਦ ਹੋ ਰਿਹਾ ਹੈ। 2011 'ਚ ਨਿਊਯਾਰਕ ਟਾਈਮਜ਼ ਨੇ ਚੰਦਾ ਆਧਾਰਿਤ ਮੀਡੀਆ ਮਾਡਲ ਦੀ ਤਰਫ਼ ਰੁਖ ਕੀਤਾ ਸੀ। ਇਹਨਾਂ ਸਾਲਾਂ 'ਚ ਉਸ ਨੇ ਐਨਾ ਸਵੈਵਿਸ਼ਵਾਸ ਹਾਸਲ ਕਰ ਲਿਆ ਹੈ ਕਿ ਉਸ ਨੇ ਸਬਸਕ੍ਰਿਪਸ਼ਨ ਫਸਟ ਬਿਜਨੈੱਸ ਮਾਡਲ ਅਪਣਾ ਲਿਆ ਹੈ।

ਹੁਣ 2020 'ਚ ਜਦ ਮੈਂ ਨਿਊਯਾਰਕ ਟਾਈਮਜ਼ ਦੀ ਕਾਮਯਾਬ ਸਬਸਕ੍ਰਿਪਸ਼ਨ ਮੁਹਿੰਮ ਉੱਪਰ ਨਜ਼ਰ ਮਾਰਦਾ ਹਾਂ ਤਾਂ ਮੈਂ ਉਸ ਗੱਲਬਾਤ ਨੂੰ ਚੇਤੇ ਕੀਤੇ ਬਿਨਾਂ ਨਹੀਂ ਰਹਿ ਸਕਦਾ ਜੋ 18 ਸਾਲ ਪਹਿਲਾਂ ਦਿੱਲੀ 'ਚ ਟਾਈਮਜ਼ ਦੇ ਇਕ ਰਿਪੋਰਟਰ ਨਾਲ ਹੋਈ ਸੀ। ਉਦੋਂ ਮੈਂ ਭਾਰਤ ਵਿਚ ਅਮਰੀਕਣ ਪਬਲਿਕ ਰੇਡੀਓ ਸਟੇਸ਼ਨ ਦਾ ਫੀਲਡ ਪ੍ਰੋਡਿਊਸਰ ਅਤੇ ਰਿਪੋਰਟਰ ਸੀ। ਅਮਰੀਕਾ 'ਚ ਪਬਲਿਕ ਰੇਡੀਓ ਬਹੁਤ ਲੰਮੇ ਸਮੇਂ ਤੋਂ ਸਰੋਤਿਆਂ ਦੀ ਮਦਦ ਨਾਲ ਚੱਲ ਰਹੇ ਹਨ।

ਮੇਰੇ ਇਕ ਅਮਰੀਕੀ ਸਹਿਯੋਗੀ ਅਫ਼ਗਾਨਿਸਤਾਨ ਤੋਂ ਪਰਤੇ ਸਨ ਜਿੱਥੇ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਨੇ ਯੁੱਧ ਛੇੜ ਰੱਖਿਆ ਸੀ। ਮੇਰੇ ਸਾਥੀ ਟ੍ਰਾਂਜ਼ਿਟ ਸਮੇਂ 'ਚ ਇਕ ਦਿਨ ਲਈ ਦਿੱਲੀ 'ਚ ਰੁਕੇ ਸਨ। ਅਸੀਂ ਸ਼ਾਮ ਨੂੰ ਦਿੱਲੀ ਦੇ ਫਾਰਿਨ ਕੌਰਸਪੌਂਡੈਂਟ ਕਲੱਬ ਵਿਚ ਮਿਲੇ। ਗੱਲਬਾਤ 'ਚ ਮੇਰੇ ਸਾਥੀ ਨੇ ਇਕ ਮਸ਼ਹੂਰ ਭਾਰਤੀ ਲੇਖਕ ਵੱਲੋਂ ਰੇਡੀਓ ਨੂੰ ਸਹਿਯੋਗ ਦੇਣ ਦੀ ਸੰਭਾਵਨਾ ਦੀ ਗੱਲ ਬੜੀ ਉਤਸੁਕਤਾ ਨਾਲ ਸਾਂਝੀ ਕੀਤੀ। ਟਾਈਮਜ਼ ਦਾ ਰਿਪੋਰਟਰ, ਜੋ ਬਹੁਤ ਬੜੀਆਂ ਬੜੀਆਂ ਫੀਂਗਾਂ ਮਾਰਨ ਵਾਲਾ ਬੰਦਾ ਸੀ, ਸਾਡੇ ਨਾਲ ਬੈਠਾ ਸੀ। ਉਸ ਨੇ ਮੇਰੇ ਸਹਿਯੋਗੀ ਦਾ ਮਜ਼ਾਕ ਉਡਾਇਆ। ਉਹ ਸਾਡੇ ਉੱਪਰ ਇਸ ਤਰਾਂ ਹੱਸ ਰਿਹਾ ਸੀ ਜਿਵੇਂ ਸਾਨੂੰ ਉਹ ਰੇਡੀਓ ਦੇ ਐਸੇ ਛੋਕਰੇ ਸਮਝਦਾ ਹੋਵੇ ਜੋ ਕਿਸੇ ਜਨੂੰਨੀ ਖੱਬੇਪੱਖੀ ਖ਼ਿਆਲ ਉੱਪਰ ਗੱਲ ਕਰ ਰਹੇ ਹੋਣ ਅਤੇ ਐਸਾ ਕਰਕੇ ਅਸੀਂ ਪੱਤਰਕਾਰੀ ਦੇ ਮਿਆਰ ਨੂੰ ਡੇਗ ਰਹੇ ਹੋਈਏ। ਉਸ ਵਕਤ ਟਾਈਮਜ਼ ਇਸ਼ਤਿਹਾਰਾਂ ਤੋਂ ਹਾਸਲ ਪੈਸੇ ਦੇ ਗ਼ਰੂਰ 'ਚ ਡੁੱਬਿਆ ਹੋਇਆ ਸੀ ਅਤੇ ਉਸ ਰਿਪੋਰਟਰ ਨੂੰ ਲੱਗਦਾ ਸੀ ਕਿ ਪੱਤਰਕਾਰੀ ਲਈ ਵਸੀਲੇ ਜੁਟਾਉਣ ਦਾ ਕੰਮ ਮੈਨੇਜਰ ਅਤੇ ਹੋਰ ਮੁਲਾਜ਼ਮਾਂ ਦਾ ਹੈ, ਨਾ ਕਿ ਪੱਤਰਕਾਰਾਂ ਦਾ।

ਇਸ ਤੋਂ ਬਾਦ ਛੇਤੀ ਹੀ ਉਹ ਅਖ਼ਬਾਰ ਕਈ ਸੰਕਟਾਂ 'ਚ ਫਸ ਗਿਆ। ਸਭ ਤੋਂ ਪਹਿਲਾਂ ਤਾਂ ਉਸ ਦੇ ਸਾਹਮਣੇ ਭਰੋਸੇਯੋਗਤਾ ਦਾ ਸੰਕਟ ਪੈਦਾ ਹੋ ਗਿਆ ਕਿਉਂਕਿ ਉਸ ਨੇ ਇਰਾਕ ਕੋਲ ਤਬਾਹੀ ਮਚਾਊ ਹਥਿਆਰ ਹੋਣ ਦੀ ਗ਼ਲਤ ਰਿਪੋਰਟ ਕੀਤੀ ਸੀ। ਇਸ ਤੋਂ ਬਾਦ ਉਸ ਉੱਪਰ ਆਰਥਕ ਸੰਕਟ ਦੀ ਬਿਜਲੀ ਆ ਡਿਗੀ ਜਦ ਇਸ਼ਤਿਹਾਰਾਂ ਦਾ ਪੈਸਾ ਟੈੱਕ ਕੰਪਨੀਆਂ ਵੱਲ ਖਿਸਕਣਾ ਸ਼ੁਰੂ ਹੋ ਗਿਆ। ਅੱਜ ਉਹ ਅਖ਼ਬਾਰ ਛੋਟੇ ਸਬਸਕ੍ਰਿਪਸ਼ਨ ਦੀ ਬਦੌਲਤ ਵਧ-ਫੁੱਲ ਰਿਹਾ ਹੈ। ਉਹ ਲੋਕਾਂ ਨੂੰ ਸਿਰ ਉਠਾ ਕੇ ਕਹਿੰਦਾ ਹੈ: "ਅਗਲਾ ਬੜਾ ਖ਼ੁਲਾਸਾ ਕਰਨ 'ਚ ਟਾਈਮਜ਼ ਪੱਤਰਕਾਰਾਂ ਦੀ ਮਦਦ ਕਰੋ।"

ਸਬਸਕ੍ਰਿਪਸ਼ਨ ਮਾਡਲ ਦੀ ਕਾਮਯਾਬੀ ਲੰਮੇ ਸਮੇਂ ਬਾਦ ਪੱਤਰਕਾਰੀ 'ਚ ਆਈ ਸਭ ਤੋਂ ਚੰਗੀ ਖ਼ਬਰ ਹੈ। ਇਹ ਦਿਖਾਉਂਦੀ ਹੈ ਕਿ ਜੇ ਤੁਸੀਂ ਪੱਤਰਕਾਰੀ ਵੇਚਣੀ ਹੈ ਤਾਂ ਪੱਤਰਕਾਰੀ ਕਰਨੀ ਹੋਵੇਗੀ। ਕਿਉਂਕਿ ਨਿਊਯਾਰਕ ਟਾਈਮਜ਼ ਪੱਤਰਕਾਰੀ ਕਰਦਾ ਹੈ ਇਸ ਲਈ ਉਹ ਪੱਤਰਕਾਰੀ ਵੇਚ ਸਕਦਾ ਹੈ। ਜੇ ਕਾਰਵਾਂ ਪੱਤਰਕਾਰੀ ਕਰਦਾ ਹੈ ਤਾਂ ਉਹ ਪੱਤਰਕਾਰੀ ਵੇਚ ਸਕਦਾ ਹੈ। ਲੇਕਿਨ ਜੋ ਲੋਕ ਪੱਤਰਕਾਰੀ ਨਹੀਂ ਕਰਦੇ, ਉਹਨਾਂ ਕੋਲ ਵੇਚਣ ਲਈ ਕੁਛ ਨਹੀਂ ਹੁੰਦਾ। ਇਸ ਲਈ, ਤੇਲ, ਖਣਨ, ਦੂਰ-ਸੰਚਾਰ ਦੇ ਮਾਡਲਾਂ ਉੱਪਰ ਟਿਕੀ ਪੱਤਰਕਾਰੀ ਬਹੁਤ ਕਮਜ਼ੋਰ ਜ਼ਮੀਨ ਉੱਪਰ ਖੜ੍ਹੀ ਹੈ ਅਤੇ ਪੱਤਰਕਾਰੀ ਕਰਨ ਦੀ ਖ਼ਵਾਹਿਸ਼ ਰੱਖਣ ਵਾਲਿਆਂ ਨੂੰ ਇਸ ਵਿਚ ਉਮੀਦ ਜਾਗਣੀ ਚਾਹੀਦੀ ਹੈ। ਇੱਥੇ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਸਬਸਕ੍ਰਿਪਸ਼ਨ ਮਾਡਲ ਨੂੰ ਸੈਂਕੜੇ ਪੱਤਰਕਾਰਾਂ ਵਾਲਾ ਨਿਊਜ਼ ਰੂਮ ਨਹੀਂ ਚਾਹੀਦਾ। ਸੁਚਾਰੂ ਢੰਗ ਨਾਲ ਤਿਆਰ ਕੀਤੇ ਨਿਊਜ਼ ਲੈਟਰ ਤੱਕ ਕਾਮਯਾਬ ਹੋ ਰਹੇ ਹਨ।

ਸਬਸਕ੍ਰਿਪਸ਼ਨ ਮਾਡਲ ਹਾਈਪਰ-ਲੋਕਲ (ਇਕਦਮ ਸਥਾਨਕ) ਪੱਤਰਕਾਰੀ ਜਾਂ ਇਕ ਖ਼ਾਸ ਬੀਟ ਪੱਤਰਕਾਰੀ ਨਾਲ ਬਣ ਸਕਦਾ ਹੈ ਜਾਂ ਉਹ ਕੋਆਪਰੇਟਿਵ (ਸਹਿਕਾਰਿਤਾ) ਦੇ ਰੂਪ 'ਚ ਵੀ ਉੱਭਰ ਸਕਦਾ ਹੈ। ਦੋ ਨਵੇਂ ਕੋਆਰੇਟਿਵ ਮਾਡਲ, ਜੋ ਸਬਸਕ੍ਰਿਪਸ਼ਨ ਉੱਪਰ ਆਧਾਰਿਤ ਹਨ ਅਤੇ ਜਿਹਨਾਂ ਉੱਪਰ ਲੋਕਾਂ ਦੀਆਂ ਨਜ਼ਰਾਂ ਹਨ, ਉਹ ਹਨ: ਡਿਫੈਕਟਰ ਮੀਡੀਆ ਅਤੇ ਦ ਬ੍ਰਿਕ ਹਾਊਸ। ਪਹਿਲਾ ਇਕ ਖੇਡ ਬਲਾਗ ਹੈ। ਇਸ ਨੂੰ ਚਲਾਉਣ ਵਾਲੀ ਕੰਪਨੀ ਵਿਚ 18 ਪੱਤਰਕਾਰ ਹਨ ਜੋ ਬਰਾਬਰ ਦੇ ਸਾਂਝੀ ਹਨ। ਬ੍ਰਿਕ ਹਾਊਸ 9 ਪ੍ਰਕਾਸ਼ਕਾਂ ਦਾ ਸਮੂਹ ਹੈ ਜੋ ਆਪਣੀ ਸਾਰੀ ਸਮੱਗਰੀ ਇਕ ਹੀ ਚੰਦੇ (ਸਬਸਕ੍ਰਿਪਸ਼ਨ) ਉੱਪਰ ਵੇਚਦੇ ਹਨ। ਇਸ ਦੀ ਕੋਈ ਗਾਰੰਟੀ ਤਾਂ ਨਹੀਂ ਹੈ ਕਿ ਇਹ ਮਾਡਲ ਹੀ ਕਾਮਯਾਬ ਹੋਣਗੇ, ਲੇਕਿਨ ਇਹ ਸਾਫ਼ ਤੌਰ 'ਤੇ ਦੱਸਦੇ ਹਨ ਕਿ ਇਹ ਹੁਣ ਤੱਕ ਹੋਂਦ 'ਚ ਆਏ ਮਾਡਲਾਂ ਤੋਂ ਸਬਕ ਲੈ ਕੇ ਉੱਭਰੇ ਹਨ। ਸੱਚੀ ਪੱਤਰਕਾਰੀ ਕੀ ਹੈ, ਇਹ ਸਾਨੂੰ ਇਸ ਦਾ ਪਾਠ ਵੀ ਪੜ੍ਹਾਉਂਦੇ ਹਨ ਯਾਨੀ ਜਿਸ ਵਿਚ ਗਲੈਮਰ ਨਹੀਂ ਹੈ ਅਤੇ ਕੰਮ ਠੋਸ ਹੈ ਅਤੇ ਇਸ ਨਾਲ ਹੀ ਜਨਤਾ ਤੋਂ ਸਹਿਯੋਗ ਵੀ ਲਿਆ ਜਾ ਰਿਹਾ ਹੈ।

ਜੇ ਸੈਲਫ-ਹੈਲਪ ਸਮੂਹ ਕਰਿਆਨੇ ਦੀ ਦੁਕਾਨ, ਕੌਫ਼ੀ ਮਿਲ ਜਾਂ ਰੇਸਤਰਾਂ ਚਲਾ ਸਕਦੇ ਹਨ ਅਤੇ ਜੇ ਦੁੱਧ ਵਿਕਰੇਤਾਵਾਂ ਦਾ ਇਕ ਅਮੂਲ ਵਰਗਾ ਕੋਆਪਰੇਟਿਵ ਦੁਨੀਆ ਦਾ ਸਭ ਤੋਂ ਬੜਾ ਬਰੈਂਡ ਬਣ ਸਕਦਾ ਹੈ, ਤਾਂ ਕੋਈ ਵਜਾ ਨਹੀਂ ਹੈ ਕਿ ਭਾਰਤੀ ਮੀਡੀਆ ਵਿਚ ਵੀ ਪੱਤਰਕਾਰੀ ਦਾ ਕੋਆਪਰੇਟਿਵ ਮਾਡਲ ਨਾ ਉੱਭਰੇ ਬਸ਼ਰਤੇ ਕਿ ਪੱਤਰਕਾਰੀ ਲੋਕਾਂ ਲਈ ਪ੍ਰੇਰਣਾ ਹੋਵੇ ਨਾ ਕਿ ਨੌਕਰੀ ਜਾਂ ਪੇਸ਼ਾ।

ਸਾਨੂੰ ਅਤੀਤ ਅਤੇ ਵਰਤਮਾਨ ਤੋਂ ਸਬਕ ਲੈਣ ਦੀ ਜ਼ਰੂਰਤ ਹੈ ਜਦ ਇਕ ਸਮਾਂ ਐਸਾ ਸੀ ਜਿਸ ਵਿਚ ਭਾਰਤੀ ਜ਼ਮੀਨ ਛੋਟੀ ਪੱਤਰਕਾਰੀ ਅਤੇ ਛੋਟੇ ਅਖ਼ਬਾਰਾਂ ਲਈ ਜ਼ਰਖੇਜ਼ ਸੀ ਜੋ ਸਥਾਨਕ ਪੱਧਰ 'ਤੇ ਲੋਕਾਂ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੇ ਸਨ। ਪੱਤਰਕਾਰੀ ਦੇ ਅਧਿਕਾਰਕ ਇਤਿਹਾਸ ਵਿਚ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਬੜੇ ਮੀਡੀਆ ਬਰੈਂਡ ਬਰਤਾਨਵੀ ਕੰਪਨੀਆਂ ਜਾਂ ਬਾਣੀਆਂ ਦੀ ਮਾਲਕੀ ਵਾਲੇ ਮੀਡੀਆ ਹਾਊਸ ਸਨ। ਇਸ ਸਚਾਈ ਤੋਂ ਇਲਾਵਾ ਇਹ ਗੱਲ ਵੀ ਸੀ ਕਿ ਇਹਨਾਂ ਦੀ ਕਵਰੇਜ਼ ਇਕ ਦੂਜੇ ਤੋਂ ਵੱਖਰੀ ਨਹੀਂ ਹੁੰਦੀ ਸੀ। ਮਿਸਾਲ ਲਈ, 1943 'ਚ ਬੰਗਾਲ ਅਕਾਲ ਦੇ ਵਕਤ, ਜਿਸ ਵਿਚ 30 ਲੱਖ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਸੀ, ਐਸੇ ਭੂਰੀ ਚਮੜੀ ਵਾਲੇ ਭਾਰਤੀ ਪੱਤਰਕਾਰ ਸਨ ਜੋ ਇਹਨਾਂ ਲਾਸ਼ਾਂ ਉੱਪਰ ਖੜ੍ਹੇ ਹੋਣ ਦੇ ਬਾਵਜੂਦ ਅਕਾਲ ਦੀ ਰਿਪੋਰਟ ਨਹੀਂ ਕਰ ਰਹੇ ਸਨ।

ਅਖ਼ਬਾਰਾਂ ਨੂੰ ਇਸ ਅਕਾਲ ਦੀ ਕਵਰੇਜ਼ ਸ਼ੁਰੂ ਕਰਨ 'ਚ ਵਕਤ ਲੱਗਾ ਅਤੇ ਐਸਾ ਅਖਾਉਤੀ ਰਾਸ਼ਟਰਵਾਦੀ ਕਾਲੇ ਲੋਕਾਂ ਦੇ ਅਖ਼ਬਾਰਾਂ ਵਿਚ ਨਹੀਂ ਹੋਇਆ ਸਗੋਂ ਇਕ ਗੋਰੇ ਆਦਮੀ ਦੇ ਅਖ਼ਬਾਰ ਦ ਸਟੇਟਸਮੈਨ ਵਿਚ ਹੋਇਆ। ਦੂਜੇ ਪਾਸੇ, ਛੋਟੇ ਪ੍ਰਕਾਸ਼ਕਾਂ ਨੇ ਬਰਤਾਨਵੀ ਪ੍ਰਸ਼ਾਸਨ ਦੇ ਸਨਮੁੱਖ ਲਗਾਤਾਰ ਦਲੇਰੀ ਅਤੇ ਈਮਾਨਦਾਰੀ ਦਿਖਾਈ ਅਤੇ ਇਸ ਲਈ ਉਹਨਾਂ ਨੂੰ ਪਾਬੰਦੀਆਂ ਅਤੇ ਆਰਥਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਇੱਥੇ ਸਬਕ ਇਹ ਹੈ ਕਿ ਪੱਤਰਕਾਰੀ ਲਈ ਕਿਸੇ ਨੂੰ ਬੜੀਆਂ ਰਵਾਇਤੀ ਨਿਊਜ਼ ਸੰਸਥਾਵਾਂ ਉੱਪਰ ਟੇਕ ਰੱਖਣ ਦੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਕਿਸੇ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਗ਼ਰੀਬ, ਪਿਛੜੇ ਅਤੇ ਸਤਾਏ ਹੋਏ ਲੋਕਾਂ ਪੱਖੀ ਸੰਵੇਦਨਸ਼ੀਲ ਖ਼ਬਰਾਂ ਖ਼ਾਸ ਪਛਾਣ ਰੱਖਣ ਵਾਲੇ ਪੱਤਰਕਾਰਾਂ ਜ਼ਰੀਏ ਹੀ ਬਾਹਰ ਆਉਣਗੀਆਂ। ਐਸੀਆਂ ਖ਼ਬਰਾਂ ਕੋਈ ਵੀ ਕਰ ਸਕਦਾ ਹੈ ਅਤੇ ਉਹ ਕਿਤੇ ਵੀ ਪ੍ਰਕਾਸ਼ਿਤ ਹੋ ਸਕਦੀਆਂ ਹਨ।

ਚੈਨਲਾਂ ਨੂੰ ਵੀ ਸਬਕ ਸਿੱਖਣ ਦੀ ਜ਼ਰੂਰਤ ਹੈ। ਅੱਜ ਕੱਲ ਚੈਨਲ ਬਿਲਬੋਰਡ ਲਗਾ ਕੇ ਚੀਕਦੇ-ਚਿਲਾਉਂਦੇ ਹਨ ਕਿ ਉਹ ਭਾਰਤ ਦੇ ਸਭ ਤੋਂ ਸਿਖ਼ਰਲੇ ਟੀਵੀ ਚੈਨਲ ਹਨ ਜਦਕਿ ਕਈ ਵਾਰ ਐਸਾ ਹੁੰਦਾ ਹੈ ਕਿ ਇਹਨਾਂ ਨੂੰ ਪੰਜ ਹਜ਼ਾਰ ਲੋਕ ਵੀ ਦੇਖ ਨਹੀਂ ਰਹੇ ਹੁੰਦੇ। ਇਹ ਮੀਡੀਆ ਦਾ ਪ੍ਰਾਪੇਗੰਡਾ ਇਸਤੇਮਾਲ ਹੈ ਜੋ ਅੱਜ ਕੱਲ ਉਹਨਾਂ ਲਈ ਆਕਸੀਜਨ ਦਾ ਕੰਮ ਕਰ ਰਿਹਾ ਹੈ। ਅੱਜ ਦੇ ਪੱਤਰਕਾਰਾਂ ਨੂੰ ਫ਼ੋਨ ਅਤੇ ਇੰਟਰਨੈੱਟ ਜ਼ਰੀਏ ਆਪਣੇ ਸਰੋਤਿਆਂ ਤੱਕ ਪਹੁੰਚਣ ਤੋਂ ਕੌਣ ਰੋਕ ਸਕਦਾ ਹੈ? ਇਹ ਇਕ ਸਦੀ ਪਹਿਲਾਂ ਦੇ ਛੋਟੇ ਰਸਾਲਿਆਂ ਅਤੇ ਅਖ਼ਬਾਰਾਂ ਦੇ ਸੱਭਿਆਚਾਰ ਵਰਗੀ ਚੀਜ਼ ਹੈ ਜੋ ਇਸ ਉੱਪ ਮਹਾਦੀਪ ਵਿਚ ਮੌਜੂਦ ਸੀ। ਸਾਨੂੰ ਚਮਕ-ਦਮਕ ਅਤੇ ਆਕਾਰ ਤੋਂ ਡਰਨਾ ਨਹੀਂ ਚਾਹੀਦਾ। ਸਾਡੇ ਕੋਲ ਇਸ ਨੂੰ ਮੁੜ ਪ੍ਰਭਾਸ਼ਿਤ ਕਰਨ ਦਾ ਮੌਕਾ ਹੈ। ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਮੀਡੀਆ ਮੁੱਢਲੇ ਰੂਪ 'ਚ ਲੋਕਤੰਤਰ ਦਾ ਇਕ ਸੰਦ ਹੈ ਅਤੇ ਚੰਗੀਆਂ ਖ਼ਬਰਾਂ ਲੱਭਣ ਅਤੇ ਨਸ਼ਰ ਕਰਨ ਦੇ ਨਾਲ ਨਾਲ ਪੱਤਰਕਾਰਾਂ ਨੂੰ ਵਸੀਲੇ ਜੁਟਾਉਣ ਲਈ ਲੋਕਾਂ ਕੋਲ ਜਾਣਾ ਚਾਹੀਦਾ ਹੈ। ਜੇ ਸਬਸਕ੍ਰਿਪਸ਼ਨ-ਚੰਦੇ ਜ਼ਰੀਏ ਮੀਡੀਆ ਵਿਚ ਲੋਕਾਂ ਦੀ ਹਿੱਸੇਦਾਰੀ ਨਹੀਂ ਹੋਵੇਗੀ ਤਾਂ ਐਸੇ ਮੀਡੀਆ ਉੱਪਰ ਰਾਜਨੀਤਕ ਜਾਂ ਕਾਰਪੋਰੇਟ ਕਬਜ਼ਾ ਸੌਖਾ ਹੋ ਜਾਵੇਗਾ। ਸਵੈ-ਪ੍ਰਸ਼ਾਸਿਤ ਮਾਡਲ ਸਪਸ਼ਟ ਰੂਪ 'ਚ ਆ ਰਹੇ ਹਨ ਲੇਕਿਨ ਇਹਨਾਂ ਦੀ ਕਾਮਯਾਬੀ ਦਾ ਰਾਜ ਇਹਨਾਂ ਦੀ ਵਿਸਤਾਰਿਤ ਜਾਣਕਾਰੀ ਵਿਚ ਲੁਕਿਆ ਹੋਇਆ ਹੈ ਅਤੇ ਇਸ ਲਈ ਐਸੇ ਮਾਡਲਾਂ ਦੀ ਕਾਢ ਲਈ ਬਹੁਤ ਜ਼ਿਆਦਾ ਸੋਚਣ ਦੀ ਜ਼ਰੂਰਤ ਹੈ।

ਐਸਾ ਕਰਨ ਦੇ ਲਈ ਉਨੀ ਹੀ ਸਪਸ਼ਟਤਾ, ਸ਼ਾਂਤੀ, ਸਬਰ ਅਤੇ ਤਿਆਰੀ ਦੀ ਜ਼ਰੂਰਤ ਹੈ ਜਿੰਨੀ ਕਿਸੇ ਖੋਜ ਦੇ ਲਈ ਹੁੰਦੀ ਹੈ। ਲਿਹਾਜ਼ਾ ਉਹਨਾਂ ਪੱਤਰਕਾਰਾਂ ਨੂੰ ਜਿਹਨਾਂ ਨੂੰ ਪੱਤਰਕਾਰੀ ਮਿਸ਼ਨ ਲੱਗਦੀ ਹੈ, ਮੈਂ ਕਾਰੋਬਾਰੀ ਮਾਡਲ ਤਿਆਰ ਕਰਨ ਦਾ ਸੁਝਾਅ ਦਿਆਂਗਾ। ਇਹ ਤੁਹਾਡੇ ਲੋਕਾਂ ਵਿੱਚੋਂ ਉੱਭਰ ਸਕਦਾ ਹੈ।

ਹਰੇਕ ਪੱਤਰਕਾਰ ਦੇ ਲਈ ਦੂਜਾ ਮਹੱਤਵਪੂਰਨ ਕੰਮ ਖ਼ੁਦ ਨੂੰ ਤਿਆਰ ਕਰਨਾ ਹੈ। ਉਹਨਾਂ ਨੂੰ ਤਿੰਨ ਤਰਾਂ ਦੀਆਂ ਤਿਆਰੀਆਂ ਕਰਨ ਦੀ ਜ਼ਰੂਰਤ ਹੈ: ਪੱਤਰਕਾਰੀ ਦਾ ਹੁਨਰ, ਵਿਸ਼ੇ ਦੀ ਜਾਣਕਾਰੀ ਅਤੇ ਪੱਤਰਕਾਰੀ ਦਾ ਚਰਿੱਤਰ। ਜਦ ਪੱਤਰਕਾਰੀ ਦੇ ਕਲਾਤਮਕ ਪੱਖ ਦੀ ਗੱਲ ਆਉਂਦੀ ਹੈ ਤਾਂ ਇਕ ਪੱਤਰਕਾਰ ਦੀ ਰਿਪੋਰਟਿੰਗ, ਲੇਖਣੀ ਅਤੇ ਉਸ ਦੇ ਉਤਪਾਦਨ ਦੀ ਮੁਹਾਰਤ ਬਿਹਤਰੀਨ ਹੋਣੀ ਚਾਹੀਦੀ ਹੈ। ਐਸਾ ਇਸ ਲਈ ਜ਼ਰੂਰੀ ਹੈ ਤਾਂ ਜੁ ਉਹ ਆਮ ਨਾਗਰਿਕ ਤੋਂ ਖ਼ੁਦ ਨੂੰ ਅਲਹਿਦਾ ਖੜ੍ਹਾ ਕਰ ਸਕੇ।

ਪੱਤਰਕਾਰਾਂ ਨੂੰ ਜਿਹਨਾਂ ਗੱਲਾਂ ਦਾ ਪਤਾ ਲੱਗਦਾ ਹੈ, ਲੋਕਾਂ ਦੀ ਖ਼ਾਤਰ ਉਹਨਾਂ ਦਾ ਵਿਸ਼ਲੇਸ਼ਣ ਕਰਨ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਹ ਦੂਜੀ ਤਿਆਰੀ ਦਾ ਹਿੱਸਾ ਹੈ ਯਾਨੀ ਵਿਸ਼ੇ ਉੱਪਰ ਪਕੜ। ਪਿਛਲੇ ਦਹਾਕਿਆਂ 'ਚ ਭਾਰਤੀ ਪੱਤਰਕਾਰਾਂ ਨੇ ਰਾਜਨੀਤਕ, ਸਮਾਜ-ਸ਼ਾਸਤਰੀ ਅਤੇ ਸਮਕਾਲੀ ਇਤਿਹਾਸ ਦੇ ਵਿਸ਼ੇ ਸਿੱਖਿਆ ਸ਼ਾਸਤਰੀਆਂ ਦੇ ਹਵਾਲੇ ਕਰ ਦਿੱਤੇ ਹਨ। ਇਹ ਵਿਸ਼ੇ ਹੁਣ ਸਿਰਫ਼ ਸਿਧਾਂਤਾਂ ਜਾਂ ਸੁਘੜ ਅਕਾਦਮਿਕ ਪੇਪਰਾਂ ਵਿਚ ਸੀਮਤ ਹੋ ਕੇ ਰਹਿ ਗਏ ਹਨ।

ਸਹੀ ਫੀਲਡ ਵਰਕ ਅਤੇ ਮੌਲਿਕ ਡੇਟਾ ਦੀ ਭਾਰੀ ਤੋਟ ਹੈ। ਕੁਛ ਕਾਰਨਾਂ ਕਰਕੇ ਉਹਨਾਂ ਪੱਤਰਕਾਰਾਂ ਨੇ ਜਿਹਨਾਂ ਕੋਲ ਬਦਲਾਓ ਨੂੰ ਸਮਝਣ ਦਾ ਬਿਹਤਰ ਹੁਨਰ ਸੀ, ਕੁਰਸੀ ਤੋੜ ਬੁੱਧੀਜੀਵੀਆਂ ਲਈ ਮੈਦਾਨ ਖਾਲੀ ਛੱਡ ਦਿੱਤਾ ਹੈ। ਐਸੇ ਪੱਤਰਕਾਰਾਂ ਨੇ, ਜਿਹਨਾਂ ਕੋਲ ਲੋਕ ਬੁੱਧੀਜੀਵੀ ਹੋਣ ਦੀ ਸਮਰੱਥਾ ਹੈ, ਜੋ ਆਪਣੀ ਸਮੱਗਰੀ ਅਤੇ ਬੌਧਿਕਤਾ ਨਾਲ ਚੀਜ਼ਾਂ ਨੂੰ ਸਮਝ ਸਕਦੇ ਹਨ, ਉਹਨਾਂ ਲੋਕਾਂ ਨੇ ਚੀਕਣ ਵਾਲੇ ਲੇਕਿਨ ਖੋਖਲੇ, ਡਰਪੋਕ ਅਤੇ ਕਮਜ਼ੋਰ ਲੋਕਾਂ ਸਾਹਮਣੇ ਗੋਡੇ ਟੇਕ ਦਿੱਤੇ ਹਨ।

ਇਸ ਨਾਲ ਤਿੰਨ ਤਰਾਂ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਪਹਿਲੀ ਇਹ ਕਿ ਸਾਡੇ ਬੜੇ ਸਿਧਾਂਤਕਾਰਾਂ ਨੇ ਚੀਜ਼ਾਂ ਦੀਆਂ ਗ਼ਲਤ ਵਿਆਖਿਆਵਾਂ ਕੀਤੀਆਂ। ਇਸ ਤੋਂ ਬਾਦ ਇਹਨਾਂ ਨੇ ਐਸੇ ਬਹੁਤ ਸਾਰੇ ਲੋਕਾਂ ਨੂੰ ਵਾਜਬੀਅਤ ਮੁਹੱਈਆ ਕਰ ਦਿੱਤੀ ਜਿਹਨਾਂ ਨੂੰ ਮਾਨਤਾ ਨਹੀਂ ਮਿਲਣੀ ਚਾਹੀਦੀ ਸੀ ਅਤੇ ਤੀਜੀ ਗੱਲ ਇਹ ਕਿ ਜਦ ਉਹ ਲੋਕ ਚੀਜ਼ਾਂ ਦੀ ਸਹੀ ਸਮੀਖਿਆ ਕਰਨ ਲੱਗੇ ਉਦੋਂ ਤੱਕ ਖ਼ਤਰਾ ਬੂਹਾਂ 'ਤੇ ਪਹੁੰਚ ਚੁੱਕਾ ਸੀ ਅਤੇ ਉਹਨਾਂ ਦੀਆਂ ਕੋਸ਼ਿਸ਼ਾਂ ਲੇਟ ਹੋ ਗਈਆਂ ਸਨ ਜਿਹਨਾਂ ਨੇ ਉਹਨਾਂ ਦੇ ਕੰਮ ਨੂੰ ਬੇਅਸਰ ਬਣਾ ਦਿੱਤਾ।

ਪੱਤਰਕਾਰਾਂ ਨੂੰ ਆਪਣੇ ਵਿਚਾਰਾਂ-ਦਲੀਲਾਂ ਨੂੰ ਅੱਗੇ ਵਧਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ। ਇਤਿਹਾਸ ਵਿਚ ਆਪਣੇ ਲਈ ਜਗਾ ਨਿਸ਼ਚਿਤ ਕਰਨ ਲਈ ਆਉਣ ਵਾਲੇ ਪੱਤਰਕਾਰਾਂ ਨੂੰ ਨਾ ਸਿਰਫ਼ ਰਿਪੋਰਟ ਕਰਨੀ ਹੋਵੇਗੀ ਅਤੇ ਕਹਾਣੀਆਂ ਦੱਸਣੀਆਂ ਹੋਣਗੀਆਂ ਸਗੋਂ ਅੱਖੀਂ ਡਿੱਠੇ ਦੀ ਸਮੀਖਿਆ ਲੋਕਾਂ ਦੀ ਖ਼ਾਤਰ ਕਰਨੀ ਹੋਵੇਗੀ। ਬੌਧਿਕ ਸਪੇਸ ਪੱਤਰਕਾਰੀ ਦੀ ਸਪੇਸ ਵੀ ਹੈ ਅਤੇ ਪੱਤਰਕਾਰ ਨੂੰ ਇਸ ਉੱਪਰ ਆਪਣਾ ਦਾਅਵਾ ਕਰਨਾ ਹੋਵੇਗਾ।

ਹੁਣ ਤੀਜੀ ਵਿਸ਼ੇਸ਼ਤਾ ਯਾਨੀ ਚਰਿੱਤਰ ਦੀ ਗੱਲ। ਇਹ ਸੁਭਾਵਿਕ ਗੱਲ ਹੈ ਕਿ ਮੀਡੀਆ ਵਿਚ ਜੋ ਹੋ ਰਿਹਾ ਹੈ ਉਹ ਸਮਾਜ ਵਿਚ ਹੋ ਰਹੇ ਦਾ ਹੀ ਵਿਸਤਾਰ ਹੈ। ਜੇ ਜੱਜ, ਕਾਰੋਬਾਰੀ ਈਮਾਨਦਾਰ ਨਹੀਂ ਹੋਣਗੇ ਤਾਂ ਐਡੀਟਰ ਜਾਂ ਮੀਡੀਆ ਮਾਲਕ ਈਮਾਨਦਾਰ ਕਿਉਂ ਹੋਣ? ਜੇ ਰਾਜਨੀਤਕ ਲੋਕ ਅਤੇ ਨੌਕਰਸ਼ਾਹ ਭ੍ਰਿਸ਼ਟ ਹਨ ਤਾਂ ਪੱਤਰਕਾਰ ਭਲਾ ਵੱਖਰੇ ਕਿਉਂ ਹੋਣਗੇ? ਜੇ ਬੁੱਧੀਜੀਵੀ ਈਮਾਨਦਾਰੀ ਅਤੇ ਦਲੇਰ ਨਹੀਂ ਹਨ ਤਾਂ ਪੱਤਰਕਾਰ ਬੋਲਣ ਦਾ ਜ਼ੋਖ਼ਮ ਕਿਉਂ ਲੈਣ? ਲੋਕਤੰਤਰ ਦਾ ਇਹ ਚੌਥਾ ਥੰਮ ਹੋਰ ਥੰਮਾਂ ਦੀ ਤਰਾਂ ਹੀ ਨਿੱਘਰੇਗਾ।

ਇਸ ਗੱਲ ਦੀ ਪੜਤਾਲ ਕਰਨਾ ਕਿ ਭਾਰਤੀ ਮੀਡੀਆ ਅੱਜ ਜਿੱਥੇ ਅਤੇ ਜਿਸ ਤਰਾਂ ਦਾ ਹੈ ਉਹ ਉਸ ਤਰਾਂ ਦਾ ਕਿਉਂ ਹੈ, ਇਕ ਤਰਾਂ ਨਾਲ ਭਾਰਤੀ ਸਮਾਜ ਜਿੱਥੇ ਹੈ ਉੱਥੇ ਕਿਉਂ ਹੈ ਇਸ ਦੀ ਪੜਤਾਲ ਕਰਨਾ ਵੀ ਹੈ। ਲੇਕਿਨ ਸੱਚੇ ਪੱਤਰਕਾਰ ਸਦਾ ਹੀ ਸਚਾਈ ਅਤੇ ਨਿਆਂ ਦਾ ਸਾਥ ਦੇਣਗੇ, ਇਸ ਦਾ ਚਾਹੇ ਉਹਨਾਂ ਨੂੰ ਕੋਈ ਵੀ ਮੁੱਲ ਤਾਰਨਾ ਪਵੇ। ਨਾ ਨਿਆਂਪਾਲਿਕਾ, ਨਾ ਨੌਕਰਸ਼ਾਹੀ ਅਤੇ ਨਾ ਹੀ ਸਿੱਖਿਆ ਸ਼ਾਸਤਰੀ ਐਸੇ ਖ਼ਰੇ-ਖ਼ਰੇ ਸਵਾਲ ਕਰ ਸਕਦੇ ਹਨ ਅਤੇ ਸੁਨਹਿਰੀ ਲਿਬਾਸ ਨਾਲ ਢਕੀ ਸੜਾਂਦ ਨੂੰ ਬੇਪਰਦ ਕਰ ਸਕਦੇ ਹਨ ਜਿਵੇਂ ਪੱਤਰਕਾਰ ਕਰ ਸਕਦੇ ਹਨ। ਜਦ ਪੱਤਰਕਾਰ ਆਪਣੇ ਕੰਮ ਨੂੰ ਪ੍ਰੇਰਣਾ ਮੰਨਦੇ ਹਨ ਤਾਂ ਸੱਤਾ ਵਿਚ ਬੈਠੇ ਲੋਕਾਂ ਦਾ ਬਿਰਤਾਂਤ (ਨੈਰੇਟਿਵ) ਸਹਿਜੇ-ਸਹਿਜੇ ਠੁੱਸ ਹੋਣ ਲੱਗਦਾ ਹੈ। ਪੱਤਰਕਾਰ ਰਿਪੋਰਟਿੰਗ ਅਤੇ ਖ਼ਬਰਾਂ ਨਸ਼ਰ ਕਰਨ ਤੋਂ ਅੱਗੇ ਜਾ ਕੇ ਕਾਊਂਟਰ ਨੈਰੇਟਿਵ ਤਿਆਰ ਕਰਨ ਲਈ ਬੌਧਿਕ ਸਪੇਸ ਉੱਪਰ ਦਾਅਵਾ ਕਰ ਸਕਦੇ ਹਨ। ਜਦ ਐਸਾ ਹੁੰਦਾ ਹੈ ਤਾਂ ਹੋਰ ਵੀ ਵਧੀਆ ਪੱਤਰਕਾਰੀ ਜਨਮ ਲੈਂਦੀ ਹੈ। ਜਦ ਡਾਢੇ ਲੋਕਾਂ ਦਾ ਨੈਰੇਟਿਵ ਕਮਜ਼ੋਰ ਪੈਂਦਾ ਹੈ ਤਾਂ ਇਹ ਲੋਕਤੰਤਰ ਦੇ ਹੋਰ ਥੰਮਾਂ ਨੂੰ ਮੂੰਹ ਖੋਲਣ ਦੀ ਦਲੇਰੀ ਦਿੰਦਾ ਹੈ। ਨੈਤਿਕ ਪਤਨ ਦੀ ਤਰਾਂ ਨੈਤਿਕ ਦਲੇਰੀ ਵੀ ਛੂਤ ਦੀ ਤਰਾਂ ਹੈ।

ਪੱਤਰਕਾਰ ਜਦ ਪੱਤਰਕਾਰੀ ਨੂੰ ਸੱਚੀ ਪ੍ਰੇਰਣਾ ਮੰਨ ਕੇ ਚੱਲਣਗੇ ਤਾਂ ਪੱਤਰਕਾਰਾਂ ਨੂੰ ਖ਼ੁਦ ਨੂੰ ਵਿਰੋਧੀ-ਧਿਰ ਵਾਲੀ ਭੂਮਿਕਾ 'ਚ ਰੱਖਣਾ ਪਵੇਗਾ, ਇਕ ਸਥਾਈ ਵਿਰੋਧੀ-ਧਿਰ ਦੀ ਭੂਮਿਕਾ 'ਚ। ਪੱਤਰਕਾਰ ਨੂੰ ਲੋਕਤੰਤਰੀ ਮੁੱਲਾਂ, ਆਲਮੀ ਮਨੁੱਖੀ ਅਧਿਕਾਰ ਮੁੱਲਾਂ ਲਈ ਲੜਨਾ ਪਵੇਗਾ। ਇਹ ਕਦੇ ਨਾ ਮੁੱਕਣ ਵਾਲੀ ਲੜਾਈ ਹੈ। ਇਹ ਤੱਥਾਂ ਦੀ ਛਾਣਬੀਣ ਕਰਦੇ ਰਹਿਣ ਦੀ ਅਮੁੱਕ ਲੜਾਈ ਹੈ ਲੇਕਿਨ ਨਾਲ ਹੀ ਇਹ ਲੜਾਈ ਆਪਣੇ ਸਵੈ ਦੇ ਖ਼ਿਲਾਫ਼ ਵੀ ਹੋ ਸਕਦੀ ਹੈ। ਜੇ ਮੈਂ ਇਸ ਗੱਲ ਉੱਪਰ ਗੌਰ ਨਹੀਂ ਕਰਦਾ ਕਿ ਮੈਂ ਕਿੰਨਾ ਮਰਦਵਾਦੀ ਹਾਂ, ਕਿੰਨਾ ਜਾਤੀਵਾਦੀ ਹਾਂ, ਕਿੰਨਾ ਜਮਾਤੀਵਾਦੀ ਹਾਂ, ਅਤੇ ਜੇ ਮੈਂ ਖ਼ੁਦ ਨੂੰ ਇਕ ਬਿਹਤਰ ਇਨਸਾਨ ਬਣਾਉਣ ਲਈ ਕੰਮ ਨਹੀਂ ਕਰਦਾ ਤਾਂ ਮੈਂ ਸ਼ਾਇਦ ਹੀ ਕਦੇ ਉਸ ਤਰਾਂ ਦਾ ਪੱਤਰਕਾਰ ਬਣ ਸਕਾਂ ਜਿਹੋ ਜਿਹਾ ਮੈਂ ਬਣਨਾ ਚਾਹੁੰਦਾ ਹਾਂ। ਇਸ ਦਾ ਭਾਵ ਇਹ ਨਹੀਂ ਕਿ ਮੈਨੂੰ ਪਹਿਲਾਂ ਇਹ ਇਮਤਿਹਾਨ ਪਾਸ ਕਰਨ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ ਅਤੇ ਹਰ ਮਾਮਲੇ 'ਚ ਰਾਜਨੀਤਕ ਤੌਰ 'ਤੇ ਸਹੀ ਹੋਣਾ ਚਾਹੀਦਾ ਹੈ ਅਤੇ ਫਿਰ ਹੀ ਮੈਂ ਪੱਤਰਕਾਰੀ ਸ਼ੁਰੂ ਕਰ ਸਕਦਾ ਹਾਂ। ਵਿਕਾਸ ਇਕ ਅਮਲ ਹੈ। ਖ਼ੁਦ ਦੇ ਪ੍ਰਤੀ ਜਾਗਰੂਕਤਾ ਅਤੇ ਗ਼ਲਤੀਆਂ ਨੂੰ ਮੰਨਣਾ ਅਤੇ ਉਹਨਾਂ ਗ਼ਲਤੀਆਂ ਨੂੰ ਦਰੁਸਤ ਕਰਨ ਲਈ ਕੰਮ ਕਰਨਾ ਅੱਧੀ ਜਿੱਤ ਬਰਾਬਰ ਹੈ।

ਜੇ ਪੱਤਰਕਾਰ ਵਿਅਕਤੀਗਤ ਰੂਪ 'ਚ ਖ਼ੁਦ ਨੂੰ ਇਕ ਮਜ਼ਬੂਤ ਕਿਰਦਾਰ ਵਾਲਾ, ਈਮਾਨਦਾਰ ਅਤੇ ਨੈਤਿਕ ਦਲੇਰੀ ਵਾਲਾ ਵਿਅਕਤੀ ਬਣਾ ਸਕਦਾ ਹੈ ਅਤੇ ਜੇ ਕਿਰਦਾਰ ਦੀਆਂ ਉਹ ਖ਼ਾਸੀਅਤਾਂ ਉਸ ਦੇ ਕੰਮ ਦੇ ਕੇਂਦਰ ਵਿਚ ਰਹਿੰਦੀਆਂ ਹਨ ਤਾਂ ਐਸਾ ਪੱਤਰਕਾਰ ਉਹਨਾਂ ਜਥੇਬੰਦੀਆਂ ਨੂੰ ਅੱਗੇ ਵਧਾ ਸਕਦਾ ਹੈ ਜੋ ਐਸੇ ਹੀ ਪੱਤਰਕਾਰ ਤਿਆਰ ਕਰਦੀਆਂ ਹਨ। ਐਸੇ ਪੱਤਰਕਾਰਾਂ ਦਾ ਸਮੂਹ ਵਕਤ ਆਉਣ 'ਤੇ ਐਸੇ ਮੁੱਲਾਂ ਵਾਲੀਆਂ ਸੰਸਥਾਵਾਂ ਦੀ ਉਸਾਰੀ ਕਰੇਗਾ ਜੋ ਆਉਣ ਵਾਲੇ ਸਮੇਂ ਦੇ ਤੂਫ਼ਾਨ ਨੂੰ ਝੱਲ ਸਕਦੀਆਂ ਹਨ।

ਇਸ ਸਾਲ ਅਗਸਤ ਦੀ ਇਕ ਦੁਪਹਿਰ ਨੂੰ ਮੇਰੇ ਤਿੰਨ ਸਾਥੀ ਕੈਮਰਾ, ਵਾਇਸ ਰਿਕਾਰਡਰ ਅਤੇ ਨੋਟਪੈਡ ਲੈ ਕੇ ਉੱਤਰ-ਪੂਰਬੀ ਦਿੱਲੀ ਦੇ ਇਕ ਜਾਣੇ-ਪਛਾਣੇ ਇਲਾਕੇ ਵਿਚ ਗਏ ਹੋਏ ਸਨ। ਦੋ ਪੱਤਰਕਾਰ ਉੱਥੇ ਦੋ ਦਿਨ ਪਹਿਲਾਂ ਰਾਤ ਨੂੰ ਹਨੇਰੇ ਵਿਚ ਗਏ ਸਨ ਜਦ ਉਹਨਾਂ ਨੂੰ ਇਕ ਐੱਸ.ਓ.ਐੱਸ. ਕਾਲ ਆਈ ਸੀ। ਅੱਧੀ ਰਾਤ ਨੂੰ ਜਦ ਉਹ ਉੱਥੇ ਪਹੁੰਚੇ ਤਾਂ ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਕੀ ਕਵਰ ਕਰਨ ਗਏ ਹਨ। ਉੱਥੇ ਉਹਨਾਂ ਨੂੰ ਮੁਸਲਿਮ ਔਰਤਾਂ ਨੇ ਦੱਸਿਆ ਕਿ ਉਹਨਾਂ ਨਾਲ ਪੁਲਿਸ ਥਾਣੇ ਦੇ ਅੰਦਰ ਪੁਲਿਸ ਅਧਿਕਾਰੀਆਂ ਵੱਲੋਂ ਜਿਨਸੀ ਦੁਰਵਿਹਾਰ ਅਤੇ ਸਰੀਰਕ ਹਿੰਸਾ ਕੀਤੀ ਗਈ ਹੈ। ਉਹਨਾਂ ਵਿਚ ਇਕ 13 ਸਾਲ ਦੀ ਲੜਕੀ ਵੀ ਸੀ। ਪੱਤਰਕਾਰ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਨੇ ਉਹਨਾਂ ਲੋਕਾਂ ਦਾ ਬਿਆਨ ਲਿਆ ਅਤੇ ਪੁਲਿਸ ਦਾ ਬਿਆਨ ਲੈ ਕੇ ਰਿਪੋਰਟ ਪ੍ਰਕਾਸ਼ਿਤ ਕਰ ਦਿੱਤੀ।

ਦੂਜੀ ਵਾਰ ਜਾਣਾ ਇਸ ਲਈ ਜ਼ਰੂਰੀ ਹੋ ਗਿਆ ਕਿਉਂਕਿ ਉਹ ਟੀਮ ਮਲਟੀਮੀਡੀਆ ਸਟੋਰੀ ਵੀ ਕਰਨਾ ਚਾਹੁੰਦੀ ਸੀ। ਇਹ ਮੰਨਿਆ ਗਿਆ ਕਿ ਇਹ ਬਿਹਤਰ ਹੋਵੇਗਾ ਕਿ ਜਿਹਨਾਂ ਔਰਤਾਂ ਨਾਲ ਦੁਰਵਿਹਾਰ ਹੋਇਆ ਹੈ ਉਹਨਾਂ ਦੀ ਇੰਟਰਵਿਊ ਇਕ ਔਰਤ ਪੱਤਰਕਾਰ ਲਵੇ। ਇਸ ਲਈ ਇਕ ਔਰਤ ਪੱਤਰਕਾਰ ਦੇ ਨਾਲ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਅਗਲੇ ਦਿਨ ਉੱਥੇ ਗਏ। ਉਹਨਾਂ ਨੂੰ ਸ਼ਾਇਦ ਹੀ ਇਹ ਪਤਾ ਸੀ ਕਿ ਸੁਭਾਸ਼ ਮੁਹੱਲੇ 'ਚ ਸਟੋਰੀ ਕਰਨ ਜਦ ਉਹ ਪਹੁੰਚਣਗੇ ਤਾਂ ਉਹ ਖ਼ੁਦ ਹੀ ਸਟੋਰੀ ਬਣ ਜਾਣਗੇ। ਉੱਤਰ-ਪੂਰਬੀ ਦਿੱਲੀ ਜ਼ਿਲੇ ਦਾ ਇਹ ਇਲਾਕਾ ਦਿੱਲੀ ਦੇ ਹੋਰ ਇਲਾਕਿਆਂ ਦੀ ਤਰਾਂ ਫਰਵਰੀ 2020 'ਚ ਗਿਣੀ-ਮਿੱਥੀ ਹਿੰਸਾ ਦਾ ਮੰਚ ਸੀ ਜਿਸ ਵਿਚ 50 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ। ਮਰਨ ਵਾਲਿਆਂ 'ਚ ਜ਼ਿਆਦਾਤਰ ਮੁਸਲਮਾਨ ਸਨ। ਹਜ਼ਾਰਾਂ ਮੁਸਲਮਾਨ ਬੇਘਰ ਹੋ ਗਏ ਸਨ ਅਤੇ ਉਹਨਾਂ ਨੂੰ ਰਾਹਤ ਕੈਂਪਾਂ ਵਿਚ ਸ਼ਰਣ ਲੈਣੀ ਪਈ ਸੀ। ਉਦੋਂ ਤੱਕ ਕੋਵਿਡ-19 ਦੀ ਆਮਦ ਵੀ ਹੋ ਗਈ ਸੀ ਅਤੇ ਉਹਨਾਂ ਵਿੱਚੋਂ ਕਈ ਲੋਕ ਵਾਪਸ ਆਪਣੇ ਤਣਾਉਗ੍ਰਸਤ ਮੁਹੱਲਿਆਂ ਵਿਚ ਪਰਤ ਆਏ ਸਨ। ਕਈ ਆਪਣੇ ਘਰਾਂ ਵਿਚ ਕਦੇ ਵਾਪਸ ਨਹੀਂ ਜਾ ਸਕੇ, ਘਰ ਜੋ ਬਰਬਾਦ ਹੋ ਚੁੱਕੇ ਸਨ ਅਤੇ ਰਹਿਣ ਲਾਇਕ ਨਹੀਂ ਸਨ।

ਸੁਭਾਸ਼ ਮੁਹੱਲੇ ਵਿਚ ਐਸੇ ਹੀ ਇਕ ਮੁਹੱਲੇ 'ਚ ਜਿੱਥੇ ਮੁਸਲਿਮ ਅਤੇ ਹਿੰਦੂ ਲੋਕਾਂ ਦੇ ਇਲਾਕੇ ਨੂੰ ਇਕ ਸੜਕ ਵੰਡਦੀ ਹੈ, ਉਸ ਦਿਨ ਵੀ ਤਣਾਉਗ੍ਰਸਤ ਸੀ। 5 ਅਗਸਤ ਦੀ ਰਾਤ ਨੂੰ ਹਿੰਦੂਆਂ ਵਾਲੇ ਪਾਸੇ ਭੀੜ ਇਕੱਠੀ ਹੋ ਗਈ।

ਉਸ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਅਤੇ ਹੋਰ ਆਗੂਆਂ ਨਾਲ ਮਿਲ ਕੇ ਅਯੁੱਧਿਆ ਵਿਚ ਉਸ ਜਗਾ ਉੱਪਰ ਰਾਮ ਮੰਦਰ ਦਾ ਨੀਂਹ ਪੱਥਰ ਰੱਖਿਆ ਸੀ ਜਿੱਥੇ ਪਹਿਲਾਂ ਇਕ ਮਸਜਿਦ ਹੁੰਦੀ ਸੀ। ਸੜਕਾਂ, ਮਕਾਨਾਂ ਅਤੇ ਟੈਲੀਵਿਜ਼ਨ ਸਟੂਡੀਓ ਅਤੇ ਇੱਥੋਂ ਤੱਕ ਕਿ ਅਖ਼ਬਾਰਾਂ ਦੇ ਪੰਨਿਆਂ ਉੱਪਰ ਵੀ ਖ਼ੁਸ਼ੀ ਦਾ ਮਾਹੌਲ ਸੀ। ਆਲੋਚਕਾਂ ਦਾ ਕਹਿਣਾ ਸੀ ਕਿ ਇਹ ਖ਼ੁਸ਼ੀ ਭਾਰਤ ਦੇ ਇਕ ਧਰਮਨਿਰਪੇਖ ਰਾਸ਼ਟਰ ਵਜੋਂ ਅੰਤ ਦਾ ਐਲਾਨ ਸੀ। ਕਈ ਵਿਦਵਾਨਾਂ ਨੇ ਦਾਅਵਾ ਕੀਤਾ ਕਿ ਸ਼ਿਲਾਨਿਆਸ ਨੇ ਨਾ ਸਿਰਫ਼ ਮੰਦਰ ਦਾ ਨੀਂਹ-ਪੱਥਰ ਰੱਖਿਆ ਹੈ ਸਗੋਂ ਇਕ ਬਹੁਗਿਣਤੀਵਾਦੀ ਹਿੰਦੂ ਰਾਸ਼ਟਰ ਦਾ ਨੀਂਹ ਪੱਥਰ ਵੀ ਰੱਖ ਦਿੱਤਾ ਗਿਆ ਹੈ।

ਸੁਭਾਸ਼ ਮੁਹੱਲੇ ਵਿਚ ਵੀ ਖ਼ੁਸ਼ੀ ਮਨਾਈ ਜਾ ਰਹੀ ਸੀ। ਹਿੰਦੂ ਮਰਦਾਂ ਦੀ ਇਕ ਭੀੜ ਘੁੰਮ-ਘੁੰਮ ਕੇ ਮੁਸਲਮਾਨਾਂ ਨੂੰ ਮੁਹੱਲਾ ਛੱਡ ਕੇ ਚਲੇ ਜਾਣ ਦੀ ਧਮਕੀ ਦੇ ਰਹੀ ਸੀ ਅਤੇ ਜਿੱਥੇ ਮੁਸਲਮਾਨਾਂ ਦੇ ਘਰ ਸ਼ੁਰੂ ਹੁੰਦੇ ਸਨ ਉਸ ਗੇਟ ਉੱਪਰ ਭਗਵਾਂ ਝੰਡਾ ਲਗਾ ਰਹੀ ਸੀ। ਮੁਸਲਮਾਨਾਂ ਨੇ ਦੇਰੀ ਨਾ ਕਰਦੇ ਹੋਏ ਇਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ। ਦੋ ਦਿਨ ਲੰਘ ਗਏ ਲੇਕਿਨ ਪੁਲਿਸ ਨੇ ਐੱਫ.ਆਈ.ਆਰ. ਨਹੀਂ ਲਿਖੀ। ਫਿਰ ਇਕ ਰਾਤ ਸੁਭਾਸ਼ ਮੁਹੱਲੇ ਦੀਆਂ 10 ਔਰਤਾਂ ਟੋਲੀ ਬਣਾ ਕੇ ਪੁਲਿਸ ਥਾਣੇ ਗਈਆਂ ਅਤੇ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਕੀਤੀ। ਉਹਨਾਂ ਵਿੱਚੋਂ ਤਿੰਨ ਨੂੰ, ਜਿਹਨਾਂ ਵਿਚ ਇਕ ਬੱਚੀ ਵੀ ਸੀ, ਅੰਦਰ ਬੁਲਾ ਲਿਆ ਗਿਆ ਅਤੇ ਉਡੀਕ ਕਰਨ ਲਈ ਕਿਹਾ ਗਿਆ। ਉਹਨਾਂ ਔਰਤਾਂ ਨੇ ਸਾਡੇ ਪੱਤਰਕਾਰਾਂ ਨੂੰ ਦੱਸਿਆ ਕਿ ਥਾਣੇ ਦੇ ਅੰਦਰ ਪੁਲਸੀਆਂ ਨੇ ਉਹਨਾਂ ਦੇ ਥੱਪੜ ਮਾਰੇ ਅਤੇ ਧਮਕੀ ਦਿੱਤੀ। ਉਹਨਾਂ ਵਿੱਚੋਂ ਸਭ ਤੋਂ ਬੜੀ ਉਮਰ ਦੀ ਔਰਤ ਨੇ ਦੱਸਿਆ ਕਿ ਪੁਲਸੀਆਂ ਨੇ ਕੁੜੀ, ਜੋ ਉਹਨਾਂ ਦੀ ਬੇਟੀ ਸੀ, ਨਾਲ ਛੇੜਛਾੜ ਕੀਤੀ ਅਤੇ ਮਾਂ ਦੇ ਕੱਪੜੇ ਪਾੜ ਦਿੱਤੇ। ਜਿਉਂ ਹੀ ਇਹ ਔਰਤਾਂ ਘਰ ਵਾਪਸ ਆਈਆਂ, ਉਹਨਾਂ ਨੇ ਸਾਡੇ ਪੱਤਰਕਾਰ ਨਾਲ ਸੰਪਰਕ ਕੀਤਾ ਅਤੇ ਇਹੀ ਸਾਡੀ ਪਹਿਲੀ ਖ਼ਬਰ ਸੀ। ਜਦ ਇਹ ਖ਼ਬਰ ਛਪੀ ਤਾਂ ਤਿੰਨੋਂ ਪੱਤਰਕਾਰ ਮਲਟੀਮੀਡੀਆ ਸਟੋਰੀ ਕਰਨ ਲਈ ਮੁੜ ਉੱਥੇ ਗਏ।

ਇਸ ਮੁਲਾਕਾਤ ਵਿਚ ਔਰਤ ਪੱਤਰਕਾਰ ਨੇ ਉਹਨਾਂ ਔਰਤਾਂ ਨਾਲ ਦੋ ਘੰਟੇ ਗੱਲਬਾਤ ਕੀਤੀ। ਜਦ ਉਹ ਇੰਟਰਵਿਊ ਕਰਕੇ ਵਾਪਸ ਜਾ ਰਹੇ ਸਨ ਤਾਂ ਉਹਨਾਂ ਨੇ ਦੇਖਿਆ ਕਿ ਭਗਵੇਂ ਝੰਡੇ ਅਜੇ ਵੀ ਲੱਗੇ ਹੋਏ ਹਨ। ਜਦ ਪੱਤਰਕਾਰ ਉਹਨਾਂ ਝੰਡਿਆਂ ਦੀ ਫੋਟੋ ਲੈਣ ਲੱਗੇ ਤਾਂ ਮਿੰਟਾਂ ਵਿਚ ਹੀ ਭੀੜ ਇਕੱਠੀ ਹੋ ਗਈ ਅਤੇ ਉਹਨਾਂ ਨੂੰ ਗਾਲੀ-ਗਲੋਚ ਕਰਨ ਲੱਗੀ। ਜਿਉਂ ਹੀ ਭੀੜ ਨੂੰ ਇਹ ਪਤਾ ਲੱਗਾ ਕਿ ਦੋ ਪੱਤਰਕਾਰਾਂ ਵਿੱਚੋਂ ਇਕ ਮੁਸਲਮਾਨ ਹੈ ਤਾਂ ਭੀੜ ਨੇ ਉਸ ਮੁਸਲਮਾਨ ਪੱਤਰਕਾਰ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਫੋਟੋਆਂ ਡਿਲੀਟ ਕਰਨ ਲਈ ਮਜਬੂਰ ਕੀਤਾ। ਉਹ ਲੋਕ ਲਗਾਤਾਰ ਫ਼ਿਰਕੂ ਗਾਹਲਾਂ ਬਕਦੇ ਰਹੇ ਅਤੇ ਮਾਰ ਦੇਣ ਦੀਆਂ ਧਮਕੀਆਂ ਦਿੰਦੇ ਰਹੇ। ਔਰਤ ਪੱਤਰਕਾਰ ਨੇ ਜਦ ਭੀੜ ਤੋਂ ਜਾਨ ਬਚਾ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਕੱਪੜਿਆਂ ਨੂੰ ਹੱਥ ਪਾ ਕੇ ਉਸ ਨੂੰ ਮੁੜ ਭੀੜ ਵਿਚ ਖਿੱਚ ਲਿਆ ਗਿਆ ਅਤੇ ਉਸ ਨਾਲ ਜਿਨਸੀ ਹਿੰਸਾ ਕੀਤੀ ਗਈ। ਉਸ ਭੀੜ ਵਿਚ ਮਰਦ ਅਤੇ ਔਰਤਾਂ ਦੋਨੋਂ ਸਨ ਜਿਹਨਾਂ ਨੇ ਉਸ ਔਰਤ ਪੱਤਰਕਾਰ ਦੇ ਸਿਰ, ਬਾਹਾਂ, ਛਾਤੀ ਅਤੇ ਲੱਕ ਦੇ ਪਿਛਲੇ ਪਾਸੇ ਉੱਪਰ ਜਿਨਸੀ ਹਮਲੇ ਕੀਤੇ। ਨੌਜਵਾਨ ਲੜਕਿਆਂ ਨੇ ਉਸ ਔਰਤ ਪੱਤਰਕਾਰ ਦੀਆਂ ਫੋਟੋਆਂ ਅਤੇ ਵੀਡੀਓ ਬਣਾਈਆਂ। ਇਕ ਅੱਧਖੜ ਉਮਰ ਦੇ ਵਿਅਕਤੀ ਨੇ ਆਪਣੀ ਧੋਤੀ ਲਾਹ ਦਿੱਤੀ ਅਤੇ ਆਪਣਾ ਲਿੰਗ ਔਰਤ ਪੱਤਰਕਾਰ ਦੇ ਅੱਗੇ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਹ ਅੱਧਖੜ ਉਮਰ ਦਾ ਵਿਅਕਤੀ ਆਪਣੇ ਹੱਥ ਨਾਲ ਆਪਣਾ ਲਿੰਗ ਹਿਲਾਉਂਦਾ ਰਿਹਾ। ਬਾਦ ਵਿਚ ਔਰਤ ਪੱਤਰਕਾਰ ਨੇ ਪੁਲਿਸ ਨੂੰ ਆਪਣੀ ਰਿਪੋਰਟ ਲਿਖਵਾਈ। ਇਸ ਹਿੰਸਾ ਦੌਰਾਨ ਔਰਤ ਪੱਤਰਕਾਰ ਨੇ ਦੇਖਿਆ ਕਿ ਇਕ ਪੁਲਸੀਆ ਭੱਜ ਕੇ ਉਸ ਦੀ ਮੱਦਦ ਲਈ ਆਇਆ ਲੇਕਿਨ ਉਸ ਨੇ ਖ਼ਤਰੇ ਨੂੰ ਮਾਮੂਲੀ ਗੱਲ ਦੱਸਦੇ ਹੋਏ ਭੀੜ ਨਾਲ ਸਮਝੌਤਾ ਕਰਨ ਲਈ ਜ਼ੋਰ ਪਾਇਆ। ਉਸ ਨੇ ਔਰਤ ਪੱਤਰਕਾਰ ਦੀ ਮੱਦਦ ਨਹੀਂ ਕੀਤੀ। ਚੰਗੇ ਭਾਗੀਂ ਛੇਤੀ ਹੀ ਇਕ ਹੋਰ ਪੁਲਸੀਆ ਆ ਗਿਆ ਜੋ ਉਸ ਔਰਤ ਪੱਤਰਕਾਰ ਨੂੰ ਆਪਣੀ ਬਾਈਕ ਉੱਪਰ ਬਿਠਾ ਕੇ ਥਾਣੇ ਲੈ ਗਿਆ। ਇਹ ਤਿੰਨੋਂ ਪੱਤਰਕਾਰ ਕਾਰਵਾਂ ਮੈਗਜ਼ੀਨ ਦੀ ਉਸ ਟੀਮ ਦਾ ਹਿੱਸਾ ਸਨ ਜਿਸ ਨੇ ਇਸ ਸਾਲ ਦਿੱਲੀ ਵਿਚ ਹੋਈ ਮੁਸਲਿਮ ਵਿਰੋਧੀ ਹਿੰਸਾ ਦੀਆਂ 30 ਤੋਂ ਵੱਧ ਸਟੋਰੀਆਂ ਕੀਤੀਆਂ ਸਨ।

ਇਹਨਾਂ ਸਟੋਰੀਆਂ ਵਿਚ ਖ਼ੁਲਾਸਾ ਕੀਤਾ ਗਿਆ ਸੀ ਕਿ ਭਾਜਪਾ ਦੇ ਆਗੂਆਂ ਨੇ ਕਿਵੇਂ ਹਿੰਸਾ ਕਰਵਾਈ। ਉਹਨਾਂ ਰਿਪੋਰਟਾਂ ਵਿਚ ਐਸੇ ਚਸ਼ਮਦੀਦ ਗਵਾਹਾਂ ਦੇ ਬਿਆਨ ਸਨ ਜਿਹਨਾਂ ਨੇ ਦੰਗਾਈਆਂ ਨਾਲ ਪੁਲਿਸ ਦੀ ਮਿਲੀਭੁਗਤ ਬਾਰੇ ਦੱਸਿਆ ਸੀ। ਸਾਡੀ ਛੋਟੀ ਅਤੇ ਮਲਟੀਮੀਡੀਆ ਟੀਮ ਐਸੇ ਫ਼ੋਟੋ-ਦ੍ਰਿਸ਼ ਅਤੇ ਇੰਟਰਵਿਊ ਲਿਆ ਰਹੀ ਸੀ ਕਿ ਕਈ ਵਾਰ ਤਾਂ ਮੇਰਾ ਮਨ ਇਹ ਮੰਨਣ ਲਈ ਤਿਆਰ ਨਹੀਂ ਸੀ ਹੁੰਦਾ ਕਿ ਇਹ ਸੱਚੀਆਂ ਹਨ। ਐਸਾ ਇਸ ਲਈ ਹੁੰਦਾ ਸੀ ਕਿਉਂਕਿ ਭਾਰਤ ਦੇ ਚੋਟੀ ਦੇ ਅਖ਼ਬਾਰਾਂ ਵਿਚ ਇਹ ਖ਼ਬਰਾਂ ਗ਼ਾਇਬ ਸਨ। ਇਹਨਾਂ ਵਿੱਚੋਂ ਜ਼ਿਆਦਾਤਰ ਅਖ਼ਬਾਰਾਂ ਦੇ ਦਫ਼ਤਰ ਕੌਮੀ ਰਾਜਧਾਨੀ ਵਿਚ ਹੀ ਹਨ। ਇਹਨਾਂ ਅਖ਼ਬਾਰਾਂ ਨੇ ਉਸ ਤਰ੍ਹਾਂ ਦੇ ਵਿਜ਼ੂਅਲ ਦਰਜ ਨਹੀਂ ਕੀਤੇ, ਨਾ ਐਸੀ ਰਿਪੋਰਟਿੰਗ ਕੀਤੀ ਜਿਵੇਂ ਉਹਨਾਂ ਨੇ 1984 ਦੀ ਸਿੱਖ ਵਿਰੋਧੀ ਹਿੰਸਾ ਅਤੇ 2002 'ਚ ਗੁਜਰਾਤ ਵਿਚ ਹੋਈ ਫ਼ਿਰਕੂ ਹਿੰਸਾ ਦੀ ਕੀਤੀ ਸੀ।

ਜਦ ਅਮਰੀਕਾ ਦਾ ਰਾਸ਼ਟਰਪਤੀ ਡੋਨਲਡ ਟਰੰਪ ਭਾਰਤ ਵਿਚ ਦੌਰੇ 'ਤੇ ਸੀ ਤਾਂ ਭਾਰਤ ਦੀ ਰਾਜਧਾਨੀ ਜਲ ਰਹੀ ਸੀ। ਉਸ ਤੋਂ ਕੁਛ ਦਿਨ ਬਾਦ ਕੋਵਿਡ ਆ ਗਿਆ ਅਤੇ ਮੀਡੀਆ ਵੱਲੋਂ ਜੋ ਉਸ ਕਤਲੇਆਮ ਦੀ ਥੋੜ੍ਹਾ ਕਵਰੇਜ ਕੀਤੀ ਜਾ ਰਹੀ ਸੀ, ਉਹ ਵੀ ਬੰਦ ਕਰ ਦਿੱਤੀ ਗਈ। ਲੇਕਿਨ ਪ੍ਰਭਜੀਤ ਸਿੰਘ ਅਤੇ ਸ਼ਾਹਿਦ ਤਾਂਤਰੇ ਵਰਗੇ ਪੱਤਰਕਾਰ ਉੱਤਰ-ਪੂਰਬੀ ਦਿੱਲੀ ਵਿਚ ਮਾਸਕ ਪਾ ਕੇ ਜਾਂਦੇ ਰਹੇ, ਲੋਕਾਂ ਨੂੰ ਮਿਲਦੇ ਰਹੇ, ਪੁਲਸੀਆਂ ਨੂੰ ਮਿਲਦੇ ਰਹੇ, ਚਸ਼ਮਦੀਦ ਗਵਾਹਾਂ ਅਤੇ ਵਕੀਲਾਂ ਨਾਲ ਮੁਲਾਕਾਤਾਂ ਕਰਦੇ ਰਹੇ। ਉਹ ਲਗਾਤਾਰ ਖ਼ਬਰਾਂ ਬਾਹਰ ਲਿਆ ਰਹੇ ਸਨ ਅਤੇ ਸ਼ਾਇਦ ਇਸੇ ਕਰਕੇ ਉਹਨਾਂ ਉੱਪਰ ਇਸ ਤਰ੍ਹਾਂ ਦਾ ਹਮਲਾ ਕੀਤਾ ਗਿਆ। ਸਟੋਰੀ ਦੇ ਲਈ ਪੱਤਰਕਾਰ ਦਾ ਦੁਬਾਰਾ ਉਸੇ ਜਗਾ ਉੱਪਰ ਜਾਣਾ ਹਮੇਸ਼ਾ ਇਕ ਸਮੱਸਿਆ ਹੁੰਦਾ ਹੈ।

ਮੈਂ ਤੁਹਾਨੂੰ ਇਹ ਕਹਾਣੀ ਇਸ ਲਈ ਦੱਸ ਰਿਹਾ ਹਾਂ ਕਿਉਂਕਿ ਇਸ 'ਚੋਂ ਦੋ ਮਹੱਤਵਪੂਰਨ ਸਵਾਲ ਖੜ੍ਹੇ ਹੁੰਦੇ ਹਨ। ਤੁਸੀਂ ਕਿਸ ਤਰ੍ਹਾਂ ਦੇ ਪੱਤਰਕਾਰ ਬਣਨਾ ਚਾਹੋਗੇ ਅਤੇ ਉਸ ਦੁਨੀਆ, ਜਿਸ ਨੂੰ ਕਈ ਵਿਦਵਾਨ ਸੱਚ ਤੋਂ ਅਗਲੀ (ਪੋਸਟ ਟਰੁੱਥ) ਦੁਨੀਆ ਕਹਿੰਦੇ ਹਨ, ਵਿਚ ਤੁਹਾਡੀ ਕੀ ਜਗਾ ਹੋਵੇਗੀ। ਮੀਡੀਆ ਦੀ ਥੋੜ੍ਹੀ ਜਿਹੀ ਸਮਝਦਾਰੀ ਹਾਸਲ ਕਰਨ ਨਾਲ ਹੀ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਰਵਾਇਤੀ ਮੀਡੀਆ ਘਰਾਣਿਆਂ ਨੇ ਸੱਤਾ ਵਿਚ ਬਿਰਾਜਮਾਨ ਲੋਕਾਂ ਨਾਲ ਛੋਟੇ ਤੋਂ ਲੈ ਕੇ ਬੜੇ ਕਾਰਪੋਰੇਟ, ਰਾਜਨੀਤਕ ਜਾਂ ਵਿਚਾਰਧਾਰਕ ਪ੍ਰਵਿਰਤੀ ਵਾਲੇ ਸਮਝੌਤੇ ਕੀਤੇ ਹਨ। ਇਵ ਕਰਦੇ ਹੋਏ ਸੱਚ ਦੀ ਹਾਰ ਹੋਈ ਹੈ ਅਤੇ ਝੂਠ ਦੀ ਜਿੱਤ। ਇਹ ਉਸ ਬਹੁ-ਧਰਮੀ, ਬਹੁਸੱਭਿਆਚਾਰੀ, ਬਹੁਭਾਸ਼ੀ ਭਾਰਤੀ ਸਮਾਜ ਦੀ ਮਾਨਤਾ ਦੀ ਹਾਰ ਹੈ ਜੋ ਬਰਾਬਰੀ ਵਾਲਾ ਅਤੇ ਧਰਮਨਿਰਪੇਖ ਹੈ। ਉਸ ਦੀ ਜਗਾ ਇਕ ਬਹੁਗਿਣਤੀਵਾਦੀ ਰਾਸ਼ਟਰਵਾਦ ਨੇ ਲੈ ਲਈ ਹੈ।

ਜੇ ਇੰਦਰਾ ਗਾਂਧੀ ਵੱਲੋਂ ਲਗਾਈ ਗਈ ਐਮਰਜੈਂਸੀ ਇਕ ਵਿਅਕਤੀ ਦੇ ਨਿੱਜੀ ਸਵਾਰਥਾਂ ਦਾ ਨਤੀਜਾ ਸੀ ਤਾਂ ਅੱਜ ਜਿਸ ਤਰ੍ਹਾਂ ਨਾਲ ਮੀਡੀਆ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ ਉਹ ਉਸ ਤੋਂ ਵੀ ਜ਼ਿਆਦਾ ਮਨਹੂਸ ਅਤੇ ਖ਼ਤਰਨਾਕ ਹੈ।

ਇਸ ਨੇ ਢਾਂਚਾਗਤ ਰੱਦੋਬਦਲ ਸ਼ੁਰੂ ਕਰ ਦਿੱਤੀ ਹੈ ਜਿਸ ਦੇ ਨਤੀਜੇ ਦੂਰਗਾਮੀ ਹੋਣਗੇ ਕਿਉਂਕਿ ਇਸ ਦੇ ਪਿੱਛੇ ਇਕ ਫਾਸ਼ੀਵਾਦੀ ਤਾਕਤ ਦੀ 95 ਸਾਲ ਦੀ ਮਿਹਨਤ ਹੈ। ਅੱਜ ਭਾਰਤੀ ਪ੍ਰੈੱਸ ਉਸ ਉਬਲਦੇ ਡੱਡੂ ਵਾਲੀ ਕਹਾਣੀ ਤੋਂ ਬਹੁਤ ਅੱਗੇ ਨਿਕਲ ਗਈ ਹੈ ਜਿਸ ਨੂੰ ਗਰਮ ਪਾਣੀ ਵਿਚ ਬਹੁਤ ਦੇਰ ਤੱਕ ਬਿਠਾ ਕੇ ਰੱਖਿਆ ਗਿਆ ਸੀ। ਅੱਜ ਉਹ ਡੱਡੂ ਪੱਕ ਚੁੱਕਾ ਹੈ, ਖਾਣੇ ਦੀ ਮੇਜ਼ ਉੱਪਰ ਪਰੋਸਿਆ ਜਾ ਚੁੱਕਾ ਹੈ ਲੇਕਿਨ ਉਸ ਨੂੰ ਇਸ ਦਾ ਕੋਈ ਇਲਮ ਨਹੀਂ ਹੈ।

ਜੇ ਐਮਰਜੈਂਸੀ ਦੌਰਾਨ ਰਾਜਨੀਤਕ ਵਿਰੋਧੀ-ਧਿਰ ਗੁਪਤਵਾਸ ਰੂਪ 'ਚ ਸਰਗਰਮ ਸੀ ਤਾਂ ਅੱਜ ਹਾਲਤ ਇਹ ਹੈ ਕਿ ਵਿਰੋਧੀ-ਧਿਰ ਸਿਰਫ਼ ਸੋਸ਼ਲ ਮੀਡੀਆ ਉੱਪਰ ਸਰਗਰਮ ਹੈ। ਇਸ ਲਈ ਕਿਸੇ ਨੂੰ ਇਸ ਗੱਲ ਦਾ ਭਰਮ ਨਹੀਂ ਹੋਣਾ ਚਾਹੀਦਾ ਕਿ ਮੀਡੀਆ ਨੂੰ ਠੀਕ ਕਰਨ ਨਾਲ ਭਾਰਤ ਦੀਆਂ ਕੁਲ ਸਮੱਸਿਆਵਾਂ ਠੀਕ ਹੋ ਜਾਣਗੀਆਂ। ਰਾਸ਼ਟਰਵਾਦ ਨਾਲ ਵਚਨਬੱਧਤਾ ਰੱਖਣ ਵਾਲੇ ਸੰਵਿਧਾਨਕ ਲੋਕਤੰਤਰ ਨੇ ਬਹੁਗਿਣਤੀਵਾਦੀ ਰਾਜ ਲਈ ਰਾਹ ਪੱਧਰਾ ਕਰ ਦਿੱਤਾ ਹੈ।

19ਵੀਂ ਸਦੀ ਦੇ ਜਰਮਨੀ ਦੇ ਵਿਦਵਾਨ ਜੋਹਾਨ ਕੈਸਪਰ ਬਲੰਟਸ਼ਿਲੀ ਦੇ ਵਿਚਾਰਾਂ ਦਾ ਇਸਤੇਮਾਲ ਨਾਜ਼ੀਆਂ ਨੇ ਬਹੁਗਿਣਤੀਵਾਦ ਨੂੰ ਪ੍ਰੀਭਾਸ਼ਿਤ ਕਰਨ ਲਈ ਕੀਤਾ ਸੀ। ਸ਼ਾਇਦ, ਆਰ.ਐੱਸ.ਐੱਸ. ਦਾ ਦੂਜਾ ਸਰਸੰਘਚਾਲਕ (ਮੁਖੀ) ਐੱਮ.ਐੱਸ. ਗੋਲਵਲਕਰ ਇਕੋਇਕ ਐਸਾ ਭਾਰਤੀ ਹੈ ਜਿਸ ਨੇ ਬਲੰਟਸ਼ਿਲੀ ਦੇ ਬਹੁਗਿਣਤੀਵਾਦੀ ਵਿਚਾਰਾਂ ਨੂੰ ਪੂਰਾ ਮਾਣ-ਸਨਮਾਨ ਦੇ ਕੇ ਭਾਰਤੀਆਂ ਅੱਗੇ ਪਰੋਸਿਆ ਹੈ ਅਤੇ ਅੱਜ ਗੋਲਵਲਕਰ ਦੀ ਔਲਾਦ ਭਾਰਤ ਉੱਪਰ ਕਾਬਜ਼ ਹੋ ਕੇ ਇਸ ਨੂੰ ਆਪਣੀ ਸੋਚ ਅਨੁਸਾਰ ਚਲਾ ਰਹੀ ਹੈ।

ਭਾਰਤ ਨੂੰ ਵਾਪਸ ਸਹੀ ਲੀਹ 'ਤੇ ਲਿਆਉਣ ਲਈ ਕਈ ਮੋਰਚਿਆਂ ਉੱਪਰ ਕੰਮ ਕਰਨਾ ਹੋਵੇਗਾ, ਮੁੱਖ ਤੌਰ 'ਤੇ ਰਾਜਨੀਤਕ ਅਤੇ ਸੱਭਿਆਚਾਰਕ ਮੋਰਚਿਆਂ ਉੱਪਰ। ਲੇਕਿਨ ਇਕ ਬਿਹਤਰ ਮੀਡੀਆ ਬਣਾਉਣਾ ਅਤੇ ਖ਼ੁਦ ਨੂੰ ਪੱਤਰਕਾਰ ਦੇ ਰੂਪ 'ਚ ਸੁਧਾਰਨਾ ਮਹੱਤਵਪੂਰਨ ਕੰਮ ਹੈ। ਮੈਨੂੰ ਉਮੀਦ ਹੈ ਕਿ ਨੌਜਵਾਨ ਭਾਰਤੀ ਪੱਤਰਕਾਰ ਆਉਣ ਵਾਲੇ ਦਿਨਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣਾ ਪੂਰਾ ਤਾਣ ਲਗਾਉਣਗੇ ਅਤੇ ਇਹਨਾਂ ਸਾਲਾਂ ਨੂੰ ਖ਼ੁਦ ਨੂੰ ਤਿਆਰ ਕਰਨ 'ਚ, ਅਤੇ ਭਰੋਸੇਯੋਗ ਅਤੇ ਅਸਰਦਾਰ ਬਣਾਉਣ 'ਚ ਲਗਾਉਣਗੇ। ਮੈਨੂੰ ਉਮੀਦ ਹੈ ਕਿ ਪੱਤਰਕਾਰ ਕਾਰੋਬਾਰੀ ਮਾਡਲਾਂ ਦੇ ਤਜ਼ਰਬੇ ਕਰਨਗੇ, ਸੰਸਥਾਵਾਂ ਬਣਾਉਣਗੇ ਅਤੇ ਰਾਸ਼ਟਰ ਦੇ ਨੈਤਿਕ ਧਰਾਤਲ ਨੂੰ ਪੁਨਰ-ਸਥਾਪਿਤ ਕਰਨ ਦੀ ਕੋਸ਼ਿਸ਼ ਕਰਨਗੇ, ਜੋ ਤੇਜ਼ੀ ਨਾਲ ਫਾਸ਼ੀਵਾਦੀਆਂ ਦੇ ਹੱਥਾਂ ਵਿਚ ਜਾ ਰਿਹਾ ਹੈ। ਚਾਹੇ ਅੱਜ ਇਹ ਤਾਕਤ ਕਿੰਨੀ ਵੀ ਛੋਟੀ ਨਜ਼ਰ ਕਿਉਂ ਨਾ ਆਉਂਦੀ ਹੋਵੇ, ਆਖ਼ਿਰਕਾਰ ਫਾਸ਼ੀਵਾਦ ਦਾ ਮੁਕਾਬਲਾ ਸਦਾ ਹੀ ਅਵਾਮ ਦੀ ਤਾਕਤ ਨੇ ਕੀਤਾ ਹੈ। ਫਾਸ਼ੀਵਾਦ ਦੇ ਬਿਰਤਾਂਤ ਦੇ ਵਿਰੋਧ 'ਚ ਬਿਰਤਾਂਤ ਖੜ੍ਹਾ ਕਰਨਾ ਅੱਜ ਦੇ ਸਭ ਤੋਂ ਜ਼ਰੂਰੀ ਕੰਮਾਂ ਵਿੱਚੋਂ ਇਕ ਹੈ। (ਸਮਾਪਤ)

---

# ਤੁਸੀਂ ਪੂਰੇ ਮੁਲਕ ਨੂੰ ਏਕਤਾ ਦੇ ਮਾਇਨੇ ਸਮਝਾ ਦਿੱਤੇ - ਅਰੁੰਧਤੀ ਰਾਏ

**ਅਨੁਵਾਦ : ਬੂਟਾ ਸਿੰਘ**

[9 ਜਨਵਰੀ ਨੂੰ ਆਲਮੀ ਪੱਧਰ 'ਤੇ ਮਕਬੂਲ ਲੇਖਿਕਾ ਅਰੁੰਧਤੀ ਰਾਏ ਨੇ ਦਿੱਲੀ ਦੀ ਟਿਕਰੀ ਹੱਦ ਉੱਪਰ ਸੰਯੁਕਤ ਕਿਸਾਨ ਮਜ਼ਦੂਰ ਮੋਰਚੇ ਦੇ ਮੰਚ ਤੋਂ ਸੰਘਰਸ਼ਸ਼ੀਲ ਕਾਫ਼ਲਿਆਂ ਨੂੰ ਸੰਬੋਧਨ ਕੀਤਾ। ਪੇਸ਼ ਹੈ ਉਹਨਾਂ ਦੀ ਹਿੰਦੀ ਤਕਰੀਰ ਦਾ ਅਨੁਵਾਦ। - ਸੰਪਾਦਕ]



ਇਨਕਲਾਬ! ਜ਼ਿੰਦਾਬਾਦ, ਜ਼ਿੰਦਾਬਾਦ!!

ਮੈਨੂੰ ਇੱਥੇ ਬਹੁਤ ਪਹਿਲਾਂ ਆਉਣਾ ਚਾਹੀਦਾ ਸੀ ਲੇਕਿਨ ਮੈਂ ਇਸ ਕਰਕੇ ਨਹੀਂ ਆਈ ਕਿ ਕਿਤੇ ਸਰਕਾਰ ਤੁਹਾਡਾ ਕੋਈ ਨਾਮਕਰਨ ਨਾ ਕਰ ਦੇਵੇ। ਕਿਤੇ ਤੁਹਾਨੂੰ ਦਹਿਸ਼ਤਗਰਦ, ਨਕਸਲਵਾਦੀ ਜਾਂ ਮਾਓਵਾਦੀ ਕਰਾਰ ਨਾ ਦੇ ਦੇਵੇ। ਐਸਾ ਮੇਰੇ ਨਾਲ ਬਹੁਤ ਪਹਿਲਾਂ ਕਈ ਵਾਰ ਹੋ ਚੁੱਕਾ ਹੈ। ਮੈਂ ਨਹੀਂ ਸੀ ਚਾਹੁੰਦੀ ਕਿ ਜੋ ਕੁਛ ਮੈਨੂੰ ਕਿਹਾ ਜਾਂਦਾ ਰਿਹਾ ਹੈ ਉਹ ਤੁਹਾਨੂੰ ਵੀ ਕਿਹਾ ਜਾਵੇ ਜਿਵੇਂ ਟੁਕੜੇ-ਟੁਕੜੇ ਗੈਂਗ, ਖ਼ਾਨ ਮਾਰਕੀਟ ਗੈਂਗ, ਮਾਓਵਾਦੀ ਵਗੈਰਾ। ਮੈਨੂੰ ਸ਼ੱਕ ਸੀ ਕਿ ਕਿਤੇ ਗੋਦੀ ਮੀਡੀਆ ਵੱਲੋਂ ਇਹ ਨਾਮ ਤੁਹਾਡੇ ਉੱਪਰ ਵੀ ਨਾ ਥੋਪ ਦਿੱਤੇ ਜਾਣ। ਲੇਕਿਨ ਤੁਹਾਡਾ ਨਾਮਕਰਨ ਤਾਂ ਉਹਨਾਂ ਨੇ ਬਹੁਤ ਪਹਿਲਾਂ ਹੀ ਕਰ ਦਿੱਤਾ; ਇਸ ਦੇ ਲਈ ਤੁਹਾਨੂੰ ਮੁਬਾਰਕਵਾਦ।

ਇਸ ਅੰਦੋਲਨ ਨੂੰ ਹਰਾਇਆ ਨਹੀਂ ਜਾ ਸਕਦਾ ਕਿਉਂਕਿ ਇਹ ਜ਼ਿੰਦਾਦਿਲ ਲੋਕਾਂ ਦਾ ਅੰਦੋਲਨ ਹੈ। ਤੁਸੀਂ ਹਾਰ ਨਹੀਂ ਸਕਦੇ। ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਪੂਰੇ ਮੁਲਕ ਨੂੰ ਤੁਹਾਡੇ ਤੋਂ ਆਸਾਂ ਹਨ। ਪੂਰਾ ਮੁਲਕ ਦੇਖ ਰਿਹਾ ਹੈ ਕਿ ਲੜਨ ਵਾਲੇ ਦਿੱਲੀ ਤੱਕ ਆ ਗਏ ਹਨ ਅਤੇ ਇਹ ਲੋਕ ਹਾਰਨ ਵਾਲੇ ਨਹੀਂ ਹਨ। ਅਤੇ ਇਸ ਦੇ ਲਈ ਵੀ ਇਕ ਵਾਰ ਫਿਰ ਤੁਹਾਨੂੰ ਮੁਬਾਰਕਵਾਦ।

ਮੈਨੂੰ ਐਨੇ ਲੋਕਾਂ ਸਾਹਮਣੇ ਬੋਲਣ ਦਾ ਅਭਿਆਸ ਨਹੀਂ ਹੈ ਫਿਰ ਵੀ ਮੈਂ ਕਹਿਣਾ ਚਾਹਾਂਗੀ ਕਿ ਜੋ ਕੁਛ ਅਸੀਂ ਲੋਕ ਪਿਛਲੇ 20 ਸਾਲਾਂ ਤੋਂ ਲਿਖ ਰਹੇ ਸੀ, ਅਖ਼ਬਾਰਾਂ ਅਤੇ ਕਿਤਾਬਾਂ ਵਿਚ ਪੜ੍ਹ ਰਹੇ ਸੀ; ਇਸ ਅੰਦੋਲਨ ਨੇ ਉਸ ਨੂੰ ਇਕ ਜ਼ਮੀਨੀ ਹਕੀਕਤ ਬਣਾ ਦਿੱਤਾ ਹੈ। ਇਸ ਅੰਦੋਲਨ ਨੇ ਇਸ ਮੁਲਕ ਦੇ ਇਕ-ਇਕ ਆਦਮੀ ਨੂੰ, ਇਕ-ਇਕ ਔਰਤ ਨੂੰ ਸਮਝਾ ਦਿੱਤਾ ਹੈ ਕਿ ਆਖ਼ਿਰ ਇਸ ਮੁਲਕ ਵਿਚ ਹੋ ਕੀ ਰਿਹਾ ਹੈ!

ਹਰ ਚੋਣ ਤੋਂ ਪਹਿਲਾਂ ਇਹ ਲੋਕ ਤੁਹਾਡੇ ਨਾਲ ਖੜ੍ਹੇ ਹੁੰਦੇ ਹਨ, ਤੁਹਾਡੇ ਤੋਂ ਵੋਟ ਮੰਗਦੇ ਹਨ ਅਤੇ ਚੋਣ ਖ਼ਤਮ ਹੁੰਦੇ ਹੀ ਜਾ ਕੇ ਸਿੱਧੇ ਅੰਬਾਨੀ, ਅਡਾਨੀ, ਪਤੰਜਲੀ ਅਤੇ ਬਾਹਰਲੀਆਂ ਬੜੀਆਂ-ਬੜੀਆਂ ਕੰਪਨੀਆਂ ਨਾਲ ਜਾ ਖੜ੍ਹਦੇ ਹਨ।

ਇਸ ਮੁਲਕ ਦੇ ਇਤਿਹਾਸ ਨੂੰ ਦੇਖੀਏ ਤਾਂ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਤੋਂ ਬਾਦ ਇਸ ਮੁਲਕ 'ਚ ਕੈਸੇ-ਕੈਸੇ ਅੰਦੋਲਨ ਲੜੇ ਜਾ ਰਹੇ ਹਨ। ਜਿਵੇਂ 60 ਦੇ ਦਹਾਕੇ ਵਿਚ ਲੋਕ ਅੰਦੋਲਨ ਕਰ ਰਹੇ ਸਨ - ਜਗੀਰਦਾਰੀ ਖ਼ਤਮ ਕਰਨ ਲਈ, ਮਜ਼ਦੂਰਾਂ ਦੇ ਹੱਕ ਲਈ। ਲੇਕਿਨ ਇਹ ਸਾਰੇ ਅੰਦੋਲਨ ਕੁਚਲ ਦਿੱਤੇ ਗਏ।

80 ਦੇ ਦਹਾਕੇ ਵਿਚ ਅਤੇ ਉਸ ਤੋਂ ਬਾਦ ਲੜਾਈ ਸੀ ਕਿ ਲੋਕਾਂ ਦਾ ਉਜਾੜਾ ਨਾ ਹੋਵੇ।

ਜੋ ਅੱਜ ਤੁਹਾਡੇ ਨਾਲ ਹੋ ਰਿਹਾ ਹੈ ਜਾਂ ਹੋਣ ਜਾ ਰਿਹਾ ਹੈ ਉਹ ਆਦਿਵਾਸੀਆਂ ਨਾਲ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ। ਬਸਤਰ ਵਿਚ ਨਕਸਲੀ ਅਤੇ ਮਾਓਵਾਦੀ ਕੀ ਕਰ ਰਹੇ ਹਨ, ਕਿਉਂ ਲੜ ਰਹੇ ਹਨ? ਉਹ ਲੜ ਰਹੇ ਹਨ ਕਿਉਂਕਿ ਉੱਥੇ ਆਦਿਵਾਸੀਆਂ ਦੀ ਜ਼ਮੀਨ ਅਤੇ ਉਹਨਾਂ ਦੇ ਪਹਾੜ ਅਤੇ ਨਦੀਆਂ ਬੜੀਆਂ-ਬੜੀਆਂ ਕੰਪਨੀਆਂ ਨੂੰ ਦਿੱਤੇ ਜਾ ਰਹੇ ਹਨ। ਉਹਨਾਂ ਦੇ ਘਰ ਜਲਾ ਦਿੱਤੇ ਗਏ। ਉਹਨਾਂ ਨੂੰ ਆਪਣੇ ਹੀ ਪਿੰਡਾਂ ਤੋਂ ਬਾਹਰ ਕੱਢ ਦਿੱਤਾ ਗਿਆ। ਪਿੰਡ ਦੇ ਪਿੰਡ ਖ਼ਤਮ ਕਰ ਦਿੱਤੇ ਗਏ। ਜਿਵੇਂ ਨਰਮਦਾ ਦੀ ਲੜਾਈ ਸੀ।

ਹੁਣ ਉਹ ਬੜੇ ਕਿਸਾਨ ਦੇ ਨਾਲ ਵੀ ਇਹੀ ਖੇਡ ਖੇਡਣ ਜਾ ਰਹੇ ਹਨ। ਅੱਜ ਇਸ ਅੰਦੋਲਨ ਵਿਚ ਮੁਲਕ ਦਾ ਕਿਸਾਨ ਵੀ ਸ਼ਾਮਿਲ ਹੈ ਅਤੇ ਮਜ਼ਦੂਰ ਵੀ। ਇਸ ਅੰਦੋਲਨ ਨੇ ਮੁਲਕ ਨੂੰ ਏਕਤਾ ਦਾ ਮਾਇਨਾ ਸਮਝਾ ਦਿੱਤਾ ਹੈ।

ਇਸ ਸਰਕਾਰ ਨੂੰ ਸਿਰਫ਼ ਦੋ ਕੰਮ ਹੀ ਚੰਗੀ ਤਰ੍ਹਾਂ ਕਰਨੇ ਆਉਂਦੇ ਹਨ - ਇਕ ਤਾਂ ਲੋਕਾਂ ਨੂੰ ਵੰਡਣਾ ਅਤੇ ਫਿਰ ਵੰਡ ਕੇ ਉਹਨਾਂ ਨੂੰ ਕੁਚਲ ਦੇਣਾ। ਬਹੁਤ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਇਸ ਅੰਦੋਲਨ ਨੂੰ ਤੋੜਨ ਦੀਆਂ, ਵੰਡਣ ਅਤੇ ਖ਼ਰੀਦਣ ਦੀਆਂ; ਲੇਕਿਨ ਇਹ ਹੋ ਨਹੀਂ ਸਕੇਗਾ।

ਸਰਕਾਰ ਨੇ ਤਾਂ ਸਾਫ਼-ਸਾਫ਼ ਦੱਸ ਦਿੱਤਾ ਹੈ ਕਿ ਕਾਨੂੰਨ ਵਾਪਸ ਨਹੀਂ ਲਏ ਜਾਣਗੇ ਅਤੇ ਤੁਸੀਂ ਵੀ ਸਾਫ਼ ਕਰ ਦਿੱਤਾ ਹੈ ਕਿ ਤੁਸੀਂ ਵਾਪਸ ਨਹੀਂ ਜਾਵੋਗੇ। ਅੱਗੇ ਕੀ ਹੋਵੇਗਾ, ਕਿਵੇਂ ਹੋਵੇਗਾ - ਇਹ ਸਾਨੂੰ ਦੇਖਣਾ ਹੋਵੇਗਾ। ਲੇਕਿਨ ਬਹੁਤ ਲੋਕ ਤੁਹਾਡੇ ਨਾਲ ਹਨ। ਇਹ ਲੜਾਈ ਸਿਰਫ਼ ਕਿਸਾਨਾਂ ਦੀ ਲੜਾਈ ਨਹੀਂ ਹੈ।

ਸਰਕਾਰ ਨੂੰ ਚੰਗਾ ਲੱਗਦਾ ਹੈ ਜਦ ਔਰਤਾਂ, ਔਰਤਾਂ ਲਈ ਲੜਦੀਆਂ ਹਨ; ਦਲਿਤ, ਦਲਿਤਾਂ ਲਈ ਲੜਦੇ ਹਨ; ਕਿਸਾਨ, ਕਿਸਾਨਾਂ ਲਈ ਲੜਦੇ ਹਨ; ਮਜ਼ਦੂਰ, ਮਜ਼ਦੂਰਾਂ ਲਈ ਲੜਦੇ ਹਨ, ਜਾਟ, ਜਾਟਾਂ ਲਈ ਲੜਦੇ ਹਨ। ਸਰਕਾਰ ਨੂੰ ਚੰਗਾ ਲੱਗਦਾ ਹੈ ਜਦ ਆਪੋ-ਆਪਣੇ ਖੂਹ ਵਿਚ ਬੈਠ ਕੇ ਛੜੱਪੇ ਮਾਰਦੇ ਹਨ। ਲੇਕਿਨ ਜਦ ਸਾਰੇ ਇਕਜੁੱਟ ਹੋ ਜਾਂਦੇ ਹਨ ਤਾਂ ਉਹਨਾਂ ਦੇ ਲਈ ਬਹੁਤ ਬੜਾ ਖ਼ਤਰਾ ਖੜ੍ਹਾ ਹੋ ਜਾਂਦਾ ਹੈ।

ਜਿਸ ਤਰ੍ਹਾਂ ਦਾ ਅੰਦੋਲਨ ਤੁਸੀਂ ਕਰ ਰਹੇ ਹੋ ਇਸ ਤਰ੍ਹਾਂ ਦਾ ਅੰਦੋਲਨ ਅੱਜ ਦੁਨੀਆ ਵਿਚ ਕਿਤੇ ਵੀ ਨਹੀਂ ਹੋ ਰਿਹਾ। ਇਸ ਲਈ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ।

ਉਹਨਾਂ ਦੇ ਕੋਲ ਸਿਰਫ਼ ਅੰਬਾਨੀ, ਅਡਾਨੀ ਜਾਂ ਪਤੰਜਲੀ ਹੀ ਨਹੀਂ ਹਨ ਬਲਕਿ ਉਹਨਾਂ ਦੇ ਕੋਲ ਤਾਂ ਇਹਨਾਂ ਤੋਂ ਵੀ ਜ਼ਿਆਦਾ ਖ਼ਤਰਨਾਕ ਸ਼ੈਅ ਹੈ ਅਤੇ ਉਹ ਸ਼ੈਅ ਹੈ ਗੋਦੀ ਮੀਡੀਆ।

ਇਕੱਲੇ ਅੰਬਾਨੀ ਕੋਲ 27 ਮੀਡੀਆ ਚੈਨਲ ਹਨ। ਉਹ ਭਲਾ ਸਾਨੂੰ ਕੀ ਖ਼ਬਰ ਦੇਣਗੇ ਅਤੇ ਕੀ ਦਿਖਾਉਣਗੇ। ਮੀਡੀਆ ਵਿਚ ਸਿਰਫ਼ ਅਤੇ ਸਿਰਫ਼ ਕਾਰਪੋਰੇਟ ਦੇ ਇਸ਼ਤਿਹਾਰ ਹਨ। ਉਹ ਸਾਨੂੰ ਖ਼ਬਰਾਂ ਨਹੀਂ ਦੇਣਗੇ ਸਗੋਂ ਸਾਨੂੰ ਸਿਰਫ਼ ਗਾਹਲਾਂ ਦੇਣਗੇ ਅਤੇ ਅਜੀਬ-ਅਜੀਬ ਨਾਮ ਦੇਣਗੇ।

ਹੁਣ ਤੁਹਾਨੂੰ ਲੋਕਾਂ ਨੂੰ ਵੀ ਸਮਝ ਆ ਗਿਆ ਹੈ ਕਿ ਤੁਹਾਡੇ ਅੰਦੋਲਨ ਵਿਚ ਮੀਡੀਆ ਦਾ ਕੀ ਰੋਲ ਹੈ। ਇਹ ਬਹੁਤ ਖ਼ਤਰਨਾਕ ਹੈ। ਐਸਾ ਮੀਡੀਆ ਦੁਨੀਆ ਵਿਚ ਕਿਤੇ ਨਹੀਂ ਹੈ।

ਇਸ ਮੁਲਕ ਵਿਚ ਚਾਰ ਸੌ ਤੋਂ ਜ਼ਿਆਦਾ ਚੈਨਲ ਹਨ। ਜਦ ਮੁਲਕ ਵਿਚ ਕੋਰੋਨਾ ਆਇਆ ਤਾਂ ਇਸੇ ਮੀਡੀਆ ਨੇ ਮੁਸਲਮਾਨਾਂ ਨਾਲ ਕੀ-ਕੀ ਨਹੀਂ ਕੀਤਾ? ਕਿੰਨਾ ਝੂਠ ਬੋਲਿਆ ਗਿਆ - ਕੋਰੋਨਾ ਜਿਹਾਦ, ਕੋਰੋਨਾ ਜਿਹਾਦ ਕਰ ਕਰ ਕੇ। ਹੁਣ ਤੁਹਾਡੇ ਨਾਲ ਵੀ ਉਹੀ ਕੰਮ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਚਾਰਿਆ ਜਾ ਰਿਹਾ ਹੈ ਕਿ ਐਨੇ ਲੋਕ ਆ ਗਏ। ਬਿਨਾ ਮਾਸਕ ਦੇ ਆ ਗਏ!!

ਇਹ ਸਰਕਾਰ ਜੋ ਵੀ ਕਾਨੂੰਨ ਲਿਆਉਂਦੀ ਹੈ, ਰਾਤ ਨੂੰ ਲਿਆਉਂਦੀ ਹੈ। ਨੋਟਬੰਦੀ ਅੱਧੀ ਰਾਤ ਨੂੰ। ਜੀਐੱਸਟੀ। ਬਿਨਾਂ ਚਰਚਾ ਦੇ, ਲੌਕਡਾਊਨ ਮਹਿਜ਼ ਚਾਰ ਘੰਟੇ ਦੇ ਨੋਟਿਸ ਉੱਪਰ ਅਤੇ ਕਿਸਾਨਾਂ ਲਈ ਜੋ ਕਾਨੂੰਨ ਬਣਾਏ ਗਏ ਉਹ ਵੀ ਕਿਸੇ ਨਾਲ ਕੋਈ ਗੱਲਬਾਤ ਕੀਤੇ ਬਿਨਾਂ ਬਣਾ ਦਿੱਤੇ ਗਏ। ਕਿਸੇ ਨਾਲ ਵੀ ਕੋਈ ਗੱਲਬਾਤ ਨਹੀਂ ਕੀਤੀ ਗਈ। ਪਹਿਲਾਂ ਆਰਡੀਨੈਂਸ ਲੈ ਆਏ। ਹੁਣ ਕਹਿ ਰਹੇ ਹਨ ਚੱਲੋ ਗੱਲਬਾਤ ਕਰ ਲਓ। ਸਾਰੇ ਕੰਮ ਉਲਟ ਤਰੀਕਿਆਂ ਨਾਲ ਹੋ ਰਹੇ ਹਨ। ਗੱਲਬਾਤ ਤਾਂ ਪਹਿਲਾਂ ਹੋਣੀ ਚਾਹੀਦੀ ਸੀ।

ਇਸ ਤੋਂ ਜ਼ਿਆਦਾ ਮੈਂ ਕੁਛ ਨਹੀਂ ਕਹਾਂਗੀ। ਅਸੀਂ ਸਾਰੇ ਤੁਹਾਡੇ ਨਾਲ ਹਾਂ। ਅਸੀਂ ਤੁਹਾਡੇ ਨਾਲ ਹੀ ਨਹੀਂ ਹਾਂ ਬਲਕਿ ਅਸੀਂ ਵੀ ਤੁਸੀਂ ਹੀ ਹੋ। ਤੁਸੀਂ ਵੀ ਅਸੀਂ ਹੋ ਅਤੇ ਅਸੀਂ ਸਾਰਿਆਂ ਨੇ ਮਿਲ ਕੇ ਲੜਨਾ ਹੈ। ਗੱਲ ਸਿਰਫ਼ ਇਹਨਾਂ ਤਿੰਨ ਕਾਨੂੰਨਾਂ ਦੀ ਨਹੀਂ ਹੈ, ਇਹ ਇਕ ਵਿਆਪਕ ਲੜਾਈ ਹੈ। ਲੇਕਿਨ ਹੁਣ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਹੀ ਪੈਣਗੇ ਅਤੇ ਇਹ ਅੰਦੋਲਨ ਹਾਰਨ ਵਾਲਾ ਨਹੀਂ ਹੈ।

ਇਨਕਲਾਬ ਜ਼ਿੰਦਾਬਾਦ!

# ਸਿੰਘੁ ਬਾਰਡਰ ਤੇ ਭਾਜਪਾਈਆਂ ਅਤੇ ਮੋਦੀ ਸਰਕਾਰ ਦੀ ਦਰਿੰਦਗੀ ਦੀ ਇੰਤਹਾ ਕਿਸਾਨਾਂ ਨੇ ਲਾਮਿਸਾਲ ਸਿਦਕ ਨਾਲ ਜਬਰ ਦਾ ਕੀਤਾ ਟਾਕਰਾ

29 ਦਸੰਬਰ ਨੂੰ ਸਿੰਘੁ ਬਾਰਡਰ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਕੈਂਪ ਤੇ ਪੁਲਸ ਦੀ ਹਾਜ਼ਰੀ ਵਿਚ RSS ਅਤੇ ਭਾਜਪਾਈਆਂ ਦੇ ਇੱਕ ਵੱਡੇ ਗਰੋਹ ਨੇਂ ਪ੍ਰਤੱਖ ਰੂਪ ਵਿਚ ਦਿੱਲੀ ਪੁਲਸ ਦੇ ਥਾਪੜੇ ਹੇਠ ਹਮਲਾ ਕੀਤਾ .ਇਹ ਗਰੋਹ ਪੁਲਸ ਦੀ ਹਾਜ਼ਰੀ ਵਿਚ ਕਿਸਾਨਾਂ ਤੇ ਪੱਥਰ ਚਲਾਉਂਦਾ ਰਿਹਾ, ਕੈਂਪ ਵਿਚ ਪਾਈਆਂ ਵਸਤਾਂ ਦੀ ਭੰਨ ਤੋੜ ਕਰਦਾ ਰਿਹਾ, ਉਹਨਾਂ ਦੇ ਤੰਬੂਆਂ ਨੂੰ ਉਖਾੜਦਾ ਅਤੇ ਪਾੜਦਾ ਰਿਹਾ, ਕਿਸਾਨਾਂ ਤੇ ਹਿੰਸਕ ਹਮਲੇ ਕਰਦਾ ਰਿਹਾ. ਕਿਸਾਨ ਆਗੂਆਂ ਨੇ ਇਸ ਹਿੰਸਕ ਹਮਲੇ ਨੂੰ ਰੋਕਣ ਲਈ ਪੁਲਸ ਨੂੰ ਹੱਥ ਜੋੜ ਕੇ ਬੇਨਤੀਆਂ ਕੀਤੀਆਂ ਪਰ ਗਿਣੀ ਮਿਥੀ ਸ਼ਾਜਿਸ਼ ਤਹਿਤ ਪੁਲਸ ਮੂਕ ਦਰਸ਼ਕ ਬਣੀ ਰਹੀ। ਜਦੋਂ ਮਿੰਨਤ-ਤਰਲਿਆਂ ਦਾ ਕੋਈ ਅਸਰ ਨਾਂ ਹੋਇਆ ਤਾਂ ਕਿਸਾਨ ਵੀ ਸਵੈ ਰਾਖੀ ਲਈ ਡਟ ਗਏ,ਅਤੇ ਭਾਜਪਾਈ ਗੁੰਡੇ ਅੱਗੇ ਭਜਾ ਲਏ। ਪੁਲਸ ਭਲਾਂ ਆਪਣੇ ਆਕਾਵਾਂ ਦੀ ਬੇਇਜ਼ਤੀ ਕਿਵੇਂ ਬਰਦਾਸ਼ਤ ਕਰ ਸਕਦੀ ਸੀ ? ਉਹ ਡਾਂਗਾਂ ਅਤੇ ਅਥਰੂ ਗੈਸ ਦੇ ਗੋਲਿਆਂ ਨਾਲ ਕਿਸਾਨਾਂ ਤੇ ਟੁੱਟ ਪਈ. ਵੀ ਸਵੈ ਰਾਖੀ ਲਈ ਡਟ ਗਏ ਅਨੇਕਾਂ ਕਿਸਾਨਾਂ ਦੀ ਆਂ ਲੱਤਾਂ ਬਾਹਾਂ ਤੋੜ ਸਿੱਟਿਆਂ, ਮੌਕੇ ਤੇ ਘਟਨਾ ਦੀ ਵੀਡੀਓ ਬਣਾ ਰਹੇ ਪੱਤਰਕਾਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ, ਉਹਨਾਂ ਨੂੰ ਵੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਸੰਘੀ ਗੁੰਡਿਆਂ ਵੱਲੋਂ ਨੰਗੀ ਚਿੱਟੀ ਗੁੰਡਾਗਰਦੀ ਕਰਨ ਦੇ ਬਾਵਜੂਦ, ਉਲਟਾ ਕੇਸ ਜਬਰ ਦਾ ਸ਼ਿਕਾਰ ਕਿਸਾਨਾਂ ਸਰ ਮੜ ਦਿੱਤੇ ਗਏ। ਪੁਲਸ ਨੇ ਆਪਣੇ ਅਤੇ/ਭਾਜਪਾਈਆਂ ਗੁੰਡਿਆਂ ਦੀਆਂ ਵਹਿਸ਼ੀ ਕਾਰਵਾਈਆਂ ਤੇ ਪੜਦਾ ਪਾਉਣ ਲਈ, ਇਸ ਘਟਨਾ ਨੂੰ ਸਥਾਨਕ ਲੋਕਾਂ ਅਤੇ ਕਿਸਾਨਾਂ ਵਿਚਕਾਰ ਟਕਰਾਅ ਵਜੋਂ ਪੇਸ਼ ਕੀਤਾ.ਸਥਾਨਕ ਲੋਕਾਂ ਵੱਲੋਂ ਹਮਲੇ ਦਾ ਝੂਠੇ ਓਦੋ ਬੇਨਕਾਬ ਹੋ ਗਿਆ ਜਦੋਂ ਪੁਲਸ ਦੀ ਦਰਿੰਦਗੀ ਅਤੇ ਰੋਕਾਂ ਦੇ ਬਾਵਜੂਦ ਹਰਿਆਣਾ ਦੇ ਸੋਨੀਪਤ, ਝੱਜਰ, ਰੋਹਤਕ, ਪਾਣੀਪਤ, ਹਿਸਾਰ ਤੇ ਯਮੁਨਾਨਗਰ ਸਮੇਤ ਹੋਰ ਜ਼ਿਲ੍ਹਿਆਂ ਤੋਂ ਕਿਸਾਨਾਂ ਨੇ ਆ ਕੇ ਸਿੰਘੁ ਡੇਰੇ ਲਾ ਲਏ।



ਭਾਰਤ ਦੇ ਆਜ਼ਾਦੀ ਸੰਘਰਸ਼ ਦੌਰਾਨ ਅਖੌਤੀ “ਵੀਰ” ਸਾਵਰਕਰ ਦੀ ਅਗਵਾਈ ’ਚ ਅੰਗਰੇਜ਼ ਹਾਕਮਾਂ ਦਾ ਗੋਲਪੁਣਾ ਕਰਨ ਵਾਲੇ ਹੁਣ ਵੱਡੇ ਦੇਸ਼ ਭਗਤ ਹੋਣ ਦਾ ਪ੍ਰਪੰਚ ਕਰ ਰਹੇ ਸੰਘੀਆਂ ਅਤੇ ਭਾਜਪਾਈਆਂ ਨੇਂ ਸੱਤਾ ਦੇ ਨਸ਼ੇ ਵਿਚ ਕਿਸਾਨੀ ਸੰਘਰਸ਼ਾਂ ਦੇ ਸੁਰਖ ਇਤਿਹਾਸ ਅਤੇ ਸੰਗਰਾਮੀ ਵਿਰਾਸਤ ਨੂੰ ਨਜ਼ਰਰੋਂ ਪਰੋਖੇ ਕਰ ਕੇ ਇੱਕ ਵਾਰੀ ਫਿਰ ਸਾਮਰਾਜੀਆਂ ਦੀ ਚਾਕਰੀ ਕਰਨੀ ਸ਼ੁਰੂ ਕਰ ਦਿੱਤੀ ਹੈ। ਤੇਭਾਗਾ, ਤੇਲੰਗਾਨਾ, ਪਗੜੀ ਸੰਭਾਲ ਜੱਟਾ ਲਹਿਰ, ਪੈਪਸੂ ਮੁਜ਼ਾਰਾ ਲਹਿਰ, ਬੱਬਰ ਅਕਾਲੀ ਅਤੇ ਗਦਰ ਲਹਿਰ ਦੀ ਸ਼ਾਨਾਮੱਤੀ ਵਿਰਾਸਤ ਵਾਲੀ ਕਿਸਾਨ ਲਹਿਰ, ਸਮੁੱਚੇ ਭਾਰਤ ਦੇ ਜਲ, ਜੰਗਲ ਅਤੇ ਜ਼ਮੀਨਾਂ ਨੂੰ ਸਾਮਰਾਜੀਆਂ ਦੀਆਂ ਝੋਲੀਆਂ ’ਚ ਪਾਉਣ ਅਤੇ ਲੁੱਟ ਦੀ ਮੰਡੀ ਬਣਾਉਣ ਤੁਰੇ ਸੰਘੀਆਂ ਨੂੰ ਇਤਿਹਾਸ ਦੇ ਕੂੜਾ ਦਾਨ ਵਿਚ ਵਗਾਹ ਮਾਰੇਗੀ।

# ਸ਼ਿਮਲਾ ਆਓ ਇਹ ਸਮਝਣ ਲਈ ਕਿ ਕਿਸਾਨ ਅੰਦੋਲਨ ਕਿਉਂ ਕਰ ਰਹੇ ਹਨ ਅਤੇ ਅੱਜ ਜਾਗਣਾ ਜ਼ਰੂਰੀ ਏ

ਸ਼ਿਮਲਾ ਵਿੱਚ ਸੇਬ ਦੇ ਬਾਗ ਹਨ ਅਤੇ ਕਿਸਾਨਾਂ ਤੋਂ ਛੋਟੇ ਵਪਾਰੀ ਸੇਬ ਖਰੀਦ ਕੇ ਦੇਸ ਭਰ ਵਿੱਚ ਭੇਜਦੇ ਸਨ। ਵਪਾਰੀਆਂ ਦੇ ਛੋਟੇ ਗੁਦਾਮ ਸਨ। ਅਡਾਨੀ ਨੇ ਇਸ ਕਾਰੋਬਾਰ ਵੱਲ ਦੇਖਿਆ। ਜੇ ਹਿਮਾਚਲ ਪ੍ਰਦੇਸ ਵਿੱਚ ਬੀਜੇਪੀ ਦੀ ਸਰਕਾਰ ਹੈ ਤਾਂ ਅਡਾਨੀ ਨੂੰ ਉਥੇ ਗੋਦਾਮ ਬਣਾਉਣ ਲਈ ਜ਼ਮੀਨ ਲੈਣ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਈ ਅਤੇ ਬਾਕੀ ਕਾਗਜਾਤ ਵੀ ਬਣ ਗਏ। ਅਡਾਨੀ ਨੇ ਉਥੇ ਵੱਡੇ ਗੋਦਾਮ ਬਣਾਏ ਜੋ ਵਪਾਰੀ ਦੇ ਗੋਦਾਮਾਂ ਨਾਲੋਂ ਹਜ਼ਾਰਾਂ ਗੁਣਾ ਵੱਡੇ ਸਨ। ਹੁਣ ਅਡਾਨੀ ਨੇ ਸੇਬ ਖਰੀਦਣੇ ਸੂਰੂ ਕਰ ਦਿੱਤੇ, ਛੋਟੇ ਵਪਾਰੀ ਜੋ 20 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਕਿਸਾਨਾਂ ਤੋਂ ਸੇਬ ਖਰੀਦਦੇ ਸਨ, ਅਡਾਨੀ ਨੇ 22 ਰੁਪਏ ਦੇ ਸੇਬ ਖਰੀਦ ਲਏ। ਅਗਲੇ ਸਾਲ, ਅਡਾਨੀ ਨੇ ਇਹ ਰੇਟ 23 ਰੁਪਏ ਕਿਲੋ ਤੱਕ ਵਧਾ ਦਿੱਤਾ। ਹੁਣ ਛੋਟੇ ਵਪਾਰੀ ਉਥੇ ਹੀ ਖਤਮ ਹੋ ਗਏ। ਜਦੋਂ ਅਡਾਨੀ ਨੂੰ ਉਥੇ ਏਕਾਅਧਿਕਾਰ ਮਿਲਿਆ, ਤਦ ਤੀਜੇ ਸਾਲ ਅਡਾਨੀ ਨੇ ਸੇਬ ਦੀ ਕੀਮਤ ਘਟਾ ਕੇ 6 ਰੁਪਏ ਕਰ ਦਿੱਤੀ। ਹੁਣ ਛੋਟਾ ਵਪਾਰੀ ਉਥੇ ਨਹੀਂ ਬਚਿਆ, ਕਿਸਾਨ ਅਡਾਨੀ ਨੂੰ 6 ਰੁਪਏ ਵਿਚ ਸੇਬ ਵੇਚਣ ਲਈ ਮਜਬੂਰ ਸੀ। ਹੁਣ ਅਡਾਨੀ ਕਿਸਾਨ ਤੋਂ 6 ਰੁਪਏ ਦੇ ਸੇਬ ਖਰੀਦਦਾ ਹੈ ਅਤੇ ਇਸ ’ਤੇ ਲਿਖੇ ਅਡਾਨੀ ਦਾ ਸਟਿੱਕਰ ਲਗਾਕੇ 100 ਰੁਪਏ ਕਿੱਲੋ ਵੇਚ ਰਿਹਾ ਹੈ। ਦੱਸੋ, ਕੀ ਅਡਾਨੀ ਨੇ ਉਹ ਸੇਬ ਉਗਾਏ ਸਨ ? ਦੂਰਸੰਚਾਰ ਉਦਯੋਗ ਦੀਆਂ ਉਦਾਹਰਣਾਂ ਵੀ ਤੁਹਾਡੇ ਸਾਹਮਣੇ ਹਨ। ਇਸ ਤੋਂ ਪਹਿਲਾਂ ਦੇਸ ਵਿਚ 25 ਤੋਂ ਵੱਧ ਮੋਬਾਈਲ ਸੇਵਾ ਪ੍ਰਦਾਤਾ ਸਨ।

ਪਹਿਲੇ ਦੋ-ਤਿੰਨ ਸਾਲ ਮੁਫਤ ਕਾਲਿੰਗ, ਮੁਫਤ ਡਾਟਾ ਦੇ ਕੇ ਖਤਮ ਕੀਤਾ। ਅੱਜ, ਸਿਰਫ ਤਿੰਨ ਸੇਵਾ ਪ੍ਰਦਾਤਾ ਬਚੇ ਹਨ ਅਤੇ ਬਾਕੀ ਦੋ ਆਖਰੀ ਸਾਹ ਗਿਣ ਰਹੇ ਹਨ। ਹੁਣ ਨੇ ਰੇਟ ਵਧਾਏ ਹਨ। ਮਹੀਨੇ ਨੂੰ 24 ਦਿਨ ਰਿਚਾਰਜ ਤੇ ਬਣਾਇਆ। ਪਹਿਲਾਂ, ਤੁਸੀਂ ਮੁਫਤ ਅਤੇ ਸਸਤੇ ਦੇ ਆਦੀ ਹੋ ਜਾਂਦੇ ਹੋ, ਹੁਣ ਤੁਹਾਡੀ ਜੇਬ ਨੂੰ ਚੰਗੀ ਤਰ੍ਹਾਂ ਕੱਟ ਰਿਹਾ ਹੈ। ਜੇ ਖੇਤੀਬਾੜੀ ਬਿੱਲ ਲਾਗੂ ਕੀਤਾ ਜਾਂਦਾ ਹੈ, ਕਣਕ, ਚਾਵਲ ਅਤੇ ਹੋਰ ਖੇਤੀਬਾੜੀ ਉਤਪਾਦਾਂ ਲਈ ਵੀ ਇਹੀ ਹੋਵੇਗਾ। ਪਹਿਲਾਂ ਕੀਮਤ ਘਟਾ ਕੇ, ਉਹ ਛੋਟੇ ਵਪਾਰੀਆਂ ਨੂੰ ਖਤਮ ਕਰਨਗੇ ਅਤੇ ਫਿਰ ਮਨਮਰਜੀ ਦੇ ਰੇਟ ’ਤੇ ਕਿਸਾਨ ਦੀ ਉਪਜ ਖਰੀਦਣਗੇ। ਜਦੋਂ ਅਡਾਨੀ ਵਰਗੇ ਲੋਕਾਂ ਕੋਲ ਸਿਰਫ ਉਪਜ ਹੋਵੇਗੀ, ਤਦ ਉਨ੍ਹਾਂ ਕੋਲ ਬਾਜਾਰ ਵਿੱਚ ਏਕਾਅਧਿਕਾਰ ਅਤੇ ਦਬਦਬਾ ਰਹੇਗਾ ਅਤੇ ਇਸਨੂੰ ਆਪਣੇ ਰੇਟ ਤੇ ਵੇਚਣਗੇ।

ਹੁਣ ਤੁਸੀਂ ਸੇਬ ਦੀ ਮਹਿੰਗਾਈ ਨੂੰ ਬਰਦਾਸਤ ਕਰ ਸਕਦੇ ਹੋ, ਕਿਉਂਕਿ ਇਸਨੂੰ ਖਾਏ ਬਿਨਾਂ ਤੁਸੀਂ ਕੰਮ ਕਰ ਸਕਦੇ ਹੋ ਪਰ ਹਰ ਆਦਮੀ ਨੂੰ ਰੋਟੀ ਅਤੇ ਚਾਵਲ ਦੀ ਜਰੂਰਤ ਹੈ। ਅਜੇ ਵੀ ਸਮਾਂ ਹੈ, ਜਾਗੋ, ਕਿਸਾਨ ਸਿਰਫ ਆਪਣੇ ਹੀ ਨਹੀਂ ਬਲਕਿ ਦੇਸ ਦੇ 100 ਕਰੋੜ ਤੋਂ ਵੱਧ ਮੱਧ ਵਰਗ ਦੇ ਪਰਿਵਾਰਾ ਲਈ ਵੀ ਲੜ ਰਿਹਾ ਹੈ। ਜਿਹੜਾ ਵੀ ਵਿਅਕਤੀ ਅੰਨ੍ਹੀ ਸਰਧਾ ਵਿੱਚ ਡੁੱਬਿਆ ਹੋਇਆ ਹੈ, ਕਿਸਾਨਾਂ ਨਾਲ ਨਹੀਂ ਹੈ ਸਮਾਜਿਕ ਤੌਰ ’ਤੇ ਅਸੀਂ ਉਸਦਾ ਅਤੇ ਤੇ ਦਾ ਬਾਈਕਾਟ ਕਰਦੇ ਹਾਂ।

ਇਕ ਜਾਗਿਆ ਹੋਇਆ ਕਿਸਾਨ

ਵਿਸ਼ੇਸ਼: ਸ਼ਿਮਲਾ ਵਿਖੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਹਿਮਾਚਲ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

## ਇਨਸਾਫ਼ ਦਾ ਫੱਟਾ

ਗੁਰਤੇਜ਼ ਸਿੰਘ ਖੋਖਰ

ਕਾਨੂੰਨ ਦੇ ਦਰ ’ਤੇ ਧੱਕੇ ਖਾਂਦੇ ਲੋਕ
ਅਕਸਰ ਕਹਿੰਦੇ ਸੁਣੇ ਜਾਂਦੇ ਨੇ
ਕਾਨੂੰਨ ਅੰਨਾ ਹੈ,
ਕਾਨੂੰਨ ਬੋਲਾ ਹੈ
ਕਾਨੂੰਨ ਨਾ ਅੰਨ੍ਹਾ ਹੈ, ਨਾ ਬੋਲਾ ਹੈ
ਬੜਾ ਬਾਜ਼-ਨਿਗਾਹਾ ਹੈ ਇਹ ਕਾਨੂੰਨ
ਪੌਣ ਦੇ ਬੁੱਲਿਆਂ ਨਾਲ ਹੁੰਦੀ ਰੁੱਖਾਂ ਦੇ
ਪੱਤਿਆਂ ਦੀ ਹਿਲਜੁਲ ਵੀ ਤੱਕ ਲੈਂਦਾ ਹੈ
ਬੇਹੱਦ ਚੌਕੰਨਾ ਹੈ ਇਹ ਕਾਨੂੰਨ
ਘੁੱਪ-ਹਨ੍ਹੇਰੇ ’ਚ ਜੰਗਲ ’ਚ ਹੁੰਦੀ
ਸਰਸਰਾਹਟ ਦੀ ਕਨਸ਼ੋਅ ਵੀ ਲੈ ਲੈਂਦਾ ਹੈ
ਝੁੱਗੀਆਂ-ਢਾਰਿਆਂ ’ਚ ਬਲਦੇ ਦੀਵਿਆਂ ਦੀ
ਨਿੰਮੀ ਲੋਅ ’ਤੇ ਵੀ ਇਸ ਦੀ ਨਜ਼ਰ ਹੈ
ਸੱਤ੍ਹਾ ਦੇ ਗਲਿਆਰਿਆਂ ’ਚ ਗੁੰਦੇ ਜਾਂਦੇ
ਗੋਂਦਾ ਦੇ ਜਾਲ ਬਾਰੇ ਵੀ ਇਣ ਬਾਖ਼ਬਰ ਹੈ।

ਛਲ-ਕਪਟ ਦਾ ਦੂਜਾ ਨਾਂ ਹੈ ਇਹ ਸ਼ਾਤਰ ਕਾਨੂੰਨ
ਇਸਦੇ ਫੱਟੇ ’ਤੇ ਇਨਸਾਫ਼ ਦੀ ਤੱਕੜੀ ਹੈ
ਫੱਟੇ ਓਹਲੇ ਹੱਥ ’ਚ ਛੁਰੀ ਲੈ ਖੜ੍ਹਾ ਹੈ ਕਸਾਈ
ਇਥੇ ਇਨਸਾਫ਼ ਤੋਲਿਆ ਨਹੀਂ ਜਾਂਦਾ
ਬੇਕਿਰਕ ਜ਼ਿਬਾਹ ਕੀਤਾ ਜਾਂਦਾ ਹੈ
ਲੋਕ ਨਿਆਂ ਲਈ ਦਮ ਤੋੜਦੀ ਆਸ ਲੈ ਕੇ ਆਉਂਦੇ ਨੇ
ਉਨ੍ਹਾਂ ਦੇ ਮੌਰਾਂ ’ਤੇ ਰੱਖ ਦਿੱਤੀ ਜਾਂਦੀ ਇਨਸਾਫ਼ ਦੀ ਲਾਸ਼
ਬੜਾ ਸਿੱਤਮ ਹੈ ਯਾਰੋ
ਇਨਸਾਫ਼ ਦੇ ਮੁਰਦਾਰ ਢੋਣਾ
ਮੇਰੇ ਦੇਸ਼ ਦੇ ਲੋਕਾਂ ਦੀ ਬਣ ਗਈ ਹੈ ਹੋਣੀ

ਇਹ ਕਾਨੂੰਨ ਸੱਤਾ ਦੀ ਸਰਦਲ ’ਤੇ ਬੰਨ੍ਹਿਆ ਕੁੱਤਾ ਹੈ
ਜਿਹੜਾ ਸੱਤਾ-ਮਾਲਕਾਂ ਮੂਹਰੇ ਪੂਛ ਹਿਲਾਉਂਦਾ ਹੈ
ਪੈਰਾਂ ’ਚ ਲਿੱਟਦਾ ਹੈ
ਲੋਕਾਂ ਨੂੰ ਵੱਢੂੰ-ਖਾਊਂ ਕਰਦਾ ਹੈ
ਰੱਸੀ ਤੁੜਾ ਵੱਢਣ ਨੂੰ ਪੈਂਦਾ ਹੈ
ਅੱਜ ਕੱਲ੍ਹ ਤਾਂ ਰਾਮਭਗਤੀ ਦੇ ਵਿਹੁ ਨਾਲ
ਹੋਰ ਵੀ ਹਲਕ ਗਿਆ ਹੈ ਇਹ ਕੁੱਤਾ
ਗਲੀਆਂ ’ਚ ਦਦਨਾਉਂਦਾ ਫਿਰਦਾ ਹੈ
ਵਿਹੁਲੀਆਂ ਲਾਲਾਂ ਸਿੱਟਦਾ ਹੈ

ਦਹਿਲ ਭੌਂਕਦਾ ਹੈ
ਮਾਸੂਮਾਂ ਸਿਰ ਕਾਲ ਬਣ ਕੜਕਦਾ ਹੈ
ਕਿਧਰੇ ਕਸ਼ਮੀਰ ਜਾ ਦਹਾੜਦਾ ਹੈ
ਕਿਧਰੇ ਕਬਾਇਲੀ ਪੱਟੀਆਂ ’ਚ
ਆਦਮਬੋਅ ਆਦਮਬੋਅ ਕਰਦਾ ਫਿਰਦਾ ਹੈ
ਕਦੇ ਪਹੁੰਚ ਜਾਂਦਾ ਹੈ ਭੀਮਾਕੋਰੇਗਾਉਂ
ਕਦੇ ਸ਼ਹੀਨ ਬਾਗ, ਕਦੇ ਜਾਮੀਆਂ ਮਿਲੀਆਂ
ਹਰ ਥਾਂ ਕੁਫ਼ਰ ਖਿਲਾਫ਼ ਮੱਘਦੀਆਂ
ਜਾਗਦੀ ਜ਼ਮੀਰ ਦੀਆਂ ਚਿੰਗਿਆੜੀਆਂ ’ਤੇ
ਲਪਕ ਪੈਂਦਾ ਹੈ ਇਹ ਕੁੱਤਾ
ਹਥਿਆਰਬੰਦ ਧਾੜਾਂ ਨੂੰ ਫ਼ਰਮਾਨ ਚਾੜ੍ਹਦਾ ਹੈ
ਮੜ੍ਹਕ ਨਾਲ ਜੀਣ ਦਾ ਹੋਕ ਦੇ ਰਹੇ ਸੱਚ ਦੀ ਸੰਘੀ ਘੁੱਟਣ ਲਈ
ਕੁਫ਼ਰ ਦੇ ਵਣਜਾਰਿਆਂ ਦੁਆਲੇ ਹਥਿਆਰਾਂ ਦੀ ਵਾੜ ਕਰਨ ਲਈ
ਯਾਰੋ ! ਇਸ ਕਦਰ ਹਲਕ ਗਿਆ ਹੈ ਇਹ ਕਾਨੂੰਨ
ਹੁਣ ਤਾਂ ਆਪਦੀ ਹੀ ‘ਪਵਿੱਤਰ ਪੋਥੀ’ ਨੂੰ
ਗਲੀਆਂ ’ਚ ਘੜੀਸੀ ਫਿਰਦਾ ਹੈ
ਬੜਾ ਸ਼ਾਤਰ ਛਲੇਡਾ ਹੈ ਇਹ ਕਾਨੂੰਨ
ਕਦੇ ਖਚਰਾ ਸਿਆਸਤਦਾਨ ਬਣਕੇ ਲੋਕਾਂ ਨੂੰ ਪਤਿਆਉਂਦਾ ਹੈ
ਉਨ੍ਹਾਂ ਦੀ ਕੰਡ ਪਲੋਸਦਾ ਹੈ
ਕਦੇ ਲੋਕ ਸੇਵਕ ਬਣਕੇ ਤੱਪਦੇ ਹਿਰਦਿਆਂ ’ਤੇ
ਭਰਮ ਦੇ ਛਿੱਟੇ ਦਿੰਦਾ ਹੈ।
ਕਦੇ ਨਿਆਂ ਲਈ ਸਿਸਕਦੀ ਆਸ ਨੂੰ ਧਰਵਾਸ ਦੇਣ ਵਾਸਤੇ
ਸਾਊ ਜੱਜ ਦਾ ਮੁਖੌਟਾ ਸਜ਼ਾ ਲੈਂਦਾ ਹੈ
ਕਦੇ ਇਨਸਾਫ ਦੇ ਰੂੰਗੇ ਨਾਲ
ਭਰਮ ਦਾ ਮੱਕੜਜਾਲ ਬੁਣਦਾ ਹੈ
ਉਹ ਝੂਠ ਬੋਲਦੇ ਨੇ
ਕਾਨੂੰਨ ਦੇ ਘਰ ਦੇਰ ਹੈ, ਹਨ੍ਹੇਰ ਨਹੀਂ
ਹਨ੍ਹੇਰੀ ਸੁਰੰਗ ਹੈ ਇਹ ਕਾਨੂੰਨ
ਇਹਦੀ ਸਰਦਲ ’ਤੇ ਇਨਸਾਫ਼ ਦੀ ਝਾਕ ’ਚ ਆਈ
ਪਰਜਾ ਦੀਆਂ ਲਾਚਾਰ ਅਰਜ਼ੋਈਆਂ ਨੂੰ ਇਹ ਜ਼ੀਰ ਗਈ
ਦਹਿ ਹਜ਼ਾਰਾਂ ਝੂਠੇ ਪੁਲਿਸ ਮੁਕਾਬਲਿਆਂ ਦੇ
ਚਿੱਟੇ ਦਿਨ ਵਰਗੇ ਸੱਚ ਨੂੰ ਹਜ਼ਮ ਕਰ ਗਈ
ਜ਼ਰਵਾਣਿਆਂ ਦੇ ਕਾਲੇ ਕਾਰਿਆਂ ਬਾਰੇ ਨਸ਼ਰ
ਕੱਚੇ ਚਿੱਠਿਆਂ ਦੇ ਥੱਬਿਆਂ ਦੇ ਥੱਬੇ ਦਬੋਚ ਗਈ
ਜ਼ਰਵਾਣੇ ਬੁਰਛਾਗਰਦਾਂ ਦੀ ਸੁਰੱਖਿਅਤ ਠਾਹਰ
ਬਣ ਗਈ ਹੈ ਇਹ ਸੁਰੰਗ
ਇਨਸਾਫ਼ ਖਾਤਰ ਇਹਦੇ ਦਰ ’ਤੇ ਟੱਕਰਾਂ ਮਾਰਦੀ ਪਰਜਾ ਲਈ
ਇਹ ਮੌਤ ਦੇ ਜ਼ਬਾੜਿਆਂ ਤੋਂ ਸਿਵਾ ਹੋਰ ਕੁਝ ਨਹੀਂ

ਕਾਨੂੰਨ ਦਾ ਮੰਦਰ ਕਹੀ ਜਾਂਦੀ ਅਦਾਲਤ
ਮਹਿਜ਼ ਇਕ ਕਪਟੀ ਨੁਮਾਇਸ਼ ਹੈ
ਜਿਥੇ ਜੱਜ ਕੁਰਸੀ ’ਤੇ ਦੁਬਕਿਆ ਬੈਠਾ ਹੈ
ਤਾਕਤ ਦੇ ਗਰੂਰ ’ਚ ਬਦਮਾਸ਼ ਕਾਨੂੰਨ
ਅਦਾਲਤ ਦੇ ਬੂਹੇ ’ਤੇ ਖੜ੍ਹਾ ਚਾਘਰਾ ਮਾਰ ਰਿਹਾ ਹੈ
ਮੈਂ ਕਿਸੇ ‘ਪਵਿੱਤਰ ਪੋਥੀ’ ਦੇ ਪੰਨਿਆਂ ਦਾ ਗੁਲਾਮ ਨਹੀਂ
ਤਖ਼ਤ ਮੇਰਾ ਗੁਰੁ-ਪੀਰ ਹੈ
ਮੈਂ ਇਸ ਦੀ ਕੁੱਖੋਂ ਜੰਮਦਾ ਹਾਂ
ਮੈਂ ਦਰਬਾਰੀ ਸਾਂਚੇ ’ਚ ਹੀ ਢਲਦਾ ਹਾਂ
ਇਸ ਦੀ ਛਤਰ ਛਾਇਆ ਹੇਠ ਹੀ ਪਲਦਾ ਹਾਂ
ਏਸੇ ਦੀ ਸਾਨੀ ਭਰਦਾ ਹਾਂ
ਏਸੇ ਦੀ ਰਜ਼ਾ ’ਚ ਜੀਂਦਾ ਹਾਂ
ਏਸੇ ਦੀ ਰਜ਼ਾ ’ਚ ਮਰਦਾ ਹਾਂ
ਖ਼ਬਰਦਾਰ ! ਮੈਂ ਤਖਤ ਦੀ ਪਹਿਰੇਦਾਰੀ ਕਰਦਾ ਹਾਂ
ਤਖਤ ਦੀ ਸਲਾਮਤੀ ਹੀ ਮੇਰੀ ਮਰਿਆਦਾ ਹੈ
ਜਿਥੋਂ ਵੀ ਇਸਦੀ ਰਜ਼ਾ ਤੋਂ ਨਾਬਰੀ ਦੀ ਬੋਅ ਆਉਂਦੀ ਹੈ
ਮੈਂ ਸਭ ਹੱਦਾਂ-ਬੰਨ੍ਹੇ ਭੰਨ ਡੰਡਾ ਬਣ ਵਰਦਾ ਹਾਂ

## ਕਵਿਤਾ

ਅਸੀਂ ਜੋ ਭਗੌੜੇ ਹੋ ਗਏ ਹਾਂ ਆਪਣੇ ਫਰਜ ਤੋਂ
ਤੇ ਜਾ ਵਸੇ ਹਾਂ ਵਿਦੇਸਾਂ ਵਿਚ ਰੋਜੀ ਰੋਟੀ ਲਈ
ਆਪਣੀ ਧਰਤੀ ਆਪਣੇ ਲੋਕਾਂ ਤੋਂ ਦੂਰ
ਸਲਾਮ ਕਰਦੇ ਹਾਂ
ਰਣ ਚ ਜੂਝ ਰਹੇ ਯੋਧਿਆਂ ਨੂੰ
ਸਲਾਮ ਕਰਦੇ ਹਾਂ ਓਹਨਾ ਨੂੰ
ਜਿਹਨਾਂ ਹਾਲਾਤ ਤੋਂ ਭੱਜਣ ਦੀ ਥਾਂ
ਹਾਲਾਤ ਨਾਲ ਲੜਨ ਦਾ ਰਾਹ ਚੁਣਿਆ
ਸੁਣਿਆ ਧਰਤੀ ਮਾਂ ਹੁੰਦੀ ਹੈ
ਅਸੀਂ ਮਾਂ ਨੂੰ ਛੱਡ ਆਉਣ ਵਾਲੇ
ਸਲਾਮ ਕਰਦੇ ਹਾਂ ਮਾਂ ਖਾਤਿਰ ਲੜਨ ਵਾਲਿਆਂ ਨੂੰ
ਸਲਾਮ ਕਰਦੇ ਹਾਂ
ਹਾਕਮਾਂ ਤੋਂ ਇਹ ਪੁੱਛਣ ਵਾਲਿਆਂ ਨੂੰ
ਕਿ ਇਹ ਕਾਣੀ ਵੰਡ ਕਿਓਂ ਹੋ ਰਹੀ ਹੈ
ਸਾਡੇ ਹਿੱਸੇ ਦਾ ਰੋਜਗਾਰ ਕਿਥੇ ਗਿਆ
ਸਾਡੀਆਂ ਫਸਲਾਂ ਦਾ ਮੁੱਲ ਕਿਓਂ ਨਹੀਂ ਮਿਲਦਾ
ਸਾਡਾ ਬੁਢਾਪਾ ਕਿਓਂ ਰੁਲ ਰਿਹਾ ਹੈ
ਕਿਰਤੀ ਭੁੱਖਾ ਕਿਓਂ ਸੌਂਦਾ ਹੈ
ਜਵਾਨੀ ਵਿਦੇਸਾਂ ਨੂੰ ਕਿਓਂ ਭੱਜ ਰਹੀ ਏ
ਕਿਸਾਨ ਖੁਦਕੁਸੀਆਂ ਕਿਓਂ ਕਰਦੇ ਨੇ
ਕਿਓਂ ਰੁਸ ਗਏ ਸਾਡੇ ਪਿੰਡਾਂ ਨਾਲ ਹਾਸੇ
ਕਿਥੇ ਗਈ ਸਾਡੇ ਖੇਤਾਂ ਦੀ ਬਹਾਰ
ਕੌਣ ਪਾ ਰਿਹਾ ਜਾਤਾਂ ਧਰਮ ਦੀਆ ਵੰਡੀਆਂ
ਕਿਓਂ ਮਾਰੀ ਜਾ ਰਹੀ ਏ ਸਾਡੀ ਬੋਲੀ
ਅਸੀਂ ਜੋ ਭਗੌੜੇ ਹੋ ਗਏ ਹਾਂ ਆਪਣੇ ਫਰਜ ਤੋਂ
ਤੇ ਜਾ ਵਸੇ ਹਾਂ ਵਿਦੇਸਾਂ ਵਿਚ ਰੋਜੀ ਰੋਟੀ ਲਈ
ਆਪਣੀ ਧਰਤੀ ਆਪਣੇ ਲੋਕਾਂ ਤੋਂ ਦੂਰ
ਸਲਾਮ ਕਰਦੇ ਹਾਂ
ਰਣ ਚ ਜੂਝ ਰਹੇ ਯੋਧਿਆਂ ਨੂੰ

ਰਾਜਿੰਦਰ ਸੇਖੋਂ




Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਸੋਹਣੇ ਫੁੱਲਾਂ ਦੀ ਖੇਤੀ ਪਿੱਛੇ ਲੁਕੀ ਬਦਸੂਰਤ ਦੁਨੀਆਂ

**ਜਸਵਿੰਦਰ**

ਕੁਦਰਤ ਆਪਣੇ ਆਪ ਵਿੱਚ ਹੀ ਇੱਕ ਸੋਹਣੀ ਸ਼ੈਅ ਹੈ। ਕੋਈ ਵੀ ਕੋਮਲ ਭਾਵਨਾਵਾਂ ਵਾਲ਼ਾ ਵਿਅਕਤੀ ਇਸ ਦੇ ਕਿਸੇ ਹਿੱਸੇ ਦੀ ਪ੍ਰਸੰਸਾ ਕਰਦੇ ਹੋਏ ਇੱਕ ਸ਼ਾਨਦਾਰ ਕਵਿਤਾ ਲਿਖ ਸਕਦਾ ਹੈ ਤੇ ਲਿਖੀ ਵੀ ਜਾ ਰਹੀ ਹੈ। ਪਰ ਜਦੋਂ ਇਸ ਕੁਦਰਤ ’ਤੇ ਮਨੁੱਖੀ ਕਿਰਤ ਦੀ ਸਚੇਤਨ ਭੂਮਿਕਾ ਬਣ ਜਾਂਦੀ ਹੈ ਤਾਂ ਇਹ ਹੋਰ ਵੀ ਖ਼ੂਬਸੂਰਤ ਬਣ ਜਾਂਦੀ ਹੈ। ਜਿਵੇਂ ਅੱਜ ਮਨੁੱਖੀ ਕਿਰਤ ਨਾਲ਼ ਪੈਦਾ ਕੀਤੇ ਤੇ ਅੱਗੇ ਕਲਾ ਰਾਹੀਂ ਸਜਾਏ ਫੁੱਲ ਸਾਨੂੰ ਕਿੰਨਾ ਭਾਉਂਦੇ ਹਨ, ਫੁੱਲਾਂ ਦੀ ਖ਼ੂਬਸੂਰਤੀ ਤੇ ਮਹਿਕ ਹਰੇਕ ਮਨੁੱਖ ਦਾ ਦਿਲ ਛੂੰਹਦੇ ਹਨ। ਪਰ ਇਹ ਇਸ ਪੜਾਅ ’ਤੇ ਇੱਕ ਸਫਰ ਕਰਨ ਤੋਂ ਬਾਅਦ ਹੀ ਪਹੁੰਚਦੇ ਹਨ। ਇਸੇ ਸਫ਼ਰ ਰਾਹੀਂ ਫੁੱਲ ਦੁਨੀਆਂ ਦੀ ਹਰੇਕ ਸ਼ੈਅ ਨੂੰ ਖ਼ੂਬਸੂਰਤ ਬਣਾਉਂਦੇ ਹਨ। ਸਾਡੀ ਨਿੱਤ ਦੀ ਵਰਤੋਂ ਦਾ ਹਿੱਸਾ ਬਣ ਚੁੱਕੀਆਂ ਵਸਤਾਂ ਜਿਵੇਂ ਭੋਜਨ ਦੀ ਮਹਿਕ, ਪੀਣ ਵਾਲ਼ੀਆਂ ਵਸਤਾਂ ਦੀ ਮਹਿਕ, ਦਵਾਈਆਂ, ਇਤਰ ਤੇ ਕੁਦਰਤੀ ਖ਼ੂਬਸੂਰਤੀ ਤੋਂ ਪਰ੍ਹੇ ਨਕਲੀ ਖ਼ੂਬਸੂਰਤੀ ਦਾ ਆਸਰਾ ਦੇਣ ਵਾਲ਼ੀਆਂ ਉਪਜਾਂ ਇਨ੍ਹਾਂ ਤੋਂ ਹੀ ਬਣਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹ ਸਮਾਜ ਦੇ ਇੱਕ ਹਿੱਸੇ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀਆਂ ਹਨ ਕਿ ਉਨ੍ਹਾਂ ਲਈ ਇਹਨਾਂ ਦੀ ਅਣਹੋਂਦ ਦੀ ਕਲਪਨਾ ਕਰਨਾ ਵੀ ਔਖਾ ਹੈ।

ਪਰ ਜੋ ਵਿਅਕਤੀ ਇਹਨਾਂ ਦੀ ਅਣਹੋਂਦ ਦੀ ਕਲਪਨਾ ਨਹੀਂ ਕਰ ਸਕਦਾ ਉਸ ਨੂੰ ਇਸ ਤਸਵੀਰ ਦਾ ਦੂਸਰਾ ਪਾਸਾ ਵੀ ਲਾਜ਼ਮੀ ਵੇਖਣਾ ਚਾਹੀਦਾ ਹੈ। ਇਹ ਦੂਜਾ ਪਾਸਾ ਸਧਾਰਨ ਮਨੁੱਖ ਦੀ ਕਲਪਨਾ ਤੋਂ ਵੀ ਵਹਿਸ਼ੀ ਹੈ ਕਿਉਂਕਿ ਅਜੋਕੇ ਸਰਮਾਏਦਾਰਾ ਪ੍ਰਬੰਧ ਅਧੀਨ ਸਿੱਕੇ ਦਾ ਦੂਸਰਾ ਪੱਖ ਪਹਿਲੇ ਦੀ ਤਰ੍ਹਾਂ ਖ਼ੂਬਸੂਰਤ ਨਹੀਂ ਹੋ ਸਕਦਾ।

ਸਾਡੀ ਇਹ ਚਰਚਾ ਦਾ ਕੇਂਦਰੀ ਬਿੰਦੂ ਵੀ ਉਪਰੋਕਤ ਚਰਚਾ ’ਚ ਆਏ ਫੁੱਲ ਹੀ ਹਨ ਜੋ ਦੁਨੀਆਂ ਦੇ ਕਈ ਦੇਸ਼ਾਂ ਦੀ ਖੇਤੀ ਦਾ ਹਿੱਸਾ ਬਣ ਚੁੱਕੇ ਹਨ। ਭਾਰਤ ’ਚ ਵੀ ਫੁੱਲਾਂ ਦੀ ਖੇਤੀ ਹੁੰਦੀ ਹੈ ਤੇ ਇਹ ਕਈ ਮੁਲਕਾਂ ਨੂੰ ਆਪਣੀ ਪੈਦਾਵਰ ਬਰਾਮਦ ਵੀ ਕਰਦਾ ਹੈ ਤੇ ਪਿਛਲੇ ਕੁੱਝ ਸਾਲਾਂ ਤੋਂ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਕਾਰਨ ਭਾਰਤ ’ਚ ਫੁੱਲਾਂ ਹੇਠ ਰਕਬਾ ਵੀ ਲਗਾਤਾਰ ਵਧਦਾ ਜਾ ਹੈ।

ਇਸ ਸੂਚੀ ’ਚ ਤਮਿਲਨਾਡੂ, ਕਰਨਾਟਕਾ, ਜੰਮੂ ਕਸ਼ਮੀਰ, ਕੇਰਲਾ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਸੂਬੇ ਸ਼ਾਮਲ ਹਨ। ਤਾਮਿਲਨਾਡੂ ਇਨ੍ਹਾਂ ਵਿੱਚੋਂ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਭਾਰਤ ਦੇ ਸੱਤ ਸੂਬਿਆਂ ਦਾ 77 ਫੀਸਦੀ ਰਕਬਾ ਇਸ ਫੁੱਲਾਂ ਦੀ ਖੇਤੀ ਹੇਠ ਆ ਗਿਆ ਹੈ। ਜੇ ਹੈਕਟੇਅਰ ਦੇ ਹਿਸਾਬ ਨਾਲ਼ ਗੱਲ ਕਰੀਏ ਤਾਂ ਇਹ 3,39,000 ਹੈਕਟੇਅਰ ਰਕਬਾ ਬਣਦਾ ਹੈ ਜੋ ਸਾਲ ਦਰ ਸਾਲ ਵਧ ਰਿਹਾ ਹੈ।

ਪਰ ਜਿੱਥੇ ਫੁੱਲਾਂ ਦੀ ਖੇਤੀ ਤੇ ਨਾਲ਼ ਸਰਮਾਏਦਾਰਾਂ ਦੇ ਮੁਨਾਫ਼ੇ ’ਚ ਵਾਧਾ ਹੋ ਰਿਹਾ ਹੈ ਉੱਥੇ ਹੀ ਮੌਜੂਦਾ ਲੋਟੂ ਪ੍ਰਬੰਧ ਦੀ ਮਾਰ ਹੰਢਾ ਰਹੇ ਲੋਕਾਂ ਦੀਆਂ ਜ਼ਿੰਦਗੀਆਂ ਦਾ ਘਾਣ ਵੀ ਵਧ ਰਿਹਾ ਹੈ। ਇਸਦੀ ਇੱਕ ਤਸਵੀਰ 3 ਦਸੰਬਰ 2020 ਨੂੰ ‘ਪੈਸਟੀਸਾਈਡਜ ਐਕਸ਼ਨ ਨੈੱਟਵਰਕ ਏਸ਼ੀਆ ਪੈਸੇਫਿਕ, ਸੋਸਾਇਟੀ ਫਾਰ ਰੂਰਲ ਐਜੂਕੇਸ਼ਨ ਐਂਡ ਡਿਵੈਲਪਮੈਂਟ’ ਤੇ ‘ਪੈਨ ਇੰਡੀਆ’ ਵੱਲੋਂ ਜਾਰੀ ਕੀਤੀ ਰਿਪੋਰਟ ਪੇਸ਼ ਕਰਦੀ ਹੈ। ਇਸ ਅਨੁਸਾਰ ਤਾਮਿਲਨਾਡੂ ’ਚ ਫੁੱਲਾਂ ਦੀ ਖੇਤੀ ਆਮ ਲੋਕਾਂ, ਖ਼ਾਸ ਤੌਰ ’ਤੇ ਇਨ੍ਹਾਂ ਖੇਤਾਂ ’ਚ ਦਿਹਾੜੀ ’ਤੇ ਕੰਮ ਕਰਦੇ ਬੱਚਿਆਂ ਦੀ ਜ਼ਿੰਦਗੀ ’ਚ ਨਵੀਂਆਂ-ਨਵੀਂਆਂ ਬਿਮਾਰੀਆਂ ਲੈ ਕੇ ਆ ਰਹੀ ਹੈ ਜਿਸਨੇ ਉੱਥੋਂ ਦੀ ਇੱਕ ਵੱਡੀ ਮਜ਼ਦੂਰ ਅਬਾਦੀ ਰੋਗੀ ਕਰ ਛੱਡੀ ਹੈ।

ਇਸਦਾ ਮੁੱਖ ਕਾਰਨ ਇਹ ਹੈ ਕਿ ਇਹ ਖੇਤੀ ਸਿੱਧੇ ਤੌਰ ’ਤੇ ਦੋ ਵੱਡੀਆਂ ਸਨਅਤਾਂ ਨਾਲ਼ ਜੁੜੀ ਹੋਈ ਹੈ ਇੱਕ ਫੁੱਲਾਂ ਦੀ ਸਨਅਤ ਜਿਸ ’ਚ ਫੁੱਲਾਂ ਤੋਂ ਵੱਖ-ਵੱਖ ਵਸਤਾਂ ਤਿਆਰ ਕੀਤੀਆਂ ਜਾਂਦੀਆਂ ਹਨ ਤੇ ਦੂਸਰੀ ਹੈ ਕੀਟਨਾਸ਼ਕਾਂ ਦੀ ਸਨਅਤ।

ਫੁੱਲਾਂ ਦੀ ਪੈਦਾਵਾਰ ਵਧਾਉਣ ਲਈ ਖੇਤਾਂ ’ਚ ਵੱਡੇ ਪੱਧਰ ’ਤੇ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਰਿਪੋਰਟ ਦੀ ਭੂਮਿਕਾ ’ਚ ਦਿੱਤੇ ਅੰਕੜਿਆਂ ਅਨੁਸਾਰ ਤਾਮਿਲਨਾਡੂ ਵਿੱਚ ਵਰਤੇ ਜਾਂਦੇ 109 ਕੀਟਨਾਸ਼ਕਾਂ ’ਚੋਂ 82 ਫੀਸਦੀ ਨੂੰ ਖੁਦ ਕਿਸਾਨ ਅਤੇ ਦੁਕਾਨਦਾਰ ਮਨੁੱਖ ਲਈ ਖਤਰਨਾਕ ਮੰਨਦੇ ਹਨ। ਇਨ੍ਹਾਂ ਚੋਂ 32 ਅਜਿਹੇ ਕੀਟਨਾਸ਼ਕਾਂ ਦੀ ਪਛਾਣ ਕੀਤੀ ਗਈ ਹੈ ਜੋ ਕਈ ਦੇਸ਼ਾਂ ’ਚ ਪਾਬੰਦੀਸ਼ੁਦਾ ਹਨ ਕਿਉਂਕਿ ਇਹ ਮਧੂ ਮੱਖੀਆਂ ਦੀ ਹੋਂਦ ਲਈ ਖਤਰਨਾਕ ਹਨ। ਇਹ ਇੰਨੇ ਖਤਰਨਾਕ ਹਨ ਕਿ ਇਹਨਾਂ ਨੂੰ ਸਿਰਫ਼ ਸੁੰਘਣ ਨਾਲ਼ ਹੀ ਬੇਹੋਸ਼ੀ ਆ ਸਕਦੀ ਹੈ, ਇਹ ਪ੍ਰਜਨਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੇ ਹਨ ਤੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਫੈਲਾਉਣ ਲਈ ਜ਼ਿੰਮੇਵਾਰ ਹਨ। ਇਨ੍ਹਾਂ ’ਚੋਂ ਨੌਂ ਅਜਿਹੇ ਕੀਟਨਾਸ਼ਕਾਂ ਦੀ ਪਛਾਣ ਕੀਤੀ ਗਈ ਹੈ ਜੋ ਬੱਚਿਆਂ ਲਈ ਅਤਿ ਖ਼ਤਰਨਾਕ ਹਨ। ਇਹਨਾਂ 9 ਵਿੱਚੋਂ ਪੈਰਾਕਵਾਟ ਅਤੇ ਕਲੋਰਪਾਈਰੀਫੋਸ ਦੋ ਅਜਿਹੇ ਕੀਟਨਾਸ਼ਕ ਹਨ ਜਿਨ੍ਹਾਂ ਉੱਪਰ ਸੈਂਟਰਲ ਇਸੈਕਟੀਸਾਇਡ ਬੋਰਡ ਐਂਡ ਰਜਿਸਟ੍ਰੇਸ਼ਨ ਕਮੇਟੀ ਦੁਆਰਾ ਫੁੱਲਾਂ ਦੀ ਖੇਤੀ ਲਈ ਪਾਬੰਦੀ ਲਾਈ ਗਈ ਹੈ ਪਰ ਇਸਦੇ ਬਾਵਜੂਦ ਇਹ ਧੜਾ-ਧੜ ਵਰਤੇ ਜਾ ਰਹੇ ਹਨ।

ਖੇਤ ਵਿਚਲੀ ਹਾਲਤ ਇਹ ਹੈ ਕਿ ਖੇਤ ’ਚ ਛਿੜਕਾਅ ਕਰਨ ਤੋਂ ਫੌਰੀ ਬਾਅਦ ਮਜ਼ਦੂਰਾਂ (ਬਾਲ) ਨੂੰ ਖੇਤਾਂ ’ਚ ਕੰਮ ਕਰਨ ਦਿੱਤਾ ਜਾਂਦਾ ਹੈ। ਤਮਿਲਨਾਡੂ ਦੇ ਖੇਤਾਂ ’ਚ ਕੰਮ ਕਰਨ ਵਾਲ਼ੇ ਇਹ ਬੱਚੇ ਜਿਨ੍ਹਾਂ ਦੀ ਉਮਰ 9 ਤੋਂ 13 ਸਾਲ ਦੇ ਵਿਚਕਾਰ ਹੈ ਜਾਤ ਪੱਖੋਂ ਦਲਿਤ ਹਨ, ਜੋ ਭਾਰਤ ਦੇ ਅਖੌਤੀ ਜਾਤ ਪ੍ਰਬੰਧ ’ਚ ਸਭ ਤੋਂ ਹੇਠਲੀ ਪੌੜੀ ਨਾਲ਼ ਸਬੰਧ ਰੱਖਦੇ ਹਨ। ਆਰਥਿਕ ਪੱਖੋਂ ਕਮਜ਼ੋਰ ਹਾਲਤ ਵੀ ਇਸੇ ਵਰਗ ਦੀ ਹੈ ਜਿਸ ਕਾਰਨ ਇਹ ਬੱਚੇ ਆਪਣੀ ਸਕੂਲ ਦੀ ਫੀਸ ਭਰਨ ਸਮੇਤ ਹੋਰ ਆਰਥਿਕ ਲੋੜਾਂ ਦੀ ਪੂਰਤੀ ਲਈ ਖੇਤਾਂ ’ਚ ਕੰਮ ਕਰਨ ਲਈ ਮਜਬੂਰ ਹਨ। ਸਸਤੇ ਮਜ਼ਦੂਰ ਹੋਣ ਕਾਰਨ ਬੱਚਿਆਂ ਨੂੰ ਫੁੱਲਾਂ ਦੀ ਖੇਤੀ ਲਈ ਜ਼ਿਆਦਾ ਵਰਤਿਆ ਜਾਂਦਾ ਹੈ। ਪਰ ਇਨ੍ਹਾਂ ਖੇਤਾਂ ’ਚ ਹੀ ਉਪਰੋਕਤ ਕੀਟਨਾਸ਼ਕ ਵਰਤੇ ਜਾਣ ਕਾਰਨ ਇਹ ਬੱਚੇ ਚਮੜੀ ਦੀ ਸਮੱਸਿਆ, ਸਿਰਦਰਦ, ਉਲਟੀਆਂ, ਸਰੀਰ ’ਚ ਲਗਾਤਾਰ ਦਰਦ, ਜਲਦੀ ਥਕਾਵਟ, ਸੁਸਤੀ ਤੇ ਬੁਖਾਰ ਆਦਿ ਬੀਮਾਰੀਆਂ ਨਾਲ਼ ਆਮ ਹੀ ਜੂਝਦੇ ਰਹਿੰਦੇ ਹਨ। ਇਹ ਹਫ਼ਤੇ ’ਚ ਇੱਕ ਵਾਰ ਲਾਜ਼ਮੀ ਬਿਮਾਰ ਹੁੰਦੇ ਹਨ ਜਿਸ ਕਾਰਨ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਰੁਕ ਜਾਂਦਾ ਹੈ ਤੇ ਉਮਰ ਵੀ ਘਟ ਜਾਂਦੀ ਹੈ ਤਾਂ ਸੁਭਾਵਿਕ ਹੀ ਹੈ ਕਿ ਇੱਥੇ ਬੱਚਿਆਂ ਦੀ ਮੌਤ ਦਰ ਵੀ ਜ਼ਿਆਦਾ ਹੋਵੇਗੀ।

ਇਹ ਸਭ ਭਾਰਤ ਸਰਕਾਰ ਦੇ ਬਾਲ ਮਜ਼ਦੂਰੀ ਅਤੇ ਖੇਤਾਂ ’ਚ ਕੰਮ ਕਰਨ ਸਮੇਂ ਜਰੂਰੀ ਸੁਰੱਖਿਆ ਸਹੂਲਤਾਂ ਦੇਣ ਦੇ ਬਣਾਏ ਕਨੂੰਨਾਂ ਨੂੰ ਮੂੰਹ ਚਿੜਾਉਂਦਾ ਹੈ। ਸਰਕਾਰ ਦੇ ਆਪਣੇ ਕਨੂੰਨ ਬਾਲ ਮਜ਼ਦੂਰੀ ਦੀ ਮਨਾਹੀ ਕਰਦੇ ਹਨ, ਪਰ ਇੱਥੇ ਹੁੰਦੀ ਬਾਲ ਮਜ਼ਦੂਰੀ ਬਾਰੇ ਸਰਕਾਰ ਸਭ ਜਾਣਦੇ ਹੋਏ ਵੀ ਮੌਨ ਹੈ।

ਇਹ ਮਸਲਾ ਬੱਚਿਆਂ ਦੇ ਨਾਲ਼ ਹੀ ਖੇਤਾਂ ’ਚ ਕੰਮ ਕਰਦੇ ਹੋਰ ਖੇਤ ਮਜ਼ਦੂਰਾਂ ਦਾ ਵੀ ਹੈ ਜੋ ਭਾਰਤ ’ਚ ਕਰੋੜਾਂ ਹਨ। ਇਹ ਵੀ ਨਿੱਤ ਦਿਨ ਹਾਦਸਿਆਂ ਦਾ ਸ਼ਿਕਾਰ ਹੋਕੇ ਦਮ ਤੋੜ ਦਿੰਦੇ ਹਨ, ਇਹ ਖੇਤ ਮਜ਼ਦੂਰ ਸਭ ਕਨੂੰਨੀ ਸਹੂਲਤਾਂ ਦੇ ਘੇਰੇ ਤੋਂ ਬਾਹਰ ਹਨ ਜੋ ਸਨਅਤੀ ਮਜ਼ਦੂਰਾ ਨੇ ਲੰਬੀ ਲੜਾਈ ਰਾਹੀਂ ਪ੍ਰਾਪਤ ਕੀਤੀਆਂ ਸਨ (ਭਾਵੇਂ ਅੱਜ ਇਹ ਬੋਤੇ ਦੇ ਬੁੱਲ੍ਹਾਂ ਸਮਾਨ ਹੀ ਹਨ ਜੋ ਕਦੇ ਕਿਸੇ ਨੂੰ ਨਹੀਂ ਮਿਲ਼ਦੇ ਤੇ ਬੋਤੇ ਦਾ ਬੁੱਲ੍ਹ ਵੀ ਕਦੇ ਵੀ ਹੇਠਾ ਨਹੀਂ ਡਿੱਗਦਾ)।

ਉਪਰੋਕਤ ਸਭ ਦੇ ਬਾਵਜੂਦ ਸਰਕਾਰ ਉੱਲੂ ਵਾਂਗ ਅੱਖਾਂ ਮੀਚੀ ਬੈਠੀ ਹੈ ਜਿਸਦਾ ਦਾ ਦੂਸਰਾ ਕਾਰਨ ਇਸ ਖੇਤੀ ਨਾਲ਼ ਜੁੜਿਆ ਕੀਟਨਾਸ਼ਕਾਂ ਦਾ ਕਾਰੋਬਾਰ ਹੈ ਜੋ ਦੁਨੀਆਂ ਪੱਧਰ ’ਤੇ ਇੱਕ ਵੱਡਾ ਕਰੋਬਾਰ ਹੈ। ਪੂਰੇ ਸੰਸਾਰ ’ਚ 4.6 ਲੱਖ ਟਨ ਕੀਟਨਾਸ਼ਕ ਸਲਾਨਾ ਵਰਤੇ ਜਾਂਦੇ ਹਨ। ਭਾਰਤ ਅੱਜ ਅਮਰੀਕਾ, ਜਪਾਨ, ਚੀਨ ਤੋਂ ਬਾਅਦ ਕੀਟਨਾਸ਼ਕਾਂ ਦੀ ਪੈਦਾਵਰ ’ਚ ਚੌਥਾ ਸਥਾਨ ਰੱਖਦਾ ਹੈ। ਇੱਕ ਰਿਪੋਰਟ ਅਨੁਸਾਰ 2002 ’ਚ ਭਾਰਤ 47,027 ਟਨ ਕੀਟਨਾਸ਼ਕਾਂ ਦੀ ਵਰਤੋਂ ਕਰਦਾ ਸੀ ਜੋ ਕਿ 2017 ਤੱਕ 60,280 ਟਨ ਤੱਕ ਪਹੁੰਚ ਗਈ ਸੀ। ਹੁਣ ਤੱਕ ਤਾਂ ਇਸ ’ਚ ਹੋਰ ਵੀ ਜ਼ਿਆਦਾ ਵਾਧਾ ਹੋ ਗਿਆ ਹੋਣਾ ਹੈ। ਇਸ ਲਈ ਕੀਟਨਾਸ਼ਕਾਂ ’ਤੇ ਰੋਕ ਲਾਉਣ ਦਾ ਮਤਲਬ ਸਰਮਾਏਦਾਰਾਂ ਦੇ ਕਰੋੜਾਂ ਦੇ ਮੁਨਾਫ਼ਿਆਂ ’ਤੇ ਸੱਟ ਮਾਰਨਾ ਹੈ ਜੋ ਕਿਸੇ ਵੀ ਸਰਕਾਰ ਨੇ ਨਹੀਂ ਕਰਨਾ। ਇਹ ਉਹ ਸਰਮਾਏਦਾਰ ਹਨ ਜੋ ਇਹ ਤੈਅ ਕਰਦੇ ਹਨ ਕਿ ਕਿਸੇ ਦੇਸ਼ ਦੇ ਜਲਵਾਯੂ ਅਨੁਸਾਰ ਉੱਥੇ ਕੀ ਪੈਦਾ ਕਰਨਾ ਹੈ ਤੇ ਕਿਸ-ਕਿਸ ਕੀਟਨਾਸ਼ਕ ਦੀ ਵਰਤੋਂ ਦੀ ਮੰਡੀ ਤਿਆਰ ਕਰਨੀ ਹੈ। ਸਰਕਾਰ ਤਾਂ ਸਗੋਂ ਇਹਨਾਂ ਦੀਆਂ ਲੋੜਾਂ ਮੁਤਾਬਕ ਨੀਤੀਆਂ ਬਣਾਉਂਦੀ ਹੈ।

ਇਸਦਾ ਖੁਲਾਸਾ ਉਪਰੋਕਤ ਰਿਪੋਰਟ ਵੀ ਕਰਦੀ ਹੈ। ਜਦੋਂ ਇਨ੍ਹਾਂ ਕੀਟਨਾਸ਼ਕਾਂ ਦੇ ਗੋਦਾਮਾਂ ਦੀ ਤਲਾਸ਼ੀ ਲਈ ਗਈ ਤਾਂ ਪਤਾ ਲੱਗਿਆ ਕਿ ਇਨ੍ਹਾਂ ਦੇ ਮਾਲਕ ਸਥਾਨਕ ਅਤੇ ਬਹੁਕੌਮੀ ਕੰਪਨੀਆਂ ਜਿਵੇਂ ਧਾਨੁਕਾ ਐਗਰੀਟੈੱਕ, ਸਿਨਜੈਂਟਾ, ਵਾਇਰ ਕ੍ਰਾਪ ਸਾਇੰਸ ਆਦਿ ਹਨ। ਜਦੋਂ ਇਹਨਾਂ ਖਿਲਾਫ ਅਵਾਜ ਉੱਚੀ ਹੋ ਕੇ ਸਰਕਾਰ ਦੇ ਕੰਨੀਂ ਪੁੱਜੀ ਤਾਂ ਇਨ੍ਹਾਂ ਚੋਂ ਕੁਝ ਕੀਟਨਾਸ਼ਕਾਂ ਉੱਪਰ ਪਾਬੰਦੀ ਲਾਉਣ ਦੀ ਗੱਲ ਆਖੀ ਗਈ, ਪਰ ਇਹ ਆਖਿਆ ਅਜੇ ਤੱਕ ਲਾਗੂ ਨਹੀਂ ਹੋਇਆ। ਹਾਲੇ ਵੀ ਇਹ ਕੀਟਨਾਸ਼ਕ ਭਾਰਤ ਦੇ ਅਲੱਗ-ਅਲੱਗ ਹਿੱਸਿਆਂ ’ਚ ਧੜਾਧੜ ਵਿਕ ਰਹੇ ਅਤੇ ਛਿੜਕੇ ਜਾ ਰਹੇ ਹਨ।

ਇਹ ਸਾਡਾ ਆਲ਼ਾ-ਦੁਆਲ਼ਾ ਤੇ ਪਾਣੀ ਸਮੇਤ ਸਭ ਨੂੰ ਪਲੀਤ ਕਰਕੇ ਮਨੁੱਖ ਦੀ ਪਹੁੰਚ ਤੋਂ ਦੂਰ ਕਰ ਰਹੇ ਹਨ। ਸਰਮਾਏ ਦੀ ਦੌੜ ਇਸ ਨੂੰ ਲਗਾਤਾਰ ਚਲਾ ਹੀ ਨਹੀਂ ਰਹੀ ਸਗੋਂ ਇਸ ਖੇਤਰ ਨੂੰ ਹੋਰ ਮੁਨਾਫ਼ੇਦਾਰ ਬਣਾਉਣ ਲਈ ਹੋਰ ਨਵੇਂ ਨਿਵੇਸ਼ ਕੀਤੇ ਜਾ ਰਹੇ ਹਨ। ਭਾਰਤ ਅਮਰੀਕਾ, ਹਾਲੈਂਡ, ਇੰਗਲੈਂਡ, ਜਰਮਨੀ, ਯੂਨਾਈਟਡ ਅਰਬ ਅਮੀਰਾਤ ਨੂੰ ਜ਼ਿਆਦਾ ਫੁੱਲਾਂ ਦੀ ਬਰਾਮਦ ਕਰਦਾ ਹੈ ਜੋ 2018-19 ’ਚ 571.38 ਕਰੋੜ ਦਾ ਸੀ ਤੇ ਭਾਰਤ ਦੀ ਸਲਾਨਾ ਪੈਦਾਵਰ 28.58 ਲੱਖ ਮੀਟਰਕ ਟਨ ਕਰਦਾ ਹੈ। ਇਹਨਾਂ ਫੁੱਲਾਂ ਨਾਲ਼ ਸੁਹੱਪਣ ਵਧਾਉਣ ਵਾਲ਼ੀਆਂ ਉਪਜਾਂ, ਪੀਣ ਵਾਲ਼ੀਆਂ ਵਸਤਾਂ ਦੀਆਂ ਮਹਿਕਾਂ, ਇਤਰ, ਦਵਾਈਆਂ, ਭੋਜਨ ਅਤੇ ਰੰਗ ਨਾਲ਼ ਸਬੰਧਤ ਕਰੋੜਾਂ ਦੀ ਸਨਅਤ ਚਲਦੀ ਹੈ ਜਿੱਥੋਂ ਤਿਆਰ ਹੋਇਆ ਮਾਲ ਅੱਗੇ ਸੰਸਾਰ ਦੇ ਅਨੇਕਾਂ ਮੁਲਕਾਂ ਦੀਆਂ ਮੰਡੀਆਂ ਵਿੱਚ ਪਹੁੰਚਦਾ ਹੈ। ਇੰਝ ਫੁੱਲਾਂ ਦੇ ਇਸ ਕਾਰੋਬਾਰ ਨਾਲ਼ ਵੱਡੇ ਮਗਰਮੱਛਾਂ ਦੇ ਹਿੱਤ ਜੁੜੇ ਹੋਏ ਹਨ, ਇਹੀ ਕਾਰਨ ਹੈ ਕਿ ਇਹ ਪ੍ਰਬੰਧ ਇਨ੍ਹਾਂ ਸਰਮਾਏਦਾਰਾਂ ਵੱਲੋਂ ਕਬੂਤਰ ਵਾਂਗ ਅੱਖਾਂ ਮੀਚ ਕੇ ਬੈਠਾ ਹੈ। ਇਸ ਕਰਕੇ ਇਹਨਾਂ ਬੇਇਨਸਾਫੀਆਂ ਨੂੰ ਰੋਕਣ ਲਈ ਸਰਕਾਰਾਂ ਉੱਪਰ ਨਹੀਂ ਸਗੋਂ ਲੋਕਾਂ ਦੀ ਆਪਣੀ ਤਾਕਤ ’ਤੇ ਭਰੋਸਾ ਰੱਖਦੇ ਹੋਏ ਜਿੰਨੀ ਛੇਤੀ ਇਸ ਪ੍ਰਬੰਧ ਨੂੰ ਬਦਲ ਦਿੱਤਾ ਜਾਏ ਓਨ੍ਹਾਂ ਹੀ ਕੁਦਰਤ ਦੇ ਹਰ ਜੀਵ ਸਮੇਤ ਮਨੁੱਖ ਲਈ ਚੰਗਾ ਹੋਵੇਗਾ।

**ਲਲਕਾਰ ’ਚੋਂ ਧੰਨਵਾਦ ਸਹਿਤ**



# ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ ‘ਨੈਸਨਲ ਕਵੀ ਦਰਬਾਰ 2021’ ਕਿਸਾਨੀ ਅੰਦੋਲਨ ਨੂੰ ਸਮਰਪਿਤ

ਜੋਰਾਵਰ ਬਾਂਸਲ – ਪੰਜਬੀ ਲਿਖਾਰੀ ਸਭਾ ਕੈਲਗਰੀ ਨੇ ਸਾਲ 2021 ਦੀ ਪਹਿਲੀ (ਜਨਵਰੀ ਮਹੀਨੇ ਦੀ) ਮੀਟਿੰਗ ਨੂੰ ਇੱਕ ਵੱਖਰਾ ਸਾਹਿਤਕ ਰੂਪ ਦਿੰਦਿਆ ‘ਨੈਸਨਲ ਕਵੀ ਦਰਬਾਰ 2021’ ਦਾ ਆਯੋਜਨ ਆਧੁਨਿਕ ਤਕਨੀਕੀ ਮਾਧਿਅਮ ਜੂਮ ਰਾਹੀ ਕੀਤਾ। ਜਿਸ ਵਿੱਚ ਐਡਮਿੰਟਨ, ਵੈਨਕੂਵਰ, ਵਿੰਨੀਪੈਗ ਤੇ ਕੈਲਗਰੀ ਦੇ ਲੇਖਕਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਸਾਰੇ ਹੀ ਬੁਲਾਰਿਆ ਦੀਆਂ ਰਚਨਾਵਾਂ ਵਿੱਚ ਕਿਸਾਨੀ,ਫਸਲਾਂ, ਸੰਘਰਸ ਦੀਆਂ ਔਕੜਾਂ, ਅੰਦੋਲਨਕਾਰੀਆ ਦੇ ਸਿਦਕ ਤੇ ਦਾਨੀ ਸੱਜਣਾਂ ਦੀ ਦਰਿਆਦਿਲੀ ਦੀਆਂ ਬਾਤਾਂ ਪਾਈਆਂ ਗਈਆਂ। ਉਥੇ ਹੀ ਸਰਕਾਰ ਦੀਆਂ ਤਲਖੀਆਂ, ਅਣਮਨੁੱਖੀ ਰਵੱਈਏ ਤੇ ਖੇਤੀ ਬਿੱਲਾਂ ਨੂੰ ਵਾਪਸ ਨਾ ਲੈਣ ਉੱਤੇ ਸਖਤ ਪਰ ਸਭਿਅਕ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਤਿਹਾਸਕ ਘਟਨਾਵਾਂ ਦਾ ਵੇਰਵਾ ਦੇ ਕੇ ਅੰਦੋਲਨਕਾਰੀਆ ਦੀ ਤੁਲਨਾ ਯੋਧਿਆਂ ਨਾਲ ਕੀਤੀ। ਉੱਥੇ ਹੀ ਇਸ ਸੰਘਰਸ਼ ਦੇ ਸਾਂਤਮਈ ਚੱਲਣ ਤੇ ਜਲਦੀ ਹੀ ਕਿਸੇ ਸਿੱਟੇ (ਕਾਮਯਾਬੀ) ਤੇ ਪਹੁੰਚਣ ਦੀ ਕਾਮਨਾ ਵੀ ਕੀਤੀ ਗਈ। ਇਸ ਕਵੀ ਦਰਬਾਰ ਵਿੱਚ ਤਰੁੰਨਮ ਵਿੱਚ ਗਾਏ ਗੀਤਾਂ ਦੇ ਇਲਾਵਾ ਰੁਬਾਈਆਂ, ਕਵਿਤਾਵਾਂ, ਗਜਲਾਂ, ਖੁੱਲੀਆਂ ਕਵਿਤਾਵਾਂ, ਸ਼ੇਅਰਾਂ ਆਦਿ ਜਾਣੀ ਹਰ ਰੰਗ ਦੇਖਣ ਤੇ ਸੁਣਨ ਨੂੰ ਮਿਲਿਆ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਵਿੱਚ ਹਰ ਹੀਲੇ ਇਸ ਸੰਘਰਸ਼ ਨਾਲ ਜੁੜਨ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ‘ਨੈਸਨਲ ਕਵੀ ਦਰਬਾਰ’ ਰਾਹੀਂ ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਵੀ ਇਹ ਉੱਤਮ ਉਪਰਾਲਾ ਕੀਤਾ ਹੈ। ਜਿਸ ਦੀ ਸਾਰੇ ਬੁਲਾਰਿਆਂ ਨੇ ਸ਼ਲਾਘਾ ਕੀਤੀ। ਪਿਛਲੇ ਸਾਲ ਦੀਆਂ ਮੀਟਿੰਗਾਂ ਜੋ ਇਸ ‘ਨੈਸਨਲ ਕਵੀ ਦਰਬਾਰ’ ਦੀ ਤਰ੍ਹਾਂ ਜੂਮ ਦੇ ਮਾਧਿਅਮ ਰਾਹੀ ਹੋਈਆਂ ਹਰ ਮੀਟਿੰਗ ਵਿੱਚ ਹੀ ਕਿਸਾਨੀ ਮੁੱਦਾ (ਕਿਸਾਨੀ ਸੰਘਰਸ ਅੰਦੋਲਨ) ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਹ ‘ਨੈਸ਼ਨਲ ਕਵੀ ਦਰਬਾਰ’ ਪ੍ਰਧਾਨ ਦਵਿੰਦਰ ਮਲਹਾਂਸ ਦੀ ਪ੍ਰਧਾਨਗੀ ਹੇਠ ਹੋਇਆ ਜਿਸ ਦਾ ਮੰਚ ਸੰਚਾਲਨ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਕੀਤਾ ਤੇ ਜੂਮ ਮਾਧਿਅਮ ਦੀ ਜਿੰਮੇਵਾਰੀ ਮਹਿੰਦਰਪਾਲ ਐਸ ਪਾਲ ਨੇ ਬਾਖੂਬੀ ਨਿਭਾਈ। ਇਸ ‘ਨੈਸਨਲ ਕਵੀ ਦਰਬਾਰ’ ਵਿੱਚ ਸਿਰਮੌਰ ਕਵੀ ਕ੍ਰਿਸਨ ਭਨੌਟ,ਰਾਜ ਰਾਜਵੰਤ, ਜਸਵੀਰ ਮੰਗੂਵਾਲ,ਪ੍ਰੀਤ ਮਨਪ੍ਰੀਤ, ਬਖਸ ਸੰਘਾ,ਮੋਹਨ ਗਿੱਲ, ਗੁਰਚਰਨ ਕੌਰ ਥਿੰਦ, ਮਹਿੰਦਰਪਾਲ ਐਸ ਪਾਲ, ਬਲਜਿੰਦਰ ਸੰਘਾ, ਨਵਪ੍ਰੀਤ ਰੰਧਾਵਾ, ਜਗਦੇਵ ਸਿੱਧੂ, ਮੰਗਲ ਚੱਠਾ, ਤਰਲੋਚਨ ਸੈਂਭੀ, ਬਲਵੀਰ ਗੋਰਾ,ਗੁਰਦੀਸ ਕੌਰ ਗਰੇਵਾਲ, ਗੁਰਲਾਲ ਰੂਪਾਲੋ, ਸੁਖਪਾਲ ਪਰਮਾਰ,ਪਰਮਿੰਦਰ ਰਮਨ, ਸੁਖਵਿੰਦਰ ਤੂਰ, ਹਰਮਿੰਦਰ ਚੁੱਘ, ਸਰਬਜੀਤ ਉੱਪਲ,ਰਣਜੀਤ ਸਿੰਘ, ਹਰੀਪਾਲ ਆਦਿ ਸਾਮਲ ਹੋਏ ਤੇ ਆਪਣੀਆਂ ਕਿਸਾਨੀ ਸੰਘਰਸ ਨਾਲ ਜੁੜੀਆਂ ਰਚਨਾਵਾਂ ਰਾਹੀ ਹਾਜਰੀ ਲਵਾਈ। ਸਭਾ ਦੀ ਅਗਲੀ ਮੀਟਿੰਗ 21 ਫਰਵਰੀ 2021 ਦਿਨ ਐਤਵਾਰ ਬਾਅਦ ਦੁਪਿਹਰ 2ਵਜੇ ਜੂਮ ਦੇ ਮਾਧਿਅਮ ਰਾਹੀਂ ਹੋਏਗੀ ਜਿਸ ਵਿੱਚ ਭਾਗ ਲੈਣ ਜਾਂ ਹੋਰ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 4039932201 ਤੇ ਜਨਰਲ ਸਕੱਤਰ ਜੋਰਾਵਰ ਬਾਂਸਲ ਨੂੰ 5874377805 ਤੇ ਸੰਪਰਕ ਕੀਤਾ ਜਾ ਸਕਦਾ ਹੈ। ਧੰਨਵਾਦ।





# ‘ਕਾਲ਼ੇ ਖੇਤੀ ਕਾਨੂੰਨ ਅਤੇ ਲੋਕ ਘੋਲ’ ਵਿਸ਼ੇ ’ਤੇ ਵਿਚਾਰ-ਚਰਚਾ

**• ਲੋਕ-ਜਮੂਰੀਅਤ ਲਈ ਸਮਾਜ ਅੱਗੇ ਆਵੇ; ਵਕੀਲ ਰਾਜਿੰਦਰ ਸਿੰਘ ਚੀਮਾ • ਕਾਨੂੰਨ ਰੱਦ ਕਰਾਉਣ ਲਈ ਸੰਘਰਸ਼ ਹੱਕੀ ਹੈ: ਡਾ. ਸੁਖਪਾਲ**









ਜਲੰਧਰ: ‘ਕਾਲ਼ੇ ਖੇਤੀ ਕਾਨੂੰਨ ਅਤੇ ਲੋਕ ਸੰਘਰਸ਼’ ਵਿਸ਼ੇ ’ਤੇ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੀਤੀ ਗੰਭੀਰ ਵਿਚਾਰ-ਚਰਚਾ ਨੇ ਇਹ ਪੱਖ ਉਭਾਰਿਆ ਕਿ ਜੇ ਕੇਂਦਰੀ ਭਾਜਪਾ ਹਕੂਮਤ ਦੇਸੀ-ਬਦੇਸੀ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਤੇ ਦੇਸ਼-ਵਿਰੋਧੀ ਕਾਨੂੰਨ ਧੱਕੇ ਨਾਲ ਮੜ੍ਹਨ ਲਈ ਬਜ਼ਿਦ ਹੈ। ਜਦ ਕਿ ਕਾਨੂੰਨ ਰੱਦ ਕਰਾਉਣ ਲਈ ਉੱਠੇ ਜਨ-ਅੰਦੋਲਨ ਵੱਲੋਂ ਮੋਰਚਾ ਫਤਿਹ ਕਰਨ ਤੋਂ ਬਿਨ੍ਹਾਂ ਪੈਰ ਪਿੱਛੇ ਨਾ ਪੁੱਟਣਾ ਬਿਲਕੁਲ ਜਾਇਜ਼ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਦੋਵੇਂ ਮੁੱਖ ਬੁਲਾਰੇ ਰਾਜਿੰਦਰ ਸਿੰਘ ਚੀਮਾ (ਸੀਨੀਅਰ ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈਕੋਰਟ) ਅਤੇ ਡਾ. ਸੁਖਪਾਲ ਸਿੰਘ (ਪੰਜਾਬੀ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) ਵਿਚਾਰ-ਚਰਚਾ ਮੌਕੇ ਮੰਚ ’ਤੇ ਸਸ਼ੋਭਤ ਸਨ।

ਡਾ. ਪਰਮਿੰਦਰ ਸਿੰਘ ਨੇ ਵਿਚਾਰ-ਚਰਚਾ ਦੇ ਸਾਰ-ਤੱਤ ਉਪਰ ਰੌਸ਼ਨੀ ਪਾਉਂਦੇ ਹੋਏ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ, ਕਾਲ਼ੇ ਖੇਤੀ ਕਾਨੂੰਨਾਂ ਨੂੰ ਇਤਿਹਾਸਕ ਝਰੋਖੇ ਵਿਚੀਂ ਦੇਖਦੇ ਹੋਏ ਇਸਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਨ ਦੇ ਭਵਿੱਖ-ਮੁਖੀ ਸੁਲੱਖਣੇ ਲੋਕ-ਸੰਗਰਾਮ ਦੇ ਵਰਤਾਰੇ ਵਜੋਂ ਦੇਖ ਰਹੀ ਹੈ।

ਡਾ. ਸੁਖਪਾਲ ਨੇ ਕਿਹਾ ਕਿ ਧੱਕੇ ਨਾਲ ਕਿਸਾਨੀ ਦਾ ਫਾਇਦਾ ਕਰਨ ਦੇ ਨਾਂਅ ਹੇਠ ਜ਼ਬਰੀ ਕਾਨੂੰਨ ਠੋਸਣ ਖਿਲਾਫ਼ ਉੱਠਿਆ ਲੋਕ-ਰੋਹ, ਜਾਇਜ਼ ਅਤੇ ਹੱਕੀ ਹੈ। ਸਾਡੇ ਖੋਜਕਾਰਾਂ, ਇਤਿਹਾਸਕਾਰਾਂ, ਸਮਾਜ ਸਾਸ਼ਤਰੀ, ਵਿਗਿਆਨੀਆਂ ਨੂੰ ਦਿੱਲੀ ਮੋਰਚੇ ਅੰਦਰ ਧੜਕਦੀ ਜ਼ਿੰਦਗੀ ਤੋਂ ਸਿੱਖਣ ਦੀ ਲੋੜ ਹੈ।

ਉਹਨਾਂ ਕਿਹਾ ਕਿ ਮੁਲਕ ਦੇ ਲੋਕਾਂ ਨੂੰ ਚੌਤਰਫ਼ੇ ਆਰਥਕ, ਸਮਾਜਕ ਸੰਕਟ ਵਿੱਚ ਧੱਕਣ ਅਤੇ ਮੁੱਠੀ ਭਰ ਕਾਰਪੋਰਟਾਂ ਦੀ ਲੁੱਟ ਦੇ ਅੰਬਾਰ ਲਾਉਣ ਦੀਆਂ ਨੀਤੀਆਂ ਖਿਲਾਫ਼ ਚੱਲ ਰਿਹਾ ਸੰਘਰਸ਼, ਲੁੱਟ, ਅਨਿਆਂ, ਜ਼ਬਰ ਰਹਿਤ ਅਤੇ ਧਰਤੀ ’ਤੇ ਸਵਰਗ ਸਿਰਜਣ ਦਾ ਪ੍ਰਵੇਸ਼-ਦੁਆਰ ਹੈ।

ਪੰਜਾਬ-ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਰਾਜਿੰਦਰ ਸਿੰਘ ਚੀਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਿਹੜੇ ਕਾਨੂੰਨ ਕਿਸਾਨਾਂ, ਮਜ਼ਦੂਰਾਂ ਦੀ ਮੌਤ ਦੇ ਵਰੰਟ ਹਨ, ਇਸ ਕਰਕੇ ਕਿਸਾਨਾਂ ਦਾ ਇਹ ਮੌਲਿਕ ਜਮਹੂਰੀ ਹੱਕ ਹੈ ਕਿ ਉਹ ਅਜੇਹੇ ਕਾਨੂੰਨ ਰੱਦ ਕਰਾਉਣ ਲਈ ਡਟਕੇ ਸੰਘਰਸ਼ ਦੇ ਮੈਦਾਨ ’ਚ ਡਟੇ ਰਹਿਣ।

ਉਹਨਾਂ ਕਿਹਾ ਕਿ ਮੁਲਕ ਦੇ ਕਿਰਤੀ-ਕਿਸਾਨ ਅਸਲ ’ਚ ਜਮਹੂਰੀਅਤ ਭਰੇ ਸਿਹਤਮੰਦ ਸਮਾਜ ਦੀ ਜੱਦੋ ਜਹਿਦ ਲੜ ਰਹੇ ਹਨ, ਜਦੋਂ ਕਿ ਸੰਵਿਧਾਨ, ਕਾਨੂੰਨ ਦੇ ਰਾਖੇ ਹੋਣ ਦੇ ਦਾਅਵੇਦਾਰ ਅਖਵਾਉਣ ਵਾਲੇ ਹੁਕਮਰਾਨਾਂ ਕੋਲੋਂ ਜਮਹੂਰੀਅਤ ਨੂੰ ਗੰਭੀਰ ਖ਼ਤਰਾ ਹੈ। ਜੀਵਨ ਦੀਆਂ ਮੁੱਢਲੀਆਂ ਅਤੇ ਬੁਨਿਆਦੀ ਲੋੜਾਂ ਦੇ ਦਾਇਰੇ ਵਿਚੋਂ ਅਨਾਜ ਨੂੰ ਬਾਹਰ ਕੱਢਕੇ ਜਮ੍ਹਾਂਖੋਰੀ ਦਾ ਕਾਰਪੋਰੇਟ ਨੂੰ ਕਾਨੂੰਨੀ ਲਾਇਸੰਸ ਮੁਹੱਈਆ ਕਰਨਾ ਅਤੇ ਦੂਜੇ ਪਾਸੇ ਸਮਾਜ ਦੇ ਸਿਰਜਕਾਂ ਨੂੰ ਮੌਤ ਦੇ ਅੰਨ੍ਹੇ ਖੂਹ ਵਿੱਚ ਸੁੱਟਣ ਦਾ ਅਪਰਾਧਜਨਕ ਕਾਨੂੰਨ ਮੜ੍ਹਨਾ ਹੈ।

ਸੀਨੀਅਰ ਵਕੀਲ ਰਾਜਿੰਦਰ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਅਤੇ ਆਰ.ਐਸ.ਐਸ. ਹਿੰਦੂ ਫ਼ਿਰਕੂ ਫਾਸ਼ੀਵਾਦੀ ਰਾਜ ਸਥਾਪਤ ਕਰਨ ਦੀ ਅੰਨ੍ਹੀ ਦੌੜ ਦੌੜਦੀ ਹੋਈ ਗ਼ਦਰ, ਕਿਰਤੀ ਅਤੇ ਨੌਜਵਾਨ ਭਾਰਤ ਸਭਾ ਲਹਿਰ ਦੀ ਸਾਂਝੀ ਕੁਰਬਾਨੀਆਂ ਭਰੀ ਸ਼ਾਨਾਮੱਤੀ ਵਿਰਾਸਤ ਦਾ ਅਪਮਾਨ ਕਰਨਾ ਹੈ।

ਗੋਦੀ ਮੀਡੀਆ ਨੂੰ ਲੰਮੇ ਹੱਥੀਂ ਲੈਂਦਿਆਂ ਵਕੀਲ ਚੀਮਾ ਨੇ ਕਿਹਾ ਕਿ ਅਜ਼ਾਰੇਦਾਰ ਘਰਾਣਿਆਂ ਦੀ ਬੋਲੀ ਬੋਲਦਾ ਮੀਡੀਆ ਲੋਕਾਂ ਨਾਲ ਧ੍ਰੋਹ ਕਮਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਬੁੱਧੀਜੀਵੀ ਵਰਗ ਵੱਲੋਂ ਕਿਸਾਨੀ ਸੰਘਰਸ਼ ਨੂੰ ਸਲਾਮ ਕਰਨਾ ਬਣਦਾ ਹੈ ਜਿਨ੍ਹਾਂ ਨੇ ਹਉਮੈਂ ’ਚ ਮਦਹੋਸ਼ ਕੇਂਦਰੀ ਭਾਜਪਾ ਹੁਕਮਰਾਨਾ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਸਾਡੇ ਲਈ ਡਾਢਿਆਂ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਗੱਲ ਕਰਨ ਦਾ ਅਧਿਕਾਰ ਬਹਾਲ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਦ੍ਰਿਸ਼ਟੀ ਤੋਂ ਘੋਖਿਆਂ ਅਤੇ ਮੁਲਅੰਕਣ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਨੈਤਿਕ ਤੌਰ ’ਤੇ ਕਿਸਾਨਾਂ ਨੇ ਮੋਰਚਾ ਜਿੱਤ ਲਿਆ ਹੈ।

‘ਪਾੜੋ ਤੇ ਰਾਜ ਕਰੋ’ ਦੀ ਨੀਤੀ ਉਪਰ ਕਰਾਰੀ ਸੱਟ ਮਾਰਨ ਵਾਲੇ ਅਜੋਕੇ ਅੰਦੋਲਨ ਦੇ ਅਮੀਰ ਮੁੱਲਾਂ ਨੂੰ ਵਡਿਆਉਂਦਿਆਂ ਵਕੀਲ ਚੀਮਾ ਨੇ ਕਿਹਾ ਕਿ ਲੋਕਾਂ ਨੇ ਆਪਣੇ-ਪਰਾਏ ਦੀ ਨਿਰਖ਼ ਕਰਨ ਦਾ ਇਮਤਿਹਾਨ ਅਵੱਲ ਦਰਜੇ ’ਚ ਪਾਸ ਕਰ ਲਿਆ ਹੈ।

ਹਾਕਮ ਜਮਾਤੀ ਪੱਖੀ ਚੋਣ-ਪ੍ਰਣਾਲੀ ਉੱਪਰ ਤਿੱਖੀ ਚੋਟ ਕਰਦਿਆਂ ਸੀਨੀਅਰ ਵਕੀਲ ਨੇ ਕਿਹਾ ਕਿ ਜਮਹੂਰੀਅਤ ਜੋਰਾਵਰਾਂ ਨੇ ਅਗਵਾ ਕਰ ਲਈ ਹੈ ਇਸ ਲਈ ਹਕੀਕੀ ਜਮਹੂਰੀਅਤ ਦੀਆਂ ਨੀਹਾਂ ਅਤੇ ਇਮਾਰਤ ਪੱਕੀ ਕਰਨ ਲਈ ਲੋਕਾਂ ਨੂੰ ਖ਼ੁਦ ਲੋਕ-ਜਮਹੂਰੀਅਤ ਮਜ਼ਬੂਤ ਕਰਨ ਲਈ ਲੰਮਾ ਦਮ ਰੱਖਵੇਂ ਸੰਘਰਸ਼ ਦੇ ਰਾਹ ਅੱਗੇ ਵਧਣਾ ਪਵੇਗਾ।

ਵਿਚਾਰ-ਚਰਚਾ ’ਚ ਮਤੇ ਪਾਸ ਕੀਤੇ ਗਏ ਕਿ ਐਨ.ਆਈ.ਏ. ਵੱਲੋਂ ਲੋਕਾਂ ਨੂੰ ਕੇਸਾਂ ’ਚ ਫਸਾਉਣ ਅਤੇ ਸੂਬਿਆਂ ਅੰਦਰ ਸਿੱਧੀ ਦਖਲਅੰਦਾਜ਼ੀ ਕਰਨਾ ਬੰਦ ਕੀਤਾ ਜਾਏ।

ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਜਮਹੂਰੀ ਕਾਮਿਆਂ ਨੂੰ ਬਿਨ੍ਹਾਂ ਸ਼ਰਤ ਫੌਰੀ ਰਿਹਾਅ ਕੀਤਾ ਜਾਏ।

ਖੇਤੀ ਅਤੇ ਲੋਕ ਵਿਰੋਧੀ ਕਾਨੂੰਨਾਂ ਖਿਲਾਫ਼ ਉੱਠੇ ਸੰਘਰਸ਼ ਦੀ ਹਮਾਇਤ ਕਰਦਿਆਂ ਮੰਗ ਕੀਤੀ ਗਈ ਕਿ ਬਿਨਾਂ ਕਿਸੇ ਦੇਰੀ ਦੇ ਕਾਨੂੰਨ ਰੱਦ ਕੀਤੇ ਜਾਣ।

ਆਈ.ਐਮ.ਐਫ਼. ਵੱਲੋਂ ਕਾਨੂੰਨਾਂ ਦੀ ਬੇਸ਼ਰਮੀ ਭਰੀ ਹਮਾਇਤ ਕਰਨ ਦੀ ਤਿੱਖੀ ਆਲੋਚਨਾ ਦਾ ਵੀ ਮਤਾ ਪਾਸ ਕੀਤਾ ਗਿਆ।

ਦੋਵੇਂ ਮੁੱਖ ਬੁਲਾਰਿਆਂ ਨੂੰ ਕਿਤਾਬਾਂ ਦੇ ਸੈਟ ਭੇਂਟ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਨਮਾਨਤ ਕੀਤਾ। ਇਸ ਮੌਕੇ ਅਹੁਦੇਦਾਰਾਂ ਤੋਂ ਇਲਾਵਾ ਕਮੇਟੀ ਦੇ ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਮਾੜੀਮੇਘਾ, ਚਰੰਜੀ ਲਾਲ ਕੰਗਣੀਵਾਲ, ਹਰਮੇਸ਼ ਮਾਲੜੀ, ਵਿਜੈ ਬੰਬੇਲੀ ਅਤੇ ਪ੍ਰੋ. ਗੋਪਾਲ ਬੁੱਟਰ ਵੀ ਮੌਜੂਦ ਸਨ।

ਸਮਾਗਮ ’ਤੇ ਸਮੇਟਵੀਂ ਟਿੱਪਣੀ ਅਤੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਦੋਵੇਂ ਬੁਲਾਰਿਆਂ ਦੇ ਅਮੁੱਲੇ ਵਿਚਾਰਾਂ ਨੂੰ ਲੜ ਬੰਨ੍ਹ ਦੇ ਹੋਏ ਸਾਨੂੰ ਚੱਲ ਰਹੇ ਅੰਦੋਲਨ ਤੋਂ ਸਿੱਖਣ ਅਤੇ ਇਸਨੂੰ ਭਰਵਾਂ ਸਮਰਥਨ ਦੇਣ ਲਈ ਅੱਗੇ ਆਉਣ ਦੀ ਲੋੜ ਹੈ।

ਸਮਾਗਮ ’ਚ ਖੜ੍ਹੇ ਹੋ ਕੇ ਕਾਲ਼ੇ ਕਾਨੂੰਨ ਵਿਰੋਧੀ ਸੰਘਰਸ਼ ਦੌਰਾਨ ਜਾਨ ਵਾਰਨ ਵਾਲਿਆਂ ਨੂੰ ਯਾਦ ਕਰਦਿਆਂ ਸ਼ਰਧਾਂਜ਼ਲੀ ਦਿੱਤੀ ਗਈ ਅਤੇ ਸੀਨੀਅਰ ਪੱਤਰਕਾਰ, ਲੇਖਕ ਮਨੋਹਰ ਲਾਲ ਦੇ ਵਿਛੋੜੇ ’ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਨੇ ਵਿਚਾਰ-ਚਰਚਾ ਦੌਰਾਨ ਮੰਚ ਸੰਚਾਲਨ ਕੀਤਾ।













## ਸਾਡੇ ਚੇਤਿਆਂ ਵਿੱਚ ਹਮੇਸ਼ਾ ਵੱਸੇ ਰਹਿਣਗੇ

# ਬਹਾਦਰ ਸਿੰਘ ਡਾਲਵੀ

ਸੰਸਾਰ ਵਿੱਚ ਬਹੁਤ ਸਾਰੇ ਲੋਕ ਆਉਂਦੇ ਜਾਂਦੇ ਰਹਿੰਦੇ ਹਨ। ਕੁਝ ਆਪਣੀ ਹੀ ਜ਼ਿੰਦਗੀ ਜਿਉ ਕੇ ਵਾਪਸ ਮੁੜ ਜਾਂਦੇ ਹਨ ਪਰ ਕੁਝ ਲੋਕ ਆਪਣੀ ਜ਼ਿੰਦਗੀ ਨੂੰ ਦੂਸਰਿਆਂ ਦੇ ਲੇਖੇ ਲਾ ਦਿੰਦੇ ਹਨ ਅਜਿਹੀ ਹੀ ਸਤਿਕਾਰਯੋਗ ਸ਼ਖਸੀਅਤ ਬਹਾਦਰ ਸਿੰਘ ਡਾਲਵੀ ਜੀ ਸਨ ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲੋਕਾਈ ਨੂੰ ਸਮਰਪਿਤ ਕਰ ਦਿੱਤੀ। ਉਨ੍ਹਾਂ ਦੇ ਸੁਭਾਅ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਸਮਾਜ ਨੂੰ ਉਨ੍ਹਾਂ ਦੀ ਸੇਧ ਤੇ ਦੇਣ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਦੇ ਸਦੀਵੀ ਵਿਛੋੜੇ ’ਤੇ ਕਲਮ ਉਨ੍ਹਾਂ ਬਾਰੇ ਲਿਖਣ ਲਈ ਆਪਣੇ ਆਪ ਉੱਠ ਪਈ। ਇਹ ਮਹਾਨ ਸ਼ਖਸੀਅਤ ਨੇ ਡਾਲਾ ਦੀ ਧਰਤੀ ’ਤੇ 1956 ਵਿੱਚ ਪਿਤਾ ਭਜਨ ਸਿੰਘ ਤੇ ਮਾਤਾ ਗੁਲਾਬ ਕੌਰ ਦੀ ਕੁੱਖੋਂ ਜਨਮ ਲਿਆ। ਇਨ੍ਹਾਂ ਕਰਕੇ ਪਿੰਡ ਡਾਲਾ ਦੀ ਧਰਤੀ ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਵੱਖਰੀ ਪਹਿਚਾਣ ਮਿਲੀ। ਜਵਾਨੀ ਦੀ ਦਹਿਲੀਜ਼ ’ਤੇ ਪੈਰ ਧਰਦਿਆਂ ਸੰਤੋਸ਼ ਕੌਰ ਜੀ ਉਨ੍ਹਾਂ ਦੀ ਧਰਮ ਪਤਨੀ ਬਣੇ। ਜਿਨ੍ਹਾਂ ਨੇ ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਦੀਆਂ ਰੁਚੀਆਂ ਨੂੰ ਦੇਖਦੇ ਹੋਏ ਉਨ੍ਹਾਂ ਦਾ ਸਾਥ ਦਿੱਤਾ। ਉਨ੍ਹਾਂ ਦੇ ਘਰ ਦੋ ਬੇਟੇ ਤੇ ਦੋ ਬੇਟੀਆਂ ਨੇ ਜਨਮ ਲਿਆ। ਜਿਨ੍ਹਾਂ ਵਿੱਚੋਂ ਦੋ ਬੇਟੀਆਂ ਵਿਦੇਸਾਂ ਵਿੱਚ ਸੈਟਲ ਹਨ। ਇੱਕ ਬੇਟਾ ਇੰਡੀਆ ਵਿੱਚ ਆਪਣਾ ਨਿੱਜੀ ਕਾਰੋਬਾਰ ਚਲਾ ਰਹੇ ਹਨ ਤੇ ਸਭ ਤੋਂ ਛੋਟੇ ਬੇਟੇ ਨਵਕਿਰਨ ਸਿੰਘ ਡਾਲਵੀ ਕੈਨੇਡਾ ਦੀ ਧਰਤੀ ’ਤੇ ਪਿਤਾ ਦੇ ਸੁਪਨਿਆਂ ਨੂੰ ਪੂਰਾ ਕਰ ਰਹੇ ਹਨ। ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸੀ। ਸਮੇਂ ਦੀ ਚਾਲ ਤੇ ਦੂਸਰਿਆਂ ਦੇ ਦੁੱਖ-ਸੁੱਖ ਨੂੰ ਸਮਝਦੇ ਹੋਏ ਉਨ੍ਹਾਂ ਨੇ ਪਹਿਲੀ ਕਿਤਾਬ 18 ਸਾਲ ਦੀ ਉਮਰ ਵਿੱਚ ਪਾਠਕਾਂ ਦੇ ਰੂਬਰੂ ਕੀਤੀ। ਲਿਖਣ ਦੀ ਰੁਚੀ ਨੇ ਉਨ੍ਹਾਂ ਨੂੰ ਅਧਿਆਪਨ ਕਿੱਤੇ ਵੱਲ ਮੋੜਿਆ। ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਦੀ ਭੂਮਿਕਾ ਨਿਭਾਉਂਦੇ ਹੋਏ ਬੱਚਿਆਂ ਵਿੱਚ ਪੜ੍ਹਨ ਤੇ ਲਿਖਣ ਦੀ ਰੁਚੀ ਪੈਦਾ ਕੀਤੀ। ਉਨ੍ਹਾਂ ਨੂੰ ਬੱਚਿਆਂ ਨਾਲ ਸ਼ੁਰੂ ਤੋਂ ਹੀ ਬਹੁਤ ਲਗਾਵ ਸੀ ਜਿਸ ਕਰਕੇ ਬਾਲ ਸਾਹਿਤ, ਅਖਬਾਰ, ਮੈਗਜ਼ੀਨ ਵਿੱਚ ਉਨ੍ਹਾਂ ਦੀਆ ਅਣਗਿਣਤ ਕਵਿਤਾਵਾਂ, ਲੇਖ, ਕਹਾਣੀਆਂ ਛਪਦੇ ਰਹਿੰਦੇ ਸੀ। ਉਹ ਆਪਣੇ ਕਿੱਤੇ ਵਿੱਚ ਇੰਨੇ ਮਾਹਰ ਸੀ ਕਿ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਤਰੱਕੀ ਮਿਲਣੀ ਸ਼ੁਰੂ ਹੋ ਗਈ। ਜਿਸ ਦਾ ਨਤੀਜਾ ਕਿ ਉਹ ਬਤੌਰ ਪ੍ਰਿੰਸੀਪਲ 2014 ਵਿੱਚ ਬੁੱਘੀਪੁਰਾ ਸਕੂਲ ਤੋਂ ਰਿਟਾਇਰ ਹੋਏ। ਧਾਰਮਿਕ ਬਿਰਤੀ ਦੇ ਮਾਲਿਕ ਹੋਣ ਕਰਕੇ ਉਹ ਬਚਪਨ ਤੋਂ ਹੀ ਰੋਜ਼ਾਨਾ ਗੁਰਦੁਆਰਾ ਸਾਹਿਬ ਜਾਂਦੇ ਤੇ ਧਰਮ ਕਰਮ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸੀ। ਮਨੁੱਖਤਾ ਦੀ ਸੇਵਾ ਨੂੰ ਉਹ ਆਪਣਾ ਉੱਚਾ ਸੁੱਚਾ ਧਰਮ ਤੇ ਕਰਮ ਮੰਨਦੇ ਹੋਏ ਬਹੁਤ ਸਾਰੇ ਬੇਸਹਾਰਿਆ ਦਾ ਸਹਾਰਾ ਬਣੇ। ਬੇਰੁਜ਼ਗਾਰ, ਲੋੜਵੰਦ, ਵਿਧਵਾਵਾਂ ਵਾਸਤੇ ਸਰਕਾਰੀ ਦਫਤਰਾਂ ਵਿੱਚ ਭੱਜ ਨੱਠ ਕਰਕੇ ਨੌਕਰੀਆਂ ਵੀ ਲਗਵਾਉਂਦੇ ਰਹੇ ਤੇ ਉਨ੍ਹਾਂ ਨੂੰ ਆਪਣੇ ਪੈਰਾਂ ਸਿਰ ਖੜ੍ਹੇ ਕੀਤਾ। ਵਿਧਵਾਵਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਰੁਜ਼ਗਾਰ ਪ੍ਰਾਪਤੀ ਲਈ ਉਨ੍ਹਾਂ ਨੇ ਉਚੇਚੇ ਕਦਮ ਚੁੱਕੇ। ਉਹ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਆਪਣੇ ਕੋਲੋਂ ਭਰਦੇ ਰਹੇ ਤਾਂ ਕਿ ਵਿਦਿਆਰਥੀ ਆਪਣੀ ਪੜ੍ਹਾਈ ਪੂਰੀ ਕਰ ਸਕਣ। ਵਿਦਿਆਰਥੀਆਂ ਨੂੰ ਵਿੱਦਿਆ ਦਾ ਦਾਨ ਦੇ ਕੇ ਬੁਲੰਦੀਆਂ ਤੱਕ ਪਹੁੰਚਾਇਆ। ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਬਹੁਤ ਸਾਰੇ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਦੇ ਰਹੇ ਅਤੇ ਖੁਦ ਵੀ ਮਾਂ ਬੋਲੀ ਨੂੰ ਸਮਰਪਿਤ ਪ੍ਰੋਗਰਾਮ ਉਲੀਕ ਕੇ ਨਵੀਆਂ ਕਲਮਾਂ ਨੂੰ ਹੱਲਾਸ਼ੇਰੀ ਦਿੰਦੇ ਰਹੇ। ਬਹੁਤ ਸਾਰੇ ਪ੍ਰੋਗਰਾਮਾਂ ਵਿੱਚ ਉਹ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਉਂਦੇ ਹੋਏ ਬੱਚਿਆਂ ਨੂੰ ਸੁੰਦਰ ਲਿਖਾਈ ਤੇ ਮੌਲਿਕ ਰਚਨਾਵਾਂ ਦੀਆਂ ਬਰੀਕੀਆ ਬਾਰੇ ਜਾਣੂ ਕਰਵਾਉਂਦੇ ਤਾਂ ਕਿ ਨੌਜਵਾਨ ਤਨਦੇਹੀ ਨਾਲ ਮਾਂ ਬੋਲੀ ਦੀ ਸੇਵਾ ਕਰ ਸਕਣ। ਉਨ੍ਹਾਂ ਦੀ ਪੰਜਾਬੀ ਵਿੱਚ ਪਕੜ ਬਹੁਤ ਮਜਬੂਤ ਸੀ ਉਨ੍ਹਾਂ ਨਾਲ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਅ ਰਹੀਆਂ ਸ਼ਖਸੀਅਤਾਂ ਵੀ ਉਨ੍ਹਾਂ ਤੋਂ ਬਹੁਤ ਕੁਝ ਸਿੱਖਦੀਆਂ। ਉਹ ਪੰਜਾਬ ਤੋਂ ਬਿਨਾਂ ਹੋਰ ਸਟੇਟਾਂ ਵਿੱਚ ਸੈਮੀਨਾਰ, ਵਰਕਸ਼ਾਪ ਦਾ ਸਮੇਂ ਸਮੇਂ ਸਿਰ ਹਿੱਸਾ ਬਣਦੇ ਰਹੇ। ਉਹ ਕੈਨੇਡਾ ਤੇ ਇੰਗਲੈਂਡ ਵਰਗੀ ਧਰਤੀ ’ਤੇ ਵੀ ਲਿਖਾਰੀ ਸਭਾਵਾਂ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਉਨ੍ਹਾਂ ਨੂੰ ਬਹੁਤ ਸਾਰੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਕਿ ਉਨ੍ਹਾਂ ਦੇ ਘਰ ਵਿੱਚ ਜਗ੍ਹਾ ਘੱਟ ਗਈ ਪਰ ਪੁਰਸਕਾਰਾਂ ਦੀ ਗਿਣਤੀ ਦਿਨ-ਬ-ਦਿਨ ਵੱਧਦੀ ਗਈ। ਸਾਹਿਤ ਨਾਲ ਉਨ੍ਹਾਂ ਦੀ ਇੰਨੀ ਨੇੜਤਾ ਸੀ ਕਿਸੇ ਦੁਰਘਟਨਾ ਵਿੱਚ ਬਾਂਹ ਪੂਰੀ ਤਰ੍ਹਾਂ ਨਕਾਰਾ ਹੋਣ ਦੇ ਬਾਵਜੂਦ ਵੀ ਸਾਹਿਤ ਅਤੇ ਸਾਹਿਤਕ ਰੁਚੀਆਂ ਵਾਲੇ ਲੋਕਾਂ ਨੂੰ ਅੱਗੇ ਪਹੁੰਚਾਉਂਦੇ ਰਹੇ। ਬਹਾਦਰ ਸਿੰਘ ਡਾਲਵੀ ਜੀ ਅਜਿਹੇ ਇਨਸਾਨ ਸੀ ਜਿਨ੍ਹਾਂ ਨੇ ਆਪਣੇ ਫ਼ਰਜ਼ ਅਤੇ ਜ਼ਿੰਮੇਵਾਰੀ



ਨੂੰ ਬਾਖੂਬੀ ਨਿਭਾਇਆ। ਜਿੱਥੇ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਬੱਚਿਆਂ ਦੀ ਦੇਖ-ਰੇਖ ਦੇ ਨਾਲ ਉਹ ਸਮਾਜ ਨੂੰ ਵੀ ਲੈ ਚੱਲਦੇ ਸੀ। ਸਮਾਜ ਵਿੱਚ ਉਨ੍ਹਾਂ ਨੂੰ ਜਿਹੜੇ ਵੀ ਲੋਕ ਮਿਲਦੇ ਸੀ ਉਨ੍ਹਾਂ ਨੂੰ ਆਪਣਾ ਪਰਿਵਾਰ



ਕਰਮਜੀਤ ਕੌਰ ਮਾਣਕ



ਸੋਨੀਆ ਸਿਮਰ

ਸਮਝਦੇ। ਉਨ੍ਹਾਂ ਨੇ ਕਦੇ ਵਿਤਕਰਾ ਨਹੀਂ ਕੀਤਾ ਸੀ ਉਹ ਜੰਮੇ ਹੀ ਲੋਕਾਈ ਦੀ ਭਲਾਈ ਵਾਸਤੇ ਸੀ। ਅਜਿਹੇ ਇਨਸਾਨ ਜੋ ਅੰਦਰੋਂ-ਬਾਹਰੋਂ ਇੱਕ ਸੀ। ਜਿੰਨਾ ਵਿੱਚ ਨਿਮਰਤਾ, ਸਾਦਗੀ, ਸਮਰਪਣ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਜਿਹੜਾ ਇਨਸਾਨ ਉਨ੍ਹਾਂ ਨੂੰ ਇੱਕ ਵਾਰ ਮਿਲ ਲੈਂਦਾ ਸੀ ਉਨ੍ਹਾਂ ਦਾ ਮੁਰੀਦ ਹੋ ਕੇ ਰਹਿ ਜਾਂਦਾ ਸੀ। ਅਜਿਹੇ ਇਨਸਾਨ ਸੀ ਲੋਕ ਉਨ੍ਹਾਂ ਤੱਕ ਪਹੁੰਚਦੇ ਸੀ ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਸੀ ਕਿ ਕਿਸੇ ਵਿੱਚ ਕੋਈ ਕਲਾ, ਹੁਨਰ ਹੈ ਜਾਂ ਉਨ੍ਹਾਂ ਨੂੰ ਕਿਸੇ ਮਦਦ ਦੀ ਜ਼ਰੂਰਤ ਹੈ ਚਾਹੇ ਉਹ ਆਰਥਿਕ, ਸਮਾਜਿਕ, ਕਰੀਅਰ ਗਾਈਡੈਂਸ ਦੇ ਤੌਰ ’ਤੇ ਹੋਵੇ। ਉਹ ਹਮੇਸ਼ਾ ਉਨ੍ਹਾਂ ਤੱਕ ਪਹੁੰਚ ਕਰਦੇ ਸੀ ਤੇ ਉਨ੍ਹਾਂ ਦੀ ਕਲਾ ਨੂੰ ਨਿਖਾਰਦੇ ਅਤੇ ਮਦਦ ਵੀ ਕਰਦੇ ਸਨ। ਉਨ੍ਹਾਂ ਲੋਕਾਂ ਨੂੰ ਅਜਿਹਾ ਤਰਾਸਦੇ ਸੀ ਕਿ ਉਹ ਹੀਰੇ ਬਣ ਚਮਕਣ ਲੱਗ ਪੈਂਦੇ ਸੀ। ਉਨ੍ਹਾਂ ਦੇ ਤਰਾਸੇ ਹੋਏ ਲੋਕ ਅੱਜ ਅਗਾਂਹ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ’ਤੇ ਚੱਲ ਰਹੇ ਹਨ। ਨਿਮਰਤਾ ਦੇ ਪੁੰਜ ਵੱਡਿਆਂ ਵਿੱਚ ਵੱਡਿਆਂ ਵਰਗੇ ਤੇ ਛੋਟਿਆਂ ਵਿੱਚ ਛੋਟਿਆਂ ਵਰਗੇ ਹੋ ਜਾਂਦੇ ਸੀ। ਜਿੰਨੇ ਵੀ ਸਮਾਰੋਹ ਹੁੰਦੇ ਉਸ ਵਿੱਚ ਆਪਣੀ ਭੂਮਿਕਾ ਬਾਖੂਬੀ ਨਿਭਾਉਂਦੇ ਸੀ। ਹਰ ਦੇਖਣ ਵਾਲਾ ਹੈਰਾਨ ਰਹਿ ਜਾਂਦਾ ਕਿ ਇੰਨੇ ਉੱਚੇ ਅਹੁਦੇ ’ਤੇ ਪਹੁੰਚ ਕੇ ਇੰਨੀ ਨਿਮਰਤਾ, ਸਾਦਗੀ ਉਨ੍ਹਾਂ ਵਿੱਚ ਕਿੱਥੋਂ ਆਈ ਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਮੰਨਣ ਲੱਗ ਪੈਂਦੇ ਤੇ ਆਪ ਵੀ ਉਨ੍ਹਾਂ ਵਰਗੇ ਬਣਨ ਦੇ ਇੱਛਕ ਰਹਿੰਦੇ ਸੀ। ਉਨ੍ਹਾਂ ਵਿੱਚ ਈਰਖਾ, ਘਮੰਡ, ਦਵੈਸ਼ ਕਦੇ ਨਹੀਂ ਆਈ ਸਗੋਂ ਹਰ ਇੱਕ ਨੂੰ ਇੰਨਾਂ ਨੀਵਾ ਹੋ ਕੇ ਮਿਲਦੇ ਕਿ ਦੂਸਰਿਆਂ ਨੂੰ ਉਹਨਾਂ ਸਾਹਮਣੇ ਆਪਣਾ ਆਪ ਵੀ ਛੋਟਾ ਲੱਗਣ ਲੱਗ ਪੈਂਦਾ ਸੀ। ਕਿ ਇੰਨੇ ਗੁਣਾਂ ਵਾਲਾ ਇਨਸਾਨ ਵਿੱਚ ਇੰਨੀ ਨਿਮਰਤਾ। ਅਸੀਂ ਉਨ੍ਹਾਂ ਦਾ ਦੇਣ ਨਹੀਂ ਦੇ ਸਕਦੇ ਜਿਹੜੇ ਵੀ ਲੋਕ ਉਨ੍ਹਾਂ ਨੂੰ ਮਿਲੇ ਅੱਜ ਉਨ੍ਹਾਂ ਨੂੰ ਉਨ੍ਹਾਂ ਦੀ ਘਾਟ ਮਹਿਸੂਸ ਹੁੰਦੀ ਹੈ ਕਿਉਂਕਿ ਬਹੁਤ ਚੰਗੇ ਢੰਗ ਨਾਲ ਸਮਝਾਉਂਦੇ ਤੇ ਜਿਸ ਇਨਸਾਨ ਦੀ ਕਲਾ ਨੂੰ ਜਾਣ ਲੈਂਦੇ ਉਸ ਨੂੰ ਕਾਮਯਾਬ ਕਰਕੇ ਹੀ ਦਮ ਲੈਂਦੇ ਸੀ। ਵੱਖ-ਵੱਖ ਕਾਲਜਾਂ ਵਿੱਚ ਉਹ ਮੁੱਖ ਬੁਲਾਰੇ ਦੇ ਤੌਰ ’ਤੇ ਸ਼ਿਰਕਤ ਕਰਦੇ ਰਹੇ। ਉਹ ਇੱਕ ਅਜਿਹੇ ਜੌਹਰੀ ਸਨ ਜਿਨ੍ਹਾਂ ਨੇ ਸਾਹਿਤਕ ਰੁਚੀਆਂ ਵਾਲੇ ਲੋਕਾਂ ਨੂੰ ਲੱਭਿਆ ਤਰਾਸ਼ਿਆ ਤੇ ਹੀਰੇ ਬਣਾਇਆ ਜੋ ਅੱਜ ਸਾਹਿਤ ਨੂੰ ਆਪਣੀ ਦੇਣ ਦੇ ਰਹੇ ਹਨ। ਉਨ੍ਹਾਂ ਦਾ ਦਇਆਵਾਨ ਤੇ ਦਰਿਆਦਿਲ ਨੇ ਅਜਿਹੇ ਬੱਚਿਆਂ ਦੀ ਮਦਦ ਕੀਤੀ ਜੋ ਆਰਥਿਕ ਤੌਰ ’ਤੇ ਅਸਮਰੱਥ ਸਨ ਅਤੇ ਅਧਿਆਪਨ ਕਿੱਤੇ ਦੌਰਾਨ ਉਨ੍ਹਾਂ ਦੇ ਪੜ੍ਹਾਏ ਅਣਗਿਣਤ ਵਿਦਿਆਰਥੀ ਉੱਚ ਅਹੁਦਿਆਂ ’ਤੇ ਬਿਰਾਜਮਾਨ ਹਨ। ਇੱਕ ਚੰਗੇ ਪਿਤਾ ਹੋਣ ਦੇ ਨਾਲ-ਨਾਲ ਇੱਕ ਆਦਰਸ਼ ਵਿਅਕਤੀ ਵੀ ਸਨ। ਅਧਿਆਪਨ ਕਿੱਤੇ ਤੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਪੜ੍ਹੋ ਪੰਜਾਬ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਦੀ ਭੂਮਿਕਾ ਵੀ ਨਿਭਾਈ। ਪੰਜਾਬੀ ਕਮਿਊਨਿਟੀ ਹੈਲਥ ਸਰਵਿਸਿਜ਼, ਮੋਗਾ ਦੇ ਪ੍ਰੋਗਰਾਮ ਵਿੱਚ ਖਾਸ ਸੇਵਾਵਾਂ ਦਿੰਦੇ ਰਹੇ। ਉਨ੍ਹਾਂ ਦੀਆਂ ਮਹਾਨ ਪ੍ਰਾਪਤੀਆਂ ਉਨ੍ਹਾਂ ਨੇ ਸਾਹਿਤਕ ਖੇਤਰ ਵਿੱਚ ਅਣ-ਗਿਣਤ ਕਿਤਾਬਾਂ ਦੇ ਨਾਲ-ਨਾਲ ਟੀ.ਵੀ. ਅਤੇ ਰੇਡੀਉ ਜਗਤ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਜਿਨ੍ਹਾਂ ਨੇ ਜਲੰਧਰ ਦੂਰਦਰਸ਼ਨ ਪ੍ਰੋਗਰਾਮ ‘ਤੀਆਂ ਦਾ ਮੇਲਾ’ ਲਈ ਸਕਰਿਪਟ ਵੀ ਲਿਖੇ। ਉੱਚੇ ਸੁੱਚੇ ਚਰਿੱਤਰ ਦੇ ਧਾਰਨੀ ਹੁੰਦੇ ਹੋਏ ਉਹ ਸਭ ਧੀਆਂ ਭੈਣਾਂ ਦੇ ਮਾਣ ਸਨਮਾਨ ਦਾ ਵਿਸ਼ੇਸ਼ ਧਿਆਨ ਰੱਖਦੇ।

ਲੋੜਵੰਦ ਧੀਆਂ ਦੇ ਵਿਆਹਾਂ ’ਤੇ ਵਿਸ਼ੇਸ ਯੋਗਦਾਨ ਦਿੰਦੇ ਰਹੇ। ਉਹ ਬੱਚਿਆਂ ਨੂੰ ਮਾਪਿਆਂ, ਦੇਸ-ਵਿਦੇਸ ਦਾ ਨਾਮ ਰੌਸ਼ਨ ਕਰਨ ਦੀ ਪ੍ਰੇਰਨਾ ਦਿੰਦੇ। ਉਸ ਉੱਚੀ ਸੁੱਚੀ ਸ਼ਖਸੀਅਤ ਦਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿਣਾ ਅਤਿ ਦੁਖਦਾਈ ਹੈ। ਜਿਸ ਨਾਲ ਸਾਹਿਤਕ ਖੇਤਰ ਦੀ ਮਾਲਾ ਦਾ ਇੱਕ ਮਣਕਾ ਬਿਖਰ ਗਿਆ ਹੈ। ਜਿਸ ਦੀ ਥਾਂ ਕੋਈ ਹੋਰ ਨਹੀਂ ਲੈ ਸਕਦਾ। ਜੋ ਕਿ ਕੈਨੇਡਾ ਵਿੱਚ ਪਿਛਲੇ ਦੋ ਸਾਲਾਂ ਤੋਂ ਸਮਾਜਿਕ ਤੇ ਸਾਹਿਤਕ ਗਤੀਵਿਧੀਆਂ ਵਿੱਚ ਸਰਗਰਮ ਰਹੇ। ਥੋੜ੍ਹੇ ਸਮੇਂ ਤੋਂ ਸਿਹਤ ਖਰਾਬ ਹੋਣ ਕਾਰਨ ਘਰ ਬੈਠੇ ਵੀ ਆਪਣਾ ਯੋਗਦਾਨ ਪਾਉਂਦੇ ਰਹੇ। ਜੋ ਆਪਣੇ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ 7 ਜਨਵਰੀ 2021 ਸਾਨੂੰ ਸਦੀਵੀ ਵਿਛੋੜਾ ਦੇ ਗਏ। ਇਸ ਦੁਨੀਆ ਵਿੱਚ ਬਹੁਤ ਸਾਰੇ ਚੰਗੇ ਲੋਕ ਆਉਂਦੇ ਤੇ ਜਾਂਦੇ ਰਹਿਣਗੇ ਪਰ ਬਹਾਦਰ ਸਿੰਘ ਡਾਲਵੀ ਜੀ ਵਰਗਾ ਨਾ ਕੋਈ ਹੋਇਆ ਨਾ ਕੋਈ ਹੋ ਸਕਦਾ ਹੈ। ਸਾਨੂੰ ਇਸ ਗੱਲ ਦਾ ਸਕੂਨ ਏ ਕੇ ਉਹ ਸਾਡੇ ਚੇਤਿਆਂ ਵਿੱਚ ਹਮੇਸ਼ਾ ਵੱਸੇ ਰਹਿਣਗੇ। ਸਾਨੂੰ ਇਸ ਗੱਲ ਦਾ ਮਾਣ ਹੈ ਕਿ ਸਾਨੂੰ ਉਨ੍ਹਾਂ ਦੀ ਛੱਤਰ ਛਾਇਆ ਹੇਠ ਬਹੁਤ ਕੁਝ ਸਿੱਖਣ ਨੂੰ ਮਿਲਿਆ।

**ਅਦਾਰਾ ‘ਸਰੋਕਾਰ ਦੀ ਆਵਾਜ਼’ ਵਲੋਂ ਪਰਿਵਾਰ ਨਾਲ ਦੁੱਖ ’ਚ ਸ਼ਰੀਕ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।**




Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP



Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919

GALAXY Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

## 32 ਸਾਲ ਬਾਅਦ ਇਤਿਹਾਸ ਆਪਣੇ ਆਪ ਨੂੰ ਦੁਹਰਾਅ ਰਿਹਾ ਹੈ...

32 ਸਾਲ ਪਹਿਲਾਂ 25 ਅਕਤੂਬਰ 1988 ਨੂੰ ਕਿਸਾਨਾਂ ਦੇ ਮਹਾਂਨਾਇਕ ਦੇ ਤੌਰ 'ਤੇ ਜਾਣੇ ਜਾਂਦੇ 'ਬਾਬਾ ਟਿਕੈਤ' (ਮਹਿੰਦਰ ਸਿੰਘ ਟਿਕੈਤ) ਨੇ ਕਿਸਾਨਾਂ ਨੂੰ ਇਕ ਆਵਾਜ਼ ਮਾਰੀ ਸੀ ਤਾਂ ਦਿੱਲੀ ਦੇ ਵੋਟ ਕਲੱਬ ਵਿਚ 14 ਰਾਜਾਂ ਦੇ ਪੰਜ ਲੱਖ ਕਿਸਾਨ ਇੱਕਠੇ ਹੋ ਗਏ ਸਨ। ਵਿਜੈ ਚੌਂਕ ਤੋਂ ਲੈ ਕੇ ਇੰਡੀਆ ਗੇਟ ਤੱਕ ਕਿਸਾਨਾਂ ਨੇ ਮੋਰਚਾ ਮੱਲਿਆ ਸੀ ਅਤੇ ਕਿਸਾਨਾਂ ਅਤੇ ਆਪਣੇ ਟਰੈਕਟਰ ਤੇ ਬਲਦ-ਗੱਡੀਆਂ ਵੀ ਵੋਟ ਕਲੱਬ ਵਿਚ ਖੜੇ ਕਰ ਦਿੱਤੇ ਸਨ। 30 ਅਕਤੂਬਰ ਦੀ ਰਾਤ ਨੂੰ ਉਥੇ ਲਾਠੀਚਾਰਜ ਕੀਤਾ ਗਿਆ ਸੀ ਪਰ ਅਸਕੇ ਉਸ ਜਰਨੈਲ ਦੇ....ਸਾਰੀਆਂ ਸਾਜ਼ਿਸ਼ਾਂ ਦੇ ਬਾਵਜੂਦ ਜਿੱਤ ਪ੍ਰਾਪਤ ਕੀਤੀ। ਅਤੇ ਇਹ ਉਸ ਦੌਰ ਦੀ ਸੱਤਾ ਦੇ ਖਿਲਾਫ ਕਿਸਾਨਾਂ ਦਾ ਇਤਿਹਾਸਕ ਮੋਰਚਾ ਸੀ। ਹੁਣ ਫੇਰ ਸੱਤਾ ਦੇ ਕਾਲੇ ਕਨੂੰਨਾਂ ਦੇ ਖਿਲਾਫ ਉਹਨਾਂ ਦੇ ਫਰਜੰਦ ਅਤੇ ਯੂਪੀ ਦੇ ਵੱਡੇ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਗਾਜੀਪੁਰ ਵਿਚ ਮੋਰਚਾ ਲਾਇਆ ਹੋਇਆ ਹੈ। 26 ਜਨਵਰੀ ਦੀ ਟਰੈਕਟਰ ਪਰੇਡ ਤੋਂ ਬਾਅਦ ਸੱਤਾ ਨੇ ਹਮਲਾਵਰ ਰੁੱਖ ਅਖਤਿਆਰ ਕਰਦਿਆਂ ਇਕ ਪਾਸੇ ਸਾਜ਼ਿਸ਼ ਦੇ ਤਹਿਤ ਆਪਣੇ ਖਰੀਦੇ ਮੀਡੀਆ ਦੁਆਰਾ ਕਿਸਾਨਾਂ ਨੂੰ ਬਦਨਾਮ ਕਰਨ ਦੀ ਹਰ ਕੋਝੀ ਕੋਸ਼ਿਸ਼ ਕੀਤੀ ਅਤੇ ਦੂਜੇ ਪਾਸੇ ਆਪਣਾ ਦਮਨਚੱਕਰ ਤੇਜ ਕਰਦਿਆਂ ਰਾਕੇਸ਼ ਟਿਕੈਤ ਤੇ ਐਫ ਈ ਆਰ ਦਰਜ ਕੀਤੀ, ਗਾਜੀਪੁਰ ਬਾਰਡਰ ਦੀ ਬਿਜਲੀ-ਪਾਣੀ ਦੀ ਸਪਲਾਈ ਬੰਦ ਕੀਤੀ ਅਤੇ ਉਥੇ ਫੋਰਸ ਭੇਜ ਕੇ ਦਹਿਸ਼ਤ ਪਾਉਂਦੇ ਹੋਏ ਮੋਰਚਾ ਚੁਕਵਾਉਣ ਦੀ ਕੋਸ਼ਿਸ਼ ਕੀਤੀ। ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਇਹ ਮੋਰਚਾ ਬਚਾਉਣ ਦੀ ਭਾਵੁਕ ਅਪੀਲ ਕੀਤੀ ਤਾਂ ਅੱਜ ਉਸ ਦੇ ਪਿਤਾ ਦੇ ਸੱਦੇ ਤੋਂ 32 ਸਾਲਾਂ ਬਾਅਦ ਉਸੇ ਤਰ੍ਹਾਂ ਰਾਕੇਸ਼ ਟਿਕੈਤ ਦੇ ਸੱਦੇ ਤੇ ਲੋਕਾਂ ਨੇ ਗਾਜੀਪੁਰ ਵੱਲ ਚਾਲੇ ਪਾ ਦਿੱਤੇ ਅਤੇ ਕੱਲ੍ਹ ਨੂੰ ਹੋਰ ਬਹੁਤ ਸਾਰੇ ਕਿਸਾਨ ਗਾਜੀਪੁਰ ਸਮੇਤ ਵੱਖ ਵੱਖ ਮੋਰਚਿਆਂ ਤੇ ਪਹੁੰਚ ਰਹੇ ਹਨ। ਦੋਸਤੋ ਉਸੇ ਤਰ੍ਹਾਂ ਆਪਣਾ ਜੋਸ਼ ਅਤੇ ਹੌਂਸਲਾ ਬੁਲੰਦ ਰੱਖਿਓ...ਇਹ ਇਕ ਹਫਤਾ ਬਹੁਤ ਭਾਰਾ ਹੈ..ਸੱਤਾ ਨੇ ਖਤਰਨਾਕ ਖੇਡ ਖੇਡੀ ਹੈ ਅਤੇ ਅਜੇ ਹੋਰ ਬਹੁਤ ਕੁਝ ਕਰਨਾ ਹੈ। ਸ਼ਾਂਤੀ, ਦਲੀਲ ਅਤੇ ਏਕਤਾ ਇਸ ਅੰਦੋਲਨ ਦੀ ਵੱਡੀ ਤਾਕਤ ਹੈ, ਇਸ ਨੂੰ ਬਣਾ ਕੇ ਰੱਖਣਾ....

ਮਸ਼ਾਲਾਂ ਬਾਲ ਕੇ ਚਲਣਾ ਜਦੋਂ ਤੱਕ ਰਾਤ ਬਾਕੀ ਹੈ
ਕਦਮ ਸੰਭਾਲ ਕੇ ਚਲਣਾ, ਜਦੋਂ ਤੱਕ ਰਾਤ ਬਾਕੀ ਹੈ..
ਹਨੇਰੀ ਕਾਲ਼ੀ ਆਏਗੀ, ਕਿ ਗਰਦਸ ਉਡਦੀ ਜਾਏਗੀ।
ਘਟਾਵਾਂ ਨੇ ਵੀ ਆਉਣਾ ਹੈ, ਕਿ ਝੱਖੜਾ ਕਹਿਰ ਮਚਾਉਣਾ ਹੈ।
ਬਿਜਲੀ ਹੋਰ ਵੀ ਕੜਕੇਗੀ, ਕੰਡੇ ਦੀ ਚੋਭ ਵੀ ਰੜਕੇਗੀ।
ਬਥੇਰਾ ਕੂੜ ਪਸਾਰਾ ਹੈ, ਅਜੇ ਤਾਂ ਦੂਰ ਕਿਨਾਰਾ ਹੈ।
ਮਸ਼ਾਲਾਂ ਬਾਲ ਕੇ ਚਲਣਾ ਜਦੋਂ ਤੱਕ ਰਾਤ ਬਾਕੀ ਹੈ
ਕਦਮ ਸੰਭਾਲ ਕੇ ਚਲਣਾ, ਜਦੋਂ ਤੱਕ ਰਾਤ ਬਾਕੀ ਹੈ..

(ਰਾਤ ਦਾ ਇਕ ਵੱਜ ਚੁੱਕਾ ਹੈ, ਨੀਂਦ ਦੂਰ-ਦੂਰ ਵੀ ਕਿਤੇ ਨਹੀਂ ਹੈ...ਭਾਵੇਂ ਆਪਣੇ ਘਰ ਬੈਠਾ ਹਾਂ ਪਰ ਸੁਰਤ, ਮਤ, ਮਨ ਤੇ ਬੁੱਧ ਸਭ ਕੁਝ ਮੋਰਚੇ ਵਿਚ ਹੈ...ਜ਼ਿੰਦਾਬਾਦ ਦੋਸਤੋ..ਜਾਗਦੇ ਰਹੋ)

-ਕੁਲਦੀਪ ਸਿੰਘ ਦੀਪ (ਡਾ.)




## ਕੈਨੇਡਾ ਦੇ ਵਿਕਲਪ ਮੀਡੀਆ "ਪੈਮ ਮੀਡੀਆ" ਵੱਲੋਂ ਵੀ ਕਿਰਤੀ ਕਿਸਾਨ ਸੰਘਰਸ ਦੇ ਹੱਕ 'ਚ ਪੰਜਾਬੀ ਗੀਤਾਂ ਦੀ ਲੜੀ




ਟੋਰਾਂਟੋ (ਸਟਾਫ ਰਿਪੋਰਟਰ) ਮੌਜੂਦਾ ਕਿਸਾਨ-ਮਜਦੂਰ ਸੰਘਰਸ ਦੇ ਲਈ ਲੋਕ ਜਾਗ੍ਰੀਤੀ ਦੇ ਮੰਤਵ ਨਾਲ "ਪੀਪਲਜਅਲਟਰਨੇਟ ਮੀਡੀਆ, ਕੈਨੇਡਾ (ਓਂਟਾਰੀਓ)" ਵੱਲੋਂ ਪੰਜਾਬੀ ਗੀਤ "ਰੋਲ ਦਿੱਤੀ ਏ ਕਿਸਾਨੀ" "ਜਾਗੋ ਕਿਸਾਨਾਂ ਦੀ" ਅਤੇ "ਲਲਕਾਰ, ਕਿਰਤੀ ਦੀ" ਗੀਤਾਂ ਦੀ ਲੜੀ ਆਪਣੇ ਯੂ ਟੀਊਬ ਚੈਨਲ ਰਾਹੀਂ ਜਾਰੀ ਕੀਤੀ ਗਈ ਹੈ।




"ਰੋਲ ਦਿੱਤੀ ਏ ਕਿਸਾਨੀ" ਸੁਖਦੇਵ ਸਲੇਮਪੁਰੀ ਦੀ ਕਲਮ ਤੋਂ ਅਤੇ ਮਸਹੂਰ ਸੂਫੀ ਗਾਇਕ ਯੂਨੀਸ ਗਿੱਲ ਦੀ ਸੁਰੀਲੀ ਅਵਾਜ ਵਿੱਚ ਹੈ, ਜੋ ਕਿਰਤੀ ਲੋਕਾਂ ਦੇ ਦੁੱਖ ਦਰਦ ਬਿਆਨ ਕਰਦਾ ਸੱਤਾ ਨੂੰ ਸਵਾਲ ਕਰਦਾ ਹੈ ਕਿ ਕਿਰਤੀ ਲੋਕਾਂ ਲਈ ਕਿਥੇ ਹੈ ਅਜ਼ਾਦੀ ਭਾਰਤ ਵਿੱਚ। ਬੇਰੋਜ਼ਗਾਰੀ, ਥੁੜਾਂ ਦੀ ਮਾਰ ਝੱਲ ਰਹੇ ਕਿਰਤੀ ਦੀ ਸਾਰ ਲੈਣ ਦੀ ਬਜਾਏ ਮੋਦੀ ਸਰਕਾਰ ਦੇਸ ਨੂੰ ਕਾਰਪੋਰੇਟ ਕੋਲ ਵੇਚ ਰਹੀ ਹੈ। ਬਹੁਤ ਹੀ ਵਧੀਆ ਗੀਤ ਜੋ ਕਿ ਪੈਮ ਮੀਡੀਆ ਦੇ ਯੂ ਟਿਊਬ ਤੇ ਵੇਖਿਆ ਜਾ ਸਕਦਾ ਹੈ।




ਇੱਕ ਹੋਰ ਗੀਤ "ਜਾਗੋ-ਕਿਸਾਨ ਦੀ" ਇਨਕਲਾਬੀ ਗੀਤਾਂ ਦੇ ਉੱਘੇ ਲਿਖਾਰੀ ਮਾਸਟਰ ਗੁਰਮੇਲ ਭੁਟਾਲ ਦੀ ਕਲਮ ਦੀ ਦੇਣ ਹੈ ਅਤੇ ਜਿਸ ਨੂੰ ਗਾਇਕ ਮੇਜਰ ਖਾਨ ਨੇ ਆਪਣੀ ਖੂਬਸੂਰਤ ਆਵਾਜ਼ ਨਾਲ ਗਾਕੇ ਕਿਰਤੀ ਕਿਸਾਨਾਂ ਨੂੰ ਜਾਗਣ ਦਾ ਸੁਨੇਹਾ ਦਿੱਤਾ ਹੈ।

ਇਸੇ ਲੜੀ ਦਾ ਤੀਸਰਾ ਗੀਤ "ਲਲਕਾਰ-ਕਿਰਤੀ ਦੀ" ਆਪਣੇ ਬੋਲਾਂ ਨਾਲ ਦਿੱਲੀ ਦੀ ਜਾਬਰ ਹਕੂਮਤ ਨੂੰ ਲਲਕਾਰ ਕੇ ਕਿਰਤੀ ਕਿਸਾਨਾਂ ਦੀ ਅੱਟਲ ਜਿੱਤ ਦਾ ਐਲਾਨ ਕਰਦਾ ਹੈ। ਇਸ ਗੀਤ ਦੇ ਬੋਲ ਵੀ ਉੱਘੇ ਲਿਖਾਰੀ ਮਾਸਟਰ ਗੁਰਮੇਲ ਭੁਟਾਲ ਦੀ ਕਲਮ ਤੋਂ ਹਨ। ਇਸ ਗੀਤ ਨੂੰ ਵੀ ਮਸਹੂਰ ਸੂਫੀ ਗਾਇਕ ਯੂਨੀਸ ਗਿੱਲ ਨੇ ਸੁਰੀਲੀ ਅਵਾਜ਼ ਵਿੱਚ ਗਾਇਆ ਹੈ।

ਅਦਾਰਾ "ਪੈਮ ਮੀਡੀਆ, ਕੈਨੇਡਾ" ਦੇ ਪ੍ਰਬੰਧਕੀ ਨਿਰਦੇਸ਼ਕ ਇਨਕਲਾਬੀ ਲਹਿਰ ਦੀ ਜਾਣੀ ਪਹਿਚਾਣੀ ਸਖਸੀਅਤ ਡਾ. ਹਰਦੀਪ ਸਿੰਘ ਹਨ ਜੋ ਕਿ ਅੱਜ ਕਲ੍ਹ ਕੈਨੇਡਾ ਓਂਟਾਰੀਓ ਵਿੱਚ ਰਹਿ ਰਹੇ ਹਨ ਅਤੇ ਕੈਨੇਡੀਅਨ ਅਖਬਾਰ "ਸਰੋਕਾਰਾਂ ਦੀ ਆਵਾਜ" ਦੇ ਸਬ-ਐਡੀਟਰ ਵੀ ਹਨ।

ਸਰੋਕਾਰਾਂ ਦੀ ਆਵਾਜ਼ ਦੇ ਚੀਫ ਐਡੀਟਰ ਹਰਬੰਸ ਸਿੰਘ ਨੇ ਦੱਸਿਆ ਕਿ ਇਨ੍ਹਾਂ ਗੀਤਾਂ ਨੂੰ ਲੋਕਾਂ ਤੱਕ ਲੈਕੇ ਜਾਣ ਵਿੱਚ ਮੀਡੀਆ ਸਹਾਇਕ ਦੀ ਸਹਾਇਤਾ ਦਾ ਫੈਸਲਾ ਕੀਤਾ ਹੈ ਅਤੇ ਸਭ ਨੂੰ PAM Media, Canada ਦੇ You Tube ਨੂੰ ਸਬਸਕਰਾਇਬ ਕਰਨ ਦੀ ਸਿਫਾਰਸ਼ ਕੀਤੀ ਹੈ।


Buying | Selling | Investing
HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9

ਮੈਟਰੋ ਇਮੀਗ੍ਰੇਸ਼ਨ


1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੇਂਟਸ ਜਾਂ ਗ੍ਰੈਂਡ-ਪੇਰੇਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੇਂਟਸ ਜਾਂ ਗਰੈਂਡ ਪੇਰੇਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੈਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ
Suresh Gupta 905-913-7700
Certified Immigration Practitioner (RCIC) Member ICCRC
info@metroimmigration.com www.metroimmigration.com
12-2355 Derry Road East, Mississauga, Ont. L5S 1V6

ZOLO

Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6



ਭਾਈ ਜਗਸੀਰ ਸਿੰਘ "ਜੱਗੀ ਪੰਧੇਰ"
ਨੂੰ ਦਰਬਾਰ-ਏ-ਖਾਲਸਾ ਵੱਲੋਂ
ਗੋਲਡ ਮੈਡਲ ਨਾਲ
ਸਨਮਾਨਿਤ ਕੀਤਾ ਜਾਵੇਗਾ
: ਭਾਈ ਹਰਜਿੰਦਰ ਸਿੰਘ ਮਾਝੀ,
ਭਾਈ ਹਰਜੀਤ ਸਿੰਘ ਢਪਾਲੀ

CENTURY 21
RED STAR REALTY INC.
BROKERAGE
Pardeep Saggu
Sales Representative
Dir: 647-575-8594
Office: 416-740-5100
pardeep.saggu@C21.ca
www.PardeepSaggu.com



Brothers Tire Service Ltd
Calgary Alberta



Semi Truck&Trailer Tires
403-909-4656 | 403-404-2935

Toor Tire Centre Ltd.
431-777-4009 | 431-778-4009
1870 King Edward Street, Winnipeg, MB
toortire@gmail.com

A Class Granite Ltd.
A CLASS GRANITE
PRICED RIGHT AND DONE RIGHT



WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526



• General Contracting
• Quality Custom Homes
• Quality Framing
• 2-5-10 Year Warranty
2-5-10 Year Warranty

MAROK LAW OFFICE
Always Taking You Forward



• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

ਬਾਬਾ ਬੂਝਾ ਸਿੰਘ ਪ੍ਰਕਾਸ਼ਨ, ਮਹਿਮੂਦਪੁਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਛਾਪੀਆਂ ਤਿੰਨ ਨਵੀਆਂ, ਬਹੁਤ ਹੀ ਮਹੱਤਵਪੂਰਨ ਕਿਤਾਬਾਂ। ਜੋ ਆਲਮੀ ਪੱਧਰ 'ਤੇ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ਮਸੁਲ ਇਸਲਾਮ ਦੀਆਂ ਲਿਖੀਆਂ ਹੋਈਆਂ ਹਨ ਅਤੇ ਇਹਨਾਂ ਦਾ ਅਨੁਵਾਦ ਬੂਟਾ ਸਿੰਘ ਨਵਾਂਸ਼ਹਿਰ ਨੇ ਕੀਤਾ ਹੈ।

ਖਰੀਦਣ ਲਈ ਸੰਪਰਕ ਕਰੋ:
ਤਰਕਭਾਰਤੀ ਪ੍ਰਕਾਸ਼ਨ,
ਬਰਨਾਲਾ (ਪੰਜਾਬ)
ਸੰਪਰਕ ਨੰ: +91-7528862854
ਮਾਸਟਰ ਭਜਨ ਸਿੰਘ ਗਿੱਲ, ਕੈਲਗਰੀ,
ਸੰਪਰਕ ਨੰ: 001-403-455-4220









# ਕੈਲਗਰੀ ਦੇ ਪਾਠਕਾਂ ਦੇ ਸਹਿਯੋਗ ਨਾਲ਼ ਦਿੱਲੀ ਕਿਸਾਨ ਮੋਰਚੇ ਵਿੱਚ ਕਿਤਾਬ ਲੰਗਰ !

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਦੇ ਸਹਿਯੋਗ ਨਾਲ਼ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਲੁਧਿਆਣਾ ਵਲੋਂ ਦਿੱਲੀ ਵਿੱਚ ਚੱਲ ਰਹੇ ਕਿਸਾਨ ਮੋਰਚੇ ਵਿੱਚ ਜਾ ਕੇ ਆਮ ਲੋਕਾਂ ਦੇ ਪੜ੍ਹਨ ਲਈ ਕਿਤਾਬਾਂ ਦਾ ਲੰਗਰ ਲਗਾਇਆ ਗਿਆ। ਜਿਸ ਵਿੱਚ ਪਹਿਲੀ ਵਾਰ ਢਾਈ ਲੱਖ ਰੁਪਇਆਂ ਦੀਆਂ ਕਿਤਾਬਾਂ ਤੇ ਦੂਜੀ ਵਾਰ ਸਾਢੇ ਤਿੰਨ ਲੱਖ ਦੀਆਂ ਕਿਤਾਬਾਂ ਵੰਡੀਆਂ ਗਈਆਂ ।ਹੁਣ ਤੀਜੀ ਵਾਰ ਵਲੰਟੀਅਰ ਦਿੱਲੀ ਜਾਣ ਦੀਆਂ ਤਿਆਰੀਆਂ ਕਰ ਰਹੇ ਹਨ ।ਇਸ ਕਿਤਾਬ ਲੰਗਰ ਵਿੱਚ ਕੈਲਗਰੀ ਵਾਸੀਆਂ ਨੇ ਭਰਪੁਰ ਸਹਿਯੋਗ ਦਿੱਤਾ ।ਪਿਛਲੇ ਅੰਕ ਵਿੱਚ ਉਨ੍ਹਾਂ ਸਾਰੇ ਦਾਨੀ ਸੱਜਣਾਂ ਦੀ ਲਿਸਟ ਦਿੱਤੀ ਗਈ ਸੀ, ਕੁਝ ਨਵੇਂ ਪਾਠਕਾਂ ਨੇ ਇਸ ਕਾਰਜ ਵਿੱਚ ਹੇਠ ਲਿਖੇ ਅਨੁਸਾਰ ਸਹਿਯੋਗ ਰਾਸ਼ੀ ਦਿੱਤੀ ਸੀ, ਅਸੀਂ ਸਾਰੇ ਪਾਠਕਾਂ, ਦੋਸਤਾਂ, ਸੰਸਥਾਵਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਜੋ ਇਸ ਕਾਰਜ ਲਈ ਸਹਿਯੋਗ ਕਰ ਰਹੇ ਹਨ, ਅਗਰ ਤੁਸੀਂ ਵੀ ਸਹਿਯੋਗ ਕਰਨਾ ਚਾਹੁੰਦੇ ਹੋ ਤਾਂ ਹੇਠ ਦਿੱਤੇ ਨੰਬਰਾਂ ਤੇ ਸਹਿਯੋਗ ਕਰ ਸਕਦੇ ਹੋ ।ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਕੋਲ਼ ਵੀ ਵੱਖ-ਵੱਖ ਵਿਸ਼ਿਆਂ ਦੀਆਂ ਨਵੀਆਂ ਕਿਤਾਬਾਂ ਦੀ ਸ਼ਿਪਮੈਂਟ ਪਹੁੰਚ ਚੁੱਕੀ ਹੈ, ਤੁਸੀਂ ਮਾਸਟਰ ਭਜਨ ਸਿੰਘ ਹੋਰਾਂ ਨਾਲ਼ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਕੇ ਕੈਲਗਰੀ ਵਿੱਚ ਕਿਤਾਬਾਂ ਪੜ੍ਹਨ ਲਈ ਖਰੀਦ ਸਕਦੇ ਹੋ।



ਦਿੱਲ਼ੀ ਕਿਤਾਬ ਲੰਗਰ ਵਿੱਚ ਸਹਿਯੋਗ ਕਰਨ ਵਾਲ਼ੇ ਨਵੇਂ ਦੋਸਤਾਂ ਦੇ ਨਾਮ: ਹਰਪਿੰਦਰ ਸਿੰਘ ਸਿੱਧੂ, ਪੰਜਾਬ ਇੰਸ਼ੋਰੈਂਸ ($500), ਐਡਵੋਕੇਟ ਤਰਨਜੀਤ ਸਿੰਘ ਔਜਲਾ ($300), ਮਲਕੀਤ ਸਿੰਘ ਪੁਰੇਵਾਲ਼ ($200), ਸਰਬਜੀਤ ਕੌਰ ਦੁਸਾਂਝ ($200), ਸੰਦੀਪ ਕੌਰ ਗਿੱਲ ($200), ਪਵਨਜੀਤ ਸਿੰਘ ਪਲਾਹਾ ($200), ਮੇਜਰ ਸਿੰਘ ($100), ਪਰਮਜੀਤ ਸਿੰਘ ਸੰਧੂ ($50), ਜਸਲੰਮੇ ($100), ਸੁਖਦੇਵ ਸਿੰਘ ਲੈਕਚਰਾਰ ($100), ਤਰਲੋਚਨ ਦੂਹੜਾ ($100), ਪ੍ਰੋ. ਗੋਪਾਲ ਕਾਉਂਕੇ ($100), ਮਾ. ਬਚਿੱਤਰ ਗਿੱਲ ($100), ਗੁਰਲਾਲ ਸਿੰਘ ਲਾਲੀ ($100)

ਹੁਣ ਤੱਕ ਦੀ ਕੁੱਲ ਦਾਨ ਰਾਸ਼ੀ $8300

**ਸੰਪਰਕ ਕਰਨ ਲਈ ਫੋਨ ਨੰਬਰ:**

**ਮਾਸਟਰ ਭਜਨ ਸਿੰਘ:** 403-455-4220

**ਹਰਚਰਨ ਸਿੰਘ ਪ੍ਰਹਾਰ:** 403-681-8689

## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਬਲਜਿੰਦਰ ਸਿੰਘ ਵੜੈਚ |
|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | +91-92167-29598 |


**Reliance Immigration**

Reliance Immigration Inc

**K.P. Singh**
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332

**FIVE STAR INSURANCE**

Save up to 51%

• Auto • Home • Business

Get the best rates with us!

FIVE STAR INSURANCE BROKERS LIMITED

*We work with 15 major insurance companies& can get you the best prices guaranteed!*

www.fivestarinsurance.ca
*With qualified discounts

Call: Harman Pandher
905.459.0555

270 Orenda Rd., Unit # 200 Brampton, ON L6T 4X6



HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated

**Harbans Singh**
Sales Representative

416-817-7142
905-913-8500
dharbans@hotmail.com

11775 Bramalea Rd., Unit #201, Brampton L6R3S7

EXPERIOR FINANCIAL GROUP INC

Representing Many financial institutions

SuperVisa, Life Insurance
Disability, Critical Illness, Health

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES FREE QUOTE Call



Call: 416.209.6363

Hardeep Atwal
Sr. Financial Advisor



ਰਿਪੁਦਮਨ ਸਿੰਘ ਰੂਪ
98767-68960

ਕਹਾਣੀ

# ਪਾਲਾ ਸਬਜ਼ੀ ਵਾਲਾ

"ਗੋਭੀ, ਮਟਰ, ਗਾਜਰਾਂ, ਸ਼ਲਗਮ, ਮੂਲੀਆਂ, ਟਮਾਟਰ...।"

"ਘੀਆ, ਪੇਠਾ, ਚਪਨ-ਕੱਦੂ, ਆਲੂ, ਪਿਆਜ਼...।"

ਗਰਮੀਆਂ ਸਰਦੀਆਂ ਵਿਚ ਪਾਲਾ ਸਬਜ਼ੀ ਵਾਲਾ ਉੱਚੀ ਦੇਣੀ ਬੱਸ ਇਹੋ ਹੋਕਾ ਮਾਰਦਾ। ਉਹ ਕੋਈ ਵਿਸਲੇਸ਼ਨ ਜਾਂ ਆਵਾਜ਼ ਦਾ ਸਟਾਈਲ ਬਦਲ ਕੇ, ਵਿਸਲ ਜਾਂ ਸੀਟੀ ਵਜਾਕੇ ਜਾਂ ਵਿੰਗੀ ਟੇਢੀ ਆਵਾਜ਼ ਬਣਾ ਕੇ ਹੋਕਾ ਨਾ ਮਾਰਦਾ ਜਿਵੇਂ ਆਮ ਤੌਰ ਤੇ ਹੋਰ ਸਬਜ਼ੀ ਦੀਆਂ ਰੇਹੜੀਆਂ ਵਾਲੇ ਕਰਦੇ ਹੁੰਦੇ ਸਨ। ਉਹ ਤਾਂ ਬੱਸ ਮੋਟੀ-ਠੁੱਲੀ, ਸਿੱਧੀ-ਸਾਦੀ ਆਵਾਜ਼ ਵਿਚ ਉੱਚੀ ਹੋਕਾ ਮਾਰਦਾ।

ਉਹ ਆਪ ਵੀ ਬੜਾ ਸਿੱਧਾ-ਸਾਦਾ ਬਿਨਾਂ ਵਲ-ਛੱਲ ਤੋਂ ਸੀ। ਖੁੱਲ੍ਹੀ ਜਿਹੀ ਕਮੀਜ਼, ਖੁੱਲਾ ਜਿਹਾ ਪਜਾਮਾ, ਪੈਰ ਚੱਪਲਾਂ ਜਾਂ ਸਰਦੀਆਂ ਵਿਚ ਬੜੀ ਹੱਦ ਕੋਈ ਸਾਧਾਰਨ ਜਿਹੇ ਬੂਟ। ਪੱਗ ਵੀ ਉਹਦੀ ਬੜੀ ਸਾਧਾਰਨ ਜਿਹੀ ਬੰਨ੍ਹੀ ਹੁੰਦੀ। ਗੋਲ-ਮਟੋਲ। ਲਾਪ੍ਰਵਾਹੀ ਜਿਹੀ ਨਾਲ। ਰੰਗ ਕਦੇ ਲਾਲ ਹੁੰਦਾ। ਕਦੇ ਨੀਲਾ। ਕਦੇ ਸਫੈ ਪਾਲੇ ਦੀ ਆਵਾਜ਼ ਸੁਣ ਕੇ ਔਰਤਾਂ ਘਰਾਂ ਦੇ ਸਾਰੇ ਕੰਮ ਛੱਡ ਕੇ ਬਾਹਿਰ ਆ ਜਾਂਦੀਆਂ। ਉਹਦੀ ਰੇਹੜੀ ਦੇ ਆਲੇ-ਦੁਆਲੇ ਭੀੜ ਜੁੜ ਜਾਂਦੀ। ਨਵੀਆਂ ਵਹੁਟੀਆਂ ਬਜ਼ੁਰਗ ਇਸਤਰੀਆਂ ਦੇ ਪੈਰੀਂ ਹੱਥ ਲਾਉਂਦੀਆਂ। ਉਹ ਜੱਫੀ ਵਿਚ ਲੈ ਕੇ ਅਸੀਸ਼ਾਂ ਦਿੰਦੀਆਂ। ਮੁਹੱਲੇ ਦੀ ਕੁੜੀ ਨਮਸਕਾਰ, ਸਤਿ ਸ੍ਰੀ ਅਕਾਲ ਕਹਿੰਦੀ। ਪੁਰਾਣੇ ਸਮਿਆਂ ਵਿਚ ਜਿਵੇਂ ਪਿੰਡ ਦਾ ਖੂਹ ਔਰਤਾਂ ਦੇ ਮਿਲਣ ਦਾ ਸਬੱਬ ਹੁੰਦਾ ਸੀ ਸਮਝੋ ਇਸੇ ਤਰ੍ਹਾਂ ਇਸ ਮੁਹੱਲੇ ਦੀਆਂ ਔਰਤਾਂ ਦੇ ਮਿਲਣ ਦਾ ਸਬੱਬ ਪਾਲੇ ਦੀ ਰੇਹੜੀ ਹੁੰਦੀ।

ਮੁਹੱਲੇ ਦੇ ਮਰਦਾਂ ਨੂੰ ਇਹ ਸਮਝ ਨਹੀਂ ਸੀ ਪੈਂਦੀ ਕਿ ਆਖ਼ਿਰ ਪਾਲੇ ਦੀ ਹੀ ਰੇਹੜੀ ਉੱਤੇ ਔਰਤਾਂ ਕਿਉਂ ਝੁਰਮਟ ਪਾ ਕੇ ਖੜ ਜਾਂਦੀਆਂ ਹਨ? ਹੋਰ ਕਿਸੇ ਰੇਹੜੀ ਉੱਤੇ ਤਾਂ ਇਸ ਤਰ੍ਹਾਂ ਨਹੀਂ ਸਨ ਖੜਦੀਆਂ।

ਔਰਤਾਂ ਪਾਲੇ ਤੋਂ ਸਬਜ਼ੀ ਦਾ ਬਹੁਤਾ ਰੇਟ-ਰੂਟ ਨਹੀਂ ਸਨ ਪੁੱਛਦੀਆਂ। ਬੱਸ ਰੇਹੜੀ ਉੱਤੇ ਆ ਕੇ ਸਬਜ਼ੀ ਛਾਂਟਣ ਲੱਗ ਜਾਂਦੀਆਂ। ਹਰ ਇੱਕ ਦੀ ਕੋਸ਼ਿਸ਼ ਹੁੰਦੀ ਹੈ ਕਿ ਅਗਲੀ ਚੰਗੀ ਸਬਜ਼ੀ ਛਾਂਟੇ। ਪਾਲਾ ਵੀ ਕਿਸੇ ਨੂੰ ਸਬਜ਼ੀ ਛਾਂਟਣ ਤੋਂ ਨਹੀਂ ਸੀ ਰੋਕਦਾ। ਪਾਲਾ ਆਪ ਵੀ ਸਬਜ਼ੀ ਛਾਂਟਣ ਲੱਗ ਜਾਂਦਾ ਸੀ। ਹਰ ਇੱਕ ਔਰਤ ਨੂੰ ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਸਬਜ਼ੀ ਦੀ ਰੇਹੜੀ ਉਹਦੀ ਆਪਣੀ ਹੀ ਹੁੰਦੀ ਹੈ।

ਔਰਤਾਂ ਘਰਾਂ ਵਿਚੋਂ ਨਿਕਲਦੀਆਂ, ਰੇਹੜੀ ਕੋਲ ਜਾ ਕੇ ਕਹਿੰਦੀਆਂ, "ਪਾਲੇ ਲਿਆਇਐਂ ਭਾਈ ਸਬਜ਼ੀ.. ਕਿਹੜੀ ਸਬਜ਼ੀ ਲਿਆਇਐਂ ਅੱਜ...?" ਉਹ ਤਾਂ ਬੱਸ ਸਾਹਿਬਣ ਪੁੱਛਦੀਆਂ। ਉਹ ਤਾਂ ਆਉਂਦੀਆਂ ਸਾਰ ਸਬਜ਼ੀ ਚੁਗਣ ਲੱਗ ਜਾਂਦੀਆਂ। ਨਾਲ ਨਾਲ ਮਲਕ ਮਲਕ ਰੇਟ ਵੀ ਪੁੱਛੀ ਜਾਂਦੀਆਂ।

"ਪਿਆਜ਼ ਸੌ ਰੁਪਏ ਦੇ ਸੱਤ ਕਿਲੋ, ਟਮਾਟਰ ਪੱਚੀ ਰੁਪਏ, ਗੋਭੀ ਵੀਹ ਰੁਪਏ...।"

"ਅਤੇ ਮਟਰ ਪਾਲੇ...?"

"ਚਲੋ ਮਟਰ ਅੱਜ ਸੌ ਰੁਪਏ ਦੇ ਛੇ ਕਿਲੋ ਲੈ ਲਵੋ.. ਹੈ ਤਾਂ ਰੇਟ ਵੈਸੇ ਵੀਹ ਰੁਪਏ ਕਿਲੋ..।"

"ਨਹੀਂ ਪਾਲੇ ਸੌ ਦੇ ਸੱਤ ਕਿਲੋ ਲਾ ... ਅਸੀਂ ਸਾਰੀਆਂ ਸੱਤ ਸੱਤ ਕਿਲੋ ਲੈ ਲਵਾਂਗੀਆਂ...।

"ਚਲੋ ਆਂਟੀ ਲੈ ਲਵੋ ... ਸੱਤੇ ਲੈ ਲਵੋ...।" ਉਹ ਝੱਟ ਮੰਨ ਜਾਂਦਾ।

ਪਰ ਮੁਹੱਲੇ ਦੀਆਂ ਔਰਤਾਂ ਦੇ ਘਰਵਾਲੇ ਕਈ ਵਾਰ ਬਹੁਤ ਤੰਗ ਹੁੰਦੇ ਸਨ। ਉਹ ਸਵੇਰੇ ਸਵੇਰੇ ਦਫ਼ਤਰਾਂ ਨੂੰ ਜਾਣ ਲਈ ਤਿਆਰ ਹੁੰਦੇ। ਪਰ ਅਗਲੀਆਂ ਪਾਲੇ ਦੀ ਆਵਾਜ਼ ਸੁਣ ਕੇ ਰੋਟੀ ਪਕਾਉਂਦੀਆਂ ਪਕਾਉਂਦੀਆਂ ਛੱਡ ਕੇ ਪਾਲੇ ਦੀ ਰੇਹੜੀ ਦੁਆਲੇ ਜੁੜਨ ਲੱਗ ਜਾਂਦੀਆਂ। ਅਗਲੇ ਕਲਪਦੇ ਹੀ ਰਹਿ ਜਾਂਦੇ। ਰੋਟੀ ਦੇ ਡੱਬਿਆਂ ਵਿਚ ਆਪ ਦਾਲ ਸਬਜ਼ੀ ਪਾ ਕੇ ਤਿਆਰ ਕਰਦੇ।

ਕਈ ਵਾਰ ਪਾਲਾ ਮੁਹੱਲੇ ਦੀ ਦੂਜੀ ਨੁੱਕਰ ਉੱਤੇ ਪਹਿਲਾਂ ਚਲਿਆ ਜਾਂਦਾ। ਜਦ ਉਹ ਘੁੰਮ ਘੁੰਮਾਕੇ ਇਸ ਮੁਹੱਲੇ ਵਿਚ ਆਉਂਦਾ ਤਾਂ ਸਾਰੀਆਂ ਔਰਤਾਂ ਉਲਾਂਭਾ ਦੇਣ ਲਗਦੀਆਂ, "ਪਾਲੇ ਹੁਣ ਕੀ ਰਹਿ ਗਿਆ ਪਿੱਛੇ...

ਬਚੀ-ਖੁਚੀ ਸਬਜ਼ੀ ... ਚੰਗੀ ਚੰਗੀ ਤਾਂ ਉਧਰ ਦੇ ਆਇਐਂ... ਦੱਸ ਅਸੀਂ ਹੁਣ ਇਸ ਵਿਚੋਂ ਕੀ ਛਾਂਟੀਏ...?"

"ਕੀ ਕਰਾਂ ਬੀਬੀ... ਉਧਰ ਬੀਬੀਆਂ ਨੇ ਛਾਂਟ ਲਈ..."

"ਪਹਿਲਾਂ ਐਧਰ ਆਇਆ ਕਰ... ਸਾਡੇ ਵੱਲ...।"

ਪਰ ਉਹ ਇਸ ਗੱਲ ਦਾ ਕੋਈ ਉੱਤਰ ਨਾ ਸੀ ਦਿੰਦਾ। ਉਹਨੂੰ ਪਤਾ ਸੀ ਕਿ ਹਰ ਲੇਨ ਵਿਚ ਹੀ ਇਹ ਗੱਲ ਸਾਰੀਆਂ ਉਸ ਨੂੰ ਕਹਿੰਦੀਆਂ ਸਨ।

ਪਰ ਫਿਰ ਵੀ ਉਹ ਬਚੀਆਂ-ਖੁਚੀਆਂ ਸਬਜ਼ੀਆਂ ਵਿਚੋਂ ਛਾਂਟ ਰਹੀਆਂ ਹੁੰਦੀਆਂ। ਕੋਈ ਟਮਾਟਰ ਛਾਂਟ ਰਹੀ ਹੁੰਦੀ। ਕੋਈ ਪਿਆਜ਼ ਅਤੇ ਕੋਈ ਆਲੂ।

ਜਦੋਂ ਪਿੱਛੇ ਜਮਾ ਹੀ ਭੋਰਾ -ਚੂਰਾ ਬਚ ਜਾਂਦਾ ਤਾਂ ਔਰਤਾਂ ਪੁੱਛਦੀਆਂ, "ਪਾਲੇ ਇਸ ਭੋਰੇ ਚੂਰੇ ਦਾ ਕੀ ਕਰੇਂਗਾ.. ਕੀ ਇਹਨੂੰ ਸੁੱਟ ਦਵੇਂਗਾ..।"

"ਕਿਉਂ ਬੀਬੀ ਸੁੱਟਣਾ ਕਿਉਂ ਹੈ...? ਇਹ ਵੀ ਕਿਸੇ ਨੇ ਲੈ ਲੈਣਾ...।"

"ਕੌਣ ਲਊ ਵੇ ਪਾਲੇ ਇਸ ਰਹਿੰਦ-ਖੂੰਹਦ ਨੂੰ .. ਕਿਹੜਾ ਖਾਊ ਇਸ ਨੂੰ...?" ਔਰਤਾਂ ਹਸਣ ਲਗਦੀਆਂ।

"ਬੀਬੀ ਜੀ... ਲੈਣਗੇ ਨਹੀਂ.... ਖਾਣਗੇ....ਚਟਕਾਰੇ ਮਾਰ ਮਾਰ ਖਾਣਗੇ... ਇਹਨਾਂ ਨੂੰ...।"

"ਕੌਣ ਖਾਣਗੇ ਵੇ...।"

"ਜਿਹੜੇ ਦਾਰੂ ਪੀਕੇ ਦੱਸ ਗਿਆਰਾਂ ਵਜੇ ਹੋਟਲਾਂ ਢਾਬਿਆਂ ਉੱਤੇ ਰੋਟੀ ਖਾਣ ਜਾਂਦੇ ਨੇ, ਉਹ ਖਾਂਦੇ ਨੇ ਆਂਟੀ ਜੀਓ...।" ਪਾਲਾ ਬੜੇ ਵਿਸ਼ਵਾਸ਼ ਨਾਲ ਕਹਿੰਦਾ।

"ਨਾਲੇ ਆਂਟੀ ਗੱਲ ਸੁਣੋ ਹੋਰ... ਜਦੋਂ ਤੁਹਾਡੇ ਬੱਚੇ ਬਾਹਿਰ ਡਿਨਰ ਕਰਨ ਨੂੰ ਜ਼ੋਰ ਲਾਉਣ ਨਾ ਤੁਹਾਨੂੰ... ਤਾਂ ਤੁਸੀਂ ਆਪ ਵੀ ਇਹਨਾਂ ਨੂੰ ਬੜੇ ਸੁਆਦ ਲਾ ਲਾ ਖਾਣੇ ਓਂ...।"

ਔਰਤਾਂ ਚਿੱਥੀਆਂ ਜਿਹੀਆਂ ਹੋ ਕੇ ਕਹਿੰਦੀਆਂ, "ਅੱਛਾ ਤਾਂ ਫਿਰ ਤੂੰ ਇਹਨਾਂ ਬਚੀਆਂ-ਖੁਚੀਆਂ ਨੂੰ ਹੋਟਲਾਂ - ਢਾਬਿਆਂ ਉੱਤੇ ਵੇਚ ਕੇ ਆਉਣੈ...।"

"ਹੋਰ ਕੀ ਕਰੀਏ ਆਂਟੀ... ਜਦ ਵਿਕਦੀਆਂ ਨੇ ਤਾਂ ਸੁੱਟਣੀਆਂ ਥੋੜੋ ਹੁੰਦੀਆਂ ਨੇ...।" ਪਾਲਾ ਭੋਲੇ ਭਾਅ ਕਹੀ ਜਾਂਦਾ।

ਰੇੜੀ ਉੱਤੇ ਖੜੀਆਂ ਔਰਤਾਂ ਪਾਲੇ ਦੀਆਂ ਖਰੀਆਂ ਖਰੀਆਂ ਗੱਲਾਂ ਸੁਣ ਕੇ ਹੈਰਾਨ ਹੁੰਦੀਆਂ। ਉਹ ਸੋਚਦੀਆਂ, 'ਇਹ ਵੀ ਕਿੰਨਾ ਭੋਲਾ ਹੈ... ਕੋਈ ਗੱਲ ਲੁਕੋਂਦਾ ਹੀ ਨਹੀਂ....।'

ਪਰ ਮੁਹੱਲੇ ਦੀਆਂ ਇਹਨਾਂ ਔਰਤਾਂ ਅਤੇ ਉਹਨਾਂ ਦੇ ਮਰਦਾਂ ਵਿਚ ਬੋਲ-ਬੁਲਾਰਾ ਹੁੰਦਾ ਹੀ ਰਹਿੰਦਾ। ਆਦਮੀ ਆਪਣੀ ਪਤਨੀ ਨੂੰ ਕਹਿੰਦਾ, "ਭਲੀਏ ਮਾਣਸੇ...ਅੱਜ ਸ਼ੁੱਕਰਵਾਰ ਐ...ਆਪਣੇ ਨੇੜੇ ਨੌਂ ਫੇਜ਼ ਵਿਚ ਕਿਸਾਨ ਮੰਡੀ ਲਗਣੀ ਐ....ਆਪਾਂ ਨੂੰ ਉਥੋਂ ਸਾਰਾ ਕੁੱਝ ਮਿਲਜੂਗਾ...ਨਾਲੇ ਸਸਤੀ ਨਾਲੇ ਚੰਗੀ...। ਹੁਣ ਪਾਲੇ ਤੋਂ ਨਾ ਲੈਣ ਜਾ ਸਬਜ਼ੀ...।"

ਪਰ ਪਤਨੀ ਭਲਾਂ ਕਿੱਥੇ ਆਪਣੇ ਆਦਮੀ ਦੀ ਗੱਲ ਸੁਣਦੀ ਸੀ। ਉਹ ਚੁੰਨੀ ਚੁੱਕ ਕੇ ਫਟਾਫੱਟ ਪਾਲੇ ਦੀ ਰੇਹੜੀ ਵੱਲ ਜਾਂਦਿਆਂ ਕਹਿੰਦੀ, "ਚੱਲ ਕੋਈ ਨਹੀਂ... ਜਿਹੜੀ ਇਹਦੇ ਕੋਲੋਂ ਮਿਲਜੂ ਉਹ ਨਹੀਂ ਲਵਾਂਗੇ ਉੱਥੋਂ...।"

ਕਈ ਵਾਰ ਘਰ ਵਾਲੇ ਨੇ ਕਹਿਣਾ, "ਦੇਖ ਉਹਦੇ ਕੋਲ ਹੁਣ ਨਹੀਂ ਬਚੀ ਸਬਜ਼ੀ .. ਪਿਛਲੀ ਗਲੀ ਵਾਲਿਆਂ ਛਾਂਟ ਛਾਂਟ ਲੈ ਲਈ ਸਾਰੀ... ਦੱਸ ਭਲਾਂ ਇਹਦੇ ਕੋਲ ਹੁਣ ਕੀ ਛਾਂਟੇਂਗੀ.. ਨਿਰੀ ਰਹਿੰਦ-ਖੂੰਹਦ ਵਿਚੋਂ...।"

"ਕੋਈ ਨੀ ਕੋਈ ਨੀ...।" ਇਹ ਕਹਿ ਕੇ ਅਗਲੀ ਔਹ ਜਾਂਦੀ, ਔਹ ਜਾਂਦੀ।

ਕਦੇ ਕਦੇ ਪਾਲਾ ਕਈ ਕਈ ਦਿਨ ਆਪਣੀ ਰੇਹੜੀ ਲੈ ਕੇ ਨਾ ਆਉਂਦਾ। ਔਰਤਾਂ ਉਹਨੂੰ ਉਡੀਕ ਉਡੀਕ ਅਖ਼ੀਰ ਮੰਡੀ ਤੋਂ ਸਬਜ਼ੀ ਲਿਆਉਣ ਲਈ ਘਰਦਿਆਂ ਨੂੰ ਕਹਿੰਦੀਆਂ। ਪਰ ਘਰ ਵਾਲੇ ਜਿਵੇਂ ਸਾਰੇ ਆਕੜ ਜਾਂਦੇ। ਦਾਦੀ ਆਪਣੇ ਪੋਤੇ ਨੂੰ ਕਹਿੰਦੀ, "ਹਰਮਨ ਬੇਟੇ ਜਾ ਗੱਡੀ ਲੈ ਜਾ, ਗਿਆਰਾਂ ਫੇਜ਼ ਦੀ ਮੰਡੀ 'ਚੋਂ ਸਬਜ਼ੀ ਲੈ ਆ.. ਅੱਜ ਬੁੱਧਵਾਰ ਐ... ਉੱਥੇ ਸਬਜ਼ੀ ਮੰਡੀ ਲੱਗੀ ਹੋਊ...।"

"ਮੈਂ ਕਿਉਂ ਜਾਵਾਂ...ਪਾਲੇ ਤੋਂ ਲਓ ਸਬਜ਼ੀ ਦਾਦੀ ਅੰਮਾਂ... ਜਦੋਂ ਪਾਪਾ ਕਹਿੰਦਾ ਏ ਕਿ ਸਬਜ਼ੀ ਲਿਆਈਏ ਸਬਜ਼ੀ ਮੰਡੀ 'ਚੋਂ .. ਕਹਿ ਦਿੰਨੇ ਓ... ਰਹਿਣ ਦੋ... ਪਾਲੇ ਤੋਂ ਲੈ ਲਵਾਂਗੇ.. ਪਾਲਾ ਆਉਣ ਹੀ ਵਾਲਾ ਹੋਊ..।" ਪੋਤਾ ਕੜਾਕ ਦੇ ਕੇ ਜੁਆਬ ਦਿੰਦਾ।

ਜਦੋਂ ਕਈ ਦਿਨਾਂ ਮਗਰੋਂ ਪਾਲਾ ਆਉਂਦਾ ਤਾਂ ਮੁਹੱਲੇ ਦੀਆਂ ਔਰਤਾਂ ਉਲਾਂਭਾ ਦਿੰਦੀਆਂ, "ਵੇ ਪਾਲਿਆ ਅਸੀਂ ਤਾਂ ਸਬਜ਼ੀ ਨੀ ਬਣਾਈ ਕਈ ਦਿਨਾਂ ਤੋਂ। ਕਿੱਥੇ ਗੁੰਮ ਗਿਆ ਸੀ ਤੂੰ....।"

"ਗੁੰਮਣਾ ਮੈਂ ਕਿੱਥੇ ਸੀ ਬੀਬੀ... ਨੌਂ ਫੇਜ਼ ਅਚਾਰੀ ਅੰਬ ਵੇਚਣ ਗਿਆ ਸੀ..।" ਪਾਲਾ ਸਹਿਜ ਸੁਭਾਅ ਕਹਿੰਦਾ।

"ਅਸੀਂ ਵੀ ਤਾਂ ਲੈਣੇ ਸੀ ਅਚਾਰੀ ਅੰਬ...ਸਾਨੂੰ ਵੀ ਲਿਆ ਕੇ ਦੇਹ...।"

"ਬੀਬੀ ਕਿੰਨੇ ਦਿਨ ਮੈਂ ਐਧਰ ਹੀ ਵੇਚਦਾ ਰਿਹਾਂ.. ਸਾਰੀਆਂ ਪਰਲੀਆਂ ਬੀਬੀਆਂ ਨੇ ਲੈ ਨੇ...।"

"ਤੂੰ ਪਾਲੇ ਬੈੱਲ ਮਾਰ ਦੇਣੀ ਸੀ ਮੈਨੂੰ... ਮੈਂ ਲੈ ਲੈਂਦੀ ਅਚਾਰੀ ਅੰਬ...।" ਅਗਲੀ ਅਗੋਂ ਕਹਿੰਦੀ।

ਪਰ ਪਾਲਾ ਇਸ ਦਾ ਕੋਈ ਜੁਆਬ ਨਹੀਂ ਸੀ ਦਿੰਦਾ। ਅਜਿਹੇ ਉਲਾਂਭਿਆਂ ਵਰਗੇ ਸੁਆਲ ਉਹਨੂੰ ਆਮ ਤੌਰ ਉੱਤੇ ਹੁੰਦੇ ਹੀ ਰਹਿੰਦੇ ਸਨ। ਪਰ ਉਹ ਤਾਂ ਬੱਸ ਆਪਣੇ ਕੰਮ ਨਾਲ ਮਤਲਬ ਰੱਖਦਾ।

ਕਈ ਵਾਰ ਸਬਜ਼ੀ ਮੰਡੀ ਵਿਚੋਂ ਆਦਮੀਆਂ ਨੇ ਸਬਜ਼ੀ ਲੈਣ ਜਾਣਾ ਤਾਂ ਉਨ੍ਹਾਂ ਨਾਲ ਸਾਗ, ਪਾਲਕ, ਮੇਥੀ ਵੀ ਚੁੱਕ ਲਿਆਉਣੀ। ਕਿਸੇ ਪੰਜ ਗੁੱਛੀਆਂ ਸਾਗ ਦੀਆਂ। ਕਿਸੇ ਸੱਤ ਜਾਂ ਅੱਠ। ਘਰ ਰੌਲਾ ਪੈ ਜਾਣਾ। ਔਰਤਾਂ ਸਾਗ ਬਣਾਉਣ ਤੇ ਮੱਕੀ ਦੀਆਂ ਰੋਟੀਆਂ ਪਕਾਉਣ ਤੋਂ ਕਣਤਾਉਣਾ। ਨਾ ਨੂੰਹਾਂ ਸਾਗ ਮੱਕੀ ਦੀ ਰੋਟੀ ਬਨਾਉਣ ਨੂੰ ਤਿਆਰ। ਨਾ ਧੀਆਂ। ਜੇ ਭਲਾਂ ਪਕਾਉਣੀਆਂ ਹੀ ਪੈ ਜਾਂਦੀਆਂ ਤਾਂ ਥੱਪ ਥੱਪ ਦੀ ਆਵਾਜ਼ ਸਾਰੀ ਕੋਠੀ ਵਿਚ ਸੁਣਦੀ। ਥੱਪ ਥੱਪ ਤੋਂ ਹੀ ਪਤਾ ਲਗਦਾ ਕਿ ਵਿਚਾਰੀ ਨੂੰ ਬੰਨੀ-ਰੁੰਨੀ ਨੂੰ ਰੋਟੀ ਪਕਾਉਣੀ ਦੁੱਬਰ ਹੋਈ ਪਈ ਹੈ।

ਸਾਗ ਵੀ ਮਸੀਂ ਬਣਦਾ ਸੀ। ਇੱਕ ਪੱਤਾ ਪੱਤਾ ਸਾਫ਼ ਕਰਕੇ ਚੀਰ ਦਿੰਦੀ। ਦੂਜੀ ਕੁੱਕਰ ਵਿਚ ਪਾ ਕੇ ਗੈਸ ਉੱਤੇ ਬਣਨਾ ਰੱਖ ਦਿੰਦੀ। ਤੀਜੀ ਦੀ ਡਿਊਟੀ ਆਲਣ ਪਾ ਕੇ ਘੋਟਣ ਦੀ ਹੁੰਦੀ। ਤਾਂ ਕਿਤੇ ਜਾ ਕੇ ਸਾਗ ਮੱਕੀ ਦੀ ਰੋਟੀ ਖਾਣ ਨੂੰ ਮਿਲਦੀ। ਉਹ ਵੀ ਤੀਵੀਆਂ ਦੇ ਨੱਕ-ਬੁੱਲ ਮਾਰਨ ਪਿਛੋਂ।

ਪਰ ਜਦੋਂ ਕਦੇ ਪਾਲਾ ਸਾਗ, ਪਾਲਕ, ਮੇਥੀ, ਧਨੀਆਂ, ਮੂਲੀਆਂ ਦੀ ਰੇੜੀ ਭਰ ਕੇ ਲਿਆਉਂਦਾ ਤਾਂ ਗਲੀ ਦੀਆਂ ਔਰਤਾਂ ਖੁਸ਼ ਹੁੰਦੀਆਂ, "ਵਾਹ ਬਈ ਵਾਹ ਪਾਲੇ ਅੱਜ ਤਾਂ ਕਮਾਲ ਕਰਤੀ... ਸਾਗ ਲਿਆਇਐਂ...।" ਹੁਣ ਉਹ ਸਾਰੀਆਂ ਸਾਗ, ਪਾਲਕ ਦੀਆਂ ਪੰਜ ਪੰਜ ਸੱਤ ਸੱਤ ਗੁੱਛੀਆਂ ਲੈ ਲੈਂਦੀਆਂ। ਅੱਜ ਮੁਹੱਲੇ ਵਿਚ ਸਾਗ ਬਣਨ ਦੀ ਖ਼ੁਸ਼ਬੋ ਜਿਵੇਂ ਚਾਰੇ ਪਾਸੇ ਫੈਲੀ ਹੁੰਦੀ।

ਮਰਦ ਬਾਹਰੋਂ ਆਉਂਦੇ। ਉਹ ਹਸਦੇ। ਟਿੱਚਰਾਂ ਕਰਦੇ। "ਅੱਜ ਪਾਲਾ ਲਿਆਇਐ ਹੋਣੈ ਸਾਗ... ਤਾਹੀਂ ਬਿਨਾਂ ਰੌਲੇ ਰੱਪੇ ਤੋਂ ਸਾਗ ਬਣ ਰਿਹੈ...।"

"ਨਹੀਂ ਸਾਗ ਚੰਗਾ ਸੀ..ਸਾਰੀਆਂ ਨੇ ਲਿਆ ਏ ਸਾਗ...ਗੰਦਲਾਂ ਵਧੀਆ ਸੀਗੀਆ.. ਐਨ ਸਾਫ਼ ਸੁੱਥਰੀਆਂ...ਬਿਲਕੁਲ ਵੀ ਗੰਦਾ ਪੱਤਾ ਨਹੀਂ ਨਿਕਲਿਆ ਵਿਚੋਂ...।"

ਕਈ ਵਾਰ ਮਰਦ ਜੱਦ ਪਾਲੇ ਦੀ ਰੇੜੀ ਕੋਲੋਂ ਲੰਘਦੇ ਤਾਂ ਉਹ ਹਸਦੇ ਹਸਦੇ ਕਹਿੰਦੇ, "ਪਾਲੇ ਯਾਰ ਸਾਗ ਲਿਆਇਐ ਕਰ ਹਫ਼ਤੇ ਵਿਚ ਇੱਕ ਵਾਰ। ਸਾਗ ਤਾਂ ਖਾ ਲਿਆ ਕਰੀਏ...।"

"ਚੰਗਾ ਅੰਕਲ, ਲਿਆਇਆ ਕਰੂੰ..।" ਰੇੜੀ ਉੱਤੇ ਖੜੀਆਂ ਔਰਤਾਂ ਮੁਸਕੜੀਆਂ ਹਸਣ ਲੱਗਦੀਆਂ...।

ਇੱਕ ਦਿਨ ਸੋਲਾਂ ਨੰਬਰ ਵਾਲੀ ਆਪਣੀ ਕੋਠੀ ਅੱਗੇ ਖੜੀ ਪਾਲੇ ਨੂੰ ਉਡੀਕ ਰਹੀ ਸੀ। ਉਹਨੂੰ ਟਮਾਟਰਾਂ ਦੀ ਸਮਝੋ ਐਮਰਜੈਂਸੀ ਸੀ। ਇੱਕ ਰੇੜੀ ਵਾਲਾ ਆਇਆ ਤਾਂ ਉਹਨੇ ਭਾਅ ਪੁੱਛ ਕੇ ਫਟਾ ਫਟਾ ਦੋ ਕਿਲੋ ਟਮਾਟਰ ਤੁਲਵਾ ਕੇ ਪੈਸੇ ਦੇ ਦਿੱਤੇ। ਉਹਦੇ, ਕੋਲ ਗੋਭੀ ਵੀ ਵਧੀਆ ਪਈ ਸੀ। ਉਹਨੇ ਗੋਭੀ ਦਾ ਰੇਟ ਪੁੱਛਿਆ। ਵੀਹ ਰੁਪਏ ਕਿੱਲੋ ਰੇਟ ਬਣਾ ਉਹ ਗੋਭੀ ਦੇ ਫੁੱਲ ਛਾਂਟ ਕੇ ਤੱਕੜੀ ਵਿਚ ਪਾਉਣ ਲੱਗੀ। ਉਸੇ ਵੇਲੇ ਪਾਲੇ ਦੀ ਰੇੜੀ ਆ ਗਈ। ਉਹਦੀ ਰੇੜੀ ਉੱਤੇ ਗੋਭੀ ਦਾ ਢੇਰ ਪਿਆ ਦੇਖ ਕੇ ਉਸ ਨੇ ਰੇੜੀ ਵਾਲੇ ਨੂੰ ਕਿਹਾ, "ਭਾਈ ਗੋਭੀ ਰਹਿਣ ਦੇ, ਪਾਲਾ ਆ ਗਿਆ ... ਹੁਣ ਮੈਂ ਪਾਲੇ ਤੋਂ ਲੈ ਲਵਾਂਗੀ..।" ਉਹ ਫਟਾ ਫਟ ਪਾਲੇ ਦੀ ਰੇੜੀ ਵਲ ਚਲੀ ਗਈ। ਰੇੜੀ ਵਾਲਾ ਤੱਕੜੀ ਵਿਚ ਗੋਭੀ ਤੋਲਦਾ ਹੀ ਰਹਿ ਗਿਆ।

ਇੱਕ ਦਿਨ ਪਾਲਾ ਜਦੋਂ ਸਬਜੀ ਦੀ ਰੇੜੀ ਲੈ ਕੇ ਆਇਆ ਤਾਂ ਇੱਕ ਗਲੀ ਵਾਲਿਆਂ ਕਿਹਾ, "ਪਾਲੇ ਉਸ ਗਲੀ ਵਿਚ ਅੱਜ ਇੱਕ ਮੌਤ ਹੋ ਗਈ ਹੈ...ਸਾਰੀ ਗਲੀ ਉਹਨਾਂ ਦੇ ਹੀ ਘਰ ਅੱਗੇ ਖੜ੍ਹੀ ਹੈ...।"

"ਕੀਹਦੀ ਆਂਟੀ... ਕੀਹਦੀ ਮੌਤ ਹੋਈ ਹੈ...?" ਪਾਲੇ ਨੇ ਉਤਸੁਕਤਾ ਨਾਲ ਪੁੱਛਿਆ।

"ਉਹ ਭਾਈ ਬਾਰਾਂ ਨੰਬਰ ਵਾਲਿਆਂ ਦੇ ਬੀਰੇ ਦੇ ਭਾਪੇ ਦੀ ਡੈੱਥ ਹੋ ਗਈ...ਅੱਜ ਸਵੇਰੇ ... ਕਹਿੰਦੇ ਹਾਰਟ ਅਟੈਕ ਹੋਇਆ ਸੀ... ਉਹ ਤਾਂ ਰੋਟੀ ਦਾ ਡੱਬਾ ਲੈ ਕੇ ਦਫ਼ਤਰ ਜਾਣ ਲੱਗਿਆ ਸੀ... ਬੱਸ ਕਹਿੰਦੇ ਡੱਬਾ ਹੱਥ ਵਿਚ ਰਹਿ ਗਿਆ...ਫੜਿਆ ਫੜਾਇਆ...।"

ਪਾਲੇ ਨੇ ਰੇੜੀ ਇੱਕ ਪਾਸੇ ਲਾਈ। ਸਾਰੀ ਰੇੜੀ ਨੂੰ ਤਰਪਾਲ ਪਾ ਕੇ ਚੰਗੀ ਤਰ੍ਹਾਂ ਢੱਕ ਦਿੱਤਾ। ਉਹ ਹੌਲੀ ਹੌਲੀ ਗਲੀ ਦਾ ਮੋੜ ਮੁੜ ਕੇ ਬਾਰਾਂ ਨੰਬਰ ਵੱਲ ਤੁਰ ਪਿਆ।

ਪਾਲਾ ਬਾਰਾਂ ਨੰਬਰ ਵਾਲੇ ਹਰਿੰਦਰ ਸਿੰਘ ਅੰਕਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਹਰਿੰਦਰ ਸਿੰਘ ਪਾਲੇ ਨੂੰ ਬੜੇ ਪਿਆਰ ਨਾਲ ਬੁਲਾਉਂਦਾ ਹੁੰਦਾ ਸੀ। ਕਈ ਵਾਰ ਉਸ ਨੂੰ ਜ਼ਬਰਦਸਤੀ ਚਾਹ ਪਾਣੀ ਪਿਲਾ ਦਿੰਦਾ। ਪਾਲੇ ਦਾ ਇਸ ਸਾਰੀ ਗਲੀ ਵਿਚ ਬੜਾ ਆਦਰ ਮਾਣ ਹੁੰਦਾ ਸੀ। ਭਾਵੇਂ ਸਾਰੇ ਹੀ ਬਲਾਕ ਦੀਆਂ ਗਲੀਆਂ ਵਾਲੇ ਉਹਦਾ ਆਦਰ ਮਾਣ ਕਰਦੇ ਸਨ। ਪਰ ਇਸ ਗਲੀ ਵਾਲਿਆਂ ਨਾਲ ਤਾਂ ਉਹਦਾ ਨਾਤਾ ਜਿਵੇਂ ਧੁਰੋਂ ਹੀ ਲਿਖਿਆ ਹੋਵੇ।

ਹੁਣ ਪਾਲਾ ਸਾਰੇ ਲੋਕਾਂ ਵਿਚ ਬਾਰਾਂ ਨੰਬਰ ਮੂਹਰੇ ਖੜਾ ਸੀ। ਉਹਨੇ ਦੋਵੇਂ ਹੱਥ ਜੋੜ ਕੇ ਹੇਠਾਂ ਨੂੰ ਕੀਤੇ ਹੋਏ ਸਨ।

ਰੋਣ ਪਿੱਟਣ। ਕੀਰਨੇ। ਧਾਹਾਂ ਦੂਰ ਤੱਕ ਸੁਣ ਰਹੀਆਂ ਸਨ। ਮੁਹੱਲਾ ਸੋਗ ਵਿਚ ਡੁੱਬਿਆ ਹੋਇਆ ਸੀ।

ਇੱਕ ਬੀਬੀ ਨੇ ਪਾਲੇ ਦੇ ਲਾਗੇ ਹੋ ਕੇ ਹੌਲੀ ਦੇਣੀ ਜਿਵੇਂ ਕੰਨ ਵਿਚ ਪੁੱਛਿਆ ਹੋਵੇ, "ਪਾਲੇ ਸਬਜ਼ੀ ਲਿਆਂਦੀ ਐ...।"

ਪਾਲੇ ਨੇ ਪਲ ਦੀ ਪਲ ਉਸ ਬੀਬੀ ਵੱਲ ਦੇਖਿਆ, ਉਹ ਜਿਵੇਂ 'ਨਹੀਂ' ਕਹਿ ਰਿਹਾ ਹੋਵੇ। ਉਸਦੀਆਂ ਅੱਖਾਂ ਨਮ ਸਨ।

ਹੁਣ ਕਈ ਲੋਕ ਹਿਲਣ ਜੁਲਣ ਲੱਗੇ। ਗਿਆਰਾਂ ਨੰਬਰ ਵਾਲਿਆਂ ਦਾ ਲੜਕਾ ਆਪਣਾ ਸਕੂਟਰ ਸਟਾਰਟ ਕਰਕੇ ਚਲਾ ਗਿਆ। ਉਹ ਦਫ਼ਤਰੋਂ ਲੇਟ ਹੋ ਰਿਹਾ ਸੀ। ਇਸੇ ਤਰ੍ਹਾਂ ਇੱਕ ਇਸਤ੍ਰੀ ਕਾਰ ਲੈ ਕੇ ਚਲੀ ਗਈ। ਕਈ ਇਹ ਸਮਝਦੇ ਸਨ ਕਿ ਘਰ ਦਾ ਇੱਕ ਜੀਅ ਹੀ ਕਾਫ਼ੀ ਹੈ। ਘਰ ਦੀ ਨੁਮਾਇੰਦਗੀ ਹੀ ਹੋਣੀ ਚਾਹੀਦੀ ਹੈ।

ਰੋਣ ਧੋਣ, ਚੀਕ ਚਿਹਾੜੇ ਵਿਚ ਹੀ ਅਰਥੀ ਚੁੱਕੀ ਗਈ। ਅਰਥੀ ਪਿੱਛੇ ਮਜਲ ਹੌਲੀ ਹੌਲੀ ਤੁਰ ਰਹੀ ਸੀ। ਮਜਲ ਦੇ ਵਿਚਕਾਰ ਪਾਲਾ ਸਬਜ਼ੀ ਵਾਲਾ ਸਿਰ ਸੁੱਟੀਂ ਜਾ ਰਿਹਾ ਸੀ। ਜਿਵੇਂ ਉਹਦਾ ਕੋਈ ਬਹੁਤ ਹੀ ਨੇੜਲਾ ਇਸ ਸੰਸਾਰ ਤੋਂ ਜਾ ਰਿਹਾ ਹੋਵੇ।

ਦੋ ਤਿੰਨ ਦਿਨਾਂ ਮਗਰੋਂ ਪਾਲੇ ਦਾ ਹੋਕਾ ਸੁਣਾਈ ਦਿੱਤਾ, "ਮਟਰ, ਗੋਭੀ, ਗਾਜਰ, ਮੂਲੀ, ਸਾਗ...।"

ਪਰ ਅੱਜ ਪਾਲੇ ਦਾ ਹੋਕਾ ਧੀਮਾ ਸੀ। ਮੱਧਮ। ਸੁਣਦਾ ਸੀ। ਨਹੀਂ ਵੀ ਸੀ ਸੁਣਦਾ।

ਹੌਲੀ ਹੌਲੀ ਮੁੱਹਲੇ ਦੀਆਂ ਔਰਤਾਂ ਰੇੜੀ ਦੁਆਲੇ ਇੱਕਠੀਆਂ ਹੋਣ ਲੱਗੀਆਂ। ਸਾਰੀਆਂ ਚੁੱਪ-ਚਾਪ ਅਤੇ ਗਹਿਰ ਗੰਭੀਰ। ਇੱਕ ਦੂਜੀ ਨਾਲ ਹੌਲੀ ਹੌਲੀ ਬੋਲਦੀਆਂ।

ਬਾਰਾਂ ਨੰਬਰ ਵਾਲੀ ਸਿਰ ਤੇ ਚਿੱਟੀ ਚੁੰਨੀ ਲਈਂ ਰੇੜੀ ਦੇ ਨੇੜੇ ਆਈ। ਉਸ ਦੀਆਂ ਅੱਖਾਂ ਥੱਕੀਆਂ ਥੱਕੀਆਂ ਸਨ। ਸਾਰੀਆਂ ਨੇ ਉਸ ਨੂੰ ਪਹਿਲੋਂ ਸਬਜ਼ੀ ਲੈਣ ਲਈ ਅੱਗੇ ਕੀਤਾ। ਹੁਣ ਉਹ ਹੌਲੀ ਹੌਲੀ ਅੱਧੇ ਜਿਹੇ ਮਨ ਨਾਲ ਮਟਰ ਛਾਂਟ ਰਹੀ ਸੀ। ਅੱਜ ਰੇਟ ਵੀ ਕਿਸੇ ਨੇ ਨਹੀਂ ਪੁੱਛਿਆ। ਇਸ ਮਹੱਲੇ ਦੇ ਕਈ ਮਰਦ ਵੀ ਹੌਲੀ ਹੌਲੀ ਘਰਾਂ ਵਿਚੋਂ ਬਾਹਿਰ ਆ ਰਹੇ ਸਨ।

ਬਾਰਾਂ ਨੰਬਰ ਵਾਲੀ ਨੇ ਸਬਜ਼ੀ ਦੇ ਸੌ ਰੁਪਏ ਪਾਲੇ ਵੱਲ ਵਧਾਏ। ਪਰ ਪਾਲੇ ਨੇ ਨਾ ਫੜੇ। ਉਸਦੇ ਬੁਲ ਫ਼ਰਕਣ ਲੱਗੇ। ਉਹਦੀ ਘਿੱਗੀ ਬੱਝ ਗਈ ਹੋਵੇ ਜਿਵੇਂ। ਪਾਲੇ ਦੀਆਂ ਅੱਖਾਂ ਵਿਚੋਂ ਹੁਣ ਹੰਝੂ ਵਗ ਤੁਰੇ।

## ਬਣਜਾ ਦਿੱਲੀਏ ਤੂੰ ਦਿਲਦਾਰ

ਬਣਜਾ ਦਿੱਲੀਏ ਤੂੰ ਦਿਲਦਾਰ, ਅੰਨਦਾਤੇ ਦੀ ਸੁਣ ਗੁਹਾਰ
ਮੰਨਕੇ ਮੰਗ ਕਿਸਾਨਾਂ ਦੀ, ਕਾਲੇ ਕਨੂੰਨਾਂ ਨੂੰ ਵਗਾਹ ਮਾਰ
ਤੇ ਇੰਝ ਬਹਾਲ ਕਰ, ਆਪਣਾ ਖੁੱਸਿਆ ਵਕਾਰ

ਆਹ! ਸਵਾ ਮਹੀਨਾ ਪੋਹ ਦੀਆਂ ਰਾਤਾਂ,
ਸੀਤ ਹਵਾਵਾਂ ਤੇ ਮਾਰੂ ਬਰਸਾਤਾਂ
ਘਰ ਬਾਰ ਛੱਡ, ਠਰਦੇ ਸੜਕਾਂ ਉੱਤੇ
ਬੀਬੀਆਂ ਤੇ ਬਾਬਿਆਂ ਦੀ ਲੈ ਖਾਂ ਸਾਰ
ਤੇ ਇੰਝ ਬਹਾਲ ਕਰ, ਆਪਣਾ ਖੁੱਸਿਆ ਵਕਾਰ

ਮੋਰਚੇ 'ਤੇ ਲੱਖਾਂ ਈ ਜੋ ਬੈਠੇ ਨੇ ਕਿਸਾਨ,
ਕਾਹਨੂੰ ਅਰਮਾਨਾਂ ਦਾ ਤੂੰ ਕਰਦੀ ਏ ਘਾਣ
ਛੱਡ ਫੋਕੀ ਅੜੀ ਤੇ ਹਾਉਮੈ ਨੂੰ
ਹੱਕੀ ਮੰਗਾਂ ਤੇ ਕਰ ਵਿਚਾਰ
ਤੇ ਇੰਝ ਬਹਾਲ ਕਰ , ਆਪਣਾ ਖੁੱਸਿਆ ਵਕਾਰ

ਲੋੜ ਪਵੇ ਦੇਸ਼ ਲਈ ਇਹ ਲੜ ਲੜ ਮਰੇ ਆ,
ਵੈਰੀਆਂ ਦੇ ਮੂਹਰੇ ਸਦਾ ਹਿੱਕਾਂ ਤਾਣ ਖੜੇ ਆ
ਭੁੱਖ ਨੂੰ ਭਜਾਇਆ, ਰਾਤਾਂ ਜਾਗ ਜਾਗ
ਦੇਸ਼ ਵਿੱਚ ਲਾਕੇ ਅੰਨ ਦੇ ਭੰਡਾਰ
ਤੇ ਇੰਝ ਬਹਾਲ ਕਰ, ਆਪਣਾ ਖੁੱਸਿਆ ਵਕਾਰ

ਲੁਕਣ ਮੀਚੀ ਛੱਡਕੇ ਕਿਸਾਨਾਂ ਦੇ ਮੱਥੇ ਲੱਗ ਦਿੱਲੀਏ,
ਇਹ ਨੇ ਮਿਹਨਤੀ ਹਲੀਮੀ ਸਾਊ ਤੇ ਸਲੱਗ ਦਿੱਲੀਏ
ਸੁਣ ਚੀਸ ਕਲਮਕਾਰਾਂ ਦੀ ਮੰਨ ਮੰਗਾਂ
ਸ਼ੀਸ਼ਾ-ਏ-ਆਵਾਮ ਚੋਂ ਖੁਦ ਨੂੰ ਨਿਹਾਰ
ਤੇ ਇੰਝ ਬਹਾਲ ਕਰ, ਆਪਣਾ ਖੁੱਸਿਆ ਵਕਾਰ

ਹੁਣ ਲੱਭਣਾ ਈ ਪੈਣਾ ਇਹਦਾ ਹੱਲ ਦਿੱਲੀਏ,
ਜਨ-ਜਾਗਰਤੀ ਨੂੰ ਨਹੀਂ ਪੈਣੀ ਠੱਲ ਦਿੱਲੀਏ
ਕਰ ਜੁਝਾਰੂਆਂ ਦੇ ਜੋਸ਼ ਜ਼ਜਬੇ ਨੂੰ ਸਲਾਮ
ਬਣ ਦਿਖਾ ਸੱਚ ਮੁੱਚ ਸੱਚੀ ਸਰਕਾਰ
ਤੇ ਇੰਝ ਬਹਾਲ ਕਰ, ਆਪਣਾ ਖੁੱਸਿਆ ਵਕਾਰ

ਚੰਦ ਸਿੰਘ ਸਦਿਉੜਾ
ਕੈਲਗਰੀ ( ਕਨੇਡਾ)
001 587 583 7939

# ਕਿਸਾਨ ਸੰਘਰਸ਼ ਨੂੰ ਸਮਰਪਿਤ ਪਰਮਿੰਦਰ ਰਮਨ ਦੀਆਂ ਕਵਿਤਾਵਾਂ



ਕਿ
ਸਾਈਂ ਭਲੀ ਕਰੇਗਾ
ਤੂੰ ਖੇਤੀ ਕਰ
ਫਸਲਾਂ ਬੀਜ
ਗੋਡੀ ਵਾਢੀ ਕਰ
ਭੋਰਾ ਨਾ ਡਰ
ਸਾਈਂ ਭਲੀ ਕਰੇਗਾ

ਮੀਂਹ ਨਾਲੇ ਪਏ ਗੜੇ
ਮੈਦਾਨ ਹੋ ਗਏ ਰੜੇ
ਹੱਥ ਮੱਥੇ ਤੇ ਧਰ ਕਿਸਾਨ
ਸਬਰ ਦਾ ਘੁੱਟ ਭਰੇਗਾ
ਸਾਈਂ ਭਲੀ ਕਰੇਗਾ

ਵਿਸਵਾਸ਼ ਸੀ
ਜਾਂ ਬੇਵਕੂਫੀ
ਜਾਂ ਦਸਾਂ ਨੌਂਹਾਂ ਦੀ
ਕਿਰਤ ਸੀ ਝੂਠੀ
ਖਾਲੀ ਖੜਕੇ ਠੂਠੀ
ਵੰਡ ਛਕਦਾ ਹਾਂ ਆਇਆ
ਕਿਸੇ ਕਦਰ ਨਾ ਪਾਇਆ
ਸਾਈਂ ਨਾ ਭਲੀ

ਕਰਨ ਆਇਆ
ਮੇਰੀ ਉਮੀਦ ਪੱਥਰ
ਮੇਰੇ ਹੱਥ ਪੱਥਰ
ਮੇਰੇ ਪੈਰ ਪੱਥਰ
ਮੇਰਾ ਘਰ ਮਿੱਟੀ ਦਾ
ਮੇਰੇ ਖੇਤਾਂ ਦਾ ਸੱਥਰ
ਮੇਰੇ ਹੰਝੂ ਵੀ ਪੱਥਰ
ਸਾਈਂ, ਚੁੱਪ ਹੈ
ਮੈਨੂੰ ਇਹੀ ਦੁੱਖ ਹੈ
• • •

### ਲਾਲ ਸਲਾਮ

ਹਰ ਕਦਮ ਨੂੰ
ਹਰ ਮੁੱਕੇ ਨੂੰ
ਠੰਡ ਵਿੱਚ ਠਰਦੇ ਜੁੱਸੇ ਨੂੰ
ਲਾਲ ਸਲਾਮ

ਨੌਜਵਾਨਾਂ ਦੇ ਗੁੱਸੇ ਨੂੰ
ਜੋ ਅਜੇ ਵੀ ਕੁੱਤਾ
ਨਾ ਕਹਿੰਦੇ ਕੁੱਤੇ ਨੂੰ
ਰੋਸ ਨਾਲ ਜੋਸ ਨਾਲ
ਜਗਾਉਣਾ ਚਾਹੁੰਦੇ ਨੇ ਸੁੱਤੇ ਨੂੰ
ਲਾਲ ਸਲਾਮ

ਜਜਬੇ ਨੂੰ ਜਜਬਾਤਾਂ ਨੂੰ
ਦਿਨ ਝੜਾਈ ਬੈਠੇ ਰਾਤਾਂ ਨੂੰ
ਸਮਝਣ ਲੱਗ ਪਏ
ਬਾਬੇ ਦੀਆ ਬਾਤਾਂ ਨੂੰ
ਲਾਲ ਸਲਾਮ

ਸਹੀਦਾਂ ਨੂੰ
ਮਰਨ ਨਾ ਦੇਵਾਂਗੇ ਉਮੀਦਾਂ ਨੂੰ
ਹਿੱਕ ਨਾਲ ਲਾਉਂਦੇ ਨੇ ਮੁਰੀਦਾਂ ਨੂੰ
ਲੰਗਰ ਛਕਾਈ ਜਾਂਦੇ ਭੁੱਖਿਆਂ
ਗਰੀਬਾਂ ਨੂੰ
ਲਾਲ ਸਲਾਮ
ਭੈਣਾਂ ਮਾਂਵਾਂ ਤੇ ਧੀਆਂ ਨੂੰ
ਜੋ ਮੈਦਾਨੇ ਜੰਗ ਵਿੱਚ
ਜੂਝਦੀਆਂ ਛੱਡ ਤੀਆਂ ਨੂੰ
ਲਾਲ ਸਲਾਮ

ਸਾਰੇ ਜੀਆਂ ਨੂੰ
ਜਿੰਨਾਂ ਠੰਡ ਵਿੱਚ ਝੱਲਿਆ
ਮੀਂਹਾਂ ਨੂੰ
ਲਾਲ ਸਲਾਮ
• • •

### ਜੰਗ ਦੇ ਨਾਮ

ਕੋਸ਼ਿਸ਼ ਕਰਾਂਗੇ
ਚਿਰਾਗ ਧਰਾਂਗੇ
ਦਿਮਾਗਾਂ ਵਿੱਚ
ਹੱਥਾਂ ਵਿਚ ਕਲਮਾਂ
ਇਲਮਾਂ ਦੀ ਭੱਠੀ
ਵਿੱਚ ਜਾ ਰੜ੍ਹਾਂਗੇ
ਹੱਥਾਂ ਦੀ ਲਕੀਰ
ਆਪੇ ਹੀ ਲਿਖਾਂਗੇ
ਆਪੇ ਹੀ ਪੜ੍ਹਾਂਗੇ
ਅੰਤ ਦੀ ਔਉਦ
ਨਿਧਾਨ ਬਣੀ ਹੈ
ਏਕਤਾ ਜੇ ਕਰਾਂਗੇ
ਨਾ ਜੰਗਾਂ ਹਰਾਂਗੇ
ਸੂਰਮਗਤੀ ਕਦ
ਦੁੱਖਾਂ ਤੋਂ ਹੈ ਹਾਰੀ
ਲੜਾਂਗੇ ਲੜਾਂਗੇ!
ਮਾਰਾਂਗੇ, ਮਰਾਂਗੇ
ਲੜਾਂਗੇ, ਲੜਾਂਗੇ!!!
• • •

### ਜਾਗੋ

ਉਮੀਦ ਨਾਂ ਮਰਨ ਦਿਓ!
ਸੂਰਜਾਂ ਨੂੰ ਆਪਣਾ ਕੰਮ
ਕਰਨ ਦਿਓ
ਲਾਲੀ ਲਾਲ
ਸਲਾਮ ਬਣ ਜਾਵੇਗੀ
ਏਕਤਾ, ਏਕਤਾ, ਏਕਤਾ
ਚਟਾਨ ਬਣ ਜਾਵੇਗੀ
ਉਮੀਦ ਨਾਂ ਮਰਨ ਦਿਓ!
ਜਾਲਿਮ ਦਾ
ਹਥਿਆਰ ਹੈ ਜ਼ੁਲਮ!
ਤੁਹਾਡਾ
ਹਥਿਆਰ ਹੈ ਹੋਸ!!
ਜ਼ੁਲਮ ਜੋਸ਼ ਦਾ
ਕਾਤਿਲ ਹੈ
ਜੋਸ ਨੂੰ ਹੋਸ ਦਾ
ਭਾਈਬੰਦ ਬਣਾਓ
ਢੇਰੀ ਨਾਂ ਢਾਓ
ਮਨਸੂਬੇ ਬਣਾਓ
ਉਮੀਦ ਨਾਂ ਮਰਨ ਦਿਓ!
ਉਮੀਦ ਔੜਾਂ ਵਿੱਚ
ਬਰਸਾਤ ਬਣ ਜਾਵੇਗੀ
ਮਾਂ ਦੀ ਗੋਦੀ ਵਾਲੀ
ਰਾਤ ਬਣ ਜਾਵੇਗੀ
ਜ਼ਿੰਦਗੀ ਇੱਕ ਦਿਨ
ਸੌਗਾਤ ਬਣ ਜਾਵੇਗੀ
ਉਮੀਦ ਨਾਂ
ਮਰਨ ਦਿਓ!!!
• • •

### ਸੂਰਾ ਸੋ ਪਹਿਚਾਣੀਏ

ਇਹ ਮੈਨੂੰ ਮੇਰੇ ਪਿੰਡ ਦਾ
ਬੰਦਾ ਲਗਦਾ
ਖਾਲਸਾ ਰੂਪ ਹੈ
ਸਿਰ 'ਤੇ ਖੰਡਾ ਲਗਦਾ
ਮਜਦੂਰ ਦਾ ਥੋੜ੍ਹਾ
ਕਿਸਾਨ ਦੀ ਦਾਤੀ
ਇਸ ਦੇ ਮੋਢੇ ਉੱਤੇ
ਸਰਬੱਤ ਦਾ
ਝੰਡਾ ਲਗਦਾ
ਇਹ ਇੱਕਲਾ ਹੀ
ਤੁਰ ਪਿਆਂ ਹੈ
ਮਾਛੀਵਾੜੇ ਨੂੰ
ਜਾਲਮਾਂ ਨਾਲ ਪਿਆ
ਪੰਗਾ ਲਗਦਾ
ਇਹ ਜ਼ੁਲਮ ਅੱਗੇ
ਹਿੱਕ ਤਾਣ
ਖਲੋ ਜਾਵੇ
ਇਹ ਇੱਕ ਤੋਂ
ਸਵਾ ਲੱਖ ਹੋ ਜਾਵੇ
ਗਿੱਦੜਾਂ ਨੂੰ ਸੇਰ ਤਾਹੀ
ਨਹੀਂ ਚੰਗਾ ਲਗਦਾ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
ਇਸਦਾ ਧੰਦਾ ਲਗਦਾ
ਇਹ ਮੈਨੂੰ ਮੇਰੇ ਪਿੰਡ ਦਾ
ਬੰਦਾ ਲਗਦਾ!
• • •

### ਮੁਰਝਾਈ ਸੋਚ

ਸੋਚ ਸਾਡੀ ਸੌੜੀ
ਖੋਜ ਸਾਡੀ ਸੀਮਤ
ਸੋਚ ਦੀ ਪਹੁੰਚ
ਗੁਰਦੁਆਰੇ
ਮੰਦਰ ਮੱਟੀਆਂ
ਖੋਜ ਦੀ ਸੀਮਾ
ਉਹਨਾਂ ਦੇ ਰਾਹ
ਇੱਕਠ ਸਾਡਾ
ਭੇਡਾਂ ਦਾ ਇਜੜ
ਧੂੜ ਗੰਦਗੀ
ਸਾਡੀ ਪ੍ਰਾਪਤੀ
ਘਰ ਜਾ ਕੇ
ਰੋਟੀ ਖਾ ਕੇ
ਬੁੜ ਬੁੜ
ਸਾਡਾ ਵਿਰੋਧ
ਉੱਨਤੀ ਨਹੀਂ
ਤਰੱਕੀ ਨਹੀਂ
ਨਾਮ ਦੇ ਜਹਾਜ
ਦੀ ਉਡੀਕ
ਧੂਫਾਂ ਦਾ ਧੂੰਆਂ
ਮੰਦਰ ਦਾ ਟੱਲ
ਗੁਰਦੁਆਰੇ
ਦੇ ਮੱਲ
ਕੋਸ਼ਿਸ਼ਾਂ ਜਾਰੀ ਨੇ
ਕਿਸਮਤ ਨੂੰ
ਜਗਾਉਣ ਦੀਆ
ਯਤਨ ਨਹੀਂ
ਬਨਾਉਣ ਦਾ
ਸਾਡੀ ਸੋਚ ਸੌੜੀ
ਸਾਡੀ ਖੋਜ ਸੀਮਤ
• • •

### ਭੁਲੇਖਾ

ਤੂੰ ਡਰ ਨਾ ਜੇ ਹਨੇਰਾ ਹੈ
ਅੰਦਰ ਚਾਨਣ ਵਥੇਰਾ ਹੈ
ਰਾਹ ਤਾਂ ਸਾਰੇ ਜਾਂਦੇ ਹਨ
ਤੂੰ ਚੁਣ ਜਿਹੜਾ ਤੇਰਾ ਹੈ
ਸੌ ਝੂਠ ਹਨ ਇਕ ਸੱਚ ਹੈ
ਪਿਉ ਹਿੰਮਤ ਮਾਂ ਜੇਰਾ ਹੈ
ਦਿਖਾਵੇ ਦੇ ਰਿਸ਼ਤੇ ਹਨ
ਪੈਸਾ ਹੈ, ਨਹੀਂ ਕਿਹੜਾ ਹੈ
ਚੇਹਰਿਆਂ 'ਤੇ ਨਕਾਬ ਹਨ
ਕੌਣ ਸੰਤ ਕੌਣ ਲੁਟੇਰਾ ਹੈ
• • •

### ਮੇਰੇ ਲੋਕ ਮੇਰੀ ਕਵਿਤਾ

ਵੋਟਾਂ ਨਾਲ ਤੁਸੀਂ
ਲੀਡਰ ਬਦਲ ਸਕਦੇ ਹੋ
ਜੋਕਾਂ ਦਾ ਕੀ ਕਰੋਗੇ?
ਉਹ ਤਾਂ ਤੋੜਦੀਆਂ ਪੈਂਦੀਆਂ
ਉਹ ਤਾਂ ਮਰੋੜਣੀਆਂ ਪੈਂਦੀਆਂ
ਸੰਸਦ ਦੀਆਂ ਕੁਰਸੀਆਂ ਉੱਤੇ
ਜੋ ਸਿਉਂਕ ਬੈਠੀ ਹੈ
ਉਹ ਤਾਂ ਝਾੜਨੀ ਪਵੇਗੀ
ਉਹ ਤਾਂ ਸਾੜਨੀ ਪਵੇਗੀ
ਤੁਹਾਡੇ ਦਿਮਾਗਾਂ ਵਿੱਚ
ਜੋ ਧਰਮ ਬੈਠੇ ਹਨ
ਪੜਚੋਲ ਕਰਨੀ ਪਵੇਗੀ
ਉਂਗਲ ਤਰਕ ਦੀ
ਫੜ ਨੀ ਪਵੇਗੀ
ਸੂਰਜ ਮੱਥਿਆਂ ਉੱਤੇ
ਮੂੰਹ ਗੁਰਾਂ ਵੱਲ
ਪਿੱਠ ਮਸੰਦਾ ਵੱਲ
ਕਰਨੀ ਪਵੇਗੀ

ਬੀਜੀ ਜਾਤ-ਪਾਤ ਦੀ ਫਸਲ
ਜੋ ਉਨ੍ਹਾਂ ਤੁਹਾਡੇ ਦਿਲਾਂ ਉੱਤੇ
ਤੁਹਾਨੂੰ ਵੱਢਣੀ ਪਵੇਗੀ
ਖੇਤੀ ਸਾਂਝੀਵਾਲਤਾ ਦੀ
ਕੱਦ ਕੱਢ ਆਵੇਗੀ
ਫਿਰ ਧੁੰਦ ਵੀ ਛਟ ਜਾਵੇਗੀ
ਤੇ ਧੂੰਆਂ ਵੀ!
• • •

### ਫਿਕਰ

ਨਾ ਰੁਤਬਿਆਂ ਦੀ
ਨਾ ਸਨਮਾਨਾਂ ਦੀ
ਮੈਂ ਫਿਕਰ ਕਰਦਾ ਹਾਂ
ਇਨਸਾਨਾਂ ਦੀ
ਨਾ ਧਰਮਾਂ ਦੀ
ਨਾ ਕਰਮਾਂ ਦੀ
ਮੈਂ ਫਿਕਰ ਕਰਦਾ ਹਾਂ
ਫੈਲਾਏ, ਜਾ ਰਹੇ ਜਰਮਾਂ ਦੀ
ਨਾ ਵੈਰੀਆਂ ਦੀ
ਨਾ ਰਕੀਬਾਂ ਦੀ
ਮੈਂ ਫਿਕਰ ਕਰਦਾ ਹਾਂ
ਗਰੀਬਾਂ ਦੀ
ਨਾ ਕਿਸਮਤ ਦੀ
ਨਾ ਨਸੀਬਾਂ ਦੀ
ਮੈਂ ਫਿਕਰ ਕਰਦਾ ਹਾਂ
ਸੱਚ ਬੋਲਦੀਆਂ ਜੀਭਾਂ ਦੀ
ਨਾ ਕੁਰਸੀਆਂ ਦੀ
ਨਾ ਸਰਕਾਰਾਂ ਦੀ
ਮੈਂ ਫਿਕਰ ਕਰਦਾ ਹਾਂ
ਧੜਾ-ਧੜ ਬਣ
ਰਹੇ ਹਥਿਆਰਾਂ ਦੀ
ਆਵਾਜ਼ ਦਿਲ ਚੀਰ
ਜਾਂਦੀ ਹੈ ਰੋਣ-ਧੋਣ ਦੀ
ਕੋਸ਼ਿਸ਼ ਕਰਦਾ ਹਾਂ
ਮਲੂਮ ਹੋਣ ਦੀ
ਕਲਮ ਹੋਣ ਦੀ
• • •

### ਲੋਕ ਸੱਥ

ਗੱਲ ਭੁੱਖੇ ਲਈ ਰੋਟੀ
ਬੁਢੇਪੇ ਲਈ ਸੋਟੀ
ਕੁੱਲੀ ਦੀ ਚੋਂਦੀ ਛੱਤ ਦੀ ਹੈ
ਨਾ ਸੰਸਦ ਦੀ ਚੱਠ ਦੀ ਹੈ
ਕੁੱਤਾ ਰਾਜ ਬਠਾਇਆ ਹੈ
ਆਦਤ ਮੁੜ ਮੁੜ
ਚੱਕੀ ਚੱਟ ਦੀ ਹੈ
ਪੱਕੇ ਟਿਕਾਣੇ ਬਣਾ ਰਿਹਾ ਹੈ
ਕਰਤੂਤ ਇਹ ਕਾਲੀ
ਏ.ਵੀ.ਐਮ ਦੀ ਹੈ ਜੋ
ਧੂੜਾਂ ਪੱਟ ਦੀ ਹੈ
ਹੋਸ ਕਰ ਅੱਜ ਦੇ ਹਿਟਲਰ
ਮਜਦੂਰ, ਕਿਸਾਨ
ਜਾਗ ਪਏ ਹਨ
ਗੂੰਜ ਸਾਰੇ ਗੂੰਜਣੀ
ਲੁਹਾਰ ਦੀ ਸੱਟ ਦੀ ਹੈ
ਗੱਲ ਭੁੱਖੇ ਲਈ ਰੋਟੀ
ਬੁਢੇਪੇ ਲਈ ਸੋਟੀ
ਕੁੱਲੀ ਦੀ ਚੋਂਦੀ ਛੱਤ ਦੀ ਹੈ।

## ਉਹ ਇਕੱਠੇ ਹੋਣਗੇ ਇੱਕ ਦਿਨ ਤੇ ਖੇਡਣਗੇ ਮਿਲ਼ਕੇ



ਉਹ ਇੱਕਠੇ ਹੋਣਗੇ ਇੱਕ ਦਿਨ ਤੇ ਖੇਡਣਗੇ ਮਿਲ਼ਕੇ
ਉਹ ਸਾਫ਼-ਸੁਥਰੀਆਂ ਕੰਧਾਂ ਉੱਤੇ
ਝਰੀਟਣਗੇ ਪੈਂਸਿਲਾਂ ਨੂੰ
ਉਹ ਕੁੱਤਿਆਂ ਨਾਲ਼ ਗੱਲਾਂ ਮਾਰਨਗੇ
ਅਤੇ ਬੱਕਰੀਆਂ ਨਾਲ਼
ਅਤੇ ਹਰੇ ਟਿੱਡਿਆਂ ਨਾਲ਼
ਤੇ ਕੀੜੀਆਂ ਨਾਲ਼ ਵੀ
ਉਹ ਆਪਣੀ ਪੂਰੀ ਵਾਹ ਲਾਕੇ ਭੱਜਣਗੇ
ਹਵਾ ਅਤੇ ਧੁੱਪ ਦੀ ਸਾਂਝੀ ਨਿਗਰਾਨੀ ਵਿੱਚ
ਅਤੇ ਧਰਤੀ ਹੌਲ਼ੀ-ਹੌਲ਼ੀ ਹੋਰ ਪਸਰਦੀ ਜਾਵੇਗੀ
ਉਹਨਾਂ ਦੇ ਪੈਰਾਂ ਕੋਲ਼,
ਵੇਖਣਾ
ਉਹ ਤੁਹਾਡੇ ਟੈਂਕਾ ਵਿੱਚ ਮਿੱਟੀ ਭਰ ਦੇਣਗੇ
ਤੇ ਤੁਹਾਡੀਆਂ ਬੰਦੂਕਾਂ ਨੂੰ ਦੱਬ ਦੇਣਗੇ ਡੂੰਘਾ ਧਰਤੀ ਵਿੱਚ
ਉਹ ਸੜਕਾਂ ਉੱਤੇ ਟੋਏ ਕਰ ਦੇਣਗੇ ਤੇ ਉਹਨਾਂ ਨੂੰ ਭਰ ਦੇਣਗੇ ਪਾਣੀ ਨਾਲ਼
ਤੇ ਉਹਨਾਂ ਪਾਣੀਆਂ ਵਿੱਚ ਉਹ ਟੱਪਣਗੇ ਛੱਪ-ਛੱਪ ਕਰਦੇ ਹੋਏ
ਉਹ ਪਿਆਰ ਕਰਨਗੇ ਇੱਕ ਦਿਨ ਉਹਨਾਂ ਸਾਰਿਆਂ ਨੂੰ
ਜਿੰਨਾ ਨਾਲ ਤੁਸੀਂ ਉਹਨਾਂ ਨੂੰ ਨਫ਼ਰਤ ਕਰਨਾ ਸਿਖਾਇਆ ਹੈ
ਉਹ ਤੁਹਾਡੀਆਂ ਕੰਧਾਂ ਵਿੱਚ ਮੋਰੇ ਕਰ ਦੇਣਗੇ ਇੱਕ ਦਿਨ
ਤੇ ਆਰ-ਪਾਰ ਦੇਖਣ ਦੀ ਕੋਸ਼ਿਸ਼ ਕਰਨਗੇ
ਉਹ ਅਚਾਨਕ ਚੀਖ ਉੱਠਣਗੇ ਤੇ ਕਹਿਣਗੇ
-"ਦੇਖੋ ਉਸ ਵੰਨੇ ਵੀ ਮੌਸਮ ਸਾਡੇ ਜਿਹਾ ਹੀ ਹੈ!"
ਉਹ ਹਵਾ ਤੇ ਧੁੱਪ ਨੂੰ ਆਪਣੀਆਂ ਗੱਲ੍ਹਾਂ ਦੁਆਲੇ ਮਹਿਸੂਸ ਕਰਨਾ ਚਾਹੁਣਗੇ
ਅਤੇ ਤੁਸੀਂ ਉਸ ਦਿਨ ਉਹਨਾਂ ਨੂੰ ਨਹੀਂ ਰੋਕ ਪਾਓਗੇ
ਇੱਕ ਦਿਨ ਤੁਹਾਡੇ ਮਹਿਫ਼ੂਜ਼ ਘਰਾਂ ਤੋਂ ਬੱਚੇ ਬਾਹਰ ਆ ਜਾਣਗੇ
ਤੇ ਰੁੱਖਾਂ 'ਤੇ ਆਲ੍ਹਣੇ ਪਾਉਣਗੇ
ਉਹਨਾਂ ਨੂੰ ਕਾਟੋਆਂ ਬਹੁਤ ਪਸੰਦ ਨੇ ਉਹ ਉਹਨਾਂ ਨਾਲ਼ ਵੱਡਾ ਹੋਣਾ ਚਾਹੁਣਗੇ
ਤੁਸੀਂ ਦੇਖੋਗੇ ਜਦੋਂ ਉਹ ਹਰ ਚੀਜ਼ ਨੂੰ ਉਲਟਾ-ਪੁਲਟਾ ਕਰ ਦੇਣਗੇ
ਉਹਨਾਂ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ
ਇੱਕ ਦਿਨ ਮੇਰੀ ਦੁਨੀਆਂ ਦੇ ਸਾਰੇ ਬੱਚੇ
ਕੀੜੀਆਂ, ਟਿੱਡਿਆਂ
ਨਦੀਆਂ, ਪਹਾੜਾਂ, ਸਮੁੰਦਰਾਂ ਤੇ ਸਾਰੀਆਂ ਬਨਸਪਤੀਆਂ ਨਾਲ਼ ਧਾਵਾ ਬੋਲਣਗੇ
ਤੇ ਤੁਹਾਡੀ ਬਣਾਈ ਹਰ ਚੀਜ਼ ਨੂੰ ਖਿਡਾਉਣਾ ਬਣਾ ਦੇਣਗੇ।

- ਅਦਨਾਨ ਕਫ਼ੀਲ ਦਰਵੇਸ਼

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

PIONEER FINANCIAL SERVICES

TRUCK LOANS

Low Interest Rates, Fast Approval




PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

Monarch

INSURANCE BROKERS

TRUCK INSURANCE

BEST INSURANCE RATES IN ALBERTA

CALL: 587-832-1208

# HOMELIFE SILVERCITY

REALTY INC.,BROKERAGE
(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton




AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.